# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ

## ਪਾਲਣ ਲੇਖਾ ਪ੍ਰੀਖਿਆ ਰਿਪੋਰਟ–I

## 31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ

**SUPREME AUDIT INSTITUTION OF INDIA**

लोकहितार्थ सत्यनिष्ठा

Dedicated to Truth in Public Interest

## ਪੰਜਾਬ ਸਰਕਾਰ

*ਸਾਲ 2024 ਦੀ ਰਿਪੋਰਟ ਨੰ.1*

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ

# ਪਾਲਣ ਲੇਖਾ ਪ੍ਰੀਖਿਆ ਰਿਪੋਰਟ–I

## 31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ

## ਪੰਜਾਬ ਸਰਕਾਰ

*ਸਾਲ 2024 ਦੀ ਰਿਪੋਰਟ ਨੰ. 1*

# ਵਿਸ਼ਾ ਸਾਰਣੀ


| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | v | |
| ਝਲਕ | vii-xii | |
| **ਅਧਿਆਇ-I: ਜਨਰਲ** | | |
| ਜਾਣ-ਪਛਾਣ | 1.1 | 1 |
| ਬਜਟ ਦੀ ਰੂਪ ਰੇਖਾ | 1.2 | 2 |
| ਲੇਖਾ ਪ੍ਰੀਖਿਆ ਲਈ ਅਧਿਕਾਰ | 1.3 | 3 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.4 | 3 |
| ਲੇਖਾ ਪ੍ਰੀਖਿਆ ਵੱਲ ਸਰਕਾਰ ਦੇ ਹੁੰਗਾਰੇ ਦੀ ਘਾਟ | 1.5 | 4 |
| ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਵਿਭਾਗਾਂ ਦਾ ਹੁੰਗਾਰਾ | 1.6 | 6 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ | 1.7 | 6 |
| **ਕਿਰਤ ਵਿਭਾਗ** | | |
| **ਅਧਿਆਇ-II: ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ** | **2.1 ਤੋਂ 2.10** | **11-32** |
| **ਖੇਡਾਂ ਅਤੇ ਯੁਵਕ ਮਾਮਲੇ ਵਿਭਾਗ** | | |
| **ਅਧਿਆਇ-III: ਖੇਡ ਸਹੂਲਤਾਂ ਦੀ ਸਿਰਜਣਾ, ਰੱਖ-ਰਖਾਅ ਅਤੇ ਵਰਤੋਂ** | **3.1 ਤੋਂ 3.9** | **33-50** |
| **ਪਾਵਰ ਵਿਭਾਗ** | | |
| **ਅਧਿਆਇ-IV: ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ** | **4.1 ਤੋਂ 4.8** | **51-64** |
| **ਉਦਯੋਗ ਅਤੇ ਵਣਜ ਵਿਭਾਗ** | | |
| **ਅਧਿਆਇ-V: ਗੈਰ-ਪਰਫਾਰਮਿੰਗ ਸੰਪਤੀਆਂ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ-ਅਤੇ-ਵਿਸ਼ਲੇਸ਼ਣ** | **5.1 ਤੋਂ 5.6** | **65-81** |
| **ਅਧਿਆਇ-VI: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)** | | |
| **ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** | | |
| ਵਿਆਜ ਦੀ ਬਚਣਯੋਗ ਅਦਾਇਗੀ | 6.1 | 83 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਜੰਗਲਾਤ ਤੇ ਜੰਗਲੀ ਜੀਵ ਸੰਭਾਲ ਅਤੇ ਲੋਕ ਨਿਰਮਾਣ ਵਿਭਾਗ** | | |
| ਕੰਮ ਨੂੰ ਅੱਧ ਵਿਚਕਾਰ ਛੱਡਣ ਦੇ ਕਾਰਣ ਫਜ਼ੂਲ ਖਰਚਾ | 6.2 | 85 |
| **ਉੱਚ ਸਿੱਖਿਆ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ** | | |
| ਵਸਤਾਂ ਅਤੇ ਸੇਵਾਵਾਂ ਕਰ ਦੀ ਅਦਾਇਗੀ ਨਾ ਕਰਨਾ | 6.3 | 87 |
| **ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ** | | |
| ਸਰਕਾਰੀ ਜ਼ਮੀਨ ਦੇ ਪੱਟਾ ਕਿਰਾਏ ਦੀ ਵਸੂਲੀ ਨਾ ਕਰਨਾ | 6.4 | 90 |
| **ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ** | | |
| ਵਿਆਜ/ਦੰਡਕ ਵਿਆਜ ਦਾ ਨੁਕਸਾਨ | 6.5 | 91 |
| **ਸਥਾਨਕ ਸਰਕਾਰ ਵਿਭਾਗ** | | |
| ਉਪਲਬਧ ਕੇਂਦਰੀ ਸਹਾਇਤਾ ਨਾ ਮਿਲਣਾ | 6.6 | 93 |
| **ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ** | | |
| ਫੰਡਾਂ ਦੀ ਸ਼ੱਕੀ ਦੁਰਵਰਤੋਂ | 6.7 | 94 |
| **ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ** | | |
| ਕਨਸੈਸ਼ਨੇਅਰ ਦਾ ਅਣਉਚਿਤ ਪੱਖ ਪੂਰਨਾ | 6.8 | 97 |
| ਲਾਇਸੰਸ ਫੀਸ ਦੀ ਕਟੌਤੀ ਨਾ ਕਰਨਾ | 6.9 | 99 |
| **ਜਲ ਸਰੋਤ ਵਿਭਾਗ** | | |
| ਗੈਰ ਲਾਭਦਾਇਕ ਖਰਚਾ | 6.10 | 101 |
| **ਅਧਿਆਇ-VII: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਰਾਜ ਜਨਤਕ ਖੇਤਰ ਦੇ ਅਦਾਰੇ)** | | |
| **ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ** | | |
| ਬੰਦ ਹੋਏ ਪ੍ਰੋਜੈਕਟਾਂ 'ਤੇ ਪੂੰਜੀਗਤ ਖਰਚੇ ਨੂੰ ਚਾਰਜ ਕਰਨ ਵਿੱਚ ਦੇਰੀ | 7.1 | 103 |
| ਗ੍ਰਾਂਟ ਲੈਪਸ ਹੋਣਾ | 7.2 | 104 |
| ਫਿਕਸਡ ਚਾਰਜਜ਼ ਦੇ ਕਾਰਣ ਮਾਲੀਏ ਦਾ ਨੁਕਸਾਨ | 7.3 | 106 |
| ਵਿਕਰੀ ਪੁਸ਼ਟੀ ਆਦੇਸ਼ ਜਾਰੀ ਕਰਨ ਵਿੱਚ ਦੇਰੀ | 7.4 | 108 |
| ਮਲਟੀਪਲ ਕੁਨੈਕਸ਼ਨਾਂ ਦੀ ਕਲੱਬਿੰਗ ਨਾ ਕਰਨਾ | 7.5 | 109 |
| ਮਾਲੀਏ ਦੀ ਵਸੂਲੀ ਨਾ ਕਰਨਾ | 7.6 | 111 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ** | | |
| ਦੇਰੀ ਨਾਲ ਕੀਤੇ ਭੁਗਤਾਨ ਦੇ ਸਰਚਾਰਜ ਦੀ ਅਣਉਚਿਤ ਛੋਟ | 7.7 | 113 |
| **ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ** | | |
| ਗਰੈਚੁਟੀ ਦਾ ਅਨਿਯਮਿਤ ਭੁਗਤਾਨ | 7.8 | 115 |
| **ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ, ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਿਟਡ** | | |
| ਅਗਾਊਂ ਭੁਗਤਾਨਾਂ ਦੇ ਮਿਲਾਨ ਲਈ ਤਰੁੱਟੀਪੂਰਣ ਪ੍ਰਣਾਲੀ ਦੇ ਕਾਰਣ ਬਚਣਯੋਗ ਵਿਆਜ ਦਾ ਬੋਝ | 7.9 | 116 |
| **ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ** | | |
| ਝੋਨੇ ਦਾ ਗਬਨ | 7.10 | 118 |
| ਉਜਰਤਾਂ ਦਾ ਬਚਣਯੋਗ ਭੁਗਤਾਨ | 7.11 | 120 |
| **ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ** | | |
| 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਵੰਡਣ ਕਾਰਣ ਵਾਧੂ ਖਰਚਾ | 7.12 | 122 |
| **ਅੰਤਿਕਾਵਾਂ** | **125-135** | |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ 31 ਮਾਰਚ 2022 ਨੂੰ ਸਮਾਪਤ ਹੋਏ ਸਾਲ ਲਈ ਪਾਲਣ ਲੇਖਾ ਪ੍ਰੀਖਿਆ-I ਉੱਤੇ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਫਰਜ਼, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 ਦੇ ਅਨੁਭਾਗ 19-ਏ ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ/ਖੁਦਮੁਖਤਿਆਰ ਸੰਗਠਨਾਂ ਅਤੇ ਪੰਜਾਬ ਸਰਕਾਰ ਦੇ ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਪਾਲਣ ਲੇਖਾ ਪ੍ਰੀਖਿਆ ਦੇ ਮਹੱਤਵਪੂਰਨ ਨਤੀਜੇ ਸ਼ਾਮਲ ਹਨ।

ਇਸ ਰਿਪੋਰਟ ਵਿੱਚ ਦਰਸਾਏ ਗਏ ਦ੍ਰਿਸ਼ਟਾਂਤ ਉਹ ਹਨ ਜਿਹੜੇ ਕਿ ਸਾਲ 2021-22 ਦੇ ਸਮੇਂ ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਵੇਲੇ ਧਿਆਨ ਵਿੱਚ ਆਏ ਸਨ ਅਤੇ ਇਸਦੇ ਨਾਲ-ਨਾਲ ਉਹ ਜਿਹੜੇ ਕਿ ਇਸ ਤੋਂ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਿਛਲੇ ਸਾਲਾਂ ਦੀਆਂ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ; ਜਿੱਥੇ ਕਿਤੇ ਜ਼ਰੂਰੀ ਸੀ 2021-22 ਤੋਂ ਬਾਅਦ ਦੇ ਸਮੇਂ ਨਾਲ ਸਬੰਧਤ ਦ੍ਰਿਸ਼ਟਾਂਤ ਵੀ ਸ਼ਾਮਲ ਕੀਤੇ ਗਏ ਹਨ।

ਇਹ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੀ ਅਨੁਕੂਲਤਾ ਵਿੱਚ ਸੰਚਾਲਤ ਕੀਤੀ ਗਈ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।**

# ਝਲਕ

# ਝਲਕ

ਇਸ ਰਿਪੋਰਟ ਵਿੱਚ 'ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ'; 'ਖੇਡ ਸਹੂਲਤਾਂ ਦੀ ਸਿਰਜਣਾ, ਰੱਖ-ਰਖਾਅ ਅਤੇ ਵਰਤੋਂ'; 'ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਿੱਚ ਹਾਈਡਰੋ-ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ'; ਅਤੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ ਵਿੱਚ 'ਗੈਰ-ਪ੍ਰਫਾਰਮਿੰਗ ਸੰਪਤੀਆਂ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ-ਅਤੇ-ਵਿਸ਼ਲੇਸ਼ਣ' ਨਾਮਕ ਚਾਰ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਪੈਰ੍ਹੇ ਅਤੇ ਵਿਭਾਗਾਂ ਅਤੇ ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਪਾਲਣ ਲੇਖਾ ਪ੍ਰੀਖਿਆ ਤੋਂ ਉੱਭਰੇ ₹ 1,723.89 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ 22 ਲੇਖਾ ਪ੍ਰੀਖਿਆ ਪੈਰ੍ਹੇ ਸ਼ਾਮਲ ਹਨ ।

## ਅਧਿਆਇ-I: ਜਨਰਲ

ਸਾਲ 2021-22 ਦੌਰਾਨ ₹ 2,27,918.91 ਕਰੋੜ ਦੇ ਕੁੱਲ ਬਜਟ ਆਊਟਲੇਅ ਦੇ ਵਿਰੁੱਧ ਸਾਧਨਾਂ ਦੀ ਵਰਤੋਂ ₹ 2,20,031.98 ਕਰੋੜ ਸੀ। ਰਾਜ ਦਾ ਕੁੱਲ ਖਰਚਾ[1] ਸਾਲ 2017-18 ਤੋਂ 2021-22 ਦੌਰਾਨ ₹ 65,576.98 ਕਰੋੜ ਤੋਂ 61.98 *ਪ੍ਰਤੀਸ਼ਤ* ਨਾਲ ਵਧ ਕੇ ₹ 1,06,222.30 ਕਰੋੜ ਹੋ ਗਿਆ।

ਰਾਜ ਦਾ ਰੈਵੀਨਿਊ ਖਰਚਾ 2017-18 ਵਿੱਚ ₹ 62,464.85 ਕਰੋੜ ਤੋਂ 54.71 *ਪ੍ਰਤੀਸ਼ਤ* ਨਾਲ ਵਧ ਕੇ 2021-22 ਵਿੱਚ ₹ 96,636.51 ਕਰੋੜ ਹੋ ਗਿਆ ਅਤੇ ਪੂੰਜੀਗਤ ਖਰਚਾ 2017-18 ਵਿੱਚ ₹ 2,352.08 ਕਰੋੜ ਤੋਂ 240.55 *ਪ੍ਰਤੀਸ਼ਤ* ਨਾਲ ਵਧ ਕੇ 2021-22 ਵਿੱਚ ₹ 8,009.98 ਕਰੋੜ ਹੋ ਗਿਆ। 2017-22 ਦੌਰਾਨ ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਤੋਂ 95 *ਪ੍ਰਤੀਸ਼ਤ* ਸੀ ਜਦੋਂਕਿ ਪੂੰਜੀਗਤ ਖਰਚਾ ਤਿੰਨ ਅਤੇ ਅੱਠ *ਪ੍ਰਤੀਸ਼ਤ* ਦੀ ਰੇਂਜ ਵਿੱਚ ਸੀ, ਸਿਵਾਏ ਸਾਲ 2019-20 ਦੇ ਜਦੋਂ ਇਹ ਉਜਵਲ ਡਿਸਕੌਮ ਐਸ਼ੋਰੈਂਸ ਯੋਜਨਾ ਕਰਜ਼ਿਆਂ ਦੀ ₹ 15,628 ਕਰੋੜ ਦੀ ਰਾਸ਼ੀ ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਿੱਚ ਇਕਿਊਟੀ ਪੂੰਜੀ ਵਿੱਚ ਬਦਲੇ ਜਾਣ ਕਾਰਣ 19 *ਪ੍ਰਤੀਸ਼ਤ* ਸੀ।

2017-18 ਤੋਂ 2021-22 ਦੌਰਾਨ ਰੈਵੀਨਿਊ ਖਰਚਾ 12.00 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਾਧੇ ਦੀ ਦਰ ਨਾਲ ਵਧਿਆ ਜਦੋਂਕਿ ਰੈਵੀਨਿਊ ਪ੍ਰਾਪਤੀਆਂ 10.43 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧੀਆਂ।

***(ਪੈਰ੍ਹਾ 1.2, ਪੰਨਾ 2)***

ਲੇਖਾ ਪ੍ਰੀਖਿਆ ਵੱਲੋਂ ਨਿਰੀਖਣ ਰਿਪੋਰਟਾਂ ਰਾਹੀਂ ਧਿਆਨ ਵਿੱਚ ਲਿਆਂਦੇ ਜਾਣ ਉਪਰੰਤ ਵੱਖ-ਵੱਖ ਵਿਭਾਗਾਂ ਨੇ 2021-22 ਦੌਰਾਨ ₹ 28.12 ਲੱਖ ਦੀ ਰਾਸ਼ੀ ਦੀ ਵਸੂਲੀ ਕੀਤੀ ਸੀ।

***(ਪੈਰ੍ਹਾ 1.4, ਪੰਨਾ 3)***

ਜੂਨ 2022 ਤੱਕ 64,656 ਟਿੱਪਣੀਆਂ ਵਾਲੀਆਂ 18,729 ਨਿਰੀਖਣ ਰਿਪੋਰਟਾਂ (ਮਾਰਚ 2022 ਤੱਕ ਜਾਰੀ) ਜਿਨ੍ਹਾਂ ਦਾ ਮੁਦਰਾ ਮੁੱਲ ₹ 61,065 ਕਰੋੜ ਸੀ, ਬਕਾਇਆ ਸਨ ਜਿਨ੍ਹਾਂ ਵਿੱਚੋਂ 29,272 ਟਿੱਪਣੀਆਂ ਵਾਲੀਆਂ 12,245 ਨਿਰੀਖਣ ਰਿਪੋਰਟਾਂ ਜਿਨ੍ਹਾਂ ਦਾ ਮੁਦਰਾ

[1] ਰੈਵੀਨਿਊ ਖਰਚਾ, ਪੂੰਜੀਗਤ ਖਰਚਾ ਅਤੇ ਕਰਜ਼ੇ ਤੇ ਪੇਸ਼ਗੀਆਂ ਦਾ ਜੋੜ ।

ਮੁੱਲ ₹ 17,200 ਕਰੋੜ ਸੀ, ਅਪ੍ਰੈਲ 2017 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ ਅਰਥਾਤ ਪੰਜ ਸਾਲ ਤੋਂ ਵੱਧ ਪੁਰਾਣੀਆਂ ਸਨ।

***(ਪੈਰ੍ਹਾ 1.5, ਪੰਨਾ 4)***

ਇਥੋਂ ਤੱਕ ਕਿ 2021-22 ਦੌਰਾਨ 18 ਵਿਭਾਗਾਂ ਅਧੀਨ 68 ਲੇਖਾ ਪ੍ਰੀਖਿਆ ਇਕਾਈਆਂ ਨਾਲ ਹੋਈਆਂ 52 ਲੇਖਾ ਪ੍ਰੀਖਿਆ ਕਮੇਟੀ ਮੀਟਿੰਗਾਂ ਵਿੱਚ ₹ 550.14 ਕਰੋੜ ਦੇ ਮੁਦਰਾ ਮੁੱਲ ਦੀਆਂ 317 ਲੇਖਾ ਪ੍ਰੀਖਿਆ ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ ਸੀ।

***(ਪੈਰ੍ਹਾ 1.5.1, ਪੰਨਾ 5)***

## ਅਧਿਆਇ-II: ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ

**'ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ'** ਨਾਮਕ ਪਾਲਣ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ ਲੋੜੀਂਦੇ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ ਲੋੜਵੰਦ ਕਾਮੇ ਮੈਬਰਾਂ ਨੂੰ ਉਨ੍ਹਾਂ ਦੇ ਲਾਭਾਂ ਦੇ ਭੁਗਤਾਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਬੋਰਡ ਨੇ 2019-22 ਦੌਰਾਨ, ₹ 1,783.30 ਕਰੋੜ ਦੀ ਉਪਲਬਧਤਾ ਦੇ ਬਾਵਜੂਦ ਭਲਾਈ ਸਕੀਮਾਂ ਤੇ ਸਿਰਫ ₹ 549.23 ਕਰੋੜ ਖਰਚ ਕੀਤੇ। 13 ਭਲਾਈ ਸਕੀਮਾਂ ਦੇ ਅਧੀਨ ₹ 103.74 ਕਰੋੜ ਦੀ ਵਿੱਤੀ ਸਹਾਇਤਾ/ਲਾਭਾਂ ਦੀ ਮੰਗ ਕਰਨ ਵਾਲੀਆਂ 62,948 ਅਰਜ਼ੀਆਂ 180 ਦਿਨਾਂ ਦੀ ਨਿਰਧਾਰਤ ਮਿਆਦ ਤੋਂ ਵੱਧ 767 ਦਿਨਾਂ ਦੀ ਦੇਰੀ ਨਾਲ ਫੈਸਲੇ ਲਈ ਬਕਾਇਆ ਲੰਬਿਤ ਸਨ। ਵਜੀਫਾ ਸਕੀਮ ਅਧੀਨ ਵੱਧ ਤੋਂ ਵੱਧ ਅਰਜ਼ੀਆਂ (87.63 *ਪ੍ਰਤੀਸ਼ਤ*) ਵਿੱਚ ਵਿੱਤੀ ਸਹਾਇਤਾ ਦੀ ਮੰਗ ਕੀਤੀ। ਸੰਸਥਾਵਾਂ/ਕਾਮਿਆਂ ਨੂੰ ਰਜਿਸਟਰ ਕਰਨ ਲਈ ਪ੍ਰਭਾਵਸ਼ਾਲੀ ਵਿਧੀ ਦੀ ਘਾਟ ਦੇ ਨਾਲ ਨਾਲ ਸੈੱਸ ਦੇ ਮਾਮਲਿਆਂ ਦਾ ਦੇਰੀ ਨਾਲ ਮੁਲਾਂਕਣ ਵੇਖਿਆ ਗਿਆ। ਸਮੇਂ ਸਿਰ ਚੈੱਕ ਜਮ੍ਹਾ ਨਾ ਕੀਤੇ ਜਾਣ ਅਤੇ ਅਸਵੀਕਾਰ ਹੋਣ ਕਾਰਣ ਬੋਰਡ ਨੂੰ ₹ 6.16 ਕਰੋੜ ਦਾ ਨੁਕਸਾਨ ਹੋਇਆ। 2,38,340 ਕਾਮੇ ਜੋ ਕਿ ਜੀਵਤ ਕਾਮੇ ਨਹੀ ਸਨ, ਨੂੰ ₹ 143.00 ਕਰੋੜ ਦੇ ਅੰਤਰਿਮ ਰਾਹਤ ਦਾ ਭੁਗਤਾਨ ਕੀਤਾ ਗਿਆ ਸੀ ਅਤੇ 60 ਸਾਲ ਦੀ ਉਮਰ ਪੂਰੀ ਕਰ ਚੁੱਕੇ 819 ਕਾਮਿਆਂ ਨੂੰ ₹ 0.49 ਕਰੋੜ ਦਾ ਭੁਗਤਾਨ ਕੀਤਾ ਗਿਆ ਸੀ ਸੀ। ਬੋਰਡ ਵੱਲੋਂ ਅਯੋਗ ਮੈਬਰਾਂ ਦੀ ਸ਼ਨਾਖਤ ਕਰਨ ਲਈ ਲਾਗੂ ਕੀਤੀ ਗਈ ਸੂਚਨਾ ਪ੍ਰਣਾਲੀ ਅਸਫਲ ਰਹੀ।

## ਅਧਿਆਇ-III: ਖੇਡ ਸਹੂਲਤਾਂ ਦੀ ਸਿਰਜਣਾ, ਰੱਖ-ਰਖਾਅ ਅਤੇ ਵਰਤੋਂ

**'ਖੇਡ ਸਹੂਲਤਾਂ ਦੀ ਸਿਰਜਣਾ, ਰੱਖ-ਰਖਾਅ ਅਤੇ ਵਰਤੋਂ'** ਨਾਮਕ ਪਾਲਣ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ ਫੰਡ ਜਾਰੀ ਕਰਨ ਵਿੱਚ ਦੇਰੀ, ਉਪਲਬਧ ਫੰਡਾਂ ਦੇ ਅਯੋਗ ਪ੍ਰਬੰਧਨ ਅਤੇ ਭਾਰ-ਮੁਕਤ ਸਾਈਟਾਂ ਦਾ ਪ੍ਰਬੰਧਨ ਨਾ ਕਰਨ ਕਾਰਣ ਖੇਡ ਵਿਭਾਗ ਦੀਆਂ ਨਵੇਂ ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਕਰਨ ਅਤੇ ਮੌਜੂਦਾ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੀਆਂ ਯੋਜਨਾਵਾਂ ਪ੍ਰਭਾਵਿਤ ਹੋਈਆਂ ਸਨ। ਇਸ ਤੋਂ ਇਲਾਵਾ, ਮੌਜੂਦਾ ਬੁਨਿਆਦੀ ਢਾਂਚੇ ਦੀ ਵੀ ਸਹੀ ਢੰਗ ਨਾਲ ਸਾਂਭ-ਸੰਭਾਲ ਨਹੀਂ ਕੀਤੀ ਗਈ ਸੀ। ਖੇਡ ਗਤੀਵਿਧੀਆਂ ਨਾਲ ਸਿੱਧੇ ਤੌਰ ਤੇ ਸੰਬੰਧਤ ਮਨੁੱਖੀ ਵਸੀਲੇ ਮਨਜ਼ੂਰਸ਼ੁਦਾ ਅਸਾਮੀਆਂ ਤੋਂ 47 *ਪ੍ਰਤੀਸ਼ਤ* ਘੱਟ ਸਨ। ਅੰਦਰੂਨੀ ਕੰਟਰੋਲ ਅਤੇ ਨਿਗਰਾਨੀ ਪ੍ਰਣਾਲੀ ਕਮਜ਼ੋਰ ਸੀ ਕਿਉਂਜੋ ਪੰਜਾਬ ਰਾਜ ਸਪੋਰਟਸ ਕੌਂਸਲ ਅਤੇ ਪੰਜਾਬ ਰਾਜ ਸਪੋਰਟਸ ਇੰਸਟੀਚਿਊਟ ਦੁਆਰਾ ਲੋੜੀਂਦੀ ਗਿਣਤੀ ਵਿੱਚ ਮੀਟਿੰਗਾਂ ਨਹੀਂ ਕਰਵਾਈਆਂ ਗਈਆਂ ਸਨ; ਅਤੇ ਖੇਡਾਂ ਦੇ ਬੁਨਿਆਦੀ ਢਾਂਚੇ ਦਾ ਭੌਤਿਕ ਤਸਦੀਕਣ ਕਦੇ ਨਹੀਂ ਕੀਤਾ ਗਿਆ ਸੀ।

## ਅਧਿਆਇ-IV: ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਿੱਚ '**ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ**' ਨਾਮਕ ਪਾਲਣ ਲੇਖਾ ਪ੍ਰੀਖਿਆ ਨੇ ਤਿੰਨ ਹਾਈਡਰੋਇਲੈਕਟ੍ਰਿਕ ਪਲਾਂਟਾਂ ਤੇ ₹ 764.09 ਕਰੋੜ ਦੇ ਬਰਾਬਰ 1,175.52 ਐਮ ਯੂਜ਼ ਦੀ ਹੱਦ ਤੱਕ ਟੀਚਿਆਂ ਦੇ ਸਬੰਧ ਵਿੱਚ ਉਤਪਾਦਨ ਵਿੱਚ ਕਮੀ ਸੀ। ਟਰਾਂਸਫਾਰਮੇਸ਼ਨ ਘਾਟੇ 37.32 ਐਮ ਯੂਜ਼ ਦੀ ਹੱਦ ਤੱਕ ਨਿਰਧਾਰਤ ਸੀਮਾਂ ਤੋਂ ਉੱਪਰ ਸਨ। ਵੱਖ-ਵੱਖ ਕੰਮਾਂ ਨੂੰ ਲਾਗੂ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 42.04 ਕਰੋੜ ਦੀ ਕੀਮਤ ਵਾਲੇ 64.69 ਐਮ ਯੂਜ਼ ਦਾ ਬਚਣਯੋਗ ਉਤਪਾਦਨ ਦਾ ਨੁਕਸਾਨ ਹੋਇਆ। ਲੀਨ ਪੀਰੀਅਡ ਤੋਂ ਬਾਅਦ ਕੀਤੀਆਂ ਗਈਆਂ ਸਲਾਨਾ ਰੱਖ-ਰਖਾਅ ਦੀਆਂ ਗਤੀਵਿਧੀਆਂ ਦੇ ਨਤੀਜੇ ਵਜੋਂ ₹ 249.88 ਕਰੋੜ ਦੇ ਬਰਾਬਰ 384.42 ਐਮ ਯੂਜ਼ ਦਾ ਉਤਪਾਦਨ ਘਾਟਾ ਹੋਇਆ।

## ਅਧਿਆਇ-V: ਗੈਰ-ਪਰਫਾਰਮਿੰਗ ਸੰਪਤੀਆਂ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ- ਅਤੇ-ਵਿਸ਼ਲੇਸ਼ਣ

**ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ ਵਿੱਚ 'ਗੈਰ-ਪ੍ਰਫਾਰਮਿੰਗ ਸੰਪਤੀਆਂ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ-ਅਤੇ-ਵਿਸ਼ਲੇਸ਼ਣ'** ਨਾਮਕ ਪਾਲਣ ਲੇਖਾ ਪ੍ਰੀਖਿਆ ਨੇ ਡਿਫਾਲਟਿੰਗ ਯੂਨਿਟਾਂ ਦੀਆਂ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਅਤੇ ਉਨ੍ਹਾਂ ਦੇ ਪ੍ਰਮੋਟਰਾਂ/ਗਰੰਟਰਾਂ ਦੇ ਖਿਲਾਫ ਕਾਰਵਾਈ ਕਰਨ ਵਿੱਚ ਦੇਰੀ ਨੂੰ ਦਰਸਾਇਆ, ਜਿਸ ਕਾਰਣ ₹ 17,214.53 ਕਰੋੜ ਦੀਆਂ ਗੈਰ-ਪ੍ਰਫਾਰਮਿੰਗ ਸੰਪਤੀਆਂ ਇਕੱਠੀਆਂ ਹੋਈਆਂ। ਵੱਖ-ਵੱਖ ਓ ਟੀ ਐਸ ਸਕੀਮਾਂ ਅਧੀਨ ਕੀਤੀ ਗਈ ਵਸੂਲੀ ਮਾਮੂਲੀ ਸੀ ਅਤੇ ਇਸ ਤਰ੍ਹਾਂ ਰਾਜ ਸਰਕਾਰ 'ਤੇ ਗਾਰੰਟੀਸ਼ੁਦਾ ਬਾਂਡਾਂ (₹ 113.38 ਕਰੋੜ ਭੁਗਤਾਨ ਕੀਤੇ ਗਏ ਅਤੇ ₹ 366.44 ਕਰੋੜ ਭੁਗਤਾਨ ਲਈ ਬਕਾਇਆ) ਦਾ ਬੋਝ ਸੀ।

## ਅਧਿਆਇ-VI: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)

ਪੰਜਾਬ ਪਸ਼ੂ ਧਨ ਵਿਕਾਸ ਬੋਰਡ ਨੇ ਨਿਰਧਾਰਣ ਸਾਲ 2014-15 ਲਈ ਆਪਣੀ ਆਮਦਨ ਕਰ ਰਿਟਰਨ ਭਰਨ ਵਿੱਚ 16 ਮਹੀਨਿਆਂ ਦੀ ਦੇਰੀ ਕੀਤੀ ਅਤੇ ਬਾਅਦ ਵਿੱਚ ਕਰ ਦੇਣਦਾਰੀ ਦਾ ਭੁਗਤਾਨ ਵਿੱਚ ਸੱਤ ਮਹੀਨਿਆਂ ਤੱਕ ਦੇਰੀ ਕੀਤੀ। ਬੋਰਡ ਨੇ ₹ 1.26 ਕਰੋੜ ਦੇ ਵਿਆਜ ਦੀ ਬਚਣਯੋਗ ਅਦਾਇਗੀ ਕੀਤੀ।

***(ਪੈਰ੍ਹਾ 6.1, ਪੰਨਾ 83)***

ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ/ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ ਕੰਮ ਦੀ ਮੁਕੰਮਲਤਾ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਵਿੱਚ ਅਸਫਲਤਾ ਅਤੇ ਇਸ ਦੇ ਨਾਲ ਨਾਲ ਲੋੜੀਂਦੇ ਫੰਡ ਜਮ੍ਹਾਂ ਹੋਣ ਨੂੰ ਯਕੀਨੀ ਬਣਾਏ ਬਿਨਾਂ ਕੰਮ ਸ਼ੁਰੂ ਕਰਨ ਦੀ ਪੀ ਡਬਲਯੂ ਡੀ ਦੀ ਗਲਤੀ ਕਰਕੇ ਸ਼ੇਰ ਸਫਾਰੀ ਦੇ ਕੰਮ ਨੂੰ ਅਧ-ਵਿਚਕਾਰ ਛੱਡ ਦਿੱਤਾ ਗਿਆ ਜਿਸ ਨਾਲ ਕੰਮ ਤੇ ਕੀਤਾ ਗਿਆ ₹ 2.31 ਕਰੋੜ ਦਾ ਖਰਚਾ ਫਜ਼ੂਲ ਹੋ ਗਿਆ।

***(ਪੈਰ੍ਹਾ 6.2, ਪੰਨਾ 85)***

1 ਜੁਲਾਈ 2017 ਤੋਂ 31 ਮਾਰਚ 2022 ਤੱਕ ਦੇ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ; ਅਤੇ ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਗੁਰਦਾਸਪੁਰ ਨਾਮਕ ਦੋ ਵਿਦਿਅਕ ਸੰਸਥਾਵਾਂ ਵੱਲੋਂ ਪ੍ਰਾਪਤ ਕੀਤੀਆਂ ਕਰਯੋਗ ਸੇਵਾਵਾਂ ਦੇ ਵਿਰੁੱਧ ₹ 5.31 ਕਰੋੜ ਦੇ ਵਸਤਾਂ ਅਤੇ ਸੇਵਾਵਾਂ ਕਰ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ।

***(ਪੈਰ੍ਹਾ 6.3, ਪੰਨਾ 87)***

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋਂ ਪੰਜਾਬ ਡਾਇਰਜ਼ ਐਸੋਸੀਏਸ਼ਨ ਤੋਂ ਸਰਕਾਰੀ ਬਕਾਏ ਦੀ ਵਸੂਲੀ ਕਰਨ ਲਈ ਸਮੇਂ ਸਿਰ/ਠੋਸ ਯਤਨ ਕਰਨ ਦੀ ਅਸਫਲਤਾ ਦੇ ਨਤੀਜੇ ਵਜੋਂ ₹ 2.33 ਕਰੋੜ ਦੇ ਦੰਡਕ ਵਿਆਜ ਸਮੇਤ ਪੱਟਾ ਕਿਰਾਏ ਦੇ ਇਕੱਠੇ ਹੋਣ ਕਾਰਣ ₹ 5.54 ਕਰੋੜ ਦਾ ਸਰਕਾਰੀ ਧਨ ਛੇ ਸਾਲਾਂ ਤੋਂ ਵੱਧ ਸਮੇਂ ਲਈ ਬਲਾਕ ਹੋ ਗਿਆ।

***(ਪੈਰ੍ਹਾ 6.4, ਪੰਨਾ 90)***

ਪੰਜਾਬ ਬੱਸ ਮੈਟਰੋ ਸੁਸਾਇਟੀ ਦੁਆਰਾ ਬੱਸ ਰੈਪਿਡ ਟਰਾਂਜ਼ਿਟ ਸਿਸਟਮ ਅੰਮ੍ਰਿਤਸਰ ਲਈ ਬੱਸਾਂ ਖਰੀਦਣ ਲਈ ਭਾਰਤ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਦੇ ਨਤੀਜੇ ਵਜੋਂ ਪ੍ਰਸਤਾਵ ਰੱਦ ਹੋਇਆ ਅਤੇ ₹ 11.00 ਕਰੋੜ ਦੀ ਉਪਲਬਧ ਕੇਂਦਰੀ ਸਹਾਇਤਾ ਨਹੀਂ ਮਿਲੀ।

***(ਪੈਰ੍ਹਾ 6.6, ਪੰਨਾ 93)***

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨੇ ਕਾਰਗੁਜ਼ਾਰੀ ਸਕਿਓਰਟੀ ਜਬਤ ਕਰਨ ਅਤੇ ਇਕਰਾਰਨਾਮਾ ਰੱਦ ਕਰਨ ਲਈ ਇਕਰਾਰਨਾਮੇ ਦੀ 'ਕਨਸੈਸ਼ਨੇਅਰ ਈਵੈਂਟ ਆਫ ਡਿਫਾਲਟ' ਦੀ ਧਾਰਾ ਦੀ ਮੰਗ ਨਹੀਂ ਕੀਤੀ, ਜਿਸ ਨਾਲ ਪਬਲਿਕ ਪ੍ਰਾਈਵੇਟ ਪਾਟਨਰਸ਼ਿਪ (ਪੀ ਪੀ ਪੀ) ਕਨਸ਼ੈਸ਼ਨੇਅਰ ਦਾ ਪੱਖ ਪੂਰਿਆ ਗਿਆ ਸੀ। ਕਨਸੈਸ਼ਨੇਅਰ ਨੇ ਅਪ੍ਰੈਲ 2022 ਤੱਕ ਇੱਕਠੇ ਹੋ ਚੁੱਕੇ ₹ 7.07 ਕਰੋੜ ਦੀ ਕੰਸੈਸ਼ਨ ਫੀਸ ਅਤੇ ਵਿਆਜ ਦਾ ਭੁਗਤਾਨ ਕੀਤੇ ਬਗੈਰ ਪੋਲੀਟੈਕਨਿਕ ਕਾਲਜ ਚਲਾਉਣਾ ਜਾਰੀ ਰੱਖਿਆ।

***(ਪੈਰ੍ਹਾ 6.8, ਪੰਨਾ 97)***

ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ, ਫਿਰੋਜ਼ਪੁਰ ਨੇ ਸਰਕਾਰੀ ਰਿਹਾਇਸ਼ ਦੇ ਅਲਾਟੀਆਂ ਦੀਆਂ ਤਨਖਾਹਾਂ ਵਿਚੋਂ ਅਪ੍ਰੈਲ 2016 ਤੋਂ ਮਾਰਚ 2022 ਤੱਕ ਦੇ ਸਮੇਂ ਲਈ ₹ 1.09 ਕਰੋੜ ਦੀ ਰਾਸ਼ੀ ਦੀ ਲਾਇਸੰਸ ਫੀਸ ਦੀ ਕਟੌਤੀ ਨਹੀਂ ਕੀਤੀ।

***(ਪੈਰ੍ਹਾ 6.9, ਪੰਨਾ 99)***

ਕੰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਰੁਕਾਵਟ-ਮੁਕਤ ਸਾਈਟ ਨੂੰ ਯਕੀਨੀ ਬਣਾਉਣ ਲਈ ਜਲ ਸਰੋਤ ਵਿਭਾਗ ਦੀ ਅਸਫਲਤਾ ਅਤੇ ਕੋਡਲ ਉਪਬੰਧਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ਅਧੂਰੇ ਕੰਮ ਤੇ ₹ 1.84 ਕਰੋੜ ਦਾ ਗੈਰ-ਲਾਭਦਾਇਕ ਖਰਚਾ ਹੋਇਆ।

***(ਪੈਰ੍ਹਾ 6.10, ਪੰਨਾ 101)***

## ਅਧਿਆਇ-VII: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਰਾਜ ਜਨਤਕ ਖੇਤਰ ਦੇ ਅਦਾਰੇ)

**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ**

- ਬੰਦ ਹੋਏ ਪ੍ਰੋਜੈਕਟਾਂ ਉੱਤੇ ₹ 3.37 ਕਰੋੜ ਦੇ ਪੂੰਜੀਗਤ ਖਰਚੇ ਨੂੰ ਟੈਰਿਫ ਵਿੱਚ ਚਾਰਜ ਕਰਨ ਵਿੱਚ ਦੇਰੀ ਕਰਨ ਕਰਕੇ ₹ 2.31 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

***(ਪੈਰ੍ਹਾ 7.1, ਪੰਨਾ 103)***

- ਜੰਗਲਾਤ ਕਲੀਅਰੈਂਸ ਪ੍ਰਾਪਤ ਕਰਨ ਲਈ ਕਾਰਵਾਈ ਸ਼ੁਰੂ ਕਰਨ ਵਿੱਚ ਦੇਰੀ ਕਾਰਣ ਦੀਨਦਿਆਲ ਉਪਾਧਿਆਏ ਗ੍ਰਾਮ ਜੋਤੀ ਯੋਜਨਾ ਅਧੀਨ ਪ੍ਰੋਜੈਕਟ ਅਧੂਰੇ ਰਹਿ ਗਏ ਅਤੇ ₹ 2.44 ਕਰੋੜ ਦੀ ਗ੍ਰਾਂਟ ਲੈਪਸ ਹੋ ਗਈ। ਕੰਪਨੀ ਨੇ ਇਨ੍ਹਾਂ ਪ੍ਰੋਜੈਕਟਾਂ ਵਿੱਚ ₹ 1.57 ਕਰੋੜ ਦੀ ਗ੍ਰਾਂਟ ਦਾ ਗਲਤ ਦਾਅਵਾ ਵੀ ਕੀਤਾ ਗਿਆ।

***(ਪੈਰ੍ਹਾ 7.2, ਪੰਨਾ 104 )***

- ਇੱਕ ਖਪਤਕਾਰ ਨੂੰ ਲੋਡ ਦੀ ਐਕਸਟੈਂਨਸ਼ਨ ਜਾਰੀ ਕਰਨ ਲਈ ਕੰਪਨੀ ਵੱਲੋਂ ਫੈਸਲਾ ਨਾ ਲਏ ਜਾਣ ਦੇ ਨਤੀਜੇ ਵਜੋਂ ਫਿਕਸਡ ਚਾਰਜ਼ ਵਜੋਂ ₹ 1.87 ਕਰੋੜ ਦਾ ਮਾਲੀਆ ਕਮਾਉਣ ਦਾ ਮੌਕਾ ਗਵਾ ਦਿੱਤਾ ਗਿਆ।

***(ਪੈਰ੍ਹਾ 7.3, ਪੰਨਾ 106 )***

- ਕੰਪਨੀ ਦੁਆਰਾ ਵਿਕਰੀ ਪੁਸ਼ਟੀ ਆਦੇਸ਼ ਜਾਰੀ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 1.55 ਕਰੋੜ ਦੇ ਬਚਣਯੋਗ ਵਿਆਜ ਦਾ ਬੋਝ ਪਿਆ।

***(ਪੈਰ੍ਹਾ 7.4, ਪੰਨਾ 108 )***

- ਇੱਕੋ ਜੀ ਐਸ ਟੀ ਨੰਬਰ ਵਾਲੀਆਂ ਫਰਮਾਂ ਨੂੰ ਇੱਕੋ ਪਤੇ 'ਤੇ ਮਲਟੀਪਲ ਕਨੈਕਸ਼ਨ ਜਾਰੀ ਕੀਤੇ ਗਏ ਸਨ। ਇਸ ਪ੍ਰਕਿਰਿਆ ਵਿੱਚ ਕੰਪਨੀ ਨੇ ਕਨੈਕਸ਼ਨਾਂ ਦੀ ਕਲੱਬਿੰਗ ਨਾ ਕਰਨ ਕਰਕੇ ₹ 0.82 ਕਰੋੜ ਦਾ ਮਾਲੀਆ ਗਵਾ ਦਿੱਤਾ।

***(ਪੈਰ੍ਹਾ 7.5, ਪੰਨਾ 109)***

- ਇੱਕ ਸਿੰਗਲ ਪੁਆਇੰਟ ਖਪਤਕਾਰ ਨੂੰ ਬਿਲ ਭੇਜਣ ਵਿੱਚ ਤਿੰਨ ਸਾਲਾਂ ਤੋਂ ਵੱਧ ਦੀ ਦੇਰੀ ਅਤੇ ਇਸ ਦੇ ਨਤੀਜੇ ਵਜੋਂ ਮੁਕੱਦਮੇਬਾਜ਼ੀ ਕਰਕੇ ₹ 3.09 ਕਰੋੜ ਦੇ ਮਾਲੀਏ ਅਤੇ ਇਸ ਨਾਲ ਸਬੰਧਤ ₹ 2.03 ਕਰੋੜ ਦੇ ਵਿਆਜ ਦੀ ਲਾਗਤ ਦੀ ਵਸੂਲੀ ਨਹੀਂ ਹੋਈ।

***(ਪੈਰ੍ਹਾ 7.6, ਪੰਨਾ 111)***

**ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ** ਨੇ 2014-20 ਲਈ ਵਸੂਲੀ ਯੋਗ ₹ 67.32 ਕਰੋੜ ਦੇ ਦੇਰੀ ਨਾਲ ਕੀਤੇ ਭੁਗਤਾਨ ਦੇ ਸਰਚਾਰਜ ਦੀ ਛੋਟ ਦਿੱਤੀ ਜਿਸ ਦੇ ਨਤੀਜੇ ਵਜੋਂ ਵਿੱਤੀ ਲਾਗਤ ਕਰਕੇ ₹ 37.46 ਕਰੋੜ ਦਾ ਨੁਕਸਾਨ ਹੋਇਆ।

***(ਪੈਰ੍ਹਾ 7.7, ਪੰਨਾ 113 )***

**ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ** ਨੇ ਮੁਲਾਜ਼ਮਾਂ ਦੀ ਸੇਵਾ ਮੁਕਤੀ ਤੇ ਗਰੈਚੂਟੀ ਦੇ ਭੁਗਤਾਨ ਲਈ ਪੰਜਾਬ ਸਿਵਲ ਸਰਵਿਸਿਜ਼ ਰੂਲਜ਼, 2016 ਦੀ ਪਾਲਣਾ ਨਹੀਂ ਕੀਤੀ ਜਿਸ ਕਾਰਣ ਜੁਲਾਈ 2019 ਤੋਂ ਦਸੰਬਰ 2021 ਦੀ ਮਿਆਦ ਦੇ ਦੌਰਾਨ ₹ 86.26 ਲੱਖ ਦੀ ਗਰੈਚੂਟੀ ਦਾ ਵਾਧੂ/ਅਨਿਯਮਿਤ ਅਦਾਇਗੀ ਹੋਈ।

***(ਪੈਰ੍ਹਾ 7.8, ਪੰਨਾ 115 )***

**ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ, ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ** ਵਿੱਚ ਅਗਾਊ ਭੁਗਤਾਨਾਂ ਦੇ ਸਮਾਯੋਜਨ/ਰਿਫੰਡ ਦੀ ਤਰੁੱਟੀਪੂਰਣ ਪ੍ਰਣਾਲੀ ਅਤੇ ਇਹਨਾਂ ਦੀ ਪ੍ਰਕਿਰਿਆ ਵਿੱਚ ਦੇਰੀ ਦੇ ਨਤੀਜੇ ਵਜੋਂ ਫੰਡਾਂ ਦੀ ਪ੍ਰਾਪਤੀ ਵਿੱਚ ਦੇਰੀ ਹੋਈ ਅਤੇ ਫੰਡਾਂ ਦੇ ਅਟਕਣ ਕਾਰਨ ₹ 7.39 ਕਰੋੜ ਦੇ ਬਚਣਯੋਗ ਵਿਆਜ ਦਾ ਨੁਕਸਾਨ ਹੋਇਆ।

***(ਪੈਰ੍ਹਾ 7.9, ਪੰਨਾ 116 )***

**ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ**

- ਕਸਟਮ ਮਿਲਿੰਗ ਨੀਤੀ ਦੀ ਉਲੰਘਣਾ, ਕੰਪਨੀ ਅਤੇ ਮਿੱਲਰ ਵਿਚਕਾਰ ਸਮਝੌਤਾ ਅਤੇ ਨਿਗਰਾਨੀ ਵਿੱਚ ਖਾਮੀਆਂ ਕਾਰਨ ₹ 10.84 ਕਰੋੜ ਦੀ ਕੀਮਤ ਦੇ ਝੋਨੇ ਦਾ ਗਬਨ ਹੋਇਆ।

*(**ਪੈਰ੍ਹਾ 7.10, ਪੰਨਾ 118**)*

- ਇਕਰਾਰਨਾਮੇ ਵਿੱਚ ਅਵਿਵੇਕਪੂਰਨ ਧਾਰਾ ਨੂੰ ਸ਼ਾਮਲ ਕਰਨ ਕਰਕੇ ਸੇਵਾ ਪ੍ਰਦਾਤਾ ਨੂੰ ਉਜਰਤਾਂ ਦੀ ₹ 1.92 ਕਰੋੜ ਦੀ ਰਾਸ਼ੀ ਦਾ ਬਚਣਯੋਗ ਭੁਗਤਾਨ ਕੀਤਾ।

*(**ਪੈਰ੍ਹਾ 7.11, ਪੰਨਾ 120**)*

**ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ** ਵੱਲੋਂ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਵੰਡਣ ਕਰਕੇ ਹੋਏ ਵਾਧੂ ਖਰਚੇ ਦੀ ਭਰਪਾਈ ਲਈ ਰਾਜ ਸਰਕਾਰ ਕੋਲ ਮਾਮਲਾ ਉਠਾਉਣ ਵਿੱਚ ਅਸਫਲਤਾ ਦੇ ਨਤੀਜੇ ਵਜੋਂ ₹ 21.80 ਕਰੋੜ ਦਾ ਵਾਧੂ ਖਰਚਾ ਹੋਇਆ।

*(**ਪੈਰ੍ਹਾ 7.12, ਪੰਨਾ 122**)*

# ਅਧਿਆਇ-I

## ਜਨਰਲ

# ਅਧਿਆਇ-I

# ਜਨਰਲ

## 1.1 ਜਾਣ-ਪਛਾਣ

ਇਹ ਰਿਪੋਰਟ ਰਾਜ ਸਰਕਾਰ ਦੇ ਵਿਭਾਗਾਂ ਅਤੇ ਰਾਜ ਜਨਤਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀ ਪਾਲਣ ਲੇਖਾ ਪ੍ਰੀਖਿਆ ਤੋਂ ਉੱਭਰੇ ਮਾਮਲਿਆਂ ਬਾਰੇ ਹੈ। ਇਸ ਰਿਪੋਰਟ ਦਾ ਮੁਢਲਾ ਮੰਤਵ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜਿਆਂ ਨੂੰ ਵਿਧਾਨਪਾਲਿਕਾ ਦੇ ਧਿਆਨ ਵਿੱਚ ਲਿਆਉਣਾ ਹੈ। ਲੇਖਾ ਪ੍ਰੀਖਿਆ ਦੀਆਂ ਲੱਭਤਾਂ ਤੋਂ ਆਸ ਹੈ ਕਿ ਇਹ ਕਾਰਜਪਾਲਿਕਾ ਨੂੰ ਸੋਧਮਈ ਕਾਰਵਾਈ ਕਰਨ ਅਤੇ ਅਜਿਹੀਆਂ ਨੀਤੀਆਂ ਅਤੇ ਨਿਰਦੇਸ਼ ਬਣਾਉਣ ਦੇ ਸਮਰੱਥ ਬਣਾਉਣਗੀਆਂ ਜਿਸ ਨਾਲ ਇਨ੍ਹਾਂ ਸੰਗਠਨਾਂ ਦੇ ਵਿੱਤੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਅਤੇ ਬਿਹਤਰ ਸ਼ਾਸਨਿਕ ਪ੍ਰਬੰਧ ਵਿੱਚ ਯੋਗਦਾਨ ਹੋਵੇਗਾ।

ਇਸ ਰਿਪੋਰਟ ਨੂੰ ਹੇਠ ਲਿਖੇ ਸੱਤ ਅਧਿਆਇਆਂ ਵਿੱਚ ਸੰਗਠਿਤ ਕੀਤਾ ਗਿਆ ਹੈ:

- **ਅਧਿਆਇ-I** ਵਿੱਚ ਸਾਲ 2021-22 ਲਈ ਬਜਟ ਦੀ ਰੂਪ-ਰੇਖਾ ਸਮੇਤ ਰਾਜ ਸਰਕਾਰ ਦੀ ਸੰਖੇਪ ਰੂਪ-ਰੇਖਾ, ਲੇਖਾ ਪ੍ਰੀਖਿਆ ਲਈ ਅਧਿਕਾਰ, ਲੇਖਾ ਪ੍ਰੀਖਿਆ ਦਾ ਅਧਿਕਾਰ ਖੇਤਰ, ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ, ਸਰਕਾਰ ਦਾ ਨਿਰੀਖਣ ਰਿਪੋਰਟਾਂ, ਵੱਖ-ਵੱਖ ਟਿੱਪਣੀਆਂ/ਪੈਰ੍ਹਿਆਂ ਨਾਮਕ ਵੱਖ-ਵੱਖ ਲੇਖਾ ਪ੍ਰੀਖਿਆ ਉਤਪਾਦਾਂ ਵੱਲ ਹੁੰਗਾਰਾ ਅਤੇ ਲੇਖਾ ਪ੍ਰੀਖਿਆ ਰਿਪੋਰਟਾਂ ਤੇ ਪੈਰ੍ਹਵੀ ਲਈ ਕੀਤੀ ਗਈ ਕਾਰਵਾਈ ਸ਼ਾਮਲ ਹੈ।
- **ਅਧਿਆਇ-II** ਵਿੱਚ 'ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-III** ਵਿੱਚ 'ਖੇਡ ਸਹੂਲਤਾਂ ਦੀ ਸਿਰਜਣਾ, ਰੱਖ-ਰਖਾਅ ਅਤੇ ਵਰਤੋਂ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-IV** ਵਿੱਚ ਪੰਜਾਬ ਰਾਜ ਪਾਵਰ ਕਾਰਪੋਰਸ਼ਨ ਲਿਮਿਟਡ ਵਿੱਚ 'ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-V** ਵਿੱਚ ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਲਿਮਿਟਡ ਦੀਆਂ 'ਗੈਰ-ਪ੍ਰਫਾਰਮਿੰਗ ਸੰਪਤੀਆ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ-ਅਤੇ-ਵਿਸ਼ਲੇਸ਼ਣ' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-VI** ਵਿੱਚ ਵਿਭਾਗਾਂ ਦੀ ਪਾਲਣ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ ਵੱਖ ਟਿੱਪਣੀਆਂ ਸ਼ਾਮਲ ਹਨ।
- **ਅਧਿਆਇ-VII** ਵਿੱਚ ਰਾਜ ਜਨਤਕ ਖੇਤਰ ਦੇ ਅਦਾਰਿਆਂ ਦੀ ਪਾਲਣ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ-ਵੱਖ ਟਿੱਪਣੀਆਂ ਸ਼ਾਮਲ ਹਨ।

## 1.2 ਬਜਟ ਦੀ ਰੂਪ-ਰੇਖਾ

ਰਾਜ ਵਿੱਚ 38 ਵਿਭਾਗ[1], 55 ਖੁਦਮੁਖਤਿਆਰ ਸੰਗਠਨ ਅਤੇ 49[2] ਰਾਜ ਜਨਤਕ ਖੇਤਰ ਦੇ ਅਦਾਰੇ (ਐਸ ਪੀ ਐਸ ਈ) ਹਨ। 2017-2022 ਦੌਰਾਨ ਬਜਟ ਅਨੁਮਾਨ ਅਤੇ ਰਾਜ ਸਰਕਾਰ ਦੁਆਰਾ ਕੀਤੇ ਅਸਲ ਖਰਚੇ ਦੀ ਸਥਿਤੀ **ਸਾਰਣੀ 1.1** ਵਿੱਚ ਦਿੱਤੀ ਗਈ ਹੈ।

**ਸਾਰਣੀ 1.1: 2017-2022 ਦੌਰਾਨ ਰਾਜ ਦਾ ਬਜਟ ਅਤੇ ਅਸਲ ਖਰਚਾ**

*(₹ ਕਰੋੜ ਵਿੱਚ)*

| ਖਰਚਾ | 2017-18 | | 2018-19 | | 2019-20 | | 2020-21 | | 2021-22 | |
|---|---|---|---|---|---|---|---|---|---|---|
| | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ |
| **ਰੈਵੀਨਿਊ ਖਰਚਾ** | | | | | | | | | | |
| ਜਨਰਲ ਸੇਵਾਵਾਂ | 34,091.34 | 34,499.50 | 37,493.10 | 36,930.51 | 39,449.00 | 38,614.35 | 43,540.25 | 43,253.01 | 47,421.79 | 47,239.77 |
| ਸਮਾਜਿਕ ਸੇਵਾਵਾਂ | 19,072.44 | 15,469.74 | 20,097.54 | 18,320.37 | 21,878.19 | 19,483.85 | 24,982.03 | 21,674.90 | 29,329.73 | 25,334.31 |
| ਆਰਥਿਕ ਸੇਵਾਵਾਂ | 15,341.16 | 11,194.41 | 21,185.35 | 17,888.17 | 18,754.94 | 14,551.12 | 17,532.96 | 15,445.40 | 20,944.10 | 20,203.74 |
| ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ | 2,676.96 | 1,301.20 | 3,541.98 | 2,264.66 | 6,519.95 | 3,210.32 | 6,717.05 | 5,971.31 | 4,749.91 | 3,858.69 |
| **ਜੋੜ** | **71,181.90** | **62,464.85** | **82,317.97** | **75,403.71** | **86,602.08** | **75,859.64** | **92,772.29** | **86,344.62** | **1,02,445.53** | **96,636.51** |
| **ਪੂੰਜੀਗਤ ਖਰਚਾ** | **4,388.76** | **2,352.08** | **4,871.57** | **2,412.24** | **19,641.30** | **17,827.73** | **6,821.68** | **4,382.32** | **10,078.80** | **8,009.98** |
| **ਵੰਡੇ ਗਏ ਕਰਜ਼ੇ ਅਤੇ ਪੇਸ਼ਗੀਆਂ** | **2,197.12** | **760.05** | **1,602.64** | **1,361.05** | **820.87** | **783.88** | **923.63** | **955.79** | **1,592.76** | **1,575.81** |
| **ਜਨਤਕ ਕਰਜ਼ੇ ਦੀ ਵਾਪਸੀ (ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਸਮੇਤ)** | **35,029.64** | **34,969.58** | **38,623.32** | **37,770.93** | **44,632.68** | **39,573.90** | **39,482.08** | **34,633.53** | **22,358.95** | **19,278.55** |
| **ਅਚੇਤ ਫੰਡ** | **0.00** | **0.00** | **0.00** | **0.00** | **0.00** | **0.00** | **0.00** | **0.00** | **0.00** | **0.00** |
| **ਲੋਕ ਲੇਖੇ ਦੀਆਂ ਵੰਡਾਂ *** | **13,238.24** | **45,525.90** | **18,282.51** | **62,271.76** | **16,014.61** | **64,328.24** | **59,068.32** | **74,470.97** | **91,442.87** | **87,659.49** |
| **ਅੰਤਿਮ ਕੈਸ਼ ਬਕਾਇਆ** | -- | **488.45** | -- | **1,324.83** | -- | **2,125.06** | -- | **9,247.83** | -- | **6,871.64** |
| **ਜੋੜ** | **54,853.76** | **84,096.06** | **63,380.04** | **1,05,140.81** | **81,109.46** | **2,76,358.09** | **1,06,295.71** | **1,23,690.44** | **1,25,473.38** | **1,23,395.47** |
| **ਕੁੱਲ ਜੋੜ** | **1,26,035.66** | **1,46,560.91** | **1,45,698.01** | **1,80,544.52** | **1,67,711.54** | **2,00,498.45** | **1,99,068.00** | **2,10,035.06** | **2,27,918.91** | **2,20,031.98** |

*ਸ੍ਰੋਤ: ਪੰਜਾਬ ਸਰਕਾਰ ਦੀ ਸਲਾਨਾ ਵਿੱਤੀ ਵਿਵਰਣੀ ਅਤੇ ਬਜਟ ਦਾ ਵਿਆਖਿਆਤਮਕ ਮੈਮੋਰੰਡਮ*

** ਕੈਸ਼ ਬਕਾਏ ਦੇ ਨਿਵੇਸ਼ ਅਤੇ ਚੈਸਟਾਂ ਵਿੱਚ ਵਿਭਾਗੀ ਕੈਸ਼ ਅਤੇ ਭਾਰਤੀ ਰਿਜ਼ਰਵ ਬੈਂਕ ਨਾਲ ਲੈਣ-ਦੇਣ ਨੂੰ ਛੱਡ ਕੇ।*

ਸਾਲ 2021-22 ਦੌਰਾਨ ₹ 2,27,918.91 ਕਰੋੜ ਦੇ ਕੁੱਲ ਬਜਟ ਆਊਟਲੇਅ ਦੇ ਵਿਰੁੱਧ ਸਾਧਨਾਂ ਦੀ ਵਰਤੋਂ ₹ 2,20,031.98 ਕਰੋੜ ਸੀ। ਰਾਜ ਦਾ ਕੁੱਲ ਖਰਚਾ[3] ਸਾਲ 2017-18 ਤੋਂ 2021-22 ਦੇ ਸਮੇਂ ਦੌਰਾਨ ₹ 65,576.98 ਕਰੋੜ ਤੋਂ 61.98 *ਪ੍ਰਤੀਸ਼ਤ* ਨਾਲ ਵਧ ਕੇ ₹ 1,06,222.30 ਕਰੋੜ ਹੋ ਗਿਆ। ਰਾਜ ਦਾ ਰੈਵੀਨਿਊ ਖਰਚਾ 2017-18 ਵਿੱਚ ₹ 62,464.85 ਕਰੋੜ ਤੋਂ 54.71 *ਪ੍ਰਤੀਸ਼ਤ* ਨਾਲ ਵਧ ਕੇ 2021-22 ਵਿੱਚ ₹ 96,636.51 ਕਰੋੜ ਹੋ ਗਿਆ ਅਤੇ ਪੂੰਜੀਗਤ ਖਰਚਾ 2017-18 ਵਿੱਚ ₹ 2,352.08 ਕਰੋੜ ਤੋਂ 240.55 *ਪ੍ਰਤੀਸ਼ਤ* ਨਾਲ ਵਧ ਕੇ 2021-22 ਵਿੱਚ ₹ 8,009.98 ਕਰੋੜ ਹੋ ਗਿਆ। 2017-22 ਦੌਰਾਨ ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਤੋਂ 95 *ਪ੍ਰਤੀਸ਼ਤ* ਸੀ ਜਦੋਂਕਿ ਪੂੰਜੀਗਤ

---

1 ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ (ਰੈਵੀਨਿਊ ਵਿਭਾਗਾਂ ਨੂੰ ਛੱਡਕੇ)।

2 ਸੀ ਏ ਜੀ ਦੇ ਲੇਖਾ ਪ੍ਰੀਖਿਆ ਅਧਿਕਾਰ ਅਧੀਨ ਆਉਂਦੀਆਂ ਚਾਰ ਵਿਧਾਨਕ ਕਾਰਪੋਰੇਸ਼ਨਾਂ, 42 ਸਰਕਾਰੀ ਕੰਪਨੀਆਂ (16 ਅਕ੍ਰਿਆਸ਼ੀਲ ਸਰਕਾਰੀ ਕੰਪਨੀਆਂ ਸਮੇਤ) ਅਤੇ ਤਿੰਨ ਸਰਕਾਰੀ ਕੰਟਰੋਲ ਵਾਲੀਆਂ ਹੋਰ ਕੰਪਨੀਆਂ (ਜੀ ਸੀ ਓ ਸੀ) ਸਮੇਤ।

3 ਰੈਵੀਨਿਊ ਖਰਚਾ, ਪੂੰਜੀਗਤ ਖਰਚਾ ਅਤੇ ਕਰਜ਼ੇ ਤੇ ਪੇਸ਼ਗੀਆਂ ਦਾ ਜੋੜ।

ਆਊਟਲੇਅ ਤਿੰਨ ਅਤੇ ਅੱਠ *ਪ੍ਰਤੀਸ਼ਤ* ਦੀ ਰੇਂਜ ਵਿੱਚ ਸੀ, ਸਿਵਾਏ ਸਾਲ 2019-20 ਦੇ ਜਦੋਂ ਇਹ ਉਜਵਲ ਡਿਸਕੌਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਕਰਜ਼ਿਆਂ ਦੀ ₹ 15,628 ਕਰੋੜ ਦੀ ਰਾਸ਼ੀ ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਿੱਚ ਇਕਿਉਟੀ ਪੂੰਜੀ ਵਿੱਚ ਬਦਲੇ ਜਾਣ ਕਾਰਣ 19 *ਪ੍ਰਤੀਸ਼ਤ* ਸੀ।

2017-18 ਤੋਂ 2021-22 ਦੌਰਾਨ ਰੈਵੀਨਿਊ ਖਰਚਾ 12.00 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਾਧੇ ਦੀ ਦਰ ਨਾਲ ਵਧਿਆ ਜਦੋਂਕਿ ਰੈਵੀਨਿਊ ਪ੍ਰਾਪਤੀਆਂ 10.43 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧੀਆਂ।

## 1.3 ਲੇਖਾ ਪ੍ਰੀਖਿਆ ਲਈ ਅਧਿਕਾਰ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਨੂੰ ਲੇਖਾ ਪ੍ਰੀਖਿਆ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 149 ਅਤੇ 151 ਅਤੇ ਸੀ ਏ ਜੀ ਦੇ (ਫਰਜ਼, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 (ਡੀ ਪੀ ਸੀ ਐਕਟ) ਤੋਂ ਪ੍ਰਾਪਤ ਹੈ। ਡੀ ਪੀ ਸੀ ਐਕਟ ਦੇ ਸੈਕਸ਼ਨ 13[4] ਅਧੀਨ ਸੀ ਏ ਜੀ ਰਾਜ ਸਰਕਾਰ ਦੇ ਵਿਭਾਗਾਂ ਦੇ ਖਰਚੇ ਦੀ ਲੇਖਾ ਪ੍ਰੀਖਿਆ ਕਰਦਾ ਹੈ। ਇਸ ਤੋਂ ਇਲਾਵਾ ਸੀ ਏ ਜੀ ਹੋਰ ਖੁਦਮੁਖਤਿਆਰ ਸੰਗਠਨਾਂ, ਜਿਨ੍ਹਾਂ ਨੂੰ ਸਰਕਾਰ ਦੁਆਰਾ ਚੋਖਾ ਵਿੱਤ ਦਿੱਤਾ ਜਾਂਦਾ ਹੈ ਦੀ ਲੇਖਾ ਪ੍ਰੀਖਿਆ ਡੀ ਪੀ ਸੀ ਐਕਟ ਦੇ ਸੈਕਸ਼ਨ 14[5] ਅਧੀਨ ਕਰਦਾ ਹੈ। ਸੀ ਏ ਜੀ ਦੇ ਡੀ ਪੀ ਸੀ ਐਕਟ ਦਾ ਸੈਕਸ਼ਨ 16 ਸੀ ਏ ਜੀ ਨੂੰ ਭਾਰਤ ਸਰਕਾਰ, ਹਰ ਰਾਜ ਅਤੇ ਵਿਧਾਨ ਸਭਾ ਵਾਲੇ ਹਰ ਸੰਘੀ ਖੇਤਰ ਦੀ ਸਰਕਾਰ ਦੀਆਂ ਸਾਰੀਆਂ ਧਨ ਪ੍ਰਾਪਤੀਆਂ (ਰੈਵੀਨਿਊ ਅਤੇ ਪੂੰਜੀਗਤ ਦੋਵੇਂ) ਦੀ ਲੇਖਾ ਪ੍ਰੀਖਿਆ ਕਰਨ ਦਾ ਅਤੇ ਆਪਣੇ ਆਪ ਨੂੰ ਇਹ ਸੁਨਿਸ਼ਚਿਤ ਕਰਨ ਦਾ ਅਧਿਕਾਰ ਦਿੰਦਾ ਹੈ ਕਿ ਰੈਵੀਨਿਊ ਦਾ ਨਿਰਧਾਰਨ, ਉਗਰਾਹੀ ਅਤੇ ਉਚਿਤ ਵੰਡ ਦੀ ਅਸਰਦਾਰ ਜਾਂਚ ਕਰਨ ਲਈ ਨਿਯਮ ਅਤੇ ਪ੍ਰਕਿਰਿਆਵਾ ਬਣਾਈਆਂ ਗਈਆਂ ਹਨ ਅਤੇ ਇਨ੍ਹਾਂ ਦੀ ਬਕਾਇਦਾ ਪਾਲਣਾ ਕੀਤੀ ਜਾਂਦੀ ਹੈ। ਵੱਖ-ਵੱਖ ਤਰ੍ਹਾਂ ਦੀ ਲੇਖਾ ਪ੍ਰੀਖਿਆ ਲਈ ਸਿਧਾਂਤ ਅਤੇ ਵਿਧੀਆਂ, ਭਾਰਤੀ ਲੇਖਾ ਪ੍ਰੀਖਿਆ ਅਤੇ ਲੇਖਾ ਵਿਭਾਗ ਦੁਆਰਾ ਜਾਰੀ ਲੇਖਾ ਪ੍ਰੀਖਿਆ ਅਤੇ ਲੇਖੇ (ਸੋਧਾਂ) ਨਿਯਮਤਾਵਾਂ, 2020 ਅਤੇ ਲੇਖਾ ਪ੍ਰੀਖਿਆ ਮਿਆਰਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

## 1.4 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਲੇਖਾ ਪ੍ਰੀਖਿਆ ਦੀ ਪ੍ਰਕਿਰਿਆ, ਵੱਖ-ਵੱਖ ਵਿਭਾਗਾਂ, ਖੁਦਮੁਖਤਿਆਰ ਸੰਗਠਨਾਂ, ਸਕੀਮਾਂ/ਪ੍ਰੋਜੈਕਟਾਂ ਦੇ ਜੋਖਮ ਦੇ ਨਿਰਧਾਰਨ ਕਰਨ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ ਗਤੀਵਿਧੀਆਂ ਦੀ ਮਹੱਤਤਾ/ਪੇਚੀਦਗੀ, ਅੱਗੇ ਸੌਂਪੀਆਂ ਗਈਆਂ ਵਿੱਤੀ ਸ਼ਕਤੀਆਂ ਦਾ ਪੱਧਰ, ਅੰਦਰੂਨੀ ਕੰਟਰੋਲ ਅਤੇ ਸਟੇਕਹੋਲਡਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਲੱਭਤਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਨਿਰਧਾਰਤ ਕੀਤੇ ਗਏ ਇਸ ਜੋਖਮ ਦੇ ਆਧਾਰ ਤੇ ਲੇਖਾ ਪ੍ਰੀਖਿਆ ਦਾ ਦਾਇਰਾ ਤੈਅ ਕੀਤਾ ਜਾਂਦਾ ਹੈ ਅਤੇ ਇਕ ਸਲਾਨਾ ਲੇਖਾ ਪ੍ਰੀਖਿਆ ਯੋਜਨਾ ਬਣਾਈ ਜਾਂਦੀ ਹੈ।

4 (i) ਰਾਜ ਦੇ ਸੰਚਿਤ ਫੰਡ ਤੋਂ ਸਾਰੇ ਖਰਚੇ; (ii) ਅਚੇਤ ਫੰਡਾਂ ਅਤੇ ਲੋਕ ਲੇਖੇ ਨਾਲ ਸਬੰਧਤ ਸਾਰੇ ਵਿੱਤੀ ਲੈਣ-ਦੇਣ; ਅਤੇ (iii) ਸਾਰੇ ਵਪਾਰਕ, ਨਿਰਮਾਣ, ਲਾਭ ਅਤੇ ਹਾਨੀ ਲੇਖੇ, ਬੈਲੈਂਸ ਸ਼ੀਟਾਂ ਅਤੇ ਹੋਰ ਸਹਾਇਕ ਲੇਖਿਆਂ ਦੀ ਲੇਖਾ ਪ੍ਰੀਖਿਆ।

5 ਕਈ ਗੈਰ-ਵਣਜੀ ਖੁਦਮੁਖਤਿਆਰ/ਅਰਧ-ਖੁਦਮੁਖਤਿਆਰ ਸੰਗਠਨ, ਜਿਨ੍ਹਾਂ ਨੂੰ ਰੁਜ਼ਗਾਰ ਜਨਰੇਟ ਕਰਨ, ਗਰੀਬੀ ਘੱਟ ਕਰਨ, ਸਾਖਰਤਾ ਦੇ ਫੈਲਾਅ, ਸਭ ਲਈ ਸਿਹਤ ਅਤੇ ਬਿਮਾਰੀਆਂ ਦੀ ਰੋਕਥਾਮ, ਵਾਤਾਵਰਣ, ਆਦਿ ਲਈ ਸਥਾਪਤ ਕੀਤਾ ਗਿਆ ਹੈ ਅਤੇ ਸਰਕਾਰ ਦੁਆਰਾ ਚੋਖਾ ਵਿੱਤ ਦਿੱਤਾ ਗਿਆ ਹੈ, ਦੀ ਸੈਕਸ਼ਨ 14 ਅਧੀਨ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ।

ਲੇਖਾ ਪ੍ਰੀਖਿਆ ਮੁਕੰਮਲ ਹੋਣ ਤੋਂ ਬਾਅਦ ਲੇਖਾ ਪ੍ਰੀਖਿਆ ਲੱਭਤਾਂ ਵਾਲੀ ਇੱਕ ਨਿਰੀਖਣ ਰਿਪੋਰਟ, ਦਫਤਰ ਦੇ ਮੁਖੀ ਨੂੰ ਚਾਰ ਹਫ਼ਤਿਆਂ ਵਿੱਚ ਉੱਤਰ ਦੇਣ ਲਈ ਭੇਜੀ ਜਾਦੀ ਹੈ। ਜਦੋਂ ਉੱਤਰ ਪ੍ਰਾਪਤ ਹੁੰਦੇ ਹਨ ਤਾਂ ਜਾਂ ਤਾਂ ਲੇਖਾ ਪ੍ਰੀਖਿਆ ਲੱਭਤਾਂ ਦਾ ਨਿਪਟਾਰਾ ਕਰ ਦਿੱਤਾ ਜਾਂਦਾ ਹੈ ਜਾਂ ਅੱਗੇ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਇਨ੍ਹਾਂ ਨਿਰੀਖਣ ਰਿਪੋਰਟਾਂ ਵਿੱਚ ਧਿਆਨ ਵਿੱਚ ਲਿਆਂਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ, ਜਿਹੜੀਆਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ, ਵਿੱਚ ਸ਼ਾਮਲ ਕਰਨ ਲਈ ਕਾਰਵਾਈ ਕੀਤੀ ਜਾਂਦੀ ਹੈ।

ਸਾਲ 2021-22 ਦੌਰਾਨ ਪ੍ਰਧਾਨ  ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਦੇ ਦਫਤਰ ਦੁਆਰਾ ਰਾਜ ਦੇ 1,339 ਡਰਾਇੰਗ ਅਤੇ ਡਿਸਬਰਸਿੰਗ ਅਫ਼ਸਰਾਂ (ਡੀ ਡੀ ਓ), 26 ਖੁਦਮੁਖਤਿਆਰ ਸੰਗਠਨਾਂ ਅਤੇ 19 ਐਸ ਪੀ ਐਸ ਈਜ਼ ਦੀ ਪਾਲਣ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਵੱਲੋਂ ਨਿਰੀਖਣ ਰਿਪੋਰਟਾਂ ਰਾਹੀਂ ਧਿਆਨ ਵਿੱਚ ਲਿਆਂਦੇ ਜਾਣ ਉਪਰੰਤ ਵੱਖ-ਵੱਖ ਵਿਭਾਗਾਂ ਨੇ 2021-22 ਦੌਰਾਨ ₹ 28.12 ਲੱਖ ਦੀ ਰਾਸ਼ੀ ਦੀ ਵਸੂਲੀ ਕੀਤੀ  ਸੀ।

## 1.5 ਲੇਖਾ ਪ੍ਰੀਖਿਆ ਵੱਲ ਸਰਕਾਰ ਦੇ ਹੁੰਗਾਰੇ ਦੀ ਘਾਟ

ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ (ਪੀ ਏ ਜੀ) ਦੁਆਰਾ ਵਿੱਤੀ ਲੈਣ ਦੇਣ ਦੀ ਨਮੂਨਾ ਜਾਂਚ ਕਰਨ ਅਤੇ ਨਿਯਮਾਂ ਅਤੇ ਕਾਰਜ-ਵਿਧੀਆਂ ਵਿੱਚ ਨਿਰਧਾਰਤ ਕੀਤੇ ਗਏ ਅਨੁਸਾਰ ਮਹੱਤਵਪੂਰਨ ਲੇਖਿਆਂ ਅਤੇ ਹੋਰ ਰਿਕਾਰਡ ਦੇ ਰੱਖ-ਰਖਾਅ ਦੀ ਜਾਂਚ ਕਰਨ ਲਈ ਸਮੇਂ ਸਮੇਂ ਤੇ ਸਰਕਾਰੀ ਵਿਭਾਗਾਂ ਦਾ ਨਿਰੀਖਣ ਕੀਤਾ ਜਾਂਦਾ ਹੈ। ਇਨ੍ਹਾਂ ਨਿਰੀਖਣਾਂ ਤੋਂ ਬਾਅਦ ਨਿਰੀਖਣ ਦੌਰਾਨ ਪਤਾ ਲਗੀਆਂ ਅਜਿਹੀਆਂ ਅਨਿਯਮਤਾਵਾਂ, ਜਿਨ੍ਹਾਂ ਦਾ ਮੌਕੇ ਤੇ ਨਿਪਟਾਨ ਨਹੀਂ ਹੁੰਦਾ, ਨੂੰ ਦਰਸਾਉਂਦੀਆਂ ਨਿਰੀਖਣ ਰਿਪੋਰਟਾਂ (ਆਈ ਆਰ) ਨਿਰੀਖਣ ਕੀਤੇ ਦਫ਼ਤਰਾਂ ਦੇ ਮੁਖੀਆਂ ਨੂੰ ਅਤੇ ਉਨ੍ਹਾਂ ਤੋਂ ਵੱਡੇ ਅਧਿਕਾਰੀਆਂ ਨੂੰ ਤੁਰੰਤ ਸੋਧਮਈ ਕਾਰਵਾਈ ਕਰਨ ਲਈ ਜਾਰੀ ਕੀਤੀਆਂ ਜਾਂਦੀਆ ਹਨ।

ਆਈ ਆਰਜ਼ ਦੀ ਪ੍ਰਾਪਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ, ਦਫ਼ਤਰਾਂ ਦੇ ਮੁਖੀਆਂ ਵੱਲੋਂ ਆਈ ਆਰਜ਼ ਵਿੱਚ ਸ਼ਾਮਲ ਟਿੱਪਣੀਆਂ ਦੀ ਪਾਲਣਾ ਕਰਨੀ ਬਣਦੀ ਹੈ। ਗੰਭੀਰ ਵਿੱਤੀ ਬੇਨਿਯਮੀਆਂ ਦੀ ਵਿਭਾਗ ਦੇ ਮੁਖੀਆਂ ਅਤੇ ਸਰਕਾਰ ਨੂੰ ਰਿਪੋਰਟ ਕੀਤੀ ਜਾਂਦੀ ਹੈ।

ਜੂਨ 2022 ਤੱਕ 64,656 ਟਿੱਪਣੀਆਂ ਵਾਲੀਆਂ 18,729 (ਮਾਰਚ 2022 ਤੱਕ ਜਾਰੀ) ਨਿਰੀਖਣ ਰਿਪੋਰਟਾਂ ਜਿਨ੍ਹਾਂ ਦਾ ਮੁਦਰਾ ਮੁੱਲ ₹ 61,065 ਕਰੋੜ ਸੀ, ਬਕਾਇਆ ਸਨ, ਜਿਨ੍ਹਾਂ ਵਿੱਚੋਂ 29,272 ਟਿੱਪਣੀਆਂ ਵਾਲੀਆਂ 12,245 ਆਈ ਆਰਜ਼ ਜਿਨ੍ਹਾਂ ਦਾ ਮੁਦਰਾ ਮੁੱਲ ₹ 17,200 ਕਰੋੜ ਸੀ, ਅਪ੍ਰੈਲ 2017 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ ਅਰਥਾਤ ਪੰਜ ਸਾਲ ਤੋਂ ਵੱਧ ਪੁਰਾਣੀਆਂ ਸਨ। ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ ਦੀ ਵਰ੍ਹੇ-ਵਾਰ ਸਥਿਤੀ, ਇਨ੍ਹਾਂ ਦੇ ਮੁਦਰਾ ਮੁੱਲ ਸਮੇਤ **ਸਾਰਣੀ 1.2** ਵਿੱਚ ਦਿੱਤੀ ਗਈ ਹੈ।

**ਸਾਰਣੀ 1.2: ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ**

| ਵੇਰਵੇ | ਅਪ੍ਰੈਲ 2017 ਤੋਂ ਪਹਿਲਾਂ | 2017-18 | 2018-19 | 2019-20 | 2020-21 | 2021-22 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 12,245 | 1,305 | 1,355 | 1,526 | 1,132 | 1,166 | **18,729** |
| ਟਿੱਪਣੀਆਂ | 29,272 | 5,779 | 6,728 | 8,931 | 6,518 | 7,428 | **64,656** |
| ਮੁਦਰਾ ਮੁੱਲ (₹ ਕਰੋੜ ਵਿੱਚ) | 17,200.06 | 4,711.26 | 5,874.61 | 4,712.88 | 13,357.08 | 15,208.91 | **61,064.80** |

*ਸ੍ਰੋਤ: ਦਫਤਰ ਦਾ ਰਿਕਾਰਡ*

ਲੇਖਾ ਪ੍ਰੀਖਿਆ ਦਾ ਮੰਤਵ ਇਹ ਜਾਂਚ ਕਰਨਾ ਹੈ ਕਿ ਨਿਰਧਾਰਤ ਨਿਯਮਾਂ, ਕਾਨੂੰਨਾਂ, ਪ੍ਰਕਿਰਿਆਵਾਂ, ਦੀ ਪਾਲਣਾ ਹੋ ਰਹੀ ਹੈ ਅਤੇ ਪਾਲਣਾ ਨਾ ਕੀਤੇ ਜਾਣ, ਵਿਵਸਥਾ ਦੀਆਂ ਕਮਜ਼ੋਰੀਆਂ ਅਤੇ ਅਸਫ਼ਲਤਾਵਾਂ ਦੇ ਮਾਮਲਿਆਂ ਨੂੰ ਉਜਾਗਰ ਕਰਨਾ ਹੈ। ਆਈ ਆਰਜ਼ ਅਤੇ ਲੇਖਾ ਪ੍ਰੀਖਿਆ ਟਿੱਪਣੀਆਂ ਦਾ ਵੱਡੀ ਸੰਖਿਆ ਵਿੱਚ ਬਕਾਇਆ, ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਨਾਕਾਫ਼ੀ ਹੁੰਗਾਰੇ ਨੂੰ ਦਰਸਾਉਂਦਾ ਹੈ। ਇਨ੍ਹਾਂ ਲੇਖਾ ਪ੍ਰੀਖਿਆ ਟਿੱਪਣੀਆਂ ਤੇ ਕਾਰਵਾਈ ਦੀ ਘਾਟ ਜਵਾਬਦੇਹੀ ਨੂੰ ਕਮਜ਼ੋਰ ਕਰਦੀ ਹੈ ਅਤੇ ਰੈਵੀਨਿਊ ਦੇ ਨੁਕਸਾਨ ਦਾ ਜੋਖਮ ਖੜਾ ਕਰਦੀ ਹੈ। ਲੇਖਾ ਪ੍ਰੀਖਿਆ ਪੈਰ੍ਹਿਆਂ ਦਾ ਵਧ ਰਿਹਾ ਬਕਾਇਆ, ਲੇਖਾ ਪ੍ਰੀਖਿਆ ਦੁਆਰਾ ਨਿਰੰਤਰ ਉਠਾਏ ਗਏ ਮਾਮਲਿਆਂ ਨੂੰ ਹੱਲ ਕਰਨ ਵੱਲ ਧਿਆਨ ਦੇਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਵਿਭਾਗੀ ਅਫਸਰ ਆਈ ਆਰਜ਼ ਵਿੱਚ ਸ਼ਾਮਲ ਟਿੱਪਣੀਆਂ ਤੇ ਨਿਰਧਾਰਤ ਸਮਾਂ-ਸੀਮਾ ਵਿੱਚ ਕਾਰਵਾਈ ਕਰਨ ਵਿੱਚ ਅਸਫਲ ਰਹੇ ਜਿਸ ਦੇ ਨਤੀਜੇ ਵਜੋਂ ਜਵਾਬਦੇਹੀ ਨੂੰ ਖੋਰਾ ਲੱਗਿਆ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਸਰਕਾਰ ਨੂੰ ਤੁਰੰਤ ਅਤੇ ਉਚਿਤ ਕਾਰਵਾਈ ਕਰਨੀ ਚਾਹੀਦੀ ਹੈ।

### 1.5.1 ਵਿਭਾਗੀ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ

ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਨਿਪਟਾਰਾ ਕਰਨ ਦੀ ਨਿਗਰਾਨੀ ਕਰਨ ਅਤੇ ਪ੍ਰਗਤੀ ਨੂੰ ਤੇਜ ਕਰਨ ਲਈ ਸਰਕਾਰ ਨੇ ਵਿਭਾਗੀ ਲੇਖਾ ਪ੍ਰੀਖਿਆ ਕਮੇਟੀਆਂ ਦੀ ਸਥਾਪਨਾ ਕੀਤੀ ਹੋਈ ਹੈ।

ਇਥੋਂ ਤੱਕ ਕਿ 2021-22 ਦੌਰਾਨ 18 ਵਿਭਾਗਾਂ[6] ਅਧੀਨ 68 ਲੇਖਾ ਪ੍ਰੀਖਿਆ ਇਕਾਈਆਂ (ਏ ਯੂ) ਨਾਲ ਹੋਈਆਂ 52 ਲੇਖਾ ਪ੍ਰੀਖਿਆ ਬੈਠਕਾਂ ਵਿੱਚ ₹ 550.14 ਕਰੋੜ ਦੇ ਮੁਦਰਾ ਮੁੱਲ ਦੀਆਂ 317 ਲੇਖਾ ਪ੍ਰੀਖਿਆ ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ ਸੀ।

ਸਰਕਾਰ ਨਿਯਮਤ ਅੰਤਰਾਲ ਤੇ ਸਾਰੇ ਵਿਭਾਗਾਂ ਨਾਲ ਲੇਖਾ ਪ੍ਰੀਖਿਆ ਕਮੇਟੀ ਦੀਆਂ ਬੈਠਕਾਂ ਕਰਵਾਏ ਜਾਣ ਨੂੰ ਯਕੀਨੀ ਬਣਾ ਸਕਦੀ ਹੈ।

---

6 (i) ਖੇਤੀਬਾੜੀ (3 ਏ ਯੂਜ਼); (ii) ਸਹਿਕਾਰਤਾ (1 ਏ ਯੂ); (iii) ਰੱਖਿਆ ਸੇਵਾਵਾ ਭਲਾਈ (1 ਏ ਯੂ); (iv) ਚੋਣਾਂ (1 ਏ ਯੂ); (v) ਆਮ ਪ੍ਰਬੰਧਨ (1 ਏ ਯੂ); (vi) ਉੱਚ ਸਿੱਖਿਆ (3 ਏ ਯੂਜ਼); (vii) ਗ੍ਰਹਿ ਮਾਮਲੇ ਅਤੇ ਨਿਆਂ (1 ਏ ਯੂ); (viii) ਸੂਚਨਾ ਅਤੇ ਲੋਕ ਸੰਪਰਕ (1 ਏ ਯੂ); (ix) ਪਾਵਰ (7 ਏ ਯੂ); (x) ਛਪਾਈ ਅਤੇ ਲਿਖਣ ਸਮੱਗਰੀ (1 ਏ ਯੂ); (xi) ਮਾਲ, ਮੁੜ-ਵਸੇਵਾ ਅਤੇ ਆਫਤ ਪ੍ਰਬੰਧਨ (6 ਏ ਯੂਜ਼); (xii) ਪੇਂਡੂ ਵਿਕਾਸ ਅਤੇ ਪੰਚਾਇਤਾਂ (3 ਏ ਯੂਜ਼); (xiii) ਸਕੂਲ ਸਿੱਖਿਆ (2 ਏ ਯੂਜ਼); (xiv) ਸਮਾਜਿਕ ਸੁਰੱਖਿਆ ਅਤੇ ਮਹਿਲਾਵਾਂ ਅਤੇ ਬਾਲ ਵਿਕਾਸ (23 ਏ ਯੂਜ਼); (xv) ਸਮਾਜਿਕ ਨਿਆਂ, ਸਸ਼ਕਤੀਕਰਣ ਅਤੇ ਘੱਟ ਗਿਣਤੀਆਂ (1 ਏ ਯੂ); (xvi) ਭੌਂ ਅਤੇ ਜਲ ਸੰਭਾਲ (1 ਏ ਯੂ); (xvii) ਸੈਰ ਸਪਾਟਾ, ਸੱਭਿਆਚਾਰਕ ਮਾਮਲੇ ਅਤੇ ਅਜਾਇਬ ਘਰ ਤੇ ਪੁਰਾਤੱਤਵ (11 ਏ ਯੂਜ਼); (xviii) ਜਲ ਸ੍ਰੋਤ ਅਤੇ ਸੈਨੀਟੇਸ਼ਨ (1 ਏ ਯੂ)।

## 1.6 ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਵਿਭਾਗਾਂ ਦਾ ਹੁੰਗਾਰਾ

ਪਿਛਲੇ ਕੁਝ ਸਾਲਾਂ ਵਿੱਚ ਚੁਣੇ ਗਏ ਵਿਭਾਗਾਂ ਵਿੱਚ ਲੇਖਾ ਪ੍ਰੀਖਿਆ ਨੇ ਕਈ ਵੱਖ-ਵੱਖ ਪ੍ਰੋਗਰਾਮਾਂ/ਗਤੀਵਿਧੀਆਂ ਨੂੰ ਲਾਗੂ ਕਰਨ ਅਤੇ ਇਸ ਦੇ ਨਾਲ ਅੰਦਰੂਨੀ ਕੰਟਰੋਲਾਂ ਦੀ ਗੁਣਵੱਤਾ ਬਾਰੇ ਕਈ ਮਹੱਤਵਪੂਰਨ ਕਮੀਆਂ, ਜੋ ਕਿ ਪ੍ਰੋਗਰਾਮਾਂ ਦੀ ਸਫਲਤਾ ਅਤੇ ਵਿਭਾਗਾਂ ਦੇ ਕੰਮਕਾਜ ਤੇ ਮਾੜਾ ਪ੍ਰਭਾਵ ਪਾ ਰਹੀਆ ਸਨ, ਦੀ ਰਿਪੋਰਟ ਕੀਤੀ ਹੈ। ਇਸ ਦਾ ਕੇਂਦਰ ਕਾਰਜਕਾਰੀ ਨੂੰ ਸੋਧਮਈ ਕਾਰਵਾਈ ਕਰਨ ਅਤੇ ਨਾਗਰਿਕਾਂ ਨੂੰ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਲਈ ਢੁਕਵੀਆਂ ਸਿਫਾਰਸ਼ਾਂ ਕਰਨ ਲਈ ਵਿਸ਼ੇਸ਼ ਪ੍ਰੋਗਰਾਮਾਂ/ਸਕੀਮਾਂ ਦੀ ਲੇਖਾ ਪ੍ਰੀਖਿਆ ਕਰਨਾ ਸੀ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸਕੱਤਰ/ਸਕੱਤਰਾਂ ਨੂੰ ਲੇਖਾ ਪ੍ਰੀਖਿਆ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਦਿਵਾਉਂਦੇ ਹੋਏ ਅਤੇ ਛੇ ਹਫ਼ਤੇ ਵਿੱਚ ਆਪਣਾ ਉੱਤਰ ਭੇਜਣ ਦੀ ਬੇਨਤੀ ਕਰਦੇ ਹੋਏ, ਭੇਜਿਆ ਜਾਂਦਾ ਹੈ। ਵਿਭਾਗਾਂ/ਸਰਕਾਰ ਵਲੋਂ ਉੱਤਰਾਂ ਦੀ ਪ੍ਰਾਪਤੀ ਨਾ ਹੋਣ ਦੇ ਤੱਥ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਇਨ੍ਹਾਂ ਟਿੱਪਣੀਆਂ ਦੇ ਅਖੀਰ ਤੇ ਜਰੂਰ ਦਰਸਾਇਆ ਜਾਂਦਾ ਹੈ।

## 1.7 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਕਰਨ ਲਈ ਕਾਰਵਾਈ ਨਾਕਾਫੀ ਪਾਈ ਗਈ ਹੈ:

### 1.7.1 ਐਕਸ਼ਨ ਟੇਕਨ ਨੋਟਸ ਨਾ ਭੇਜਣਾ

ਲੋਕ ਲੇਖਾ ਕਮੇਟੀ (ਪੀ ਏ ਸੀ)/ਜਨਤਕ ਅਦਾਰਿਆਂ 'ਤੇ ਕਮੇਟੀ (ਕੋਪੂ) ਲਈ ਨਿਯਮਾਂ ਅਤੇ ਪ੍ਰਕਿਰਿਆਵਾਂ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਪਾਲਣ ਲੇਖਾ ਪ੍ਰੀਖਿਆ ਅਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਈਆਂ ਗਈਆਂ ਸਾਰੀਆਂ ਟਿੱਪਣੀਆਂ ਉੱਤੇ ਪ੍ਰਸ਼ਾਸਨਿਕ ਵਿਭਾਗਾਂ ਵੱਲੋਂ ਆਪਣੇ ਆਪ ਹੀ ਕਾਰਵਾਈ ਆਰੰਭ ਦੇਣੀ ਚਾਹੀਦੀ ਹੈ ਭਾਵੇਂ ਇਨ੍ਹਾਂ 'ਤੇ ਪੀ ਏ ਸੀ/ਕੋਪੂ ਦੁਆਰਾ ਪੜਤਾਲ ਸ਼ੁਰੂ ਕੀਤੀ ਗਈ ਹੈ ਜਾਂ ਨਹੀਂ। ਉਨ੍ਹਾਂ ਵੱਲੋਂ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਪ੍ਰਸਤਾਵਿਤ ਸੋਧਮਈ ਕਾਰਵਾਈ ਨੂੰ ਦਰਸਾਉਂਦੇ ਵਿਸਥਾਰਤ ਨੋਟ ਵੀ, ਲੇਖਾ ਪ੍ਰੀਖਿਆ ਵੱਲੋਂ ਜਾਂਚ ਕਰਵਾਉਣ ਉਪਰੰਤ, ਲੇਖਾ ਪ੍ਰੀਖਿਆ ਰਿਪੋਰਟ ਦੇ ਰਾਜ ਵਿਧਾਨਪਾਲਿਕਾ ਨੂੰ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਭੇਜਣੇ ਹੁੰਦੇ ਹਨ। ਇਨ੍ਹਾਂ ਉਪਬੰਧਾਂ ਦੇ ਬਾਵਜੂਦ ਇਨ੍ਹਾਂ ਰਿਪੋਰਟਾਂ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨਾਲ ਸਬੰਧਤ ਵਿਆਖਿਆਤਮਕ ਨੋਟ ਭੇਜਣ ਵਿੱਚ ਅਸਾਧਰਣ ਦੇਰੀ ਕੀਤੀ ਜਾ ਰਹੀ ਸੀ।

31 ਮਾਰਚ 2023 ਤੱਕ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ 'ਤੇ ਐਕਸ਼ਨ ਟੇਕਨ ਨੋਟਸ ਦੀ ਨਾ ਪ੍ਰਾਪਤੀ ਸਬੰਧੀ ਸਥਿਤੀ **ਸਾਰਣੀ 1.3** ਵਿੱਚ ਦਿੱਤੀ ਗਈ ਹੈ।

### ਸਾਰਣੀ 1.3 : ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਪੈਰ੍ਹਿਆਂ ਦੇ ਸਬੰਧ ਵਿੱਚ ਏ ਟੀ ਐਨਜ਼ ਪ੍ਰਾਪਤ ਨਾ ਹੋਣ ਦੀ ਸਥਿਤੀ

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਸਾਲ | ਵਿਭਾਗ/ਐਸ ਪੀ ਐਸ ਈ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਡਿਊ ਮਿਤੀ | 31 ਮਾਰਚ 2023 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ | 2015-16 | ਵਿੱਤ | 29.03.2017 | 28.06.2017 | 1 |
| | | ਮਾਲ, ਮੁੜ ਵਸੇਵਾ ਅਤੇ ਆਫ਼ਤ ਪ੍ਰਬੰਧਨ | | | 2 |
| | 2016-17 | ਖੇਤੀਬਾੜੀ | 22.03.2018 | 21.06.2018 | 1 |
| | | ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ | | | 1 |
| | | ਮਾਲ, ਮੁੜ ਵਸੇਵਾ ਅਤੇ ਆਫ਼ਤ ਪ੍ਰਬੰਧਨ | | | 2 |
| | | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | | | 1 |
| | | ਐਸ ਸੀਜ਼ ਅਤੇ ਬੀ ਸੀਜ਼ ਦੀ ਭਲਾਈ | | | 1 |
| | 2017-18 | ਖੇਤੀਬਾੜੀ | 27.02.2020 | 26.05.2020 | 1 |
| | | ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ | | | 1 |
| | | ਵਿੱਤ | | | 1 |
| | | ਸਿਹਤ ਅਤੇ ਪਰਿਵਾਰ ਭਲਾਈ | | | 1 |
| | | ਗ੍ਰਹਿ ਮਾਮਲੇ ਅਤੇ ਨਿਆਂ | | | 2 |
| | | ਟਾਊਨ ਅਤੇ ਕੰਟਰੀ ਪਲਾਨਿੰਗ | | | 1 |
| | 2018-19 | ਸ਼ਹਿਰੀ ਹਵਾਬਾਜ਼ੀ | 29.06.2022 | 28.09.2022 | 1 |
| | | ਸਿਹਤ ਅਤੇ ਪਰਿਵਾਰ ਭਲਾਈ | | | 1 |
| | | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | | | 2[&] |
| | | ਪਰਸੋਨਲ | | | 1* |
| | | ਗ੍ਰਹਿ ਮਾਮਲੇ ਅਤੇ ਨਿਆਂ | | | 1* |
| | | ਲੋਕ ਨਿਰਮਾਣ (ਬੀ ਐਂਡ ਆਰ) | | | 1 |
| | | ਮਾਲ, ਮੁੜ ਵਸੇਵਾ ਅਤੇ ਆਫ਼ਤ ਪ੍ਰਬੰਧਨ | | | 1 |
| | | ਸਕੂਲ ਸਿੱਖਿਆ | | | 1[#] |
| | | ਵਿੱਤ | | | 3[#@&] |
| | | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ | | | 1[@] |
| | | ਜਲ ਸਰੋਤ | | | 1 |
| | | ਜਲ ਸਪਲਾਈ ਅਤੇ ਸੈਨੀਟੇਸ਼ਨ | | | 1[&] |
| | | ਭੌਂ ਸੰਭਾਲ | | | 1[%] |
| | | ਖੇਤੀਬਾੜੀ ਅਤੇ ਕਿਸਾਨ ਭਲਾਈ | | | 1[%] |
| | 2019-20 | ਲੋਕ ਨਿਰਮਾਣ (ਬੀ ਐਂਡ ਆਰ) | 29.06.2022 | 28.09.2022 | 3 |
| | | ਸਮਾਜਿਕ ਸੁਰੱਖਿਆ ਅਤੇ ਮਹਿਲਾਵਾਂ ਅਤੇ ਬਾਲ ਵਿਕਾਸ | | | 1 |
| | | ਭੌਂ ਅਤੇ ਜਲ ਸੰਭਾਲ | | | 1[$] |
| | | ਜਲ ਸਰੋਤ | | | 3[$] |
| 'ਸੰਵਿਧਾਨ (ਚੌਹਤਰਵੀਂ) ਸੋਧ ਐਕਟ, 1992 ਦੇ ਲਾਗੂਕਰਣ ਦੀ ਪ੍ਰਭਾਵਿਕਤਾ' ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ | 2021 ਦੀ ਰਿਪੋਰਟ ਨੰ. 7 | ਸਥਾਨਕ ਸਰਕਾਰ | 29.06.2022 | 28.09.2022 | 29 |

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਸਾਲ | ਵਿਭਾਗ/ਐਸ ਪੀ ਐਸ ਈ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਡਿਊ ਮਿਤੀ | 31 ਮਾਰਚ 2023 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| 'ਡਾਇਰੈਕਟ ਬੈਨੀਫਿਟ ਟਰਾਂਸਫਰ ' (ਕੈਸ਼ ਟਰਾਂਸਫਰ) ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ | 2022 ਦੀ ਰਿਪੋਰਟ ਨੰ. 1 | ਸਮਾਜਿਕ ਸੁਰੱਖਿਆ ਅਤੇ ਮਹਿਲਾਵਾਂ ਅਤੇ ਬਾਲ ਵਿਕਾਸ | 29.06.2022 | 28.09.2022 | 28 |
| 'ਪੰਜਾਬ ਵਿੱਚ ਉਚੇਰੀ ਸਿੱਖਿਆ ਦੇ ਨਤੀਜੇ' ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ | 2022 ਦੀ ਰਿਪੋਰਟ ਨੰ. 2 | ਉਚੇਰੀ ਸਿੱਖਿਆ | 29.06.2022 | 28.09.2022 | 31 |
| ਸਮਾਜਿਕ ਜਨਰਲ ਅਤੇ ਆਰਥਿਕ ਵਿਭਾਗ (ਰਾਜ ਜਨਤਕ ਖੇਤਰ ਦੇ ਅਦਾਰੇ) | 2014-15 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | 14.03.2016 | 13.06.2016 | 2^ |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ | | | 2^ |
| | | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ | | | 1 |
| | 2015-16 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | 29.03.2017 | 28.06.2017 | 2 |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ | | | 1 |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਿਟਡ | | | 1 |
| | | ਪੰਜਾਬ ਐਗਰੋ ਉਦਯੋਗ ਕਾਰਪੋਰੇਸ਼ਨ ਲਿਮਿਟਡ | | | 1 |
| | 2016-17 | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | 22.03.2018 | 21.06.2018 | 6< |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ | | | 4< |
| | | ਪੰਜਾਬ ਵਿੱਤੀ ਕਾਰਪੋਰੇਸ਼ਨ | | | 1 |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਿਟਡ | | | 2 |
| | 2017-18 | ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ | 27.02.2020 | 26.05.2020 | 2 |
| | | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | | | 1 |
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਿਟਡ | | | 3 |
| | 2018-19 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ | 05.03.2021 | 04.06.2021 | 9 |
| | | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | | | 1 |
| | | ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ | | | 4 |

| **ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ** | **ਸਾਲ** | **ਵਿਭਾਗ/ਐਸ ਪੀ ਐਸ ਈ** | **ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ** | **ਏ ਟੀ ਐਨਜ਼ ਪ੍ਰਾਪਤ ਹੋਣ ਦੀ ਡਿਊ ਮਿਤੀ** | **31 ਮਾਰਚ 2023 ਨੂੰ ਬਕਾਇਆ ਏ ਟੀ ਐਨਜ਼** |
|---|---|---|---|---|---|
| | | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਿਟਡ | | | 1 |
| 'ਪ੍ਰੀ ਅਤੇ ਪੋਸਟ ਉਜਵਲ ਡਿਸਕੋਮ ਅਸ਼ੋਰੈਂਸ ਯੋਜਨਾ' ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ | 2021 ਦੀ ਰਿਪੋਰਟ ਨੰ. 6 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ | 29.06.2022 | 29.09.2022 | 16 |
| ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ (ਰਾਜ ਜਨਤਕ ਖੇਤਰ ਦੇ ਅਦਾਰੇ) | 2019-20 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ | | | 6 |
| | | ਪੰਜਾਬ ਐਗਰੋ ਫੂਡ ਗ੍ਰੇਨਜ਼ ਕਾਰਪੋਰੇਸ਼ਨ ਲਿਮਿਟਡ | | | 2 |
| | | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ | | | 2 |
| | | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ | | | 1 |

*ਸ੍ਰੋਤ: ਦਫਤਰੀ ਰਿਕਾਰਡ*

[*] ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[#] ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[@] ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[&] ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਤਿੰਨ ਵਿਭਾਗਾਂ ਨਾਲ ਸਬੰਧਤ ਹੈ।

[%] ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[$] ਲੇਖਾ ਪ੍ਰੀਖਿਆ ਰਿਪੋਰਟ 2019-20 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

[^] ਲੇਖਾ ਪ੍ਰੀਖਿਆ ਰਿਪੋਰਟ 2014-15 ਦੀ ਇੱਕ ਟਿੱਪਣੀ ਦੋ ਐਸ ਪੀ ਐਸ ਈਜ਼ ਨਾਲ ਸਬੰਧਤ ਹੈ।

[<] ਲੇਖਾ ਪ੍ਰੀਖਿਆ ਰਿਪੋਰਟ 2016-17 ਦੀ ਇੱਕ ਟਿੱਪਣੀ ਦੋ ਐਸ ਪੀ ਐਸ ਈਜ਼ ਨਾਲ ਸਬੰਧਤ ਹੈ।

# ਅਧਿਆਇ-II

# ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ

# ਅਧਿਆਇ-II

# ਕਿਰਤ ਵਿਭਾਗ

## ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ

**ਲੋੜੀਂਦੇ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ ਲੋੜਵੰਦ ਕਾਮੇਂ ਮੈਂਬਰਾਂ ਨੂੰ ਉਨ੍ਹਾਂ ਦੇ ਲਾਭਾਂ ਦੀ ਅਦਾਇਗੀ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਬੋਰਡ ਨੇ 2019-22 ਦੌਰਾਨ ₹ 1,783.30 ਕਰੋੜ ਦੀ ਉਪਲਬਧਤਾ ਦੇ ਬਾਵਜੂਦ ਭਲਾਈ ਸਕੀਮਾਂ ਤੇ ਸਿਰਫ ₹ 549.23 ਕਰੋੜ ਖਰਚ ਕੀਤੇ। 13 ਭਲਾਈ ਸਕੀਮਾਂ ਅਧੀਨ ₹ 103.74 ਕਰੋੜ ਦੀ ਵਿੱਤੀ ਸਹਾਇਤਾ/ਲਾਭਾਂ ਦੀ ਮੰਗ ਕਰਨ ਵਾਲੀਆਂ 62,948 ਅਰਜ਼ੀਆਂ 180 ਦਿਨਾਂ ਦੀ ਨਿਰਧਾਰਤ ਮਿਆਦ ਤੋਂ ਵੱਧ 767 ਦਿਨਾਂ ਦੀ ਦੇਰੀ ਨਾਲ ਫੈਸਲੇ ਲਈ ਲੰਬਿਤ ਸਨ। ਵਜ਼ੀਫਾ ਸਕੀਮ ਦੇ ਅਧੀਨ ਵੱਧ ਤੋਂ ਵੱਧ ਅਰਜ਼ੀਆਂ (87.63 *ਪ੍ਰਤੀਸ਼ਤ*) ਵਿੱਚ ਵਿੱਤੀ ਸਹਾਇਤਾ ਦੀ ਮੰਗ ਕੀਤੀ। ਸੰਸਥਾ/ਕਾਮਿਆਂ ਨੂੰ ਰਜਿਸਟਰ ਕਰਨ ਲਈ ਪ੍ਰਭਾਵਸ਼ਾਲੀ ਵਿਧੀ ਦੀ ਘਾਟ ਦੇ ਨਾਲ-ਨਾਲ ਸੈੱਸ ਦੇ ਮਾਮਲਿਆਂ ਦਾ ਦੇਰੀ ਨਾਲ ਮੁਲਾਂਕਣ ਨੂੰ ਵੇਖਿਆ ਗਿਆ। ਸਮੇਂ ਸਿਰ ਚੈੱਕ ਜਮ੍ਹਾਂ ਨਾ ਕੀਤੇ ਜਾਣ ਅਤੇ ਅਸਵੀਕਾਰ ਹੋਣ ਕਾਰਨ ਬੋਰਡ ਨੂੰ ₹ 6.16 ਕਰੋੜ ਦਾ ਨੁਕਸਾਨ ਹੋਇਆ ਹੈ। 2,38,340 ਕਾਮੇ ਜੋ ਕਿ ਜੀਵਤ ਕਾਮੇ ਨਹੀਂ ਸਨ, ਨੂੰ ₹ 143.00 ਕਰੋੜ ਦੀ ਅੰਤਰਿਮ ਰਾਹਤ ਭੁਗਤਾਨ ਕੀਤਾ ਗਿਆ ਸੀ ਅਤੇ 60 ਸਾਲ ਦੀ ਉਮਰ ਪੂਰੀ ਕਰ ਚੁਕੇ ਵਾਲੇ 819 ਕਾਮਿਆਂ ਨੂੰ ₹ 0.49 ਕਰੋੜ ਦੀ ਅਦਾਇਗੀ ਕੀਤੀ ਗਈ ਸੀ। ਬੋਰਡ ਵਲੋਂ ਅਯੋਗ ਮੈਂਬਰਾਂ ਦੀ ਸ਼ਨਾਖਤ ਕਰਨ ਲਈ ਲਾਗੂ ਕੀਤੀ ਗਈ ਸੂਚਨਾ ਪ੍ਰਣਾਲੀ ਅਸਫਲ ਰਹੀ।**

## 2.1 ਜਾਣ ਪਛਾਣ


ਭਾਰਤ ਸਰਕਾਰ ਨੇ ਦੇਸ਼ ਵਿੱਚ ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੇ ਰੁਜ਼ਗਾਰ ਅਤੇ ਸੇਵਾ ਦੀਆਂ ਸ਼ਰਤਾਂ ਨੂੰ ਨਿਯਮਤ ਕਰਨ ਲਈ ਅਤੇ ਉਨਾਂ ਦੀ ਸੁਰੱਖਿਆ, ਸਿਹਤ ਅਤੇ ਭਲਾਈ ਉਪਾਵਾਂ ਲਈ 1996 ਵਿੱਚ ਭਵਨ ਅਤੇ ਹੋਰ ਨਿਰਮਾਣ ਕਾਮੇ (ਰੁਜ਼ਗਾਰ ਦੀ ਨਿਯਮਤਤਾ ਅਤੇ ਸੇਵਾ ਦੀਆਂ ਸ਼ਰਤਾਂ), ਐਕਟ 1996 (ਐਕਟ) ਅਤੇ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਸੈੱਸ ਐਕਟ (ਸੈੱਸ ਐਕਟ) ਲਾਗੂ ਕੀਤਾ ਸੀ। ਇਹ ਐਕਟ ਹਰ ਉਸ ਸੰਸਥਾ[1] ਉੱਤੇ ਲਾਗੂ ਹੁੰਦਾ ਹੈ ਜਿਸ ਨੇ ਕਿਸੇ ਭਵਨ ਜਾਂ ਹੋਰ ਨਿਰਮਾਣ ਕੰਮ ਲਈ ਦਸ ਜਾਂ ਜ਼ਿਆਦਾ ਕਾਮਿਆਂ ਨੂੰ ਲਗਾਇਆ ਹੋਇਆ ਹੈ ਜਾਂ ਪਿਛਲੇ ਬਾਰਾਂ ਮਹੀਨਿਆਂ ਦੌਰਾਨ ਕਿਸੇ ਦਿਨ ਲਈ ਲਗਾਇਆ ਹੋਇਆ ਸੀ। ਇਸ ਤੋਂ ਇਲਾਵਾ ਐਕਟ ਨੇ, ਇਸ ਐਕਟ ਅਧੀਨ ਦਿੱਤੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਹਰੇਕ ਰਾਜ ਸਰਕਾਰ ਨੂੰ ਹਰੇਕ ਰਾਜ ਵਿੱਚ ਇੱਕ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਦਾ ਗਠਨ ਕਰਨ ਅਤੇ ਨਿਯਮਾਵਲੀ ਬਣਾਏ ਜਾਣ ਦਾ ਆਦੇਸ਼ ਦਿੱਤਾ।

1 ਸੰਸਥਾ ਦਾ ਅਰਥ ਸਰਕਾਰ, ਕਿਸੇ ਵੀ ਬਾਡੀ ਕਾਰਪੋਰੇਟ ਜਾਂ ਫਰਮ, ਕਿਸੇ ਵਿਅਕਤੀ ਜਾਂ ਐਸੋਸੀਏਸ਼ਨ ਜਾਂ ਵਿਅਕਤੀਆਂ ਦੀ ਹੋਰ ਸੰਸਥਾ ਜਾਂ ਉਸ ਦੇ ਕੰਟਰੋਲ ਅਧੀਨ ਕੋਈ ਵੀ ਸੰਸਥਾ ਜੋ ਕਿਸੇ ਇਮਾਰਤ ਜਾਂ ਹੋਰ ਨਿਰਮਾਣ ਦੇ ਕੰਮ ਵਿੱਚ ਭਵਨ ਨਿਰਮਾਣ ਕਾਮਿਆਂ ਨੂੰ ਨਿਯੁਕਤ ਕਰਦੀ ਹੈ; ਅਤੇ ਇਸ ਵਿੱਚ ਇੱਕ ਠੇਕੇਦਾਰ ਦੀ ਸੰਸਥਾ ਸ਼ਾਮਲ ਹੈ ਪਰ ਇਸ ਵਿੱਚ ਉਹ ਵਿਅਕਤੀ ਸ਼ਾਮਲ ਨਹੀਂ ਹੈ ਜੋ ਅਜਿਹੇ ਕਾਮਿਆਂ ਨੂੰ ਆਪਣੀ ਰਿਹਾਇਸ਼ ਦੇ ਸਬੰਧ ਵਿੱਚ ਕਿਸੇ ਅਜਿਹੀ ਇਮਾਰਤ ਜਾਂ ਨਿਰਮਾਣ ਦੇ ਕੰਮ ਵਿੱਚ ਨਿਯੁਕਤ ਕਰਦਾ ਹੈ, ਜਿਸਦੇ ਨਿਰਮਾਣ ਦੀ ਕੁੱਲ ਲਾਗਤ ₹ 10 ਲੱਖ ਤੋਂ ਵੱਧ ਨਹੀਂ ਹੈ।

ਇਸ ਅਨੁਸਾਰ, ਪੰਜਾਬ ਸਰਕਾਰ (ਜੀ ਓ ਪੀ) ਨੇ ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ (ਰੁਜ਼ਗਾਰ ਦੀ ਨਿਯਮਤਤਾ ਅਤੇ ਸੇਵਾ ਦੀਆਂ ਸ਼ਰਤਾਂ) ਨਿਯਮਾਵਲੀ 2008 (ਪੀ ਬੀ ਓ ਸੀ ਡਬਲਯੂ ਨਿਯਮਾਵਲੀ) ਨੋਟੀਫਾਈ ਕੀਤੀ (ਅਕਤੂਬਰ 2008) ਅਤੇ ਭਲਾਈ ਸਕੀਮਾਂ ਅਤੇ ਉਕਤ ਨਿਯਮਾਂ ਦੇ ਲਾਗੂਕਰਣ ਲਈ ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ (ਬੋਰਡ) ਦਾ ਗਠਨ (ਅਪ੍ਰੈਲ 2009) ਕੀਤਾ। ਪੰਜਾਬ ਸਰਕਾਰ ਨੇ ਰੁਜ਼ਗਾਰ ਪ੍ਰਦਾਤਾ ਵਲੋਂ ਲਾਈ ਗਈ ਉਸਾਰੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਕਿਰਤ ਸੈੱਸ ਲਾਏ ਜਾਣ ਦੇ ਫੈਸਲੇ ਨੂੰ ਵੀ ਲਾਗੂ ਕੀਤਾ (ਨਵੰਬਰ 2008)।

ਰਾਜ ਦਾ ਮੁੱਖ ਮੰਤਰੀ ਬੋਰਡ ਦਾ ਚੇਅਰਮੈਨ ਹੁੰਦਾ ਹੈ। ਬੋਰਡ ਦੀ ਸੰਗਠਨਾਤਮਕ ਵਿਵਸਥਾ ਹੇਠਾਂ ਦਿੱਤੀ ਗਈ ਹੈ:

**ਸੰਗਠਨਾਤਮਕ ਵਿਵਸਥਾ**




***** *ਕਿਰਤ ਵਿਭਾਗ ਦੇ 25 ਸਹਾਇਕ ਕਿਰਤ ਕਮਿਸ਼ਨਰ ਹਨ ਜੋ ਬੋਰਡ ਵਿੱਚ ਸੈੱਸ ਕੁਲੈਕਸ਼ਨ ਅਫਸਰ ਵਜੋਂ ਵੀ ਕੰਮ ਕਰ ਰਹੇ ਹਨ।*

ਬੋਰਡ ਕੋਲ ਰਾਜ ਵਿੱਚ ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੀ ਭਲਾਈ ਲਈ ਸਮਾਜਿਕ ਸੁਰੱਖਿਆ ਸਕੀਮਾਂ ਅਤੇ ਕਲਿਆਣਕਾਰੀ ਉਪਾਵਾਂ ਨੂੰ ਲਾਗੂ ਕਰਨ ਅਤੇ ਨਿਗਰਾਨੀ ਕਰਨ ਲਈ ਆਪਣਾ ਕੋਈ ਬੁਨਿਆਦੀ ਢਾਂਚਾ ਅਤੇ ਸਟਾਫ ਨਹੀਂ ਸੀ। ਇਹ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਅਹਾਤੇ ਤੋਂ ਕੰਮ ਕਰਦਾ ਹੈ ਅਤੇ ਇਸ ਦੇ ਅਧੀਨ ਦਫ਼ਤਰ ਰਾਜ ਸਰਕਾਰ ਦੇ ਪ੍ਰਬੰਧਕੀ ਭਵਨਾਂ ਤੋਂ ਕੰਮ ਕਰ ਰਹੇ ਹਨ। ਮੁੱਖ ਅਹੁਦਿਆਂ ਤੇ ਅਧਿਕਾਰੀ ਅਤੇ ਸਟਾਫ ਕਿਰਤ ਵਿਭਾਗ, ਪੰਜਾਬ ਸਰਕਾਰ ਤੋਂ ਲਏ ਗਏ ਹਨ ਜਿਵੇਂ ਕਿ ਬਾਅਦ ਵਿੱਚ ਪੈਰ੍ਹਾ 2.7.3 ਵਿੱਚ ਚਰਚਾ ਕੀਤੀ ਗਈ ਹੈ।

ਬੋਰਡ ਨੇ 2019-22 ਦੌਰਾਨ 3,45,448[2] ਉਸਾਰੀ ਕਾਮਿਆਂ ਨੂੰ ਰਜਿਸਟਰ ਕੀਤਾ ਸੀ ਅਤੇ 31 ਮਾਰਚ 2022 ਤੱਕ 4,98,014 ਜੀਵਤ ਉਸਾਰੀ ਕਾਮੇਂ ਸਨ।

ਉਕਤ ਐਕਟਾਂ ਅਤੇ ਨਿਯਮਾਂ ਦੇ ਉਪਬੰਧਾਂ ਅਨੁਸਾਰ, ਸੰਸਥਾਵਾਂ ਅਤੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ; ਸੈੱਸ ਦਾ ਨਿਰਧਾਰਣ ਅਤੇ ਇਕੱਤਰ ਕਰਨਾ; ਫੰਡਾਂ ਦਾ ਪ੍ਰਬੰਧਨ ਅਤੇ ਵਰਤੋਂ; ਅਤੇ ਭਲਾਈ ਸਕੀਮਾਂ ਦੇ ਲਾਗੂਕਰਣ ਲਈ ਬੋਰਡ ਦੀਆਂ 2019-22 ਦੇ ਸਮੇਂ ਦੀਆਂ ਗਤੀਵਿਧੀਆਂ ਨੂੰ ਕਵਰ ਕਰਦੀ ਹੋਈ ਇੱਕ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਅਕਤੂਬਰ 2022 ਅਤੇ ਮਾਰਚ 2023 ਵਿਚਕਾਰ ਬੋਰਡ, ਰਾਜ ਦੇ 23 ਜ਼ਿਲ੍ਹਿਆਂ ਵਿੱਚੋਂ ਦੋ[3] ਚੁਣੇ ਗਏ ਜ਼ਿਲ੍ਹਿਆਂ ਵਿੱਚ ਕੀਤੀਆਂ ਭਲਾਈ ਗਤੀਵਿਧੀਆਂ ਅਤੇ ਇਸ ਦੇ ਨਾਲ-ਨਾਲ ਚਲਾਈਆਂ ਗਈਆਂ 23 ਭਲਾਈ ਸਕੀਮਾਂ[4] ਵਿੱਚੋਂ ਦਸ[5] ਨਾਲ ਸਬੰਧਤ ਨਿਰਧਾਰਣ ਦਫਤਰਾਂ ਅਤੇ ਮਨੋਨੀਤ ਅਥਾਰਟੀਆਂ ਦੇ ਰਿਕਾਰਡ ਦੀ ਨਮੂਨਾ ਜਾਂਚ ਕੀਤੀ। ਦੋ ਚੁਣੇ ਗਏ ਜ਼ਿਲ੍ਹਿਆਂ ਵਿੱਚ ਹਰੇਕ ਚੁਣੇ ਹੋਏ ਜ਼ਿਲ੍ਹੇ ਵਿੱਚ ਚਾਰ ਰਜਿਸਟਰ ਹੋਈਆਂ ਅਤੇ ਚਾਰ ਰਜਿਸਟਰ ਨਹੀਂ ਹੋਈਆਂ ਸੰਸਥਾਵਾਂ ਨੂੰ ਲੇਖਾ ਪ੍ਰੀਖਿਆ ਲਈ ਚੁਣਿਆ ਗਿਆ ਸੀ। ਇਸ ਤੋਂ ਇਲਾਵਾ, ਦੋ ਕਾਰਜ ਦੀਆਂ ਇਕਾਈਆਂ ਜਿਨ੍ਹਾਂ ਦਾ ਹਰ ਚੁਣੇ ਗਏ ਜਿਲ੍ਹੇ ਵਿੱਚ ਸਭ ਤੋਂ ਵੱਧ ਖਰਚਾ ਸੀ ਅਤੇ ਹਰ ਇਕਾਈ ਵਿੱਚੋਂ ਪੰਜ ਨਿਰਮਾਣ ਕਾਰਜ ਵੀ ਚੁਣੇ ਗਏ ਸਨ। ਬੋਰਡ ਦੁਆਰਾ ਚਲਾਈਆਂ ਭਲਾਈ ਸਕੀਮਾਂ ਦੀ ਪ੍ਰਭਾਵਿਕਤਾ ਦਾ ਮੁਲਾਂਕਣ ਕਰਨ ਲਈ 200 ਲਾਭਪਾਤਰੀਆਂ ਦਾ ਸਰਵੇਖਣ ਵੀ ਕੀਤਾ ਗਿਆ ਸੀ। ਇਸ ਲੇਖਾ ਪ੍ਰੀਖਿਆ ਅਭਿਆਸ ਲਈ ਇਕ ਐਂਟਰੀ ਕਾਨਫਰੰਸ ਵੀ ਕੀਤੀ ਗਈ ਸੀ (ਫਰਵਰੀ 2023), ਜਿਸ ਵਿੱਚ ਕਿਰਤ ਕਮਿਸ਼ਨਰ ਸ਼ਾਮਲ ਹੋਏ ਸਨ।

ਬੋਰਡ ਦੀਆਂ ਗਤੀਵਿਧੀਆਂ ਦੀ ਇੱਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕੀਤੀ ਗਈ ਸੀ ਅਤੇ ਇਸ ਨੂੰ ਪੰਜਾਬ ਸਰਕਾਰ ਦੀ 31 ਮਾਰਚ 2018 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਆਮ ਅਤੇ ਆਰਥਿਕ ਖੇਤਰ (ਐਨ ਪੀ ਐਸ ਯੂਜ਼) 'ਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਦੇ ਪੈਰ੍ਹਾ 2.2 ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਪੈਰ੍ਹੇ ਦੀ ਰਾਜ ਵਿਧਾਨਪਾਲਿਕਾ ਦੀ ਲੋਕ ਲੇਖਾ ਕਮੇਟੀ (ਪੀ ਏ ਸੀ) ਵਿੱਚ ਚਰਚਾ (ਨਵੰਬਰ 2022) ਕੀਤੀ ਗਈ ਸੀ । ਇਸ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਵਿੱਚ ਪੀ ਏ ਸੀ ਦੀਆਂ ਸਿਫਾਰਸ਼ਾਂ ਦੀ ਬੋਰਡ

---

2 ਮਹਿਲਾ ਕਾਮੇਂ : 1,10,859 ਅਤੇ ਪੁਰਸ਼ ਕਾਮੇਂ 2,34,589 ।

3 (i) ਮੁਹਾਲੀ; ਅਤੇ (ii) ਪਟਿਆਲਾ।

4 ਆਈ ਡੀ ਈ ਏ ਦੁਆਰਾ ਸਟਰੈਟੀਫਾਈਡ ਰੈਂਡਮ ਸੈਪਲਿੰਗ ਵਿਧੀ ਅਪਣਾ ਕੇ ਸਲੈਕਸ਼ਨ ਕੀਤੀ ਗਈ ਸੀ।

5 (i) ਸਟਾਈਪੰਡ ਸਕੀਮ; (ii) ਲਾਈਫ ਅਤੇ ਡਿਸਅਬਿਲਿਟੀ (ਐਕਸ-ਗ੍ਰੇਸ਼ੀਆ); (iii) ਸ਼ਗਨ ਸਕੀਮ; (iv) ਮੰਦਬੁੱਧੀ ਅਤੇ ਅੰਸ਼ਕ ਤੌਰ ਤੇ ਅਪੰਗ; (v) ਬਾਲੜੀ; (vi) ਆਕੂਪੇਸ਼ਨਲ ਰੋਗ; (vii) ਮੈਟਰਨਿਟੀ ਸਕੀਮ; (viii) ਆਯੁਸ਼ਮਾਨ ਭਾਰਤ-ਸਰਬੱਤ ਸਿਹਤ ਬੀਮਾ ਯੋਜਨਾ ਸਕੀਮ; (ix) ਹਾਊਸਿੰਗ; ਅਤੇ (x) ਕੁਦਰਤੀ ਆਫਤ ਲਈ ਵਿੱਤੀ ਸਹਾਇਤਾ।

ਦੁਆਰਾ ਕੀਤੀ ਪਾਲਣਾ ਦਾ ਮੁਲਾਂਕਣ ਵੀ ਕੀਤਾ ਗਿਆ ਹੈ, ਜਿਸਨੂੰ ਸਬੰਧਤ ਪੈਰ੍ਹਿਆਂ ਅਧੀਨ ਇਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ।

### ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਨੇ ਸੰਸਥਾਵਾਂ ਅਤੇ ਲਾਭਪਾਤਰੀਆਂ ਦੀ ਪਛਾਣ ਅਤੇ ਰਜਿਸਟ੍ਰੇਸ਼ਨ, ਕਿਰਤ ਸੈੱਸ ਦਾ ਮੁਲਾਂਕਣ ਅਤੇ ਇਕੱਤਰ ਕਰਨਾ, ਸੈੱਸ ਫੰਡ ਦਾ ਪ੍ਰਬੰਧਨ ਅਤੇ ਵਰਤੋਂ, ਭਲਾਈ ਸਕੀਮਾਂ ਨੂੰ ਲਾਗੂ ਕਰਨ ਅਤੇ ਨਿਗਰਾਨੀ ਪ੍ਰਣਾਲੀ ਵਿੱਚ ਕਮੀਆਂ ਵੇਖੀਆਂ ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

## 2.2 ਸੰਸਥਾਵਾਂ ਦੀ ਰਜਿਸਟ੍ਰੇਸ਼ਨ

### 2.2.1 ਸੰਸਥਾਵਾਂ ਦੀ ਰਜਿਸਟ੍ਰੇਸ਼ਨ

ਐਕਟ ਦਾ ਸੈਕਸ਼ਨ 7 ਐਕਟ ਲਾਗੂ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਸਮੇਂ ਅੰਦਰ ਜਾਂ ਮਿਤੀ ਜਦੋਂ ਤੋਂ ਇਹ ਐਕਟ ਕਿਸੇ ਸੰਸਥਾ ਉੱਤੇ ਲਾਗੂ ਹੋਇਆ ਸੀ, ਤੋਂ 60 ਦਿਨਾਂ ਦੇ ਅੰਦਰ ਸੰਸਥਾਵਾਂ ਦੇ ਰਜਿਸਟਰ ਕਰਵਾਏ ਜਾਣ ਦੀ ਵਿਵਸਥਾ ਕਰਦਾ ਹੈ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ 2019-22 ਦੌਰਾਨ ਰਾਜ ਵਿੱਚ 1,404 ਸੰਸਥਾਵਾਂ ਰਜਿਸਟਰ ਹੋਈਆਂ ਸਨ। ਇਸ ਸਮੇਂ ਦੌਰਾਨ ਇਨ੍ਹਾਂ ਵਿੱਚੋਂ ਦੋ ਚੁਣੇ ਗਏ ਜ਼ਿਲ੍ਹਿਆਂ ਵਿੱਚ 181 ਸੰਸਥਾਵਾਂ ਰਜਿਸਟਰ ਹੋਈਆਂ ਸਨ।

**ਸਾਰਣੀ 2.1: 2019-2022 ਦੌਰਾਨ ਰਜਿਸਟਰ ਹੋਈਆਂ ਸੰਸਥਾਵਾਂ ਦੇ ਵੇਰਵੇ**

| ਲੜੀ ਨੰ. | ਸਾਲ | ਰਾਜ ਵਿੱਚ ਰਜਿਸਟਰ ਹੋਈਆਂ ਕੁੱਲ ਸੰਸਥਾਵਾਂ | ਰਜਿਸਟਰ ਹੋਈਆਂ ਸੰਸਥਾਵਾਂ ਦੀ ਸੰਖਿਆ | | ਜੋੜ |
|---|---|---|---|---|---|
| | | | ਮੁਹਾਲੀ | ਪਟਿਆਲਾ | |
| 1. | 2019-20 | 360 | 47 | 5 | 52 |
| 2. | 2020-21 | 526 | 51 | 17 | 68 |
| 3. | 2021-22 | 518 | 43 | 18 | 61 |
| **ਜੋੜ** | | **1,404** | **141** | **40** | **181** |

*ਸ੍ਰੋਤ: ਵਿਭਾਗੀ ਡਾਟਾ*

ਪੀ ਬੀ ਓ ਸੀ ਡਬਲਯੂ ਨਿਯਮਾਵਲੀ ਦਾ ਨਿਯਮ 222(1) ਸੰਸਥਾਵਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਅਰਜ਼ੀ ਦੇਣ ਦੀ ਵਿਧੀ ਨੂੰ ਸਪੱਸ਼ਟ ਕਰਦਾ ਹੈ। ਜਿਸ ਖੇਤਰ ਵਿੱਚ ਭਵਨ ਜਾਂ ਹੋਰ ਨਿਰਮਾਣ ਕੰਮ ਕੀਤਾ ਜਾਣਾ ਹੈ ਉਸ ਖੇਤਰ ਦੇ ਰਜਿਸਟਰਿੰਗ ਅਫਸਰ ਨੂੰ ਫਾਰਮ XII ਵਿਚ ਅਰਜ਼ੀ ਜਮ੍ਹਾ ਕੀਤੀ ਜਾਵੇਗੀ।

ਸੰਸਥਾਵਾਂ ਦੇ ਰਜਿਸਟਰ ਕੀਤੇ ਜਾਣ ਦੀ ਪ੍ਰਕਿਰਿਆ ਦੀ ਪੜਤਾਲ ਕੀਤੀ ਗਈ ਸੀ ਅਤੇ ਹੇਠ ਲਿਖੀਆਂ ਕਮੀਆਂ ਧਿਆਨ ਵਿੱਚ ਆਈਆਂ ਸਨ :

### 2.2.2 ਸੰਸਥਾਵਾਂ ਦੀ ਪਛਾਣ ਅਤੇ ਰਜਿਸਟਰ ਕਰਨ ਦੀ ਵਿਧੀ

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਵੇਂ ਦੋ ਚੁਣੇ ਗਏ ਜ਼ਿਲ੍ਹਿਆਂ ਵਿੱਚ ਅਪ੍ਰੈਲ 2019 ਤੋਂ ਮਾਰਚ 2022 ਤੱਕ 181 ਸੰਸਥਾਵਾਂ ਰਜਿਸਟਰ ਹੋਈਆਂ ਸਨ, ਬੋਰਡ ਦੁਆਰਾ ਅਜਿਹੀ ਕੋਈ ਵਿਧੀ

ਸਥਾਪਤ ਨਹੀਂ ਕੀਤੀ ਗਈ ਸੀ, ਜਿਸ ਰਾਹੀਂ ਇਹ ਨਿਗਰਾਨੀ ਕਰ ਸਕਦਾ ਹੈ ਕਿ ਸਰਕਾਰ ਅਤੇ ਯੋਜਨਾ ਅਥਾਰਟੀਆਂ ਦੁਆਰਾ ਮਨਜ਼ੂਰ ਕੀਤੇ ਗਏ ਸਾਰੇ ਪ੍ਰੋਜੈਕਟਾਂ ਜਿਨ੍ਹਾਂ ਵਿੱਚ ਰਾਜ ਦੀਆਂ ਸਥਾਨਕ ਸੰਸਥਾਵਾਂ/ਅਧਿਕਾਰਤ ਉਸਾਰੀ ਗਤੀਵਿਧੀਆਂ ਸ਼ਾਮਲ ਹਨ, ਇਸ ਵਿੱਚ ਰਜਿਸਟਰਡ ਸਨ।

ਇਸ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਸੀ ਕਿ ਬੋਰਡ/ਕਿਰਤ ਵਿਭਾਗ (ਵਿਭਾਗ) ਦੁਆਰਾ ਰਜਿਸਟਰ ਨਾ ਹੋਈਆਂ ਸੰਸਥਾਵਾਂ ਦੀ ਪਛਾਣ ਕਰਨ ਲਈ ਨਿਯਮਤ ਨਿਰੀਖਣ ਨਹੀਂ ਕੀਤੇ ਗਏ ਸਨ।

ਇਸ ਦਾ ਜ਼ਿਕਰ 31 ਮਾਰਚ 2018 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਕੀਤਾ ਗਿਆ ਸੀ। ਇਸ ਮਾਮਲੇ ਤੇ ਵਿਚਾਰ ਕਰਦੇ ਹੋਏ ਲੋਕ ਲੇਖਾ ਕਮੇਟੀ (ਪੀ ਏ ਸੀ) ਨੇ ਪੈਰ੍ਹਾ 2.2.6.2(i) ਨੂੰ ਡਰਾਪ ਕਰ ਦਿੱਤਾ ਸੀ (ਨਵੰਬਰ 2022) ਪ੍ਰੰਤੂ ਨਿਰਦੇਸ਼ ਦਿੱਤੇ ਸਨ ਕਿ ਮਾਰਚ 2023 ਤੱਕ ਸਾਰੀਆਂ ਸੰਸਥਾਵਾਂ ਨੂੰ ਪਛਾਣਿਆ/ਰਜਿਸਟਰ ਕਰਵਾਇਆ ਜਾਵੇ ਅਤੇ ਕਮੇਟੀ ਨੂੰ ਦੱਸਿਆ ਜਾਵੇ। ਬੋਰਡ ਨੇ ਰਜਿਸਟਰ ਨਹੀਂ ਹੋਈਆਂ ਸੰਸਥਾਵਾਂ ਦੀ ਪਛਾਣ ਲਈ ਵਿਧੀ (ਅਪ੍ਰੈਲ 2023) ਬਣਾਉਣੀ ਸੀ ਅਤੇ ਪੀ ਏ ਸੀ ਨੂੰ ਸੂਚਨਾ ਅਜੇ ਦੇਣੀ ਸੀ।

ਸਰਕਾਰ ਨੇ ਇਨ੍ਹਾਂ ਤੱਥਾਂ ਨੂੰ ਸਵੀਕਾਰਿਆ ਅਤੇ ਕਿਹਾ (ਅਪ੍ਰੈਲ 2023) ਕਿ ਉਸ ਵੱਲੋਂ ਵਿਭਾਗ ਦੇ ਸਾਰੇ ਸਬੰਧਤ ਅਫਸਰਾਂ ਨੂੰ ਸੰਸਥਾਵਾਂ ਰਜਿਸਟਰ ਕਰਨ ਲਈ ਅਤੇ ਯੋਗ ਕਾਮਿਆਂ ਨੂੰ ਰਜਿਸਟਰ ਕਰਨ ਲਈ ਨਿਯਮਾਂ ਅਨੁਸਾਰ ਨਿਰੀਖਣ ਕਰਨ ਨੂੰ ਯਕੀਨੀ ਬਣਾਏ ਜਾਣ ਲਈ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਸਨ।

### 2.2.3 ਰੁਜ਼ਗਾਰਦਾਤਾ ਦੁਆਰਾ ਨਿਰਧਾਰਤ ਰਿਟਰਨ ਪੇਸ਼ ਨਾ ਕਰਨਾ

ਪੀ ਬੀ ਓ ਸੀ ਡਬਲਯੂ ਨਿਯਮਾਵਲੀ ਦਾ ਨਿਯਮ 236 ਨਿਰਧਾਰਤ ਕਰਦਾ ਹੈ ਕਿ ਰਜਿਸਟਰ ਹੋਈ ਸੰਸਥਾ ਦਾ ਹਰ ਰੁਜ਼ਗਾਰਦਾਤਾ ਰਜਿਸਟਰਿੰਗ ਅਫਸਰ ਨੂੰ ਹਰ ਕਲੰਡਰ ਦੇ ਵਰ੍ਹੇ ਦੀ ਸਮਾਪਤੀ ਤੋਂ ਬਾਅਦ ਆਉਣ ਵਾਲੀ 15 ਫਰਵਰੀ ਤੱਕ ਨਿਰਧਾਰਤ ਫਾਰਮੈਟ ਵਿੱਚ ਸੰਸਥਾ ਨਾਲ ਸਬੰਧਤ ਸਲਾਨਾ ਰਿਟਰਨ ਭੇਜੇਗਾ। ਸੰਸਥਾ ਦਾ ਨਾਂ ਅਤੇ ਪਤਾ, ਰੁਜ਼ਗਾਰਦਾਤਾ ਦਾ ਨਾਂ ਅਤੇ ਪਤਾ, ਭਵਨ ਕਾਰਜ ਦੀ ਪ੍ਰਕ੍ਰਿਤੀ, ਸਾਲ ਦੌਰਾਨ ਨਿਯੁਕਤ ਕੀਤੇ ਕਾਮੇ, ਦੁਰਘਟਨਾ, ਜੇਕਰ ਕੋਈ ਹੋਈ ਹੋਵੇ, ਆਦਿ ਵਰਗੀ ਸੂਚਨਾ ਫਾਰਮੈਟ ਵਿੱਚ ਭੇਜਣੀ ਲੋੜੀਂਦੀ ਬਣਦੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2019-2022 ਦੌਰਾਨ ਦੋ ਚੁਣੇ ਗਏ ਜ਼ਿਲ੍ਹਿਆਂ ਵਿੱਚ ਰਜਿਸਟਰ ਹੋਈਆਂ 181 ਸੰਸਥਾਵਾਂ ਵਿਚੋਂ ਕਿਸੇ ਨੇ ਵੀ ਨਿਰਧਾਰਤ ਰਿਟਰਨ ਪੇਸ਼ ਨਹੀਂ ਕੀਤੀ ਅਤੇ ਨਾ ਹੀ ਰਜਿਸਟ੍ਰਿੰਗ ਅਫਸਰਾਂ ਨੇ ਰਿਟਰਨ ਮੰਗੀ ਸੀ ਜਿਵੇਂ ਕਿ ਨਿਯਮਾਂ ਅਨੁਸਾਰ ਲੋੜੀਂਦਾ ਸੀ। ਇਸ ਲਈ, ਰਜਿਸਟਰ ਨਹੀਂ ਹੋਏ ਯੋਗ ਕਾਮਿਆਂ ਦੀ ਰਜਿਸਟ੍ਰੇਸ਼ਨ ਯਕੀਨੀ ਨਹੀਂ ਬਣਾਈ ਗਈ ਸੀ। ਇਸ ਤੋਂ ਇਲਾਵਾ, ਕਿਸੇ ਸੰਸਥਾ ਵਿੱਚ ਦੁਰਘਟਨਾ, ਜੇਕਰ ਕੋਈ ਹੋਈ ਹੋਵੇ, ਦੇ ਵੇਰਵੇ ਸਬੰਧੀ ਬੋਰਡ ਨੂੰ ਜਾਣਕਾਰੀ ਨਹੀਂ ਸੀ।

ਸਰਕਾਰ ਨੇ ਲੇਖਾ ਪ੍ਰੀਖਿਆ ਦੀ ਦਲੀਲ ਨੂੰ ਸਵੀਕਾਰ ਕੀਤਾ ਅਤੇ ਕਿਹਾ (ਅਪ੍ਰੈਲ 2023) ਕਿ ਨਿਯਮਾਂ ਦੀ ਪਾਲਣਾ ਲਈ ਸਬੰਧਤ ਕਰਮਚਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣਗੇ ਅਤੇ ਸਾਰੀਆਂ ਸੰਸਥਾਵਾਂ ਦੁਆਰਾ ਰਜਿਸਟ੍ਰਿੰਗ ਅਫਸਰਾਂ ਨੂੰ ਨਿਰਧਾਰਤ ਫਾਰਮੈਟ ਵਿੱਚ ਸਲਾਨਾ ਰਿਟਰਨ ਭੇਜਣ ਨੂੰ ਬੋਰਡ ਯਕੀਨੀ ਬਣਾਏਗਾ।

## 2.3 ਭਵਨ ਅਤੇ ਨਿਰਮਾਣ ਕਾਮਿਆਂ ਦੀ ਰਜਿਸਟ੍ਰੇਸ਼ਨ

ਪੀ ਬੀ ਓ ਸੀ ਡਬਲਯੂ ਨਿਯਮਾਵਲੀ ਦਾ ਨਿਯਮ 260 ਵਿਵਸਥਾ ਕਰਦਾ ਹੈ ਕਿ 18 ਤੋਂ 60 ਸਾਲਾਂ ਦੀ ਉਮਰ ਦਾ ਹਰ ਇੱਕ ਭਵਨ ਨਿਰਮਾਣ ਕਾਮਾ, ਜੋ ਕਿ ਕਿਸੇ ਕਾਨੂੰਨ ਅਧੀਨ ਸਥਾਪਤ ਕਿਸੇ ਭਲਾਈ ਫੰਡ ਦਾ ਮੈਂਬਰ ਨਹੀਂ ਸੀ ਅਤੇ ਜਿਸ ਨੇ ਪਿਛਲੇ ਸਾਲ ਦੌਰਾਨ ਰਾਜ ਵਿੱਚ ਉਸਾਰੀ ਕਾਮੇ ਵਜੋਂ 90 ਦਿਨਾਂ ਦਾ ਸਮਾਂ ਪੂਰਾ ਕਰ ਲਿਆ ਸੀ, ਨੂੰ ਲਾਭਪਾਤਰੀ ਵਜੋਂ ਰਜਿਸਟਰ ਕੀਤਾ ਜਾ ਸਕਦਾ ਸੀ। ਅਰਜ਼ੀ ਦੇ ਨਾਲ ਰਜਿਸਟ੍ਰੇਸ਼ਨ ਲਈ ਇਸ ਸਬੰਧੀ ਰੁਜ਼ਗਾਰਦਾਤੇ ਜਾਂ ਠੇਕੇਦਾਰ ਵਲੋਂ ਇੱਕ ਪ੍ਰਮਾਣ-ਪੱਤਰ ਕਿ ਬਿਨੈਕਾਰ ਇੱਕ ਭਵਨ ਨਿਰਮਾਣ ਕਾਮਾ ਸੀ, ਲੋੜੀਂਦਾ ਹੈ ਅਤੇ ਕਾਮੇ ਵੱਲੋਂ ਰਜਿਸਟ੍ਰੇਸ਼ਨ ਲਈ ਰਜਿਸਟ੍ਰੇਸ਼ਨ ਵੇਲੇ ₹ 25 ਦੀ ਫੀਸ ਜਮ੍ਹਾ ਕਰਵਾਈ ਜਾਵੇਗੀ ਅਤੇ ਇਸ ਦੇ ਨਾਲ ਘੱਟੋ ਘੱਟ ਇੱਕ ਸਾਲ ਅਤੇ ਵੱਧ ਤੋਂ ਵੱਧ ਪੰਜ ਸਾਲਾਂ ਲਈ ₹ 10 ਦਾ ਮਹੀਨਾਵਾਰ ਯੋਗਦਾਨ ਜਮ੍ਹਾ ਕਰਵਾਇਆ ਜਾਵੇਗਾ ਅਤੇ ਇਸ ਤੋਂ ਬਾਅਦ ਰਜਿਸਟ੍ਰੇਸ਼ਨ ਦਾ ਨਵੀਨੀਕਰਣ ਕਰਵਾਉਣਾ ਲੋੜੀਂਦਾ ਹੈ। ਲੇਖਾ ਪ੍ਰੀਖਿਆ ਨੇ ਹੇਠ ਲਿਖੀਆਂ ਖਾਮੀਆਂ ਵੇਖੀਆਂ ਸਨ:

### 2.3.1 ਰਜਿਸਟਰ ਹੋਏ ਨਿਰਮਾਣ ਕਾਮਿਆਂ ਦਾ ਡਾਟਾ

ਐਕਟ ਦਾ ਸੈਕਸ਼ਨ 15 ਨਿਰਧਾਰਤ ਕਰਦਾ ਹੈ ਕਿ ਹਰ ਰੁਜ਼ਗਾਰਦਾਤਾ ਭਵਨ ਅਤੇ ਹੋਰ ਨਿਰਮਾਣ ਕੰਮਾਂ ਵਿੱਚ ਲਾਏ ਗਏ ਲਾਭਪਾਤਰੀਆਂ ਦੇ ਰੁਜ਼ਗਾਰ ਦੇ ਵੇਰਵੇ ਦਰਸਾਉਂਦਾ ਇੱਕ ਰਜਿਸਟਰ ਨਿਰਧਾਰਤ ਕੀਤੇ ਗਏ ਅਨੁਸਾਰ ਰੱਖੇਗਾ ਅਤੇ ਬੋਰਡ ਦਾ ਸਕੱਤਰ ਜਾਂ ਬੋਰਡ ਵੱਲੋਂ ਅਧਿਕਾਰਿਤ ਕੋਈ ਹੋਰ ਅਫਸਰ, ਅਗਾਉਂ ਸੂਚਨਾ ਦਿੱਤੇ ਬਗੈਰ ਇਸ ਦਾ ਨਿਰੀਖਣ ਕਰ ਸਕੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਵੇਂ ਸਾਰੇ ਜ਼ਿਲ੍ਹਿਆਂ ਵਿੱਚ 2019-2022 ਦੌਰਾਨ 60,502 ਕਾਮਿਆਂ ਨੂੰ ਦਰਸਾਉਂਦੀਆਂ 1,404 ਸੰਸਥਾਵਾਂ ਲੱਗੀਆਂ ਹੋਈਆਂ ਸਨ ਪ੍ਰੰਤੂ ਇਨ੍ਹਾਂ ਸੰਸਥਾਵਾਂ ਵਿੱਚ ਲੱਗੇ ਨਿਰਮਾਣ ਕਾਮਿਆਂ ਦਾ ਕੋਈ ਡਾਟਾ ਬੋਰਡ ਵੱਲੋਂ ਨਹੀਂ ਰੱਖਿਆ ਗਿਆ ਸੀ ਅਤੇ ਨਾ ਹੀ ਚੁਣੇ ਗਏ ਜ਼ਿਲ੍ਹਿਆਂ ਦੇ ਮਨੋਨੀਤ ਅਫਸਰਾਂ ਦੁਆਰਾ ਅਣ-ਰਜਿਸਟਰਡ ਕਾਮਿਆਂ ਦੀ ਪਛਾਣ ਅਤੇ ਭਰਤੀ ਕਰਨ ਲਈ ਨਿਰੀਖਣ ਕੀਤੇ ਗਏ ਸਨ। ਲੇਖਾ ਪ੍ਰੀਖਿਆ ਵੱਲੋਂ ਮੁਹਾਲੀ ਅਤੇ ਪਟਿਆਲਾ ਦੀਆਂ 13 ਸੰਸਥਾਵਾਂ ਵਿਖੇ ਕੀਤੇ ਖੁਦ ਦੇ ਦੌਰੇ ਦੌਰਾਨ ਧਿਆਨ ਵਿੱਚ ਆਇਆ ਕਿ 420 ਕਾਮਿਆਂ ਵਿੱਚੋਂ ਬੋਰਡ ਕੋਲ ਕੇਵਲ ਤਿੰਨ ਕਾਮਿਆਂ ਦੀ ਰਜਿਸਟ੍ਰੇਸ਼ਨ ਹੋਈ ਸੀ।

ਸਰਕਾਰ ਨੇ ਉੱਤਰ ਦਿੱਤਾ (ਅਪ੍ਰੈਲ 2023) ਕਿ ਐਕਟ ਦੇ ਸੈਕਸ਼ਨ 15 ਦੀ ਪਾਲਣਾ ਵਿੱਚ ਰੁਜ਼ਗਾਰ ਦਾਤਿਆਂ ਵਲੋਂ ਲਾਏ ਗਏ ਕਾਮਿਆਂ ਦੇ ਵੇਰਵੇ ਨੂੰ ਦਰਸਾਉਂਦਾ ਉਚਿਤ ਰਿਕਾਰਡ ਰੱਖੇ ਜਾਣ ਲਈ ਸਬੰਧਤ ਅਫਸਰਾਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣਗੇ।

### 2.3.2 ਰਹਿ ਗਏ ਟੀਚਾਗਤ ਕਾਮਿਆਂ ਦੀ ਘੱਟ ਰਜਿਸਟ੍ਰੇਸ਼ਨ ਹੋਣਾ

ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨੇ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਸਾਰੇ ਯੋਗ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦਾ ਇੱਕ ਛਤਰ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਨੂੰ ਕੋਵਿਡ ਮਹਾਂਮਾਰੀ ਵਰਗੀਆਂ ਆਫਤਾਂ ਦੇ ਹਮਲੇ ਦਾ ਸਾਹਮਣਾ ਕਰਨ ਦੇ ਉਦੇਸ਼ ਨਾਲ ਮਿਸ਼ਨ ਮੋਡ ਪ੍ਰੋਜੈਕਟ ਲਾਗੂ ਕਰਨ ਦੀ ਬੇਨਤੀ ਕੀਤੀ (ਜੁਲਾਈ 2020)।

ਪ੍ਰੋਜੈਕਟ ਦਾ ਪਹਿਲਾ ਕੰਪੋਨੈਂਟ, ਰਾਜ ਵਿੱਚ ਕੁੱਲ ਅਨੁਮਾਨਤ 8,32,799 ਕਾਮਿਆਂ ਦਾ ਟੀਚਾ ਹਾਸਲ ਕਰਨ ਲਈ ਸਤੰਬਰ 2020 ਤੱਕ ਸਾਰੇ ਰਹਿ ਗਏ ਨਿਰਮਾਣ ਕਾਮਿਆਂ ਨੂੰ ਰਜਿਸਟਰ ਕਰਨਾ

ਸੀ। ਮਿਸ਼ਨ ਮੋਡ ਪ੍ਰੋਜੈਕਟ ਅਧੀਨ ਨਿਰਧਾਰਤ ਕੀਤੇ ਸਮੇਤ 12 ਗਤੀਵਿਧੀਆ ਰਾਹੀਂ ਰਹਿ ਗਏ 2,53,587 ਕਾਮਿਆਂ ਨੂੰ ਰਜਿਸਟਰ ਕਰਨ ਲਈ ਬੋਰਡ ਵਲੋਂ ਇੱਕ ਵਿਸ਼ੇਸ਼ ਡਰਾਈਵ/ਮੁਹਿੰਮ ਚਲਾਈ ਜਾਣੀ ਸੀ। ਜਦੋਂਕਿ ਇਹ ਵੇਖਿਆ ਗਿਆ ਸੀ ਕਿ ਕਵਰ ਨਾ ਹੋਏ ਅਨੁਮਾਨਤ ਕਾਮਿਆਂ ਵਿਚੋਂ ਜੁਲਾਈ ਤੋਂ ਸਤੰਬਰ 2020 ਦੌਰਾਨ ਵਿਭਾਗ ਕੇਵਲ 54,614 ਕਾਮੇ ਅਰਥਾਤ ਕੇਵਲ 21.54 *ਪ੍ਰਤੀਸ਼ਤ* ਨੂੰ ਰਜਿਸਟਰ ਕਰ ਸਕਿਆ ਸੀ। ਇਸ ਤਰ੍ਹਾਂ ਸਰਕਾਰ ਦੁਆਰਾ ਮਹਾਂਮਾਰੀ ਦੌਰਾਨ ਸ਼ੁਰੂ ਕੀਤੀ ਜਾਣ ਵਾਲੀ ਵਿਸ਼ੇਸ਼ ਮੁਹਿੰਮ ਦੇ ਬਾਵਜੂਦ, ਵਿਭਾਗ ਘੱਟੋ ਘੱਟ 1,98,973 ਨਿਰਮਾਣ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦਾ ਛਤਰ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ ਸੀ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ "ਪੰਜਾਬ ਕਿਰਤੀ ਸਹਾਇਕ" ਨਾਮਕ ਇੱਕ ਮੁਬਾਇਲ ਐਪਲੀਕੇਸ਼ਨ ਸਾਰੇ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇਹ ਐਪਲੀਕੇਸ਼ਨ ਅਕਤੂਬਰ 2021 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ ਜੁਲਾਈ ਤੋਂ ਸਤੰਬਰ 2020 ਦੌਰਾਨ ਪ੍ਰੋਜੈਕਟ ਅਧੀਨ ਨਿਰਧਾਰਤ 12 ਗਤੀਵਿਧੀਆਂ ਵਿੱਚੋ ਕੋਈ ਵੀ ਗਤੀਵਿਧੀ ਨਹੀਂ ਕਰਵਾਈ ਗਈ ਸੀ।

### 2.3.3 (i) ਕਾਮਿਆਂ ਦੀ ਰਜਿਸਟ੍ਰੇਸ਼ਨ ਵਿੱਚ ਬੇਨਿਯਮੀਆਂ

ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ ਐਕਟ, 1996 ਦੀ ਧਾਰਾ 12(1) ਇਹ ਦਰਸਾਉਂਦੀ ਹੈ ਕਿ ਹਰੇਕ ਭਵਨ ਕਾਮਾਂ ਜਿਸ ਨੇ 18 ਸਾਲ ਦੀ ਉਮਰ ਪੂਰੀ ਕਰ ਲਈ ਹੈ, ਪਰ 60 ਸਾਲ ਦੀ ਉਮਰ ਪੂਰੀ ਨਹੀਂ ਕੀਤੀ ਹੈ, ਅਤੇ ਜੋ ਪਿਛਲੇ 12 ਮਹੀਨਿਆਂ ਦੌਰਾਨ 90 ਦਿਨਾਂ ਤੋਂ ਘੱਟ ਸਮੇਂ ਤੋਂ ਕਿਸੇ ਵੀ ਭਵਨ ਜਾਂ ਹੋਰ ਉਸਾਰੀ ਦੇ ਕੰਮ ਵਿੱਚ ਲੱਗਿਆ ਹੋਇਆ ਹੈ, ਉਹ ਐਕਟ ਦੇ ਤਹਿਤ ਲਾਭਪਾਤਰੀ ਵਜੋਂ ਰਜਿਸਟ੍ਰੇਸ਼ਨ ਲਈ ਯੋਗ ਹੋਵੇਗਾ। ਪੀ ਬੀ ਓ ਸੀ ਡਬਲਯੂ ਨਿਯਮਾਂਵਲੀ ਦਾ ਨਿਯਮ 260(3) ਇਹ ਪ੍ਰਦਾਨ ਕਰਦਾ ਹੈ ਕਿ ਬਿਨੈਕਾਰ ਭਵਨ ਜਾਂ ਉਸਾਰੀ ਕਾਮੇ ਰੁਜ਼ਗਾਰਦਾਤਾ ਜਾਂ ਠੇਕੇਦਾਰ ਤੋਂ ਫਾਰਮ-XXVII ਵਿੱਚ ਇਕ ਸਰਟੀਫਿਕੇਟ ਜਮ੍ਹਾਂ ਕਰਵਾਏਗਾ ਜਿਸ ਵਿੱਚ ਇਹ ਕਿਹਾ ਗਿਆ ਹੋਵੇ ਕਿ ਕਾਮੇਂ ਨੇ ਬਿਨੈ-ਪੱਤਰ ਵਿੱਚ ਨਿਰਧਾਰਤ ਮਿਆਦ ਲਈ ਉਸਾਰੀ ਕਾਮੇਂ ਵਜੋਂ ਕੰਮ ਕੀਤਾ ਹੈ।

ਲੇਖਾ ਪ੍ਰੀਖਿਆ ਨੇ ਅਪ੍ਰੈਲ 2019 ਤੋਂ ਮਾਰਚ 2022 ਦੌਰਾਨ ਮੁਹਾਲੀ ਅਤੇ ਪਟਿਆਲਾ ਵਿੱਚ ਰਜਿਸਟਰ ਹੋਏ ਕ੍ਰਮਵਾਰ 73 ਅਤੇ 77 ਕਾਮਿਆਂ ਦੇ ਰਜਿਸਟ੍ਰੇਸ਼ਨ ਦਸਤਾਵੇਜ਼ਾਂ ਦੀ ਨਮੂਨਾ ਜਾਂਚ ਕੀਤੀ ਅਤੇ ਵੇਖਿਆ ਕਿ ਮੁਹਾਲੀ ਅਤੇ ਪਟਿਆਲਾ ਵਿੱਚ ਕ੍ਰਮਵਾਰ 50 ਅਤੇ 61 ਕਾਮੇ ਜੋ ਕਿ ਵੱਖ ਵੱਖ ਭਲਾਈ ਸਕੀਮਾਂ ਦੇ ਲਾਭਪਾਤਰੀ ਸਨ, ਨੇ ਕੰਮ ਦਾ ਸਮਾਂ, ਰੁਜ਼ਗਾਰਦਾਤਾਵਾਂ ਦੇ ਵੇਰਵੇ ਅਤੇ ਨਿਰਮਾਣ ਸਾਈਟਾਂ, ਜਿੱਥੇ ਲਾਭਪਾਤਰੀ ਲੱਗੇ ਸਨ, ਵਰਗੇ ਲੋੜੀਂਦੇ ਵੇਰਵਿਆਂ ਤੋਂ ਬਗੈਰ ਫਾਰਮ-XXVII ਵਿੱਚ ਪਿੰਡ ਦੇ ਸਰਪੰਚ ਵਲੋਂ ਹਸਤਾਖਰ ਕੀਤੇ ਪ੍ਰਮਾਣ ਪੱਤਰ ਪੇਸ਼ ਕੀਤੇ ਸਨ। ਲੋੜੀਂਦੀ ਸੂਚਨਾ ਦੀ ਘਾਟ ਦੇ ਬਾਵਜੂਦ ਇਹ ਵਿਅਕਤੀ ਨਿਰਮਾਣ ਕਾਮਿਆਂ ਵਜੋਂ ਰਜਿਸਟਰ ਹੋਏ ਸਨ। ਰਜਿਸਟ੍ਰੇਸ਼ਨ ਲਈ ਲੋੜੀਂਦੇ ਵੇਰਵਿਆਂ ਦੀ ਅਣਹੋਂਦ ਵਿੱਚ 111 ਕਾਮਿਆਂ ਦੀ ਪਾਤਰਤਾ ਅਨਿਯਮਿਤ ਸੀ ਜਿਸ ਕਰਕੇ ₹ 90.94 ਲੱਖ[6] ***(ਅੰਤਿਕਾ 2.1)*** ਦੇ ਲਾਭਾਂ ਦੀ ਅਨਿਯਮਤ ਅਦਾਇਗੀ ਹੋਈ ਜਿਸ ਨੇ ਸਕੀਮ ਦੇ ਫੰਡਾਂ 'ਤੇ ਅਣਉਚਿਤ ਬੋਝ ਪਾਇਆ।

6 ਡਾਇਰੈਕਟ ਬੈਨੀਫਿਟ ਟ੍ਰਾਂਸਫਰ ਰਾਹੀ-ਮੁਹਾਲੀ ਵਿੱਚ ₹ 41.25 ਲੱਖ ਅਤੇ ਪਟਿਆਲਾ ਵਿੱਚ ₹ 49.69 ਲੱਖ।

ਸਰਕਾਰ ਨੇ ਤੱਥਾਂ ਨੂੰ ਸਵੀਕਾਰ ਕੀਤਾ ਅਤੇ ਕਿਹਾ (ਅਪ੍ਰੈਲ 2023) ਕਿ ਫਾਰਮ ਨੰ. XXVII, ਜਿਸ ਵਿੱਚ ਸਾਰੇ ਵੇਰਵੇ ਸ਼ਾਮਲ ਹਨ, ਬਣਾ ਲਿਆ ਗਿਆ ਸੀ ਅਤੇ ਇਹ ਮੰਤਰੀ ਮੰਡਲ ਦੀ ਪ੍ਰਵਾਨਗੀ ਅਧੀਨ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਐਕਟ ਅਧੀਨ ਫਾਰਮ XXVII ਪਹਿਲਾਂ ਹੀ ਨਿਰਧਾਰਤ ਕੀਤਾ ਗਿਆ ਸੀ ਅਤੇ ਨਵਾਂ ਫਾਰਮ ਬਣਾਉਣ ਦੀ ਕੋਈ ਲੋੜ ਨਹੀਂ ਸੀ। ਲੇਖਾ ਪ੍ਰੀਖਿਆ ਵੱਲੋਂ ਇਸ ਤੱਥ ਵੱਲ ਧਿਆਨ ਦਿਵਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਰਜਿਸਟ੍ਰੇਸ਼ਨ ਫਾਰਮਾਂ ਵਿੱਚ ਲੋੜੀਂਦੀ ਜਾਣਕਾਰੀ ਦੀ ਉਪਲਬਧਤਾ ਨਾ ਹੋਣ ਦੇ ਬਾਵਜੂਦ ਕਾਮਿਆਂ ਨੂੰ ਰਜਿਸਟਰਡ ਕੀਤਾ ਗਿਆ ਸੀ।

## 2.3.3 (ii) ਕਾਮਿਆਂ ਨੂੰ ਯੂਨੀਵਰਸਲ ਐਕਸੈਸ ਨੰਬਰ ਦੀ ਵੰਡ

ਭਾਰਤ ਸਰਕਾਰ ਦੇ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਦੇ ਸਕੱਤਰ ਨੇ ਮਾਨਯੋਗ ਸੁਪਰੀਮ ਕੋਰਟ ਨੂੰ ਦੱਸਿਆ (ਸਤੰਬਰ 2015) ਕਿ ਹਰੇਕ ਰਜਿਸਟਰਡ ਉਸਾਰੀ ਕਾਮੇਂ ਨੂੰ ਯੂਨੀਵਰਸਲ ਐਕਸੈਸ ਨੰਬਰ (ਯੂ ਏ ਐਨ) ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਜੇਕਰ ਉਹ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਪਰਵਾਸ ਕਰਦਾ ਹੈ, ਰਜਿਸਟ੍ਰੇਸ਼ਨ ਦਾ ਲਾਭ ਖਤਮ ਨਹੀਂ ਹੁੰਦਾ ਹੈ, ਅਤੇ ਉਸਾਰੀ ਕਾਮੇਂ ਨੂੰ ਕਿਸੇ ਹੋਰ ਰਾਜ ਵਿੱਚ ਰਜਿਸਟ੍ਰੇਸ਼ਨ ਕਰਵਾਉਣ ਦੀ ਲੋੜ ਨਹੀਂ ਹੁੰਦੀ ਹੈ।

ਨਿਰਮਾਣ ਕਾਮਿਆਂ ਨੂੰ ਯੂਨੀਵਰਸਲ ਐਕਸੈਸ ਨੰਬਰ (ਯੂ ਏ ਐਨ) ਦੀ ਇਹ ਗੈਰ-ਅਲਾਟਮੈਂਟ 31 ਮਾਰਚ 2018 ਨੂੰ ਸਮਾਪਤ ਹੋਏ ਸਾਲ ਲਈ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.2.6.3 (iii) ਵਿੱਚ ਦਰਸਾਈ ਗਈ ਸੀ। ਪੀ ਏ ਸੀ ਨੇ ਪੈਰ੍ਹਾਗ੍ਰਾਫ ਨੂੰ ਇਸ ਸ਼ਰਤ ਦੇ ਅਧੀਨ ਛੱਡ ਦਿੱਤਾ ਕਿ ਵਿਭਾਗ ਨੂੰ ਰਾਜ ਦੇ ਸਾਰੇ ਉਸਾਰੀ ਕਾਮਿਆਂ ਨੂੰ ਯੂ ਏ ਐਨ ਦੀ ਵੰਡ ਲਈ ਭਾਰਤ ਸਰਕਾਰ ਨਾਲ ਨਿਰੰਤਰ ਤਾਲਮੇਲ ਰੱਖਣਾ ਚਾਹੀਦਾ ਹੈ।

ਹਾਲਾਂਕਿ, ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ ਯੂ ਏ ਐਨ ਰਾਜ ਦੇ ਉਸਾਰੀ ਕਾਮਿਆਂ ਨੂੰ ਅਲਾਟ (ਨਵੰਬਰ 2023) ਨਹੀਂ ਕੀਤਾ ਗਿਆ ਸੀ। ਯੂ ਏ ਐਨ ਦੀ ਅਲਾਟਮੈਂਟ ਨਾ ਹੋਣ ਕਾਰਨ ਕਾਮਿਆਂ ਦੀ ਰਜਿਸਟ੍ਰੇਸ਼ਨ ਵਿੱਚ ਹੇਠ ਲਿਖੀਆਂ ਬੇਨਿਯਮੀਆਂ ਵੇਖਣ ਨੂੰ ਮਿਲੀਆਂ।

### (ੳ) ਅਨਿਯਮਿਤ ਰਜਿਸਟ੍ਰੇਸ਼ਨ

- ਬੋਰਡ ਦੁਆਰਾ ਮੁਹੱਈਆ ਕਰਵਾਏ ਗਏ ਆਨਲਾਈਨ ਡਾਟੇ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਇੱਕ ਹੀ ਆਧਾਰ ਨੰਬਰ ਵਾਲੇ 250 ਜੀਵਤ ਕਾਮਿਆਂ[7] ਨੂੰ 2019-2022 ਦੌਰਾਨ ਵੱਖ ਵੱਖ ਰਜਿਸਟ੍ਰੇਸ਼ਨ ਨੰਬਰ ਦਿੱਤੇ ਗਏ ਸਨ।
- ਇਸੇ ਤਰ੍ਹਾਂ 31 ਮਾਰਚ 2022 ਤੱਕ ਜੀਵਿਤ ਕਾਮਿਆਂ ਨਾਲ ਸਬੰਧਤ ਰਿਕਾਰਡ/ਡਾਟੇ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 371 ਮਾਮਲਿਆਂ ਵਿੱਚ ਦੋ ਜਾਂ ਵੱਧ ਉਸਾਰੀ ਕਾਮਿਆਂ ਨੂੰ ਇੱਕ ਹੀ ਰਜਿਸਟ੍ਰੇਸ਼ਨ ਨੰਬਰ ਅਲਾਟ ਕੀਤਾ ਗਿਆ ਸੀ। ਇਨ੍ਹਾਂ 371 ਮਾਮਲਿਆਂ ਵਿੱਚੋਂ 110 ਮਾਮਲੇ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਸਨ।

ਇਸ ਗੱਲ ਦੀ ਸੰਭਾਵਨਾ ਹੈ ਕਿ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਵਿੱਚ ਇਹ ਖਾਮੀਆਂ ਹੋਣ ਕਰਕੇ ਉਸੇ ਜੀਵਤ ਉਸਾਰੀ ਕਾਮਿਆਂ ਨੂੰ ਗਲਤ/ਦੂਹਰੀ ਅਦਾਇਗੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ।

---

7 2019-20 ਵਿੱਚ 66 ਮਾਮਲੇ; 2020-21 ਵਿੱਚ 54 ਮਾਮਲੇ; 2021-22 ਵਿੱਚ 130 ਮਾਮਲੇ।

ਸਰਕਾਰ ਨੇ ਤੱਥਾਂ ਨੂੰ ਸਵੀਕਾਰ ਕੀਤਾ ਅਤੇ ਕਿਹਾ (ਅਪ੍ਰੈਲ 2023) ਕਿ ਡੁਪਲੀਕੇਟ ਰਜਿਸਟ੍ਰੇਸ਼ਨ ਨੰਬਰਾਂ ਵਾਲੇ ਇਨ੍ਹਾਂ ਲਾਭਪਾਤਰੀਆਂ ਦੀ ਸੂਚੀ ਦੋ ਜਾਂ ਵੱਧ ਉਸਾਰੀ ਕਾਮਿਆਂ ਨੂੰ ਇੱਕੋ ਹੀ ਰਜਿਸਟ੍ਰੇਸ਼ਨ ਨੰਬਰ ਅਲਾਟ ਕਰਨ ਦੇ ਕਾਰਨ ਦੱਸਣ ਲਈ ਸਬੰਧਤ ਖੇਤਰੀ ਦਫ਼ਤਰਾਂ ਅਤੇ ਐਨ ਆਈ ਸੀ ਨੂੰ ਭੇਜ ਦਿੱਤੀ ਗਈ ਸੀ।

## 2.4 ਲੇਬਰ ਸੈੱਸ ਦਾ ਨਿਰਧਾਰਣ ਅਤੇ ਉਗਰਾਹੀ

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬੋਰਡ ਵੱਲੋਂ ਕਿਰਤ ਸੈੱਸ ਦੇ ਮੁਲਾਂਕਣ ਵਿੱਚ ਦੇਰੀ ਕੀਤੀ ਗਈ ਸੀ ਅਤੇ ਸੈੱਸ ਇੱਕਠਾ ਕਰਨ ਵਾਲੀਆਂ ਅਥਾਰਟੀਆਂ ਤੋਂ ਕਿਰਤ ਸੈੱਸ ਜਮ੍ਹਾ ਕਰਵਾਉਣ ਨੂੰ ਯਕੀਨੀ ਬਣਾਉਣ ਵਿੱਚ ਬੋਰਡ ਦੀ ਅਸਫਲਤਾ ਦੇ ਨਾਲ-ਨਾਲ ਅਸਵੀਕਾਰ ਕੀਤੇ ਚੈਕਾਂ ਕਾਰਨ ਵੀ ਮੁਲਾਂਕਣ ਕੀਤਾ ਕਿਰਤ ਸੈੱਸ ਵੀ ਪੂਰਾ ਨਹੀਂ ਹੋ ਸਕਿਆ ਜਿਵੇਂ ਕਿ ਹੇਠ ਲਿਖੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 2.4.1 ਸੈੱਸ ਨਿਰਧਾਰਣ ਵਿੱਚ ਦੇਰੀ

ਸੈੱਸ ਨਿਯਮਾਵਲੀ, 1998 ਦੇ ਨਿਯਮ 6(1) ਅਤੇ 7 ਵਿਵਸਥਾ ਕਰਦੇ ਹਨ ਕਿ ਹਰ ਰੁਜ਼ਗਾਰਦਾਤਾ ਆਪਣਾ ਕੰਮ ਸ਼ੁਰੂ ਕਰਨ ਜਾਂ ਸੈੱਸ ਦੀ ਅਦਾਇਗੀ ਕਰਨ ਦੇ ਤੀਹ ਦਿਨਾਂ ਦੇ ਅੰਦਰ, ਜਿਵੇਂ ਵੀ ਕੇਸ ਹੋਵੇ, ਨਿਰਧਾਰਣ ਅਫਸਰ ਨੂੰ ਫਾਰਮ-I ਵਿੱਚ ਸੂਚਨਾ ਭੇਜੇਗਾ। ਨਿਰਧਾਰਣ ਅਫਸਰ ਇਸ ਸੂਚਨਾ ਦੀ ਪੜਤਾਲ ਕਰੇਗਾ ਅਤੇ ਜੇਕਰ ਪੇਸ਼ ਕੀਤੇ ਗਏ ਵੇਰਵੇ ਦੀ ਦਰੁਸਤਤਾ ਸਬੰਧੀ ਉਸ ਦੀ ਤਸੱਲੀ ਹੋਈ ਤਾਂ, ਉਹ ਅਜਿਹੀ ਸੂਚਨਾ ਮਿਲਣ ਦੀ ਮਿਤੀ ਤੋਂ ਛੇ ਮਹੀਨਿਆਂ ਤੱਕ ਦੇ ਸਮੇਂ ਦੇ ਅੰਦਰ ਮੁਲਾਂਕਣ ਕਰਨ ਦਾ ਆਦੇਸ਼ ਜਾਰੀ ਕਰੇਗਾ ਜਿਸ ਵਿੱਚ ਰੁਜ਼ਗਾਰਦਾਤਾ ਵੱਲੋਂ ਅਦਾਇਗੀਯੋਗ ਸੈੱਸ ਦੀ ਰਾਸ਼ੀ ਨੂੰ ਦਰਸਾਇਆ ਜਾਵੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 1,404 ਮਾਮਲਿਆਂ ਵਿੱਚੋਂ, ਬੋਰਡ ਨੇ 2019-22 ਦੇ ਸਮੇਂ ਦੌਰਾਨ ਕੇਵਲ 34 ਮਾਮਲਿਆਂ ਦਾ ਮੁਲਾਂਕਣ ਕੀਤਾ ਸੀ। ਇਨ੍ਹਾਂ 34 ਮਾਮਲਿਆਂ ਵਿੱਚੋਂ, 14 ਮਾਮਲੇ ਦੋ[8] ਚੁਣੇ ਹੋਏ ਜ਼ਿਲ੍ਹਿਆਂ ਨਾਲ ਸਬੰਧਤ ਸਨ। ਇਨ੍ਹਾਂ ਵਿੱਚ 2019 ਦੇ ਸਮੇਂ ਤੋਂ ਪਹਿਲਾਂ ਦੇ ਨੌਂ ਮਾਮਲੇ ਅਤੇ 2019-22 ਦੇ ਸਮੇਂ ਨਾਲ ਸਬੰਧਤ ਪੰਜ ਮਾਮਲੇ ਸ਼ਾਮਲ ਸਨ। ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਇਹ ਵੀ ਆਇਆ ਕਿ 2019-2022 ਦੌਰਾਨ ਰੁਜ਼ਗਾਰਦਾਤਾਵਾਂ ਦੁਆਰਾ ਫਾਰਮ-I ਵਿੱਚ ਕੋਈ ਰਿਟਰਨ ਪੇਸ਼ ਨਹੀਂ ਕੀਤੀ ਗਈ ਸੀ। ਸੈੱਸ ਦੇ ਨਿਰਧਾਰਣ ਵਿੱਚ ਦੇਰੀ ਕਾਰਣ, ਇਨ੍ਹਾਂ 14 ਮਾਮਲਿਆਂ ਵਿੱਚ ₹ 2.04 ਕਰੋੜ ਦੀ ਰਾਸ਼ੀ ਦਾ ਵਧੀਕ ਸੈੱਸ 149 ਤੋਂ 3,675 ਦਿਨਾਂ ਦੀ ਰੇਂਜ ਵਿੱਚ ਦੇਰੀ ਤੋ ਬਾਅਦ ਇਕੱਠਾ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਬੋਰਡ ਨੇ ਵਿਆਜ[9] ਵਜੋਂ ₹ 0.31 ਕਰੋੜ ***(ਅੰਤਿਕਾ 2.2)*** ਦੀ ਕਮਾਈ ਕਰਨ ਦਾ ਮੌਕਾ ਗੁਆ ਦਿੱਤਾ।

ਇਸ ਤੋਂ ਇਲਾਵਾ, ਰਾਜ ਵਿੱਚ ਸਾਰੀਆਂ ਯੋਗ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ ਲਈ ਬੋਰਡ ਕੋਲ ਕਿਸੇ ਵੀ ਤੰਤਰ ਦੀ ਅਣਹੋਂਦ ਵਿੱਚ, ਬੋਰਡ ਰਜਿਸਟਰਡ ਨਾ ਹੋਣ ਵਾਲੀਆਂ ਸੰਸਥਾਵਾਂ ਤੋਂ ਬਕਾਇਆ ਕਿਰਤ ਸੈੱਸ ਦੀ ਰਾਸ਼ੀ ਦਾ ਮੁਲਾਂਕਣ ਨਹੀਂ ਕਰ ਸਕਿਆ।

8 (i) ਮੁਹਾਲੀ- 13 ਮਾਮਲੇ; ਅਤੇ (ii) ਪਟਿਆਲਾ- ਇੱਕ ਮਾਮਲਾ।

9 5.4 *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ ਗਣਨਾ ਕੀਤੀ ਜੋ ਕਿ ਬੋਰਡ ਦੁਆਰਾ ਆਪਣੇ ਫਿਕਸਡ ਡਿਪਾਜ਼ਿਟ 'ਤੇ ਕਮਾਏ ਵਿਆਜ ਦੀ ਔਸਤਨ ਦਰ ਹੈ।

ਸਰਕਾਰ ਨੇ ਤੱਥਾਂ ਨੂੰ ਸਵੀਕਾਰਿਆ ਅਤੇ ਉਚਿਤ ਵਿਧੀ ਬਣਾਉਣ ਦਾ ਭਰੋਸਾ ਦਿੱਤਾ (ਅਪ੍ਰੈਲ 2023) ਤਾਂ ਜੋ ਸੈੱਸ ਨਿਰਧਾਰਣ ਵਿੱਚ ਕੋਈ ਦੇਰੀ ਨਾ ਹੋਵੇ।

### 2.4.2 ਅਸਵੀਕਾਰ ਚੈੱਕਾਂ ਕਾਰਨ ਕਿਰਤ ਸੈੱਸ ਦੀ ਪ੍ਰਾਪਤੀ ਨਾ ਹੋਣਾ

ਸੈੱਸ ਕੁਲੈਕਟਰਾਂ[10] ਦੁਆਰਾ ਰੁਜ਼ਗਾਰਦਾਤਾਵਾਂ, ਠੇਕੇਦਾਰਾਂ, ਰਾਜ ਸਰਕਾਰ, ਜਨਤਕ ਖੇਤਰ ਦੇ ਅਦਾਰਿਆਂ, ਨਗਰ ਪਾਲਿਕਾਵਾਂ ਆਦਿ ਤੋਂ ਅਕਾਊਂਟ ਪੇਈ ਚੈੱਕਾਂ ਰਾਹੀ ਸੈੱਸ ਇਕੱਠਾ ਕੀਤਾ ਜਾਂਦਾ ਹੈ। ਇਹ ਚੈੱਕ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਉਣ ਲਈ ਜ਼ਿਲ੍ਹਾ ਦਫਤਰਾਂ ਵਿੱਚ ਤੈਨਾਤ ਬੋਰਡ ਦੇ ਸਟਾਫ ਨੂੰ ਸੌਂਪੇ ਜਾਂਦੇ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2019-22 ਦੌਰਾਨ ਕਿਰਤ ਸੈੱਸ ਦੇ ਖਾਤੇ 'ਤੇ ਬੋਰਡ ਦੁਆਰਾ ਪ੍ਰਾਪਤ ਕੀਤੇ ਗਏ ਚੈੱਕਾਂ ਵਿੱਚੋਂ ₹ 6.43 ਕਰੋੜ ਦੇ 478 ਚੈੱਕ ਅਸਵੀਕਾਰ ਹੋਏ ਸਨ। ਇਨ੍ਹਾਂ ਵਿੱਚੋਂ ਮਾਰਚ 2022 ਤੱਕ ₹ 6.16 ਕਰੋੜ ਦੇ 386 ਚੈੱਕਾਂ ਦੀ ਰਾਸ਼ੀ ਪ੍ਰਾਪਤ ਨਹੀਂ ਹੋਈ ਅਤੇ ਦਸਤਖਤ ਮੇਲ ਨਾ ਖਾਣ, ਸਮਾਂ ਸੀਮਾਂ ਲੰਘ ਜਾਣ, ਸਿਰਲੇਖ ਵਿੱਚ ਅੰਤਰ, ਆਦਿ ਦੇ ਕਾਰਨ ਇਹ ਅਸਵੀਕਾਰ ਹੋ ਗਏ ਸਨ, ਜਦੋਂ ਕਿ ₹ 0.27 ਕਰੋੜ ਦੇ 92 ਅਸਵੀਕਾਰ ਹੋਏ ਚੈੱਕਾਂ ਦੀ ਰਾਸ਼ੀ 34 ਦਿਨਾਂ ਤੋਂ 614 ਦਿਨਾਂ ਦੇ ਵਿਚਕਾਰ ਦੀ ਦੇਰੀ ਨਾਲ (ਨਵਿਆਉਣ ਤੋਂ ਬਾਅਦ) ਪ੍ਰਾਪਤ ਕੀਤੀ ਗਈ ਸੀ।

ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਬੈਂਕ ਖਾਤੇ ਵਿੱਚ ਜਮ੍ਹਾ ਕਰਵਾਉਣ ਲਈ ਬੋਰਡ ਦੀ ਢਿੱਲ-ਮੱਠ/ਦੇਰੀ ਨਾਲ ਕੀਤੀ ਗਈ ਕਾਰਵਾਈ ਕਰਕੇ ਪ੍ਰਾਪਤ ਹੋਏ ਚੈੱਕਾਂ ਦੇ ਦੇਰੀ ਨਾਲ ਜਮ੍ਹਾ ਹੋਣ ਦੇ ਕਾਰਨ ₹ 6.16 ਕਰੋੜ ਦੇ ਸੈੱਸ/ਰੈਵੀਨਿਊ ਤੋਂ ਇਲਾਵਾ ₹ 0.11 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ। ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ 2019-22 ਦੌਰਾਨ ਚੈੱਕਾਂ ਅਤੇ ਡਰਾਫਟਾਂ ਦੇ ਰੂਪ ਵਿੱਚ ਪ੍ਰਾਪਤ ਹੋਈ ₹ 41.45 ਕਰੋੜ ਦੀ ਰਾਸ਼ੀ ਦਾ ਸੈੱਸ ਬੋਰਡ ਦੇ ਬੈਂਕ ਖਾਤੇ ਵਿੱਚ ਇੱਕ ਤੋਂ 58 ਦਿਨਾਂ ਦੀ ਦੇਰੀ[11] ਨਾਲ ਜਮ੍ਹਾ ਕੀਤਾ ਗਿਆ ਸੀ ਜਿਸ ਦੇ ਸਿੱਟੇ ਵਜੋਂ ₹ 0.07 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ ਸੀ। ਇਸ ਤਰ੍ਹਾਂ, ਵਿਭਾਗ ਦੀ ਗਲਤੀ ਦੇ ਸਿੱਟੇ ਵਜੋਂ ਚੈਕ/ਡਰਾਫਟ ਜਮ੍ਹਾਂ ਕਰਨ ਵਿੱਚ ਦੇਰੀ ਕਾਰਨ ₹ 6.16 ਕਰੋੜ ਦੇ ਰੈਵੀਨਿਊ ਦੇ ਨੁਕਸਾਨ ਦੇ ਇਲਾਵਾ ₹ 0.18 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

ਪੀ ਏ ਸੀ ਨੇ 31 ਮਾਰਚ 2018 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਸੀ ਏ ਜੀ ਦੀ ਰਿਪੋਰਟ ਦੇ ਪੈਰ੍ਹਾ 2.2.11 (ii) ਤੇ ਚਰਚਾ ਕਰਦੇ ਹੋਏ (ਨਵੰਬਰ 2022) ਇਸ ਮਾਮਲੇ ਵਿੱਚ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਅਤੇ ਕਮੇਟੀ ਨੂੰ ਇੱਕ ਮਹੀਨੇ ਦੇ ਅੰਦਰ ਜਾਣੂ ਕਰਵਾਉਣ ਦੇ ਨਿਰਦੇਸ਼ ਦਿੱਤੇ ਸਨ। ਜਦੋਂਕਿ ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ (ਅਪ੍ਰੈਲ 2023)।

ਤੱਥਾਂ ਨੂੰ ਸਵੀਕਾਰ ਕਰਦੇ ਹੋਏ, ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਕਿਸੇ ਵੀ ਵਿੱਤੀ ਨੁਕਸਾਨ ਤੋਂ ਬਚਣ ਲਈ ਸਬੰਧਤ ਅਧਿਕਾਰੀਆਂ ਨੂੰ ਡਰਾਫਟਾਂ ਨੂੰ ਮੁੜ ਪ੍ਰਮਾਣਿਤ ਕਰਨ ਅਤੇ ਬਿਨਾਂ ਹੋਰ ਦੇਰੀ ਦੇ ਬੋਰਡ ਦੇ ਖਾਤੇ ਵਿੱਚ ਜਮ੍ਹਾ ਕਰਵਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਸਨ।

---

10 ਕਿਰਤ ਅਧਿਕਾਰੀ ਅਤੇ ਨਿਰੀਖਣ ਅਧਿਕਾਰੀ।

11 ਪੰਜਾਬ ਵਿੱਤੀ ਨਿਯਮਾਵਲੀ ਦੇ ਨਿਯਮ 2.4 ਦੀ ਉਲੰਘਣਾ ਵਿੱਚ।

### 2.4.3 ਸੈੱਸ ਇਕੱਠਾ ਕਰਨ ਵਾਲੀਆਂ ਅਥਾਰਟੀਆਂ ਦੁਆਰਾ ਕਿਰਤ ਸੈੱਸ ਜਮ੍ਹਾਂ ਨਾ ਕਰਵਾਉਣਾ

ਪੰਜਾਬ ਸਰਕਾਰ, ਕਿਰਤ ਵਿਭਾਗ ਨੇ ਉਸਾਰੀ ਦੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਕਿਰਤ ਸੈੱਸ ਲਗਾਉਣ ਲਈ ਹਦਾਇਤਾਂ ਜਾਰੀ ਕੀਤੀਆਂ (ਨਵੰਬਰ 2008)। ਸੈੱਸ ਇਕੱਠਾ ਕਰਨ ਵਾਲੀਆਂ ਅਥਾਰਟੀਆਂ ਇੱਕ ਮਹੀਨੇ ਦੌਰਾਨ ਇਕੱਠੇ ਕੀਤੇ ਸੈੱਸ ਨੂੰ ਅਗਲੇ ਮਹੀਨੇ ਦੀ 10 ਤਰੀਕ ਜਾਂ ਇਸ ਤੋਂ ਪਹਿਲਾਂ ਬੋਰਡ ਕੋਲ ਜਮ੍ਹਾਂ ਕਰਵਾਉਣਗੇ।

ਦੋ ਚੁਣੇ ਹੋਏ ਜ਼ਿਲ੍ਹਿਆਂ ਦੇ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਪੰਜ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ***(ਅੰਤਿਕਾ 2.3)*** ਨੇ 2019-2022 ਦੌਰਾਨ ₹ 15.28 ਕਰੋੜ ਦਾ ਕਿਰਤ ਸੈੱਸ ਕੱਟਿਆ/ਇਕੱਠਾ ਕੀਤਾ ਪਰ ਇਸ ਨੂੰ ਬੋਰਡ ਕੋਲ ਜਮ੍ਹਾਂ ਨਹੀਂ ਕਰਵਾਇਆ। ਕਿਰਤ ਸੈੱਸ ਦਾ ਜਮ੍ਹਾਂ ਨਾ ਕਰਨਾ ਅਸਥਾਈ ਤੌਰ ਤੇ ਦੁਰਵਰਤੋਂ ਦੇ ਬਰਾਬਰ ਹੈ ਅਤੇ ਬੋਰਡ ਨੂੰ ਇਸ ਦੇ ₹ 15.28 ਕਰੋੜ ਦੇ ਆਪਣੇ ਕਾਨੂੰਨੀ ਬਕਾਇਆ ਮਿਲਣ ਤੋਂ ਵਾਂਝਾ ਕਰ ਦਿੱਤਾ।

ਪੀ ਏ ਸੀ ਨੇ 31 ਮਾਰਚ 2018 ਨੂੰ ਸਮਾਪਤ ਹੋਏ ਸਾਲ ਲਈ ਸੀ ਏ ਜੀ ਦੀ ਰਿਪੋਰਟ ਦੇ ਪੈਰ੍ਹਾ 2.2.7.4 ਤੇ ਚਰਚਾ ਕਰਦੇ ਹੋਏ ਉਨ੍ਹਾ ਨੂੰ ਵੱਖ-ਵੱਖ ਵਿਕਾਸ ਅਥਾਰਟੀਆਂ ਤੋਂ ਵਸੂਲਣ ਯੋਗ ਰਾਸ਼ੀ ਦੇ ਵੇਰਵਿਆਂ ਤੋਂ ਜਾਣੂ ਕਰਵਾਉਣ ਅਤੇ ਰਾਸ਼ੀ ਦੀ ਵਸੂਲੀ ਲਈ ਨਿਯਮਾਂ ਅਨੁਸਾਰ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਸਨ। ਜਦੋਂਕਿ, ਵਸੂਲੀ ਅਜੇ ਕੀਤੀ ਜਾਣੀ ਬਾਕੀ ਸੀ (ਅਪ੍ਰੈਲ 2023)।

ਸਰਕਾਰ ਨੇ ਤੱਥਾਂ ਨੂੰ ਸਵੀਕਾਰ ਕਰਦੇ ਹੋਏ ਕਿਹਾ (ਅਪ੍ਰੈਲ 2023) ਕਿ ਕਿਰਤ ਸੈੱਸ ਦੀ ਬਕਾਇਆ ਰਾਸ਼ੀ ਬੋਰਡ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਲਈ ਮਾਮਲਾ ਸਬੰਧਤ ਅਥਾਰਟੀਆਂ ਕੋਲ ਉਠਾਇਆ ਗਿਆ ਸੀ। ਸਰਕਾਰ ਨੇ ਪੀ ਏ ਸੀ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਦਿਆਂ ਗਲਤੀ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨੀ ਅਜੇ ਬਾਕੀ ਹੈ (ਅਪ੍ਰੈਲ 2023)।

## 2.5 ਫੰਡ ਦਾ ਪ੍ਰਬੰਧਨ ਅਤੇ ਵਰਤੋਂ

ਬੋਰਡ ਦੀ ਆਮਦਨ ਦਾ ਮੁੱਖ ਸਰੋਤ ਸੈੱਸ ਐਕਟ ਅਧੀਨ ਸੈੱਸ ਲਗਾਉਣਾ ਅਤੇ ਇਕੱਠਾ ਕਰਨਾ ਅਤੇ ਰਜਿਸਟਰਡ ਉਸਾਰੀ ਕਾਮਿਆਂ ਤੋਂ ਪ੍ਰਾਪਤ ਕੀਤੀ ਰਜਿਸਟ੍ਰੇਸ਼ਨ ਅਤੇ ਯੋਗਦਾਨ ਫੀਸ ਹੈ। ਨਿਯਮਾਂ ਦੇ ਅਧੀਨ ਇਕੱਠੇ ਕੀਤੇ ਗਏ ਸੈੱਸ ਦੀ ਆਮਦਨ ਦਾ ਭੁਗਤਾਨ ਸੈੱਸ ਇਕੱਠਾ ਕਰਨ ਵਾਲੀ ਸਥਾਨਕ ਅਥਾਰਟੀ ਜਾਂ ਰਾਜ ਸਰਕਾਰ ਦੁਆਰਾ ਬੋਰਡ ਨੂੰ ਕੀਤਾ ਜਾਵੇਗਾ।

**ਸਾਰਣੀ 2.2: 2019-22 ਦੇ ਸਮੇਂ ਲਈ ਬੋਰਡ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਦੇ ਵੇਰਵੇ**

***(₹ ਕਰੋੜ ਵਿੱਚ)***

| ਸਾਲ | ਪ੍ਰਾਪਤੀਆਂ | | | | | ਖਰਚਾ | | | | |
|---|---|---|---|---|---|---|---|---|---|---|
| | ਮੁਢਲਾ ਬਕਾਇਆ | ਇਕੱਠਾ ਕੀਤਾ ਗਿਆ ਸੈੱਸ | ਲਾਭਪਾਤਰੀਆਂ ਦਾ ਯੋਗਦਾਨ | ਕਮਾਇਆ ਵਿਆਜ | ਕੁੱਲ ਉਪਲਬਧ ਫੰਡ | ਭਲਾਈ ਸਕੀਮਾਂ ਤੇ ਖਰਚਾ | ਪ੍ਰਸ਼ਾਸਨਿਕ ਖਰਚਾ | ਕੁੱਲ ਖਰਚਾ | ਉਪਲਬਧ ਫੰਡਾਂ ਦੇ ਵਿਰੁੱਧ ਖਰਚੇ ਦਾ *ਪ੍ਰਤੀਸ਼ਤ* | ਅੰਤਿਮ ਬਕਾਇਆ |
| 2019-20 | 1,017.46 | 179.79 | 3.05 | 79.33 | 1,279.63 | 131.78 | 3.59 | 135.37 | 10.58 | 1,144.26 |
| 2020-21 | 1,144.26 | 151.68 | 8.61 | 69.21 | 1,373.76 | 144.33 | 3.67 | 148.00 | 10.77 | 1,225.76 |
| 2021-22 (ਆਰਜੀ) | 1,225.76 | 194.28 | 16.78 | 63.11 | 1,499.93 | 261.70 | 4.16 | 265.86 | 17.12 | 1,234.07 |
| **ਜੋੜ** | | **525.75** | **28.44** | **211.65** | | | | **549.23** | | |

*ਸ੍ਰੋਤ: ਵਿਭਾਗੀ ਰਿਕਾਰਡ*

ਸਾਰਣੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ:

- ਬੋਰਡ ਕੋਲ ₹ 1,783.30 ਕਰੋੜ ਦੇ ਉਪਲਬਧ ਫੰਡਾਂ ਵਿੱਚੋਂ 2019-22 ਦੌਰਾਨ ਉਸਾਰੀ ਕਾਮਿਆਂ ਲਈ ਭਲਾਈ ਸਕੀਮਾਂ ਤੇ ₹ 549.23 ਕਰੋੜ (₹ 11.42 ਕਰੋੜ ਦੇ ਪ੍ਰਬੰਧਕੀ ਖਰਚਿਆਂ ਸਮੇਤ) ਦਾ ਖਰਚਾ ਕੀਤਾ ਗਿਆ ਸੀ ਜੋ ਕਿ 10.58 ਅਤੇ 17.12 *ਪ੍ਰਤੀਸ਼ਤ* ਦੇ ਵਿਚਕਾਰ ਸੀ ਕਿਉਂਕਿ ਬੋਰਡ ਨੇ ਭਲਾਈ ਸਕੀਮਾਂ ਨੂੰ ਕੁਸ਼ਲਤਾ ਨਾਲ ਤਿਆਰ/ਲਾਗੂ ਨਹੀਂ ਕੀਤਾ ਜਿਵੇਂ ਕਿ ਪੈਰ੍ਹਾ 2.6 ਵਿੱਚ ਚਰਚਾ ਕੀਤੀ ਗਈ ਹੈ।

- ਉਪਲਬਧ ਫੰਡਾਂ ਦੀ ਘੱਟ ਵਰਤੋਂ ਦੇ ਕਾਰਨ, ਬੋਰਡ ਦੇ ਕਾਰਪਸ ਵਿੱਚ 2019-22 ਦੌਰਾਨ 21.28[12] *ਪ੍ਰਤੀਸ਼ਤ* ਦਾ ਵਾਧਾ ਹੋਇਆ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ 13 ਭਲਾਈ ਸਕੀਮਾਂ ਦੇ ਅਧੀਨ ਵਿੱਤੀ ਸਹਾਇਤਾ/ਲਾਭਾਂ ਦੀ ਮੰਗ ਕਰਨ ਵਾਲੀਆਂ 62,948 ਅਰਜ਼ੀਆਂ 180 ਦਿਨਾਂ ਦੀ ਨਿਰਧਾਰਤ ਮਿਆਦ ਤੋਂ 767 ਦਿਨਾਂ ਤੱਕ ਦੇਰੀ ਨਾਲ ਵਿਚਾਰ ਅਧੀਨ ਸਨ (ਜਿਵੇਂ ਕਿ ਪੈਰ੍ਹਾ 2.6.5 ਵਿੱਚ ਚਰਚਾ ਕੀਤੀ ਗਈ ਹੈ)। ਇਹਨਾਂ ਅਰਜ਼ੀਆਂ ਵਿੱਚ ₹ 103.74 ਕਰੋੜ ਦੀ ਵਿੱਤੀ ਸਹਾਇਤਾ ਸ਼ਾਮਲ ਸੀ। ਇਸ ਤਰ੍ਹਾਂ, ਲੋੜਵੰਦ ਕਾਮਿਆਂ ਮੈਂਬਰਾਂ ਨੂੰ ਬੋਰਡ ਕੋਲ ਲੋੜੀਂਦੇ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ ਉਨ੍ਹਾਂ ਦੀਆਂ ਜਾਇਜ਼ ਅਦਾਇਗੀਆਂ ਤੋਂ ਇਨਕਾਰ ਕਰ ਦਿੱਤਾ ਗਿਆ। ਸਭ ਤੋਂ ਵੱਧ ਲਾਭਪਾਤਰੀਆਂ (87.63 *ਪ੍ਰਤੀਸ਼ਤ*[13]) ਨੇ ਵਜ਼ੀਫ਼ਾ ਸਕੀਮ ਅਧੀਨ ਸਹਾਇਤਾ ਦੀ ਮੰਗ ਕੀਤੀ ਸੀ। ਨਤੀਜੇ ਵਜੋਂ, ਬੋਰਡ ਲਾਭਪਾਤਰੀਆਂ ਦੇ ਵਾਰਡਾਂ ਨੂੰ ਸਿੱਖਿਆ ਲਈ ਸਹਾਇਤਾ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ।

ਲੇਖਾ ਪ੍ਰੀਖਿਆ ਨੇ ਫੰਡ ਦੇ ਪ੍ਰਬੰਧਨ ਅਤੇ ਵਰਤੋਂ ਵਿੱਚ ਬੇਨਿਯਮੀਆਂ ਵੇਖੀਆਂ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ:

### 2.5.1(i) ਬਚਣਯੋਗ ਭੁਗਤਾਨ

ਬੋਰਡ ਨੇ ਨਿਰਮਾਣ ਕਾਮਿਆਂ ਨੂੰ ਮੁਫਤ ਟੀਕਾਕਰਨ ਦੀ ਪ੍ਰਵਾਨਗੀ ਬੋਰਡ ਦੀ ਕਾਰਜ ਉਪਰੰਤ ਪ੍ਰਵਾਨਗੀ ਦੀ ਸ਼ਰਤ ਤੇ ਦਿੱਤੀ (ਮਈ 2021) ਅਤੇ ਇਸ ਉਦੇਸ਼ ਲਈ ਸਿਹਤ ਵਿਭਾਗ ਨੂੰ ਸੈੱਸ ਫੰਡ ਵਿੱਚੋਂ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਇਸ ਸਮੇਂ ਦੌਰਾਨ, ਭਾਰਤ ਸਰਕਾਰ ਨੇ 21 ਜੂਨ 2021 ਤੋਂ ਸਰਕਾਰੀ ਫਸਿਲਟੀਆਂ ਵਿਖੇ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਟੀਕਾਕਰਨ ਲਈ ਸਾਰੇ ਰਾਜਾਂ ਨੂੰ ਮੁਫਤ ਟੀਕੇ ਦੇਣ ਦਾ ਐਲਾਨ ਕੀਤਾ (07 ਜੂਨ 2021)। ਇਸ ਅਨੁਸਾਰ, ਭਾਰਤ ਸਰਕਾਰ ਨੇ ਰਾਸ਼ਟਰੀ ਕੋਵਿਡ ਟੀਕਾਕਰਨ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸੋਧੇ ਹੋਏ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਿਸ ਵਿੱਚ ਵੈਕਸੀਨ ਦੀਆਂ ਖੁਰਾਕਾਂ ਭਾਰਤ ਸਰਕਾਰ ਦੁਆਰਾ ਖਰੀਦੀਆਂ ਜਾਣੀਆਂ ਸਨ ਅਤੇ ਰਾਜ ਸਰਕਾਰਾਂ ਨੂੰ ਮੁਫਤ ਪ੍ਰਦਾਨ ਕੀਤੀਆਂ ਜਾਣੀਆਂ ਸਨ। ਇਸ ਤੋਂ ਇਲਾਵਾ ਨਾਗਰਿਕ ਮੁਫਤ ਟੀਕਾਕਰਨ ਦੇ ਹੱਕਦਾਰ ਸਨ, ਭਾਵੇਂ ਉਨ੍ਹਾਂ ਦੀ ਆਮਦਨ ਦੀ ਸਥਿਤੀ ਕੁੱਝ ਵੀ ਸੀ।

---

12 01 ਅਪ੍ਰੈਲ 2019 ਨੂੰ ₹ 1,017.46 ਕਰੋੜ ਤੋਂ 31 ਮਾਰਚ 2022 ਨੂੰ ₹ 1,234.07 ਕਰੋੜ ਤੱਕ।

13 31 ਮਾਰਚ 2022 ਤੱਕ ਕੁੱਲ 62,948 ਬਕਾਇਆ ਅਰਜ਼ੀਆਂ ਵਿੱਚੋਂ 55,164 ਅਰਜ਼ੀਆਂ ਵਜ਼ੀਫਾ ਸਕੀਮ ਅਧੀਨ ਲੰਬਿਤ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬੋਰਡ ਨੇ 04 ਜੂਨ 2021 ਨੂੰ ਸਿਹਤ ਵਿਭਾਗ ਨੂੰ 2,24,850[14] ਖੁਰਾਕਾਂ ਦੀ ਖਰੀਦ ਲਈ ₹ 7.08 ਕਰੋੜ ਜਾਰੀ ਕੀਤੇ ਸਨ ਤਾਂ ਜੋ 18 ਸਾਲ ਤੋਂ ਵੱਧ ਉਮਰ ਦੇ ਸਾਰੇ ਯੋਗ ਕਾਮਿਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦਾ ਮੁਫਤ ਟੀਕਾਕਰਨ ਕੀਤਾ ਜਾ ਸਕੇ। ਸਿਹਤ ਵਿਭਾਗ ਨੇ 21 ਜੂਨ 2021 ਤੋਂ ਰਾਸ਼ਟਰੀ ਕੋਵਿਡ ਟੀਕਾਕਰਨ ਪ੍ਰੋਗਰਾਮ ਅਧੀਨ ਰਾਜ ਦੇ ਸਾਰੇ ਨਾਗਰਿਕਾਂ ਨੂੰ ਮੁਫਤ ਟੀਕਾਕਰਨ ਦੇਣਾ ਸ਼ੁਰੂ ਕਰ ਦਿੱਤਾ ਸੀ। ਜਿਵੇਂਕਿ ਭਾਰਤ ਸਰਕਾਰ ਦੁਆਰਾ ਵੈਕਸੀਨ ਮੁਫਤ ਪ੍ਰਦਾਨ ਕੀਤੀ ਜਾ ਰਹੀ ਸੀ, ਬੋਰਡ ਨੇ ਰਾਸ਼ੀ ਦੀ ਵਾਪਸੀ ਕਰਨ ਦੀ ਮੰਗ ਕੀਤੀ (10 ਜੁਲਾਈ 2021) ਅਤੇ ₹ 2.49 ਕਰੋੜ ਵਾਪਸ ਕੀਤੇ ਗਏ (ਅਕਤੂਬਰ 2021)। ਬੋਰਡ ਨੇ ਖਰਚਿਆਂ ਨੂੰ ਕਾਰਜ ਉਪਰੰਤ ਪ੍ਰਵਾਨਗੀ ਦੇ ਦਿੱਤੀ ਪਰ ਨਾਲ ਹੀ ₹ 4.59 ਕਰੋੜ ਦੇ ਬਕਾਏ ਦੀ ਵਾਪਸੀ ਲਈ ਵਿੱਤ ਵਿਭਾਗ ਕੋਲ ਮਾਮਲਾ ਉਠਾਉਣ ਦਾ ਫੈਸਲਾ ਕੀਤਾ (ਦਸੰਬਰ 2021)। ਰਿਫੰਡ ਬਕਾਇਆ ਸੀ (ਅਪ੍ਰੈਲ 2023)।

### 2.5.1(ii) ਸਕੀਮ ਫੰਡ 'ਤੇ ਬਚਣਯੋਗ ਬੋਝ

ਬੋਰਡ ਨੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਧੀਨ ਮਾਡਲ ਸਕੀਮਾਂ ਨੂੰ ਅਪਣਾਇਆ (ਸਤੰਬਰ 2019)। ਜੀਵਨ ਅਤੇ ਅਪੰਗਤਾ ਕਵਰ ਲਈ ਭਲਾਈ ਯੋਜਨਾ ਇਹ ਨਿਰਧਾਰਤ ਕਰਦੀ ਹੈ ਕਿ ਬੋਰਡ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ (ਪੀ ਐਮ ਜੇ ਜੇ ਬੀ ਵਾਈ) ਅਤੇ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ (ਪੀ ਐਮ ਐਸ ਬੀ ਵਾਈ) ਦੇ ਅਧੀਨ 18 ਤੋਂ 50 ਸਾਲ ਦੀ ਉਮਰ ਦੇ ਰਜਿਸਟਰਡ ਵਰਕਰਾਂ ਨੂੰ ਕਵਰ ਕਰ ਸਕਦਾ ਹੈ। ਇਸ ਸਕੀਮ ਦੇ ਅਧੀਨ ਪ੍ਰੀਮੀਅਮ[15] ਦੇ ਕੁੱਲ ਯੋਗਦਾਨ ਦਾ 50 *ਪ੍ਰਤੀਸ਼ਤ* ਬੋਰਡ ਦੁਆਰਾ ਅਦਾ ਕੀਤਾ ਜਾਣਾ ਸੀ ਅਤੇ ਬਾਕੀ 50 *ਪ੍ਰਤੀਸ਼ਤ* ਭਾਰਤ ਸਰਕਾਰ ਦੁਆਰਾ ਕਨਵਰਜਡ ਪੀ ਐਮ ਜੇ ਜੇ ਬੀ ਵਾਈ/ਪੀ ਐਮ ਐਸ ਬੀ ਵਾਈ ਸਕੀਮਾਂ ਅਧੀਨ ਸਹਿਣ ਕੀਤਾ ਜਾਣਾ ਸੀ। ਇਹ ਸਕੀਮਾਂ ਕੁਦਰਤੀ ਮੌਤ ਦੇ ਮਾਮਲੇ ਵਿੱਚ ₹ 2.00 ਲੱਖ ਅਤੇ ਦੁਰਘਟਨਾ ਵਿੱਚ ਮੌਤ ਹੋਣ ਦੇ ਮਾਮਲੇ ਵਿੱਚ ₹ 4.00 ਲੱਖ ਦੀ ਬੀਮਾ ਕਵਰੇਜ ਤੋਂ ਇਲਾਵਾ ਅਪੰਗਤਾ ਲਾਭ ਅਤੇ ਮੁਆਵਜ਼ਾ ਲਾਭਪਾਤਰੀ ਦੀ ਮੌਤ ਦੀ ਮਿਤੀ ਤੋਂ 60 ਦਿਨਾਂ ਤੋਂ ਵੱਧ ਨਾ ਹੋਣ ਵਾਲੀ ਇੱਕ ਨਿਸ਼ਚਿਤ ਸਮਾਂ ਸੀਮਾ ਵਿੱਚ ਵੰਡਿਆ ਜਾਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬੋਰਡ ਨੇ 2019-2022 ਦੌਰਾਨ ਭਾਰਤ ਸਰਕਾਰ ਤੋਂ ਬਿਨਾਂ ਕਿਸੇ ਸ਼ੇਅਰ ਦੇ ਯੋਗਦਾਨ ਤੋਂ ਮ੍ਰਿਤਕਾਂ ਦੇ 883 ਪਰਿਵਾਰਾਂ/ਆਸ਼ਰਿਤਾਂ ਨੂੰ ਮੁਆਵਜ਼ੇ ਵਜੋਂ ₹ 29.92 ਕਰੋੜ[16] ਵੰਡੇ ਸਨ ***(ਅੰਤਿਕਾ 2.4)*** ਕਿਉਂਕਿ ਬੋਰਡ ਨੇ ਕਨਵਰਜਡ ਪੀ ਐਮ ਜੇ ਜੇ ਬੀ ਵਾਈ ਅਤੇ ਪੀ ਐਮ ਐਸ ਬੀ ਵਾਈ ਸਕੀਮ ਅਧੀਨ ਰਜਿਸਟਰਡ ਵਰਕਰਾਂ ਲਈ ਬੀਮਾ ਕਵਰ ਨਹੀਂ ਲਿਆ ਸੀ। ਇਸ ਲਈ, ਬੋਰਡ ਜੀ ਓ ਆਈ ਤੋਂ ₹ 15.62 ਕਰੋੜ ਦੀ ਉਪਲਬਧ ਗ੍ਰਾਂਟ ਦਾ ਲਾਭ ਨਹੀਂ ਲੈ ਸਕਿਆ ਅਤੇ ਸਕੀਮ ਫੰਡ ਤੇ ਬਚਣਯੋਗ ਬੋਝ ਪਾ ਦਿੱਤਾ।

ਵਿਭਾਗ ਨੇ ਕਿਹਾ (ਦਸੰਬਰ 2023) ਕਿ ਬੋਰਡ ਨੇ ਆਪਣੀ 30ਵੀਂ ਮੀਟਿੰਗ (ਮਈ 2023) ਵਿੱਚ ਦੋਵਾਂ ਸਕੀਮਾਂ ਤੇ ਵਿਚਾਰ ਕੀਤਾ। ਅੱਗੇ ਕਿਹਾ ਗਿਆ ਸੀ ਕਿ ਪੀ ਐਮ ਐਸ ਬੀ ਵਾਈ ਲਾਭਦਾਇਕ ਪਾਇਆ ਗਿਆ ਸੀ ਅਤੇ ਇਸ ਨੂੰ ਐਕਸ-ਗ੍ਰੇਸ਼ੀਆ ਨਾਲ ਜੋੜਨ ਦਾ ਵਿਚਾਰ ਕੀਤਾ ਗਿਆ ਸੀ ਅਤੇ ਇਸ ਮੁੱਦੇ ਨੂੰ ਅੰਤਿਮ ਰੂਪ ਦੇਣ ਲਈ ਬੀਮਾ ਕੰਪਨੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾ

---

14 2,19,360 ਨਿਰਮਾਣ ਕਾਮੇ ਅਤੇ 5,490 ਪਰਿਵਾਰਕ ਮੈਂਬਰ/ਆਸ਼ਰਿਤ।

15 ₹ 171/- ਪ੍ਰਤੀ ਕਾਮਾ ਪ੍ਰਤੀ ਸਾਲ ਦੀ ਦਰ 'ਤੇ।

16 ₹ 8.84 ਕਰੋੜ (2019-20), ₹ 9.17 ਕਰੋੜ (2020-21) ਅਤੇ ₹ 11.91 ਕਰੋੜ (2021-22)।

ਰਿਹਾ ਹੈ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਬੋਰਡ ਨੇ ਆਪਣੀ 26ਵੀਂ ਮੀਟਿੰਗ (13 ਅਕਤੂਬਰ 2019) ਵਿੱਚ ਪਹਿਲਾ ਹੀ ਮਾਡਲ ਸਕੀਮਾਂ ਨੂੰ ਅਪਣਾ ਲਿਆ ਸੀ ਪਰ ਚਾਰ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਸਕੀਮਾਂ ਨੂੰ ਲਾਗੂ ਕਰਨ ਵਿੱਚ ਅਸਫਲ ਰਿਹਾ ਜਿਸ ਨਾਲ ਫੰਡ ਤੇ ਬਚਣਯੋਗ ਬੋਝ ਪਿਆ।

### 2.5.2 ਫੰਡਾਂ ਦੇ ਨਿਵੇਸ਼ ਵਿੱਚ ਦੇਰੀ

ਪੀ ਬੀ ਓ ਸੀ ਡਬਲਯੂ ਨਿਯਮਾਵਲੀ ਦਾ ਨਿਯਮ 269 ਵਿਵਸਥਾ ਕਰਦਾ ਹੈ ਕਿ ਫੰਡ ਨਾਲ ਸਬੰਧਤ ਸਾਰਾ ਪੈਸਾ ਰਾਸ਼ਟਰੀਕ੍ਰਿਤ ਜਾਂ ਅਨੁਸੂਚਿਤ ਬੈਂਕਾਂ ਵਿੱਚ ਜਾਂ ਭਾਰਤੀ ਟਰੱਸਟ ਐਕਟ, 1882 ਦੇ ਸੈਕਸ਼ਨ 20 ਦੀਆਂ ਧਾਰਾਵਾਂ (ਏ) ਤੋਂ (ਡੀ) ਵਿੱਚ ਦਰਸਾਈਆਂ ਸਕਿਓਰਟੀਆਂ[17] ਵਿੱਚ ਨਿਵੇਸ਼ ਕੀਤਾ ਜਾ ਸਕਦਾ ਹੈ।

ਬੋਰਡ ਨੇ ਰਾਸ਼ਟਰੀਕ੍ਰਿਤ ਬੈਂਕਾਂ ਵਿੱਚ ਫਿਕਸਡ ਡਿਪਾਜ਼ਿਟ (ਐਫ ਡੀਜ਼) ਵਿੱਚ ਫੰਡਾਂ ਦਾ ਨਿਵੇਸ਼ ਕੀਤਾ ਜਿਵੇਂ ਕਿ ਹੇਠਾਂ **ਸਾਰਣੀ 2.3** ਵਿੱਚ ਵਿਸਥਾਰਤ ਕੀਤਾ ਗਿਆ ਹੈ।

**ਸਾਰਣੀ 2.3: 2019-2022 ਦੌਰਾਨ ਕੀਤੇ ਗਏ ਨਿਵੇਸ਼ ਦੇ ਵੇਰਵੇ**

**(*₹ ਕਰੋੜ ਵਿੱਚ*)**

| ਸਾਲ | ਫਿਕਸਡ ਡਿਪਾਜਿਟਸ ਵਿੱਚ ਨਿਵੇਸ਼ | ਕਮਾਇਆ ਵਿਆਜ਼ | ਔਸਤ ਵਿਆਜ ਦਰ (*ਪ੍ਰਤੀਸ਼ਤ* ਵਿੱਚ) |
|---|---|---|---|
| 2019-20 | 1,097.18 | 78.69 | 7.17 |
| 2020-21 | 1,174.94 | 68.76 | 5.85 |
| 2021-22 | 693.95 | 63.09 | 5.88 |

*ਸ੍ਰੋਤ: ਵਿਭਾਗੀ ਰਿਕਾਰਡ*

ਅਪ੍ਰੈਲ 2019 ਤੋਂ ਮਾਰਚ 2022 ਦੇ ਦੌਰਾਨ, ਬੋਰਡ ਨੇ ਚਾਰ ਤੋਂ 33 ਦਿਨਾਂ ਦੀ ਰੇਂਜ ਵਿੱਚ ਦੇਰੀ ਨਾਲ 75 ਐਫ ਡੀਜ਼ ਦਾ ਪੁਨਰ ਨਿਵੇਸ਼ ਕੀਤਾ ਸੀ ਜਿਸ ਦੇ ਨਤੀਜੇ ਵਜੋਂ ₹ 0.23 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ ਸੀ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਪੁਨਰ ਨਿਵੇਸ਼ ਵਿੱਚ ਦੇਰੀ ਕੋਵਿਡ-19 ਦੇ ਕਾਰਨ ਜਾਂ ਹਫਤੇ ਵਿੱਚ ਆਉਣ ਵਾਲੀਆਂ ਛੁੱਟੀਆਂ ਕਾਰਨ ਪ੍ਰਕਿਰਿਆ ਦੀ ਦੇਰੀ ਵਜੋਂ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਪੁਨਰ ਨਿਵੇਸ਼ ਦੇ ਤਿੰਨ ਦਿਨਾਂ ਤੱਕ ਦੀ ਦੇਰੀ ਦੇ ਮਾਮਲਿਆਂ ਨੂੰ ਦੇਰੀ ਦੀ ਗਣਨਾ ਕਰਦੇ ਸਮੇਂ ਸ਼ਾਮਲ ਨਹੀਂ ਕੀਤਾ ਗਿਆ ਸੀ। ਪੁਨਰ ਨਿਵੇਸ਼ ਵਿੱਚ ਇੱਕ ਮਹੀਨੇ ਤੋਂ ਵੱਧ ਦੀ ਦੇਰੀ ਵੀ ਵੇਖੀ ਗਈ ਸੀ। ਬੋਰਡ, ਘੱਟੋ ਘੱਟ, ਪੁਨਰ ਨਿਵੇਸ਼ ਵਿੱਚ ਦੇਰੀ ਦੇ ਅਜਿਹੇ ਮਾਮਲਿਆਂ ਤੋਂ ਬਚਣ ਲਈ ਆਪਣੇ ਬੈਂਕਰਾਂ 'ਤੇ ਪੁਨਰ ਨਿਵੇਸ਼ ਦਾ ਵਿਕਲਪ ਦੇਣ ਬਾਰੇ ਵਿਚਾਰ ਕਰ ਸਕਦਾ ਹੈ।

---

17 (ੳ) ਕਿਸੇ ਵੀ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੇ ਪ੍ਰੋਨੋਟਾਂ, ਡਿਬੈਂਚਰਾਂ, ਸਟਾਕ ਜਾਂ ਹੋਰ ਸਕਿਓਰਟੀਆਂ ਵਿੱਚ;
(ਅ) ਭਾਰਤ ਦੇ ਰੈਵੀਨਿਊ ਤੇ ਚਾਰਜ ਕੀਤੇ ਜਾਂ ਸੁਰੱਖਿਅਤ ਕੀਤੇ ਬਾਂਡਜ਼ ਡਿਬੈਂਚਰਾਂ ਅਤੇ ਐਨਿਊਇਟੀਜ਼ ਵਿੱਚ;
(ੲ) ਰੇਲਵੇ ਜਾਂ ਹੋਰ ਕੰਪਨੀਆਂ ਦੇ ਸਟਾਕ ਜਾਂ ਡਿਬੈਂਚਰਾਂ ਵਿੱਚ, ਜਾਂ ਸ਼ੇਅਰਾਂ ਵਿੱਚ ਜਿਸ 'ਤੇ ਵਿਆਜ ਦੀ ਕੇਂਦਰ ਸਰਕਾਰ ਵੱਲੋਂ ਗਾਰੰਟੀ ਦਿੱਤੀ ਗਈ ਹੈ; ਅਤੇ
(ਸ) ਕਿਸੇ ਵੀ ਕੇਂਦਰੀ ਐਕਟ ਜਾਂ ਰਾਜ ਐਕਟ ਦੇ ਅਧਿਕਾਰ ਅਧੀਨ ਕਿਸੇ ਮਿਊਂਸਿਪਲ ਬਾਡੀ, ਪੋਰਟ ਟਰੱਸਟ ਜਾਂ ਸਿਟੀ ਇੰਪਰੂਵਮੈਂਟ ਟਰੱਸਟ ਵੱਲੋਂ ਜਾਂ ਉਸ ਦੀ ਤਰਫੋਂ ਪੈਸੇ ਲਈ ਜਾਰੀ ਕੀਤੇ ਡਿਬੈਂਚਰ ਜਾਂ ਹੋਰ ਸਕਿਓਰਟੀਆਂ ਵਿੱਚ।

## 2.6 ਭਲਾਈ ਸਕੀਮਾਂ ਦਾ ਲਾਗੂਕਰਨ

ਲੇਖਾ ਪ੍ਰੀਖਿਆ ਨੇ ਵਿਸਤ੍ਰਿਤ ਪੜਤਾਲ ਲਈ ਬੋਰਡ ਦੁਆਰਾ ਸੰਚਾਲਿਤ 23 ਭਲਾਈ ਸਕੀਮਾਂ ਵਿੱਚੋਂ 10 ਦੀ ਚੋਣ ਕੀਤੀ। ਜਦੋਂਕਿ, ਇਹ ਵੇਖਿਆ ਗਿਆ ਕਿ 2019-22 ਦੌਰਾਨ ਵਿਭਾਗ ਦੁਆਰਾ ਚੁਣੀਆਂ ਗਈਆਂ ਦੋ[18] ਸਕੀਮਾਂ ਵਿੱਚ ਕਿਸੇ ਵੀ ਲਾਭਪਾਤਰੀ ਦੀ ਪਛਾਣ ਨਹੀਂ ਕੀਤੀ ਗਈ ਸੀ। ਚੁਣੀਆਂ ਗਈਆਂ ਸਕੀਮਾਂ ਦੇ ਵੇਰਵੇ ਹੇਠਾਂ **ਸਾਰਣੀ 2.4** ਵਿੱਚ ਦਿੱਤੇ ਗਏ ਹਨ:

**ਸਾਰਣੀ 2.4: 2019-22 ਦੌਰਾਨ ਲਾਗੂ ਕੀਤੀਆਂ ਚੁਣੀਆਂ ਗਈਆਂ ਸਕੀਮਾਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਚੁਣੀਆਂ ਗਈਆਂ ਭਲਾਈ ਸਕੀਮਾਂ* ਦੇ ਨਾਂਅ | ਰਾਜ | | ਮੁਹਾਲੀ | | ਪਟਿਆਲਾ | | ਲਾਭਪਾਤਰੀਆਂ ਦੀ ਕੁੱਲ ਗਿਣਤੀ | ਕੁੱਲ ਖਰਚਾ |
|---|---|---|---|---|---|---|---|---|---|
| | | ਲਾਭਪਾਤਰੀਆਂ ਦੀ ਗਿਣਤੀ | ਖਰਚਾ | ਲਾਭਪਾਤਰੀਆਂ ਦੀ ਗਿਣਤੀ | ਖਰਚਾ | ਲਾਭਪਾਤਰੀਆਂ ਦੀ ਗਿਣਤੀ | ਖਰਚਾ | | |
| 1. | ਵਜ਼ੀਫਾ ਸਕੀਮ | 46,927 | 63.16 | 4,164 | 4.64 | 13,632 | 13.89 | 17,796 | 18.53 |
| 2. | ਜੀਵਨ ਅਤੇ ਅਪੰਗਤਾ (ਐਕਸ-ਗਰੇਸ਼ੀਆ) | 1029 | 30.05 | 61 | 1.44 | 228 | 6.58 | 289 | 8.02 |
| 3. | ਸ਼ਗਨ ਸਕੀਮ | 2012 | 5.40 | 84 | 0.26 | 97 | 0.30 | 181 | 0.56 |
| 4. | ਮਾਨਸਿਕ ਤੌਰ ਤੇ ਕਮਜ਼ੋਰ ਅਤੇ ਅੰਸ਼ਕ ਅਪਾਹਜ | 313 | 1.50 | 32 | 0.06 | 68 | 0.14 | 100 | 0.20 |
| 5. | ਬਾਲੜੀ | 81 | 0.74 | 13 | 0.07 | 26 | 0.13 | 39 | 0.20 |
| 6. | ਆਕੂਪੇਸ਼ਨਲ ਰੋਗ | 25 | 0.25 | 4 | 0.02 | 5 | 0.03 | 9 | 0.05 |
| 7. | ਜਣੇਪਾ ਸਕੀਮ | 105 | 0.14 | 5 | 0.004 | 33 | 0.02 | 38 | 0.024 |
| **ਜੋੜ** | | **50,492** | **101.24** | **4,363** | **6.494** | **14,089** | **21.09** | **18,452** | **27.584** |

*ਸ੍ਰੋਤ: ਵਿਭਾਗੀ ਡਾਟਾ*

***2019-22 ਦੌਰਾਨ ਬੋਰਡ ਦੇ ਪੱਧਰ ਤੇ ₹ 64.20 ਕਰੋੜ ਦੇ ਖਰਚੇ ਨਾਲ ਆਯੁਸ਼ਮਾਨ ਭਾਰਤ-ਸਰਬੱਤ ਸਿਹਤ ਬੀਮਾ ਯੋਜਨਾ ਲਾਗੂ ਕੀਤੀ ਗਈ ਸੀ।***

ਵੱਖ ਵੱਖ ਸਕੀਮਾਂ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਟਿੱਪਣੀਆਂ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ:

### 2.6.1 ਰਜਿਸਟ੍ਰੇਸ਼ਨ ਖਤਮ ਹੋ ਚੁੱਕੇ ਕਾਮਿਆਂ ਨੂੰ ਅੰਤ੍ਰਿਮ ਰਾਹਤ ਦਾ ਭੁਗਤਾਨ

ਬੋਰਡ ਨੇ ਮਾਰਚ ਅਤੇ ਅਪ੍ਰੈਲ 2020 ਵਿੱਚ ਰਾਜ ਵਿੱਚ ਹਰੇਕ ਜੀਵਤ ਰਜਿਸਟਰਡ ਨਿਰਮਾਣ ਕਾਮੇ ਨੂੰ ₹ 3,000/- ਦੀ ਅਸਥਾਈ ਅੰਤ੍ਰਿਮ ਰਾਹਤ (ਆਈ ਆਰ) ਦੇ ਰੂਪ ਵਿੱਚ ਯਕਮੁਸ਼ਤ ਵਿੱਤੀ ਸਹਾਇਤਾ ਦਾ ਲਾਭ ਦੇਣ ਦਾ ਐਲਾਨ ਕੀਤਾ ਅਤੇ ਪ੍ਰਵਾਨਗੀ ਦਿੱਤੀ। ਇਸ ਸਬੰਧ ਵਿੱਚ, ਲੇਖਾ ਪ੍ਰੀਖਿਆ ਨੇ ਵੇਖਿਆ:

(i) ਬੋਰਡ ਨੇ ਮਾਰਚ 2020 ਵਿੱਚ 2,86,353 ਲਾਭਪਾਤਰੀਆਂ ਨੂੰ ₹ 85.91 ਕਰੋੜ (ਹਰੇਕ ਲਾਭਪਾਤਰੀ ਨੂੰ ₹ 3,000) ਆਈ ਆਰ ਦੀ ਪਹਿਲੀ ਕਿਸ਼ਤ ਅਤੇ ਅਪ੍ਰੈਲ 2020 ਵਿੱਚ ਉਨ੍ਹਾਂ ਹੀ ਲਾਭਪਾਤਰੀਆਂ ਨੂੰ ₹ 85.91 ਕਰੋੜ ਦੀ ਦੂਜੀ ਕਿਸ਼ਤ ਦਾ ਭੁਗਤਾਨ ਕੀਤਾ। ਲਾਭਪਾਤਰੀਆਂ ਦੇ ਡਾਟਾਬੇਸ ਵਿਸ਼ਲੇਸ਼ਣ ਤੋਂ ਵੇਖਿਆ ਗਿਆ ਕਿ 2,86,353 ਲਾਭਪਾਤਰੀਆਂ ਵਿਚੋਂ, 819 ਲਾਭਪਾਤਰੀਆਂ ਨੇ ਭੁਗਤਾਨ ਮਿਤੀ ਤੋਂ ਪਹਿਲਾਂ 60 ਸਾਲ ਦੀ ਉਮਰ ਪੂਰੀ ਕਰ ਲਈ

18 (i) ਹਾਊਸਿੰਗ; ਅਤੇ (ii) ਕੁਦਰਤੀ ਆਫਤ ਸਕੀਮਾਂ ਲਈ ਵਿੱਤੀ ਸਹਾਇਤਾ ਅਧੀਨ ਕੋਈ ਅਰਜ਼ੀਆਂ ਨਹੀਂ ਸਨ।

ਸੀ। ਇਸ ਲਈ, ਇਹਨਾਂ 819 ਲਾਭਪਾਤਰੀਆਂ ਨੂੰ ₹ 0.49 ਕਰੋੜ ਦੀ ਆਈ ਆਰ ਦਾ ਭੁਗਤਾਨ ਕਰਨਾ ਜਿਨ੍ਹਾਂ ਦੀ ਰਜਿਸਟ੍ਰੇਸ਼ਨ 60 ਸਾਲ ਦੀ ਉਮਰ ਪੂਰੀ ਹੋਣ 'ਤੇ ਖਤਮ ਹੋ ਗਈ ਸੀ ***(ਅੰਤਿਕਾ 2.5)*** ਅਨਿਯਮਿਤ ਸੀ।

ਬੋਰਡ ਨੇ ਕਿਹਾ (ਅਪ੍ਰੈਲ 2023) ਕਿ ਗਲਤੀ ਦੀ ਗੁੰਜਾਇਸ਼ ਜ਼ਿਆਦਾ ਸੀ ਕਿਉਂਕਿ ਦਫਤਰ 50 *ਪ੍ਰਤੀਸ਼ਤ* ਜਾਂ ਇਸ ਤੋਂ ਵੀ ਘੱਟ ਸਮਰੱਥਾ ਨਾਲ ਕੰਮ ਕਰ ਰਿਹਾ ਸੀ ਅਤੇ ਨਿਰਮਾਣ ਕਾਮਿਆਂ ਨੂੰ ਉਨ੍ਹਾਂ ਦੇ ਬਚਾਅ ਨੂੰ ਯਕੀਨੀ ਬਣਾਉਣ ਲਈ ਤੁਰੰਤ ਰਾਹਤ ਦੇਣ ਦੀ ਲੋੜ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਬੋਰਡ ਲਾਭਪਾਤਰੀਆਂ ਨੂੰ ਆਈ ਆਰ ਦੇਣ ਤੋਂ ਪਹਿਲਾਂ ਉਪਲਬਧ ਡਾਟੇ ਤੋਂ ਲਾਭਪਾਤਰੀਆਂ ਦੀ ਜੀਵਤ ਸਥਿਤੀ ਦੀ ਜਾਂਚ ਕਰਨ ਵਿੱਚ ਅਸਫਲ ਰਿਹਾ, ਜਿਸ ਕਾਰਨ ਉਹਨਾਂ ਕਾਮਿਆਂ ਨੂੰ ਅਯੋਗ ਭੁਗਤਾਨ ਕੀਤਾ ਗਿਆ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਖਤਮ ਹੋ ਗਈ ਸੀ।

(ii) ਡਾਟੇ ਦੇ ਵਿਸ਼ਲੇਸ਼ਣ ਨੇ ਅੱਗੇ ਦਰਸਾਇਆ ਕਿ 2,86,353 ਲਾਭਪਾਤਰੀਆਂ ਵਿੱਚੋਂ, ਲਗਭਗ 2,38,340 ਲਾਭਪਾਤਰੀਆਂ (819 ਲਾਭਪਾਤਰੀਆਂ ਨੂੰ ਛੱਡ ਕੇ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਖਤਮ ਹੋ ਗਈ ਸੀ) ਨੇ ਆਪਣੀ ਸਲਾਨਾ ਅੰਸ਼ਦਾਨ ਰਾਸ਼ੀ ਦਿੰਦੇ ਹੋਏ ਪਿਛਲੇ ਬਾਰ੍ਹਾਂ ਮਹੀਨਿਆਂ ਦੌਰਾਨ ਨੱਬੇ ਦਿਨਾਂ ਤੋਂ ਕਿਸੇ ਇਮਾਰਤ ਜਾਂ ਹੋਰ ਨਿਰਮਾਣ ਦੇ ਕੰਮ ਵਿੱਚ ਲੱਗੇ ਹੋਣ ਨੂੰ ਦਰਸਾਉਂਦੇ ਸਰਟੀਫਿਕੇਟ ਪੇਸ਼ ਨਹੀਂ ਕੀਤੇ ਸਨ। ਐਕਟ ਦੇ ਸੈਕਸ਼ਨ-14 ਦੇ ਤਹਿਤ ਨਿਰਧਾਰਤ ਸਰਟੀਫਿਕੇਟ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਇਹ ਭਰੋਸਾ ਨਹੀਂ ਦਵਾ ਸਕਿਆ ਕਿ ਇਮਾਰਤ ਅਤੇ ਉਸਾਰੀ ਗਤੀਵਿਧੀਆਂ ਵਿੱਚ ਲੱਗੇ ਕਾਮਿਆਂ ਨੂੰ ₹ 143.00 ਕਰੋੜ ***(ਅੰਤਿਕਾ 2.5)*** ਦਾ ਭੁਗਤਾਨ ਕੀਤਾ ਗਿਆ ਸੀ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਦੌਰਾਨ ਸਾਰੇ ਕਾਮਿਆਂ ਦੇ ਫਾਰਮ 27 ਏ ਦੀ ਬਕਾਇਦਾ ਜਾਂਚ ਕੀਤੀ ਗਈ ਸੀ। ਪ੍ਰੰਤੂ ਰਾਹਤ ਦਿੰਦੇ ਹੋਏ ਫਾਰਮ 27 ਏ ਦੀ ਦੁਬਾਰਾ ਜਾਂਚ ਕਰਨ ਦੀ ਕੋਈ ਸੰਭਾਵਨਾ ਨਹੀਂ ਸੀ ਕਿਉਂਕਿ ਕੋਵਿਡ ਲਾਕਡਾਊਨ ਕਾਰਨ ਸੇਵਾ ਕੇਂਦਰ ਬੰਦ ਹੋ ਗਏ ਸਨ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਪੈਰ੍ਹੇ ਵਿੱਚ ਜ਼ਿਕਰ ਕੀਤੇ ਲਾਭਪਾਤਰੀ ਮਾਰਚ 2019 ਤੋਂ ਪਹਿਲਾਂ ਰਜਿਸਟਰ ਹੋਏ ਸਨ, ਪਰ 2019-20 ਦੌਰਾਨ ਕਿਸੇ ਇਮਾਰਤ ਜਾਂ ਹੋਰ ਨਿਰਮਾਣ ਦੇ ਕੰਮ ਵਿੱਚ ਉਹਨਾਂ ਦੀ ਸ਼ਮੂਲੀਅਤ ਦਰਸਾਉਂਦਾ ਉਹਨਾਂ ਦਾ ਸਰਟੀਫਿਕੇਟ ਉਹਨਾਂ ਦੀਆਂ ਫਾਈਲਾਂ ਨਾਲ ਨੱਥੀ ਨਹੀਂ ਪਾਇਆ ਗਿਆ ਸੀ। ਇਸ ਤਰ੍ਹਾਂ, ਐਕਟ ਦੇ ਅਨੁਸਾਰ ਕਿਸੇ ਵੀ ਨਿਰਮਾਣ ਕਾਰਜ ਵਿੱਚ ਲੱਗੇ ਹੋਣ ਨੂੰ ਯਕੀਨੀ ਬਣਾਏ ਬਗੈਰ ਆਈ ਆਰ ਦਾ ਭੁਗਤਾਨ ਕੀਤਾ ਗਿਆ ਸੀ।

(iii) ਭਾਰਤ ਸਰਕਾਰ ਅਤੇ ਲੀਗਲ ਰੀਮੈਂਬਰੈਂਸਰ (ਐਲ ਆਰ) ਦੁਆਰਾ ਸੁਝਾਈ ਗਈ ਕੋਈ ਵੀ ਸਕੀਮ ਬਣਾਏ ਬਗੈਰ ਬੋਰਡ ਨੇ 2021-22 ਦੌਰਾਨ ਫੰਡ ਵਿਚੋਂ ₹ 214.08 ਕਰੋੜ[19] ਦੀਆਂ ਤਿੰਨ ਹੋਰ ਆਈ ਆਰ ਕਿਸ਼ਤਾਂ (ਮਈ, ਜੂਨ ਅਤੇ ਨਵੰਬਰ 2021) ਦੀ ਵੰਡ ਕੀਤੀ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਬਹੁਤ ਸਾਰੀਆਂ ਨਿਰਮਾਣ ਵਾਲੀਆਂ ਥਾਵਾਂ ਤੇ ਨਿਰਮਾਣ ਦੀਆਂ ਗਤੀਵਿਧੀਆਂ ਸ਼ੁਰੂ ਨਹੀਂ ਕੀਤੀਆਂ ਜਾ ਸਕੀਆਂ ਕਿਉਂਕਿ ਕੋਵਿਡ ਦਾ ਪ੍ਰਭਾਵ ਇਸਦੀ ਦੂਜੀ

19 ਮਈ ਅਤੇ ਜੂਨ 2021 ਤੋਂ 3,29,130 ਨਿਰਮਾਣ ਕਾਮਿਆਂ ਨੂੰ ₹ 1,500 ਦੀ ਦਰ ਨਾਲ ਅਤੇ ਨਵੰਬਰ 2021 ਤੋਂ 3,72,078 ਉਸਾਰੀ ਕਾਮਿਆਂ ਨੂੰ ₹ 3,100 ਦੀ ਦਰ ਨਾਲ।

ਲਹਿਰ ਦੇ ਬਾਅਦ ਵੀ ਲੰਬੇ ਸਮੇਂ ਤੱਕ ਵੇਖਿਆ ਗਿਆ ਸੀ। ਨਿਰਮਾਣ ਕਾਮਿਆਂ ਨੂੰ ਮਜ਼ਦੂਰੀ ਦਾ ਕੰਮ ਨਹੀਂ ਮਿਲ ਰਿਹਾ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਬੋਰਡ ਅਜਿਹੀ ਰਾਹਤ ਵੰਡਣ ਤੋਂ ਪਹਿਲਾਂ ਕੋਈ ਸਕੀਮ ਬਣਾਉਣ ਵਿੱਚ ਅਸਫਲ ਰਿਹਾ ਸੀ।

### 2.6.2 ਮ੍ਰਿਤਕ ਮੈਂਬਰ ਦੇ ਨਾਮਜ਼ਦ/ਕਾਨੂੰਨੀ ਵਾਰਸਾਂ ਨੂੰ ਯੋਗਦਾਨ ਦੀ ਵਾਪਸੀ ਨਾ ਕਰਨਾ

ਪੀ ਬੀ ਓ ਸੀ ਡਬਲਯੂ ਨਿਯਮਾਂ ਦਾ ਨਿਯਮ 267 ਵਿਵਸਥਾ ਕਰਦਾ ਹੈ ਕਿ ਕਿਸੇ ਮੈਂਬਰ ਦੀ ਮੌਤ ਹੋਣ 'ਤੇ, ਉਸ ਦੇ ਕ੍ਰੈਡਿਟ ਵਿੱਚ ਪਏ ਯੋਗਦਾਨ ਦੀ ਰਕਮ, ਉਸੇ ਦੇ ਨਾਮਜ਼ਦ ਵਿਅਕਤੀ ਨੂੰ ਦਿੱਤੀ ਜਾਵੇਗੀ। ਨਾਮਜ਼ਦ ਵਿਅਕਤੀ ਦੀ ਗੈਰ-ਮੌਜੂਦਗੀ ਵਿੱਚ, ਇਹ ਰਕਮ ਲਾਭਪਾਤਰੀ ਦੇ ਕਾਨੂੰਨੀ ਵਾਰਸਾਂ ਨੂੰ ਬਰਾਬਰ ਹਿੱਸਿਆਂ ਵਿੱਚ ਅਦਾ ਕੀਤੀ ਜਾਵੇਗੀ।

ਰਿਕਾਰਡ ਦੀ ਜਾਂਚ ਤੋਂ ਪਤਾ ਲੱਗਾ ਕਿ ਭਾਵੇਂ ਕਿ ਬੋਰਡ ਨੇ 2019-22 ਦੌਰਾਨ ਮ੍ਰਿਤਕ ਮਜ਼ਦੂਰਾਂ ਦੇ 883 ਪਰਿਵਾਰਾਂ ਨੂੰ ਐਕਸ-ਗ੍ਰੇਸ਼ੀਆਂ ਦਾ ਭੁਗਤਾਨ ਕੀਤਾ ਸੀ ਪਰ ਮਾਰਚ 2022 ਤੱਕ ਕਨੂੰਨੀ ਵਾਰਸਾਂ/ਨਾਮਜ਼ਦਾਂ ਨੂੰ ਕੋਈ ਯੋਗਦਾਨ ਰਿਫੰਡ ਨਹੀਂ ਕੀਤਾ ਗਿਆ। ਇਸ ਤਰ੍ਹਾਂ, ਪੀੜਤ ਪਰਿਵਾਰ ਆਪਣੇ ਜਾਇਜ਼ ਭੁਗਤਾਨਾਂ ਤੋਂ ਵਾਂਝੇ ਰਹਿ ਗਏ।

ਤੱਥਾਂ ਨੂੰ ਸਵੀਕਾਰ ਕਰਦੇ ਹੋਏ, ਸਰਕਾਰ ਨੇ ਭਵਿੱਖ ਵਿੱਚ ਪਾਲਣਾ ਕਰਨ ਦਾ ਭਰੋਸਾ ਦਿੱਤਾ (ਅਪ੍ਰੈਲ 2023)।

### 2.6.3 10 ਸਾਲ ਦੀ ਨਿਰਧਾਰਤ ਮਿਆਦ ਪੂਰੀ ਕੀਤੇ ਬਿਨਾਂ ਪੈਨਸ਼ਨ ਦੀ ਗ੍ਰਾਂਟ

ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ (ਜੁਲਾਈ 2018) ਦੀ ਪਾਲਣਾ ਕਰਦੇ ਹੋਏ, ਭਾਰਤ ਸਰਕਾਰ ਨੇ ਭਵਨ ਅਤੇ ਹੋਰ ਨਿਰਮਾਣ ਕਾਮਿਆਂ ਲਈ ਮਾਡਲ ਸਕੀਮਾਂ[20] ਤਿਆਰ ਕੀਤੀਆਂ ਅਤੇ ਅੱਗੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਮਾਡਲ ਸਕੀਮਾਂ ਦੀ ਪਾਲਣਾ ਕਰਨ ਲਈ ਨਿਰਦੇਸ਼ ਦਿੱਤੇ। ਇਸ ਅਨੁਸਾਰ, ਬੋਰਡ ਨੇ ਸਤੰਬਰ 2019 ਵਿੱਚ ਇਸ ਨੂੰ ਅਪਣਾਇਆ।

ਭਾਰਤ ਸਰਕਾਰ ਨੇ ਰਾਜ ਭਲਾਈ ਬੋਰਡਾਂ ਨੂੰ ਉਨ੍ਹਾਂ ਦੀ ਵਿੱਤੀ ਸਮਰੱਥਾ ਦੇ ਅਧਾਰ ਤੇ ਪੈਨਸ਼ਨ ਸਕੀਮ ਬਣਾਉਣ ਲਈ ਨਿਰਦੇਸ਼ ਦਿੱਤੇ (ਸਤੰਬਰ 2019)। ਜਦੋਂਕਿ ਪੈਨਸ਼ਨ ਸਿਰਫ ਉਨ੍ਹਾਂ ਰਜਿਸਟਰਡ ਕਾਮਿਆਂ ਨੂੰ ਹੀ ਮਿਲਣਯੋਗ ਸੀ ਜੋ ਘੱਟੋਂ ਘੱਟ 10 ਸਾਲਾਂ ਲਈ ਰਜਿਸਟਰਡ ਰਹੇ ਹੋਣ ਅਤੇ ਰਾਜ ਭਲਾਈ ਬੋਰਡ ਨੂੰ ਇਸ ਸਬੰਧੀ ਸਰਟੀਫਿਕੇਟ ਜਾਰੀ ਕਰਨਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬੋਰਡ ਨੇ ਇਸ ਤੱਥ ਦੇ ਬਾਵਜੂਦ ਕਿ ਲਾਭਪਾਤਰੀਆਂ ਨੇ 2019-22 ਦੌਰਾਨ ਰਜਿਸਟਰਡ ਕਾਮਿਆਂ ਵਜੋਂ 10 ਸਾਲ ਦੀ ਮਿਆਦ ਪੂਰੀ ਨਹੀਂ ਕੀਤੀ ਸੀ, 106 ਲਾਭਪਾਤਰੀਆਂ ਨੂੰ ₹ 2,000 ਪ੍ਰਤੀ ਮਹੀਨਾ (3 ਦਸੰਬਰ 2021 ਤੋਂ ਬਾਅਦ ₹ 3,000 ਪ੍ਰਤੀ ਮਹੀਨਾ ਵਜੋਂ) ਦੀ ਦਰ ਨਾਲ ਪੈਨਸ਼ਨ ਦਾ ਭੁਗਤਾਨ ਕੀਤਾ। ਬੋਰਡ ਦੀ ਕਾਰਵਾਈ ਭਾਰਤ ਸਰਕਾਰ ਦੇ ਨਿਰਦੇਸ਼ਾਂ ਦੀ ਉਲੰਘਣਾ ਸੀ ਜਿਸ ਦੇ ਨਤੀਜੇ ਵਜੋਂ ₹ 0.42 ਕਰੋੜ ਦੀ ਅਨਿਯਮਿਤ ਅਦਾਇਗੀ ਹੋਈ।

20 (i) ਜੀਵਨ ਅਤੇ ਅਪੰਗਤਾ ਕਵਰ; (ii) ਸਿਹਤ ਅਤੇ ਜਣੇਪਾ ਕਵਰ; (iii) ਸਿੱਖਿਆ; (iv) ਹਾਊਸਿੰਗ; (v) ਹੁਨਰ ਵਿਕਾਸ; (vi) ਜਾਗਰੂਕਤਾ ਪ੍ਰੋਗਰਾਮ; ਅਤੇ (vii) ਪੈਨਸ਼ਨ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ 03.12.2021 ਨੂੰ ਹੋਈ ਬੋਰਡ ਦੀ 28$^{ਵੀਂ}$ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਕਾਮਿਆਂ ਨੂੰ ਬੋਰਡ ਦੀ ਮੈਬਰਸ਼ਿਪ ਦੇ ਤਿੰਨ ਸਾਲ ਪੂਰੇ ਹੋਣ ਤੋਂ ਬਾਅਦ ਪੈਨਸ਼ਨ ਦਿੱਤੀ ਗਈ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਬੋਰਡ ਨੇ ਭਾਰਤ ਸਰਕਾਰ ਦੀਆਂ ਅਪਣਾਈਆਂ ਗਈਆਂ ਮਾਡਲ ਭਲਾਈ ਸਕੀਮਾਂ ਵਿੱਚ ਸੋਧ ਕੀਤੀ ਸੀ (ਦਸੰਬਰ 2021) ਪਰ ਸਰਕਾਰ ਤੋਂ ਇਸਦੀ ਪੁਸ਼ਟੀ ਨਹੀਂ ਕੀਤੀ ਗਈ ਸੀ।

**ਭਾਰਤ ਸਰਕਾਰ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹੋਏ ਅਨਿਯਮਿਤ ਭੁਗਤਾਨ ਲਈ ਡਿਫਾਲਟਰ ਮੁਲਾਜ਼ਮਾਂ/ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾ ਸਕਦੀ ਹੈ।**

### 2.6.4 ਗੈਰ-ਰਜਿਸਟਰਡ ਕਾਮਿਆਂ ਨੂੰ ਅਨਿਯਮਿਤ ਅਦਾਇਗੀ

ਐਕਟ ਦਾ ਸੈਕਸ਼ਨ 11 ਇਹ ਵਿਵਸਥਾ ਕਰਦਾ ਹੈ ਕਿ ਲਾਭਪਾਤਰੀ ਵਜੋਂ ਰਜਿਸਟਰਡ ਹਰ ਭਵਨ ਨਿਰਮਾਣ ਕਾਮਾ ਬੋਰਡ ਦੁਆਰਾ ਪ੍ਰਦਾਨ ਕੀਤੇ ਗਏ ਲਾਭਾਂ ਦਾ ਹੱਕਦਾਰ ਹੋਵੇਗਾ।

ਜਦੋਂਕਿ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਐਕਟ ਦੇ ਉਪਰੋਕਤ ਉਪਬੰਧ ਦੀ ਉਲੰਘਣਾ ਕਰਦੇ ਹੋਏ, ਬੋਰਡ ਨੇ ਇੱਕ ਦੁਰਘਟਨਾ ਵਿੱਚ ਮਰਨ ਵਾਲੇ ਤਿੰਨ ਗੈਰ-ਰਜਿਸਟਰਡ ਕਾਮਿਆਂ ਦੇ ਪਰਿਵਾਰਕ ਮੈਂਬਰਾਂ ਨੂੰ ਐਕਸ-ਗ੍ਰੇਸ਼ੀਆ ਵਜੋਂ ₹ 0.06 ਕਰੋੜ ਦਾ ਭੁਗਤਾਨ ਕੀਤਾ (ਨਵੰਬਰ 2021)। ਭੁਗਤਾਨ ਕਨੂੰਨੀ ਅਤੇ ਵਿਧਾਨਕ ਮਾਮਲਿਆਂ ਦੇ ਵਿਭਾਗ ਦੀ ਸਲਾਹ[21] (ਅਕਤੂਬਰ 2020) ਦੇ ਵਿਰੁੱਧ ਵੀ ਸੀ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਬੋਰਡ ਦੇ ਫੈਸਲੇ (ਦਸੰਬਰ 2021) ਅਨੁਸਾਰ ਗੈਰ-ਰਜਿਸਟਰਡ ਕਾਮਿਆਂ ਦੇ ਪਰਿਵਾਰਕ ਮੈਬਰਾਂ ਨੂੰ ਲੋੜੀਂਦੀ ਰਕਮ ਵੰਡੀ ਗਈ ਸੀ। ਬੋਰਡ ਦਾ ਫੈਸਲਾ ਐਕਟ ਦੀਆਂ ਧਾਰਾਵਾਂ ਦੇ ਵਿਰੁੱਧ ਹੋਣ ਕਾਰਨ ਜਵਾਬ ਸਵੀਕਾਰਯੋਗ ਨਹੀਂ ਸੀ।

### 2.6.5 ਭਲਾਈ ਸਕੀਮਾਂ ਅਧੀਨ ਅਦਾਇਗੀਆਂ ਵਿੱਚ ਦੇਰੀ

ਮਾਣਯੋਗ ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤਾ (ਜਨਵਰੀ 2010) ਕਿ ਬੋਰਡਾਂ ਦੁਆਰਾ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਵਿੱਚ ਚਿਤਵੇ ਲਾਭ, ਰਜਿਸਟਰਡ ਕਾਮਿਆਂ ਨੂੰ ਇੱਕ ਤਰਕਸੰਗਤ ਸਮਾਂ ਸੀਮਾ ਦੇ ਅੰਦਰ, ਤਰਜੀਹੀ ਤੌਰ 'ਤੇ ਛੇ ਮਹੀਨਿਆਂ ਦੇ ਅੰਦਰ ਦਿੱਤੇ ਜਾਣੇ ਚਾਹੀਦੇ ਹਨ।

- ਦੋ ਚੁਣੇ ਹੋਏ ਜ਼ਿਲ੍ਹਿਆਂ ਵਿੱਚ ਰਿਕਾਰਡਾਂ ਦੀ ਜਾਂਚ ਨੇ ਦਰਸਾਇਆ ਕਿ ਪਟਿਆਲਾ ਅਤੇ ਮੁਹਾਲੀ ਵਿੱਚ ਕ੍ਰਮਵਾਰ 186 ਅਤੇ 48 ਮੌਤਾਂ ਦੇ ਕੇਸਾਂ ਵਿੱਚ ਨਾਮਜ਼ਦ ਵਿਅਕਤੀਆਂ ਨੂੰ ਜੀਵਨ ਅਤੇ ਅਪੰਗਤਾ ਸਕੀਮ ਤਹਿਤ 2019-22 ਦੌਰਾਨ ਛੇਂ ਮਹੀਨਿਆਂ ਦੇ ਸਮੇਂ ਤੋਂ ਬਾਅਦ 26 ਅਤੇ 1,568 ਦਿਨਾਂ ਦੇ ਵਿਚਕਾਰ ਦੀ ਦੇਰੀ ਤੋਂ ਬਾਅਦ ਐਕਟ-ਗ੍ਰੇਸ਼ੀਆ ਗ੍ਰਾਂਟ ਦਾ ਭੁਗਤਾਨ ਕੀਤਾ ਗਿਆ ਸੀ।

- ਇਸੇ ਤਰ੍ਹਾਂ, ਹੇਠ ਲਿਖੀਆਂ ਸਕੀਮਾਂ ਵਿੱਚ ਸਕੀਮ ਦੇ ਲਾਭਾਂ ਨੂੰ ਜਾਰੀ ਕਰਨ ਵਿੱਚ 73 ਅਤੇ 1,264 ਦਿਨਾਂ ਦੀ ਦੇਰੀ ਦੇਖੀ ਗਈ:-

21 ਕਾਨੂੰਨੀ ਅਤੇ ਵਿਧਾਨਕ ਮਾਮਲਿਆਂ ਦੇ ਵਿਭਾਗ ਨੇ 17 ਅਕਤੂਬਰ 2020 ਨੂੰ ਸਲਾਹ ਦਿੱਤੀ ਕਿ ਸਿਰਫ ਉਹੀ ਕਾਮੇ ਇਸ ਸਕੀਮ ਦੇ ਅਧੀਨ ਲਾਭ ਲੈਣ ਦੇ ਯੋਗ ਹਨ ਜਿਨ੍ਹਾਂ ਨੇ ਐਕਟ ਦੇ ਸੈਕਸ਼ਨ 12 ਅਧੀਨ ਆਪਣੇ ਆਪ ਨੂੰ ਰਜਿਸਟਰ ਕੀਤਾ ਹੈ।

| ਲੜੀ ਨੰ. | ਸਕੀਮ ਦਾ ਨਾਅ | ਲਾਭਪਾਤਰੀਆਂ ਦੀ ਸੰਖਿਆ | ਭੁਗਤਾਨ ਕਰਨ ਵਿੱਚ ਦੇਰੀ (ਦਿਨਾਂ ਵਿੱਚ ਰੇਂਜ) |
|---|---|---|---|
| 1. | ਸ਼ਗਨ ਸਕੀਮ | 73 | 114 ਤੋਂ 1264 |
| 2. | ਆਕੂਪੈਸ਼ਨਲ ਰੋਗ | 04 | 73 ਤੋਂ 540 |
| 3. | ਬਾਲੜੀ | 05* | 73 ਤੋਂ 675 |

*ਸ੍ਰੋਤ: ਵਿਭਾਗੀ ਡਾਟਾ*

***ਇਸ ਤੋਂ ਇਲਾਵਾ ਚੁਣੇ ਹੋਏ ਜ਼ਿਲ੍ਹਿਆਂ ਵਿੱਚ 711 ਦਿਨ ਬੀਤ ਜਾਣ ਤੋਂ ਬਾਅਦ ਵੀ 08 ਲਾਭਪਾਤਰੀਆਂ ਨੂੰ ਭੁਗਤਾਨ, ਪ੍ਰਕਿਰਿਆ ਅਧੀਨ ਸੀ।***

ਸਰਕਾਰ ਨੇ ਭਲਾਈ ਸਕੀਮਾਂ ਅਧੀਨ ਵੰਡਣ ਵਿਚ ਦੇਰੀ ਦਾ ਕਾਰਨ ਉਸ ਪ੍ਰਕਿਰਿਆ ਨੂੰ ਦੱਸਿਆ (ਅਪ੍ਰੈਲ 2023) ਜਿਸ ਕਰਕੇ ਅਰਜ਼ੀਆਂ ਨਾਲ ਸਬੰਧਤ ਮਾਮਲਿਆਂ ਨੂੰ ਹੱਲ ਕਰਨ ਵਿੱਚ ਕੋਵਿਡ-19 ਅਤੇ ਸਟਾਫ ਦੀ ਕਮੀ ਦੇ ਕਾਰਨ ਸਮਾਂ ਲੱਗਿਆ। ਜਵਾਬ ਸਵੀਕਾਰਯੋਗ ਨਹੀਂ ਸੀ, ਕਿਉਂਕਿ 316 ਮਾਮਲਿਆਂ ਵਿੱਚੋਂ 199 ਮਾਮਲਿਆਂ ਵਿੱਚ ਇੱਕ ਸਾਲ ਤੋਂ ਚਾਰ ਸਾਲ ਵਿਚਕਾਰ ਬਹੁਤ ਜ਼ਿਆਦਾ ਦੇਰੀ (180 ਦਿਨਾਂ ਦਾ ਭੱਤਾ ਦੇਣ ਤੋਂ ਬਾਅਦ) ਦੇਖੀ ਗਈ ਸੀ।

## 2.7 ਨਿਗਰਾਨ ਵਿਧੀ ਦੀ ਘਾਟ

### 2.7.1 ਬੋਰਡ ਦੀਆਂ ਮੀਟਿੰਗਾਂ ਕਰਵਾਉਣ ਵਿੱਚ ਕਮੀ

ਪੀ ਬੀ ਓ ਸੀ ਡਬਲਯੂ ਨਿਯਮਾਂ ਦਾ ਨਿਯਮ 247 ਇਹ ਵਿਵਸਥਾ ਕਰਦਾ ਹੈ ਕਿ ਬੋਰਡ ਭਲਾਈ ਸਕੀਮਾਂ ਨਾਲ ਸਬੰਧਤ ਗਤੀਵਿਧੀਆਂ ਦੀ ਨਿਗਰਾਨੀ ਕਰਨ ਲਈ ਆਮ ਤੌਰ 'ਤੇ ਛੇ ਮਹੀਨਿਆਂ ਵਿੱਚ ਇੱਕ ਵਾਰ ਮੀਟਿੰਗ ਕਰੇਗਾ ਬਸ਼ਰਤੇ ਕਿ ਚੇਅਰਪਰਸਨ, ਘੱਟੋ ਘੱਟ ਬੋਰਡ ਦੇ ਇੱਕ ਤਿਹਾਈ ਮੈਂਬਰਾਂ ਤੋਂ ਲਿਖਤੀ ਰੂਪ ਵਿੱਚ ਮੰਗ ਪ੍ਰਾਪਤ ਕਰਨ ਦੇ 15 ਦਿਨਾਂ ਦੇ ਅੰਦਰ ਛੇ ਮਹੀਨਿਆਂ ਤੋਂ ਪਹਿਲਾਂ ਮੀਟਿੰਗ ਬੁਲਾ ਸਕੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2019-22 ਦੌਰਾਨ ਛੇ ਮੀਟਿੰਗਾਂ ਦੇ ਟੀਚੇ ਦੇ ਮੁਕਾਬਲੇ, ਸਿਰਫ ਤਿੰਨ ਮੀਟਿੰਗਾਂ ਕੀਤੀਆਂ ਗਈਆਂ ਸਨ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬੋਰਡ ਦੁਆਰਾ ਚਲਾਈਆਂ ਗਈਆਂ 23 ਭਲਾਈ ਸਕੀਮਾਂ ਵਿੱਚੋਂ ਅੱਠ[22] ਜਿਨ੍ਹਾਂ ਵਿੱਚ ਕੋਈ ਅਰਜ਼ੀਆਂ ਨਹੀਂ ਆਈਆਂ, ਉਹਨਾਂ ਦੀ ਪ੍ਰਸੰਗਿਕਤਾ ਅਤੇ ਕਾਰਗਰਤਾ ਦਾ ਫੈਸਲਾ ਕਰਨ ਲਈ ਕਦੇ ਵੀ ਸਮੀਖਿਆ ਨਹੀਂ ਕੀਤੀ ਗਈ।

ਸਰਕਾਰ ਨੇ ਇਸ ਮਾਮਲੇ ਦਾ ਨੋਟਿਸ ਲਿਆ (ਅਪ੍ਰੈਲ 2023)।

### 2.7.2 ਰਾਜ ਸਲਾਹਕਾਰ ਕਮੇਟੀ ਦੀ ਮੀਟਿੰਗ ਨਾ ਹੋਣਾ

ਪੀ ਬੀ ਓ ਸੀ ਡਬਲਯੂ ਨਿਯਮਾਂਵਲੀ ਦਾ ਨਿਯਮ 209 ਵਿਵਸਥਾ ਕਰਦਾ ਹੈ ਕਿ ਰਾਜ ਸਰਕਾਰ ਇਸ ਐਕਟ ਦੇ ਪ੍ਰਬੰਧਨ ਤੋਂ ਪੈਦਾ ਹੋਣ ਵਾਲੇ ਅਤੇ ਇਸ ਨੂੰ ਭੇਜੇ ਗਏ ਮਾਮਲਿਆਂ ਤੇ ਰਾਜ ਸਰਕਾਰ ਨੂੰ

22 (i) ਸਿਲੀਕੋਸਿਸ ਸਕੀਮ; (ii) ਸ਼ਹਿਰੀ ਸਿਹਤ ਕਿਓਸਕ; (iii) ਹੁਨਰ ਵਿਕਾਸ ਅਤੇ ਵੋਕੇਸ਼ਨਲ ਸਿੱਖਿਆ; (iv) ਸਾਈਕਲ ਸਕੀਮ; (v) ਹਾਊਸਿੰਗ ਸਕੀਮ; (vi) ਕਿਰਤ ਸ਼ੈੱਡ ਸਕੀਮ; (vii) ਕੁਦਰਤੀ ਆਫਤ ਲਈ ਵਿੱਤੀ ਸਹਾਇਤਾ; ਅਤੇ (viii) ਹੋਣਹਾਰ ਵਾਰਡਾਂ ਨੂੰ ਵਿੱਤੀ ਸਹਾਇਤਾ।

ਸਲਾਹ ਦੇਣ ਲਈ ਇੱਕ ਕਮੇਟੀ ਗਠਨ ਕਰੇਗੀ ਜਿਸ ਨੂੰ ਰਾਜ ਭਵਨ ਅਤੇ ਹੋਰ ਨਿਰਮਾਣ ਕਾਮੇ ਸਲਾਹਕਾਰ ਕਮੇਟੀ (ਐਸ ਏ ਸੀ) ਕਿਹਾ ਜਾਵੇਗਾ। ਐਸ ਏ ਸੀ ਦੇ ਗਠਨ ਦੀ ਅਧਿਸੂਚਨਾ ਦੀਆਂ ਸ਼ਰਤਾਂ ਅਨੁਸਾਰ, ਕਮੇਟੀ ਨੂੰ ਤਿੰਨ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਚੇਅਰਮੈਨ ਦੁਆਰਾ ਜ਼ਰੂਰੀ ਸਮਝੇ ਜਾਣ ਵਾਲੇ ਅੰਤਰਾਲਾਂ 'ਤੇ ਮੀਟਿੰਗ ਕਰਨੀ ਪੈਣੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਐਸ ਏ ਸੀ ਨੇ ਆਰੰਭ (ਅਕਤੂਬਰ 2017) ਤੋਂ ਹੀ ਕੋਈ ਮੀਟਿੰਗ ਨਹੀਂ ਕੀਤੀ ਸੀ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਪ੍ਰਸ਼ਾਸਨਿਕ ਵਿਭਾਗ ਦੇ ਪੱਧਰ 'ਤੇ ਰਾਜ ਸਲਾਹਕਾਰ ਕਮੇਟੀ ਦਾ ਮੁੜ ਗਠਨ ਕਰਨ ਲਈ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਇਸ ਸਬੰਧੀ ਪਾਲਣਾ ਦੀ ਉਡੀਕ ਕੀਤੀ ਗਈ ਸੀ (ਅਪ੍ਰੈਲ 2023)।

## 2.7.3 ਮੈਨਪਾਵਰ

ਐਕਟ ਦੀ ਧਾਰਾ 19 (1) ਇਹ ਵਿਵਸਥਾ ਕਰਦੀ ਹੈ ਕਿ ਬੋਰਡ ਇੱਕ ਸਕੱਤਰ ਅਤੇ ਅਜਿਹੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਕਰੇਗਾ ਜੋ ਆਪਣੇ ਕਾਰਜਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵੱਖ-ਵੱਖ ਕਾਡਰਾਂ ਵਿੱਚ 186 ਅਸਾਮੀਆਂ ਦੀ ਪ੍ਰਵਾਨਿਤ ਗਿਣਤੀ ਦੇ ਵਿਰੁੱਧ, ਮਾਰਚ 2022 ਤੱਕ 163[23] ਕਰਮਚਾਰੀ ਤੈਨਾਤ ਸਨ ***(ਅੰਤਿਕਾ 2.6)***। ਕਿਰਤ ਵਿਭਾਗ ਦੇ ਕਮਿਸ਼ਨਰ ਬੋਰਡ ਦੇ ਸਕੱਤਰ ਅਤੇ ਸਹਾਇਕ ਕਿਰਤ ਕਮਿਸ਼ਨਰ ਵੀ ਡਿਪਟੀ ਸਕੱਤਰ (ਭਲਾਈ) ਵਜੋਂ ਕੰਮ ਕਰੇ ਰਹੇ ਸਨ। ਬੋਰਡ ਦੇ ਫੀਲਡ ਦੇ ਕਾਰਜ ਕਿਰਤ ਵਿਭਾਗ ਦੇ ਇੰਸਪੈਕਟਰਾਂ ਦੁਆਰਾ ਉਨ੍ਹਾਂ ਦੇ ਨਿਯਮਤ ਚਾਰਜ ਤੋਂ ਇਲਾਵਾ ਪੂਰੇ ਕੀਤੇ ਗਏ ਸਨ।

ਕਿਰਤ ਵਿਭਾਗ ਦੇ ਅਧਿਕਾਰੀਆਂ ਦੁਆਰਾ ਸੰਭਾਲੇ ਗਏ ਦੋਹਰੇ ਚਾਰਜ ਦੇ ਨਤੀਜੇ ਵਜੋਂ ਕਾਮਿਆਂ ਦੀ ਗੈਰ-ਰਜਿਸਟ੍ਰੇਸ਼ਨ ਅਤੇ ਸੈੱਸ ਕੇਸਾਂ ਦੇ ਦੇਰੀ/ਗੈਰ ਨਿਰਧਾਰਣ ਤੇ ਪ੍ਰਭਾਵ ਪਿਆ (ਜਿਵੇਂ ਕਿ ਉਪਰ ਪੈਰ੍ਹੇ 2.3.1 ਅਤੇ 2.4.1 ਵਿੱਚ ਚਰਚਾ ਕੀਤੀ ਗਈ ਹੈ)।

ਤੱਥਾਂ ਨੂੰ ਸਵੀਕਾਰ ਕਰਦੇ ਹੋਏ, ਸਰਕਾਰ ਨੇ ਜਲਦੀ ਤੋਂ ਜਲਦੀ ਇਹਨਾਂ ਅਸਾਮੀਆਂ ਨੂੰ ਭਰਨ ਲਈ ਉਪਰਾਲੇ ਕਰਨ ਦਾ ਭਰੋਸਾ ਦਿੱਤਾ (ਅਪ੍ਰੈਲ 2023) ।

## 2.8 ਸਰਵੇਖਣ ਦੀਆਂ ਲੱਭਤਾਂ

ਲੇਖਾ ਪ੍ਰੀਖਿਆ ਨੇ (ਫਰਵਰੀ-ਮਾਰਚ 2023 ਅਤੇ ਦਸੰਬਰ 2023) ਸਬੰਧਤ ਕਿਰਤ ਇੰਸਪੈਕਟਰਾਂ ਦੇ ਨਾਲ ਸੱਤ ਰਜਿਸਟਰਡ[24] ਅਤੇ ਛੇ ਗੈਰ-ਰਜਿਸਟਰਡ[25] ਸੰਸਥਾਵਾਂ ਦਾ ਦੌਰਾ ਕੀਤਾ ਅਤੇ 420 ਕਾਮਿਆਂ ਦੀ ਭਲਾਈ ਸਕੀਮਾਂ ਬਾਰੇ ਇੰਟਰਵਿਊ ਕੀਤੀ ਗਈ ਸੀ। ਲੱਭਤਾਂ ਦੀ ਚਰਚਾ ਹੇਠਾਂ ਕੀਤੀ ਗਈ ਹੈ:-

---

23 ਅਸਾਮੀਆਂ ਆਊਟਸੋਰਸਿੰਗ ਸਟਾਫ ਦੁਆਰਾ ਭਰੀਆਂ ਜਾਂਦੀਆਂ ਹਨ।

24 (i) ਨੋਬਲ ਡਰੀਮ ਪ੍ਰੋਜੈਕਟ ਪ੍ਰਾਈਵੇਟ ਲਿਮਿਟਡ; (ii) ਜੁਬਲੀ ਜੰਕਸ਼ਨ; (iii) ਊਸ਼ਾ ਪੋਲੀਮਰ; (iv) ਕੰਸੋਰਟ ਬਿਲਡਰਜ਼ ਪ੍ਰਾਈਵੇਟ ਲਿਮਿਟਡ; (v) ਏ ਸੀ ਬੀ ਇਨਫਰਾ, ਐਚ ਪੀ ਐਲ ਗੈਲਰੀਆਂ; (vi) ਲਾਰਸਨ ਐਂਡ ਟੂਬਰੋ ਲਿਮਿਟਡ; ਅਤੇ (vii) ਕੋਲੋਸਲ ਵੇਅਰਹਾਊਸ ਅਤੇ ਲੌਜਿਸਟਿਕ ਪ੍ਰਾਈਵੇਟ ਲਿਮਿਟਡ।

25 (i) ਗਰੇਵਾਲ ਆਈ ਇੰਸਟੀਚਿਊਟ; (ii) ਕੇ ਐਲ ਜੀ ਇੰਨਫਰਾ; (iii) ਸੂਰਿਆ ਕੰਟਰੈਕਟਰ ਪ੍ਰਾਈਵੇਟ ਲਿਮਿਟਡ; (iv) ਅਵਾਂਸਰ ਇਨਫਰਾ ਸਲਿਊਸ਼ਨ ਐਲ ਐਲ ਪੀ; (v) ਕੁਲਦੀਪ ਸਿੰਘ; ਅਤੇ (vi) ਨਰਿੰਦਰ ਕੁਮਾਰ।

**(i) ਸੰਸਥਾਵਾਂ ਦਾ ਸਰਵੇਖਣ**

- 420 ਵਿੱਚੋਂ ਸਿਰਫ ਤਿੰਨ ਕਾਮੇ ਹੀ ਰਜਿਸਟਰਡ ਪਾਏ ਗਏ ਸਨ।
- 58 ਕਾਮੇ ਭਲਾਈ ਸਕੀਮਾਂ ਬਾਰੇ ਜਾਗਰੂਕ ਪਾਏ ਗਏ ਸਨ।
- ਕਿਸੇ ਵੀ ਕਾਮੇ ਨੇ ਭਲਾਈ ਸਕੀਮਾਂ ਦਾ ਲਾਭ ਨਹੀਂ ਲਿਆ ਸੀ।
- ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਲਈ ਲਗਾਏ ਗਏ ਕੈਂਪ ਵਿੱਚ 49 ਕਾਮਿਆਂ ਨੇ ਭਾਗ ਲਿਆ ਸੀ।
- 13 ਸੰਸਥਾਵਾਂ ਵਿੱਚੋਂ ਛੇ ਵਿੱਚ ਕੰਟੀਨ ਦੀ ਸਹੂਲਤ, ਦੋ ਵਿੱਚ ਕਰੈਚ ਦੀ ਸਹੂਲਤ ਅਤੇ ਛੇ ਸੰਸਥਾਵਾਂ ਵਿੱਚ ਡਾਕਟਰੀ ਸਹਾਇਤਾ ਉਪਲਬਧ ਸੀ।

**(ii) ਲਾਭਪਾਤਰੀਆਂ ਦਾ ਸਰਵੇਖਣ**

ਬੋਰਡ ਦੁਆਰਾ ਲਾਭਪਾਤਰੀਆਂ ਦੀ ਪਛਾਣ ਅਤੇ ਰਜਿਸਟ੍ਰੇਸ਼ਨ ਅਤੇ ਸੇਵਾਵਾਂ ਪ੍ਰਦਾਨ ਕਰਨ ਦੀਆਂ ਗਤੀਵਿਧੀਆਂ ਦਾ ਮੁਲਾਂਕਣ ਕਰਨ ਲਈ 200 ਚੁਣੇ ਗਏ ਲਾਭਪਾਤਰੀਆਂ ਵਿੱਚੋਂ 131[26] ਦਾ ਸਰਵੇਖਣ[27] ਵੀ ਕੀਤਾ ਗਿਆ। ਇਹ ਵੇਖਿਆ ਗਿਆ ਕਿ ਇਨ੍ਹਾਂ ਸਰਵੇਖਣ ਕੀਤੇ ਗਏ 131[28] ਲਾਭਪਾਤਰੀਆਂ ਵਿੱਚੋਂ, 21 ਨਿਰਮਾਣ ਕਾਮੇ ਨਹੀਂ ਸਨ, ਭਾਵੇਂਕਿ ਉਹ ਬੋਰਡ ਵਿੱਚ ਨਿਰਮਾਣ ਕਾਮਿਆਂ ਵਜੋਂ ਰਜਿਸਟਰਡ ਸਨ।

## 2.9 ਸਿੱਟਾ

ਲੇਖਾ ਪ੍ਰੀਖਿਆ ਦੌਰਾਨ ਸੰਸਥਾਵਾਂ /ਕਾਮਿਆਂ ਨੂੰ ਰਜਿਸਟਰ ਕਰਨ ਲਈ ਪ੍ਰਭਾਵੀ ਵਿਧੀ ਦੀ ਘਾਟ ਦੇ ਨਾਲ-ਨਾਲ ਸੈੱਸ ਕੇਸਾਂ ਦੇ ਮੁਲਾਂਕਣ ਵਿੱਚ ਦੇਰੀ ਦੇਖੀ ਗਈ। ਸਮੇਂ ਸਿਰ ਚੈੱਕ ਜਮ੍ਹਾ ਨਾ ਕਰਨ ਕਰਕੇ ਬੋਰਡ ਨੂੰ ਅਸਵਿਕਾਰ ਚੈੱਕਾਂ ਕਾਰਨ ₹ 6.16 ਕਰੋੜ ਦਾ ਨੁਕਸਾਨ ਹੋਇਆ; ਇਸ ਤੋਂ ਇਲਾਵਾ, ਇਹ ਸੈੱਸ ਇਕੱਠਾ ਕਰਨ ਵਾਲੇ ਅਧਿਕਾਰੀਆਂ ਤੋਂ ₹ 15.28 ਕਰੋੜ ਦੀ ਵਸੂਲੀ ਕਰਨ ਵਿੱਚ ਅਸਫਲ ਰਿਹਾ।

ਲੋੜਵੰਦ ਕਾਮੇ ਮੈਂਬਰਾਂ ਨੂੰ ਲੋੜੀਂਦੇ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ ਉਨ੍ਹਾਂ ਦੇ ਲਾਭਾਂ ਦਾ ਭੁਗਤਾਨ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ₹ 103.74 ਕਰੋੜ ਦੀ ਵਿੱਤੀ ਸਹਾਇਤਾ ਦੀ ਮੰਗ ਕਰਨ ਵਾਲੀਆਂ 62,948 ਅਰਜ਼ੀਆਂ 767 ਦਿਨਾਂ ਦੀ ਦੇਰੀ ਨਾਲ ਵਿਚਾਰ ਅਧੀਨ ਸਨ। ਬੋਰਡ ਨੇ 2019-22 ਦੌਰਾਨ ₹ 1,783.30 ਕਰੋੜ ਦੀ ਉਪਲਬਧਤਾ ਦੇ ਬਾਵਜੂਦ ਭਲਾਈ ਸਕੀਮਾਂ 'ਤੇ ਸਿਰਫ ₹ 549.23 ਕਰੋੜ ਖਰਚ ਕੀਤੇ। ਵੱਧ ਤੋਂ ਵੱਧ ਅਰਜ਼ੀਆਂ (87.63 *ਪ੍ਰਤੀਸ਼ਤ*) ਵਿੱਚ ਵਜੀਫਾ ਸਕੀਮ ਅਧੀਨ ਵਿੱਤੀ ਸਹਾਇਤਾ ਦੀ ਮੰਗ ਕੀਤੀ ਗਈ। ਸਕੀਮਾਂ ਨੂੰ ਲਾਗੂ ਕਰਨਾ ਅਕੁਸ਼ਲ ਸੀ ਕਿਉਂਕਿ ਬੋਰਡ 23 ਵਿੱਚੋਂ ਅੱਠ ਭਲਾਈ ਸਕੀਮਾਂ ਵਿੱਚ ਕਿਸੇ ਵੀ ਲਾਭਪਾਤਰੀ ਦੀ

---

26 69 (ਪਟਿਆਲੇ ਵਿੱਚ 12 ਅਤੇ ਮੁਹਾਲੀ ਵਿੱਚ 57) ਕਾਮੇ ਨਹੀਂ ਪਹੁੰਚ ਸਕੇ।

27 ਬੋਰਡ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਇਹ ਸਰਵੇਖਣ ਕਰਵਾਇਆ ਗਿਆ ਸੀ। ਇਸ ਉਦੇਸ਼ ਲਈ ਇੱਕ ਪ੍ਰਸ਼ਨਾਵਲੀ ਤਿਆਰ ਕੀਤੀ ਗਈ ਸੀ, ਬੋਰਡ ਦੁਆਰਾ ਅਪਣਾਈ ਗਈ ਪਛਾਣ ਪ੍ਰਕਿਰਿਆ ਲਈ ਲਾਭਪਾਤਰੀਆਂ ਨਾਲ ਟੈਲੀਫੋਨ ਅਤੇ ਨਿੱਜੀ ਤੌਰ ਤੇ ਸਲਾਹ ਕੀਤੀ ਗਈ ਸੀ, ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ, ਉਨ੍ਹਾਂ ਦੀਆਂ ਅਰਜ਼ੀਆਂ ਦੀ ਪੜਤਾਲ, ਅਤੇ ਲਾਭਪਾਤਰੀਆਂ ਦੀਆਂ ਸ਼ਿਕਾਇਤਾਂ, ਜੇਕਰ ਕੋਈ ਹੋਵੇ, ਬਾਰੇ ਪੁੱਛਗਿਛ ਕੀਤੀ ਗਈ ਸੀ।

28 ਟੈਲੀਫੋਨ ਤੇ ਸੰਪਰਕ ਕੀਤੇ ਗਏ 101 ਲਾਭਪਾਤਰੀ ਸ਼ਾਮਲ ਹਨ।

ਪਛਾਣ ਕਰਨ ਵਿੱਚ ਅਸਫਲ ਰਿਹਾ। ਬੋਰਡ ਨੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ 819 ਕਾਮਿਆਂ ਨੂੰ ਜਿਨ੍ਹਾਂ ਦੀ 60 ਸਾਲ ਦੀ ਉਮਰ ਪੂਰੀ ਹੋ ਗਈ ਸੀ ਨੂੰ ₹ 0.49 ਕਰੋੜ ਦੀ ਅਪ੍ਰਵਾਨਯੋਗ ਅੰਤਰਿਮ ਰਾਹਤ ਜਾਰੀ ਕੀਤੀ। ਜੀਵਤ ਨਾ ਰਹੇ 2,38,340 ਕਾਮਿਆਂ ਨੂੰ ₹ 143.00 ਕਰੋੜ ਦਾ ਭੁਗਤਾਨ ਕੀਤਾ ਗਿਆ ਸੀ। ਬੋਰਡ ਵੱਲੋਂ ਲਗਾਈਆਂ ਗਈਆਂ ਸੂਚਨਾ ਪ੍ਰਣਾਲੀਆਂ ਇਨ੍ਹਾਂ ਅਯੋਗ ਮੈਂਬਰਾਂ ਦੀ ਪਛਾਣ ਕਰਨ ਵਿੱਚ ਅਸਫਲ ਰਹੀਆਂ। ਨਿਗਰਾਨੀ ਤੰਤਰ ਬੇਅਸਰ ਸੀ।

## 2.10 ਸਿਫਾਰਸ਼ਾਂ

ਰਾਜ ਸਰਕਾਰ/ਬੋਰਡ ਇਹ ਯਕੀਨੀ ਬਣਾ ਸਕਦਾ ਹੈ:

- *ਸੰਸਥਾਵਾਂ/ਕਾਮਿਆਂ ਦੀ ਤੁਰੰਤ ਰਜਿਸਟ੍ਰੇਸ਼ਨ ਲਈ ਉਸਾਰੀ ਗਤੀਵਿਧੀਆਂ ਨੂੰ ਸ਼ੁਰੂ ਕਰਨ ਲਈ ਸਥਾਨਕ ਸੰਸਥਾਵਾਂ/ਖੇਤਰ ਵਿਕਾਸ ਅਥਾਰਟੀਆਂ ਦੁਆਰਾ ਦਿੱਤੀਆਂ ਗਈਆਂ ਇਜਾਜ਼ਤਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇੱਕ ਵਿਧੀ ਵਿਕਸਤ ਕਰਨਾ;*

- *ਕਿਰਤ ਸੈੱਸ ਦੇ ਆਟੋਮੈਟਿਕ ਟਰਾਂਸਫਰ ਅਤੇ ਮਿਲਾਨ ਲਈ ਬੋਰਡ ਦੇ ਖਾਤਿਆਂ ਦੇ ਨਾਲ ਸੈੱਸ ਇਕੱਠਾ ਕਰਨ ਵਾਲੀਆਂ ਅਥਾਰਟੀਆਂ ਦੇ ਖਾਤਿਆਂ ਦੇ ਏਕੀਕਰਨ ਲਈ ਇੱਕ ਵਿਧੀ ਵਿਕਸਤ ਕਰਨਾ;*

- *ਭਲਾਈ ਸਕੀਮਾਂ ਦੇ ਤਹਿਤ ਲਾਭ ਲੈਣ ਦੇ ਯੋਗ ਬਣਾਉਣ ਲਈ ਰਜਿਸਟ੍ਰੇਸ਼ਨ ਲਈ ਕਾਮਿਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਹੋਰ ਸੰਸਥਾਵਾਂ ਨੂੰ ਭਰਤੀ ਕਰਨ ਲਈ ਇੱਕ ਉਚਿਤ ਸਰਵੇਖਣ ਕਰਨਾ;*

- *ਉਪਲਬਧ ਸਰੋਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਛੁੱਕ ਅਤੇ ਲੋੜਵੰਦ ਕਾਮੇ ਮੈਂਬਰਾਂ ਨੂੰ ਲਾਭ ਪ੍ਰਦਾਨ ਕਰਨ ਲਈ ਭਲਾਈ ਸਕੀਮਾਂ ਵਿੱਚ ਨਿਰਧਾਰਤ ਫੰਡਾਂ ਦੀ ਵਰਤੋਂ ਨੂੰ ਯਕੀਨੀ ਬਣਾਉਣਾ;*

- *ਇਸ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਣ, ਸਕੀਮਾਂ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਾਮਿਆਂ, ਠੇਕੇਦਾਰਾਂ ਅਤੇ ਬਿਲਡਰਾਂ ਦੇ ਡਾਟਾ ਅਤੇ ਰਿਕਾਰਡ ਨੂੰ ਕਾਇਮ ਰਖਣ ਲਈ ਸੂਚਨਾ ਤਕਨਾਲੋਜੀ ਸਾਧਨਾਂ ਨੂੰ ਲਗਾਉਣਾ ਅਤੇ ਵਰਤੋਂ ਕਰਨਾ; ਅਤੇ*

- *ਬੋਰਡ/ਰਾਜ ਸਲਾਹਕਾਰ ਕਮੇਟੀ ਦੀਆਂ ਸਮੇਂ ਸਿਰ ਮੀਟਿੰਗਾਂ ਕਰਨਾ ਅਤੇ ਨਿਗਰਾਨੀ ਤੰਤਰ ਨੂੰ ਮਜ਼ਬੂਤ ਕਰਨਾ।*

# ਅਧਿਆਇ-III

# ਖੇਡ ਸਹੂਲਤਾਂ ਦੀ ਸਿਰਜਣਾ, ਰੱਖ–ਰਖਾਅ ਅਤੇ ਵਰਤੋਂ

## ਅਧਿਆਇ-III

## ਖੇਡਾਂ ਅਤੇ ਯੁਵਕ ਮਾਮਲੇ ਵਿਭਾਗ

## ਖੇਡ ਸਹੂਲਤਾਂ ਦੀ ਸਿਰਜਣਾ, ਰੱਖ-ਰਖਾਅ ਅਤੇ ਵਰਤੋਂ

**ਫੰਡ ਜਾਰੀ ਕਰਨ ਵਿੱਚ ਦੇਰੀ, ਉਪਲਬਧ ਫੰਡਾਂ ਦੇ ਅਯੋਗ ਪ੍ਰਬੰਧਨ ਅਤੇ ਭਾਰ-ਮੁਕਤ ਸਾਈਟਾਂ ਦਾ ਪ੍ਰਬੰਧਨ ਨਾ ਕਰਨ ਕਾਰਨ ਵਿਭਾਗ ਦੇ ਨਵੇਂ ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਅਤੇ ਮੌਜੂਦਾ ਨੂੰ ਉੱਨਤ ਕਰਨ ਦੀਆਂ ਯੋਜਨਾਵਾਂ ਪ੍ਰਭਾਵਿਤ ਹੋਈਆਂ ਸਨ। ਇਸ ਤੋਂ ਇਲਾਵਾ, ਮੌਜੂਦਾ ਬੁਨਿਆਦੀ ਢਾਂਚੇ ਦੀ ਵੀ ਸਹੀ ਢੰਗ ਨਾਲ ਸਾਂਭ ਸੰਭਾਲ ਨਹੀਂ ਕੀਤੀ ਗਈ ਸੀ। ਖੇਡ ਗਤੀਵਿਧੀਆਂ ਨਾਲ ਸਿੱਧੇ ਤੌਰ ਤੇ ਸਬੰਧਤ ਮਨੁੱਖੀ ਵਸੀਲੇ ਮਨਜ਼ੂਰਸ਼ੁਦਾ ਅਸਾਮੀਆਂ ਤੋਂ 47 *ਪ੍ਰਤੀਸ਼ਤ* ਘੱਟ ਸਨ। ਪੰਜਾਬ ਰਾਜ ਸਪੋਰਟਸ ਕੌਂਸਲ ਅਤੇ ਪੰਜਾਬ ਰਾਜ ਇੰਸਟੀਚਿਊਟ ਆਫ਼ ਸਪੋਰਟਸ ਦੁਆਰਾ ਲੋੜੀਂਦੀ ਗਿਣਤੀ ਵਿੱਚ ਮੀਟਿੰਗਾਂ ਨਾ ਹੋਣ ਕਾਰਨ ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਪ੍ਰਣਾਲੀ ਕਮਜ਼ੋਰ ਸੀ ਅਤੇ ਖੇਡਾਂ ਦੇ ਬੁਨਿਆਦੀ ਢਾਂਚੇ ਦੀ ਭੌਤਿਕ ਤਸਦੀਕ ਕਦੇ ਨਹੀਂ ਕੀਤੀ ਗਈ ਸੀ।**

### 3.1 ਜਾਣ-ਪਛਾਣ

'ਖੇਡਾਂ' ਵਿਸ਼ੇ ਦੇ ਤੌਰ ਤੇ ਰਾਜ ਸੂਚੀ ਦਾ ਹਿੱਸਾ ਬਣਦੀ ਹੈ ਅਤੇ ਇਸ ਲਈ ਖੇਡਾਂ ਦੇ ਵਿਕਾਸ ਲਈ ਕਾਨੂੰਨ ਬਣਾਉਣ, ਨਿਯਮਤ ਕਰਨ ਅਤੇ ਯਤਨ ਕਰਨ ਦੀ ਜ਼ਿੰਮੇਵਾਰੀ ਰਾਜ ਦੀ ਹੈ। ਪੰਜਾਬ ਸਰਕਾਰ ਨੇ ਰਾਸ਼ਟਰੀ ਖੇਡ ਖੇਤਰ ਵਿੱਚ ਰਾਜ ਦੀ ਉੱਘੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਸਾਲ 1975 ਦੇ ਸ਼ੁਰੂ ਵਿੱਚ, ਇੱਕ ਸੁਤੰਤਰ ਖੇਡ ਵਿਭਾਗ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ।

ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ, ਰਾਜ ਵਿੱਚ ਦੋ ਸੰਸਥਾਵਾਂ ਜਿਵੇਂ ਕਿ ਪੰਜਾਬ ਰਾਜ ਸਪੋਰਟਸ ਕੌਂਸਲ (ਪੀ ਐਸ ਐਸ ਸੀ) ਅਤੇ ਪੰਜਾਬ ਰਾਜ ਇੰਸਟੀਚਿਊਟ ਆਫ਼ ਸਪੋਰਟਸ (ਪੀ ਆਈ ਐਸ) ਦੀ ਸਥਾਪਨਾ ਕੀਤੀ ਗਈ ਸੀ। ਬੁਨਿਆਦੀ ਢਾਂਚਾ, ਉਪਕਰਣ ਅਤੇ ਖਿਡਾਰੀਆਂ ਅਤੇ ਖੇਡਾਂ ਨਾਲ ਸਬੰਧਤ ਵੱਖ ਵੱਖ ਸੰਸਥਾਵਾਂ/ਸੰਗਠਨਾਂ ਨੂੰ ਭੌਤਿਕ ਅਤੇ ਵਿੱਤੀ ਦੋਵੇਂ ਤਰਾਂ ਦੀਆਂ ਗ੍ਰਾਂਟਾਂ ਅਤੇ ਸਹਾਇਤਾ ਪ੍ਰਦਾਨ ਕਰਨ ਸਮੇਤ, ਖੇਡਾਂ ਦੇ ਵਿਕਾਸ ਨਾਲ ਜੁੜੇ ਮਾਮਲਿਆਂ ਲਈ ਪੀ ਐਸ ਐਸ ਸੀ (1971 ਵਿੱਚ ਸਥਾਪਿਤ ਤੇ 1993 ਵਿੱਚ ਪੁਨਰਗਠਿਤ), ਇੱਕ ਸਲਾਹਕਾਰੀ ਅਤੇ ਵਿਕਾਸਮਈ ਸੰਸਥਾ ਹੈ। ਪੀ ਆਈ ਐਸ (2015 ਵਿੱਚ ਸਥਾਪਿਤ), ਰਾਜ ਵਿੱਚ ਖੇਡ ਨੀਤੀ ਬਣਾਉਣ ਵਾਲੀ ਪ੍ਰਮੁੱਖ ਸੰਸਥਾ ਹੈ। ਪੀ ਆਈ ਐਸ ਦਾ ਉਦੇਸ਼ ਲੰਬੇ ਸਮੇਂ ਲਈ ਅਥਲੀਟ ਵਿਕਾਸ ਪ੍ਰੋਗਰਾਮਾਂ (ਐਲ ਟੀ ਏ ਡੀ) ਦੀ ਸਿਰਜਣਾ ਅਤੇ ਰਾਜ ਵਿੱਚ ਇਸ ਉਦੇਸ਼ ਲਈ ਸਥਾਪਿਤ ਕੀਤੇ ਗਏ ਉੱਤਮਤਾ ਦੇ ਵੱਖ ਵੱਖ ਕੇਂਦਰਾਂ (ਸੀ ਓ ਈ) ਵਿੱਚ ਢੁੱਕਵੀਆਂ ਖੇਡ ਸਹੂਲਤਾਂ ਪ੍ਰਦਾਨ ਕਰਕੇ, ਨਿਗਰਾਨੀ ਕਰਨ ਅਤੇ ਉਹਨਾਂ ਦੀ ਸਾਂਭ-ਸੰਭਾਲ ਕਰਕੇ ਰਾਜ ਦੇ ਅੰਤਰਾਸ਼ਟਰੀ ਪੱਧਰ ਦੇ ਖਿਡਾਰੀਆਂ ਨੂੰ ਤਿਆਰ ਕਰਨ ਅਤੇ ਸਿਖਲਾਈ ਦੇਣ ਲਈ ਜ਼ਿੰਮੇਵਾਰ ਹੈ।

ਖੇਡਾਂ ਅਤੇ ਸੇਵਾਵਾਂ (ਵਿਭਾਗ) ਨੇ ਰਾਜ ਖੇਡ ਨੀਤੀ, 2018 ਨੂੰ ਅਧਿਸੂਚਿਤ (ਮਾਰਚ 2019[1]) ਕੀਤਾ। ਇਸ ਨੀਤੀ ਦਾ ਉਦੇਸ਼ ਖੇਡਾਂ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਖੇਡਾਂ ਨੂੰ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਯੋਗ ਬਣਾਉਣਾ ਹੈ।

---

1 ਖੇਡ ਨੀਤੀ 1 ਅਪ੍ਰੈਲ 2018 ਤੋਂ ਲਾਗੂ ਹੋਵੇਗੀ ।

ਖੇਡਾਂ ਅਤੇ ਯੁਵਕ ਮਾਮਲੇ ਵਿਭਾਗ ਦਾ ਪ੍ਰਮੁੱਖ ਸਕੱਤਰ ਸਰਕਾਰੀ ਪੱਧਰ ਤੇ ਪ੍ਰਸ਼ਾਸਕੀ ਮੁੱਖੀ ਹੁੰਦਾ ਹੈ। ਡਾਇਰੈਕਟਰ, ਖੇਡਾਂ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਖੇਡ ਅਧਿਕਾਰੀਆਂ ਦੁਆਰਾ ਸਹਾਇਤਾ ਪ੍ਰਾਪਤ ਵਿਭਾਗ ਦਾ ਮੁੱਖੀ ਹੈ। ਮੁੱਖ ਮੰਤਰੀ, ਪੰਜਾਬ ਅਤੇ ਪ੍ਰਮੁੱਖ ਸਕੱਤਰ, ਖੇਡਾਂ ਅਤੇ ਯੁਵਕ ਮਾਮਲੇ ਵਿਭਾਗ, ਪੀ ਐਸ ਐਸ ਸੀ ਦੇ ਕ੍ਰਮਵਾਰ ਪ੍ਰਧਾਨ ਅਤੇ ਉਪ-ਪ੍ਰਧਾਨ ਹਨ। ਮੁੱਖ ਮੰਤਰੀ, ਪੰਜਾਬ ਪੀ ਆਈ ਐਸ ਦੇ ਚੇਅਰਮੈਨ ਵੀ ਹਨ।

ਪੰਜਾਬ ਖੇਡ ਨੀਤੀ, 2018 ਵਿੱਚ ਰਾਜ ਲਈ ਨਿਰਧਾਰਿਤ ਟੀਚਿਆਂ ਨੂੰ ਲਾਗੂ ਕਰਨ ਅਤੇ ਪ੍ਰਾਪਤੀ ਦੀ ਸੀਮਾਂ ਅਤੇ ਰਾਜ ਵਿੱਚ ਮੌਜੂਦਾ ਖੇਡ ਬੁਨਿਆਦੀ ਢਾਂਚੇ ਨੂੰ ਬਣਾਉਣ ਦੇ ਨਾਲ-ਨਾਲ ਅੱਪਗ੍ਰੇਡ ਕਰਨ ਦੇ ਉਦੇਸ਼ ਨਾਲ, ਇੱਕ ਲੇਖਾ ਪ੍ਰੀਖਿਆ (ਅਕਤੂਬਰ 2022 – ਫਰਵਰੀ 2023) ਕੀਤੀ ਗਈ ਸੀ, ਜਿਸ ਵਿੱਚ ਅਪ੍ਰੈਲ 2019 ਤੋਂ ਮਾਰਚ 2022 ਦੌਰਾਨ ਵਿਭਾਗ ਦੀਆਂ ਗਤੀਵਿਧੀਆਂ ਨੂੰ ਕਵਰ ਕੀਤਾ ਗਿਆ ਸੀ। ਡਾਇਰੈਕਟਰ (ਖੇਡਾਂ) ਪੰਜਾਬ ਨਾਲ ਇੱਕ ਐਂਟਰੀ ਮੀਟਿੰਗ ਰੱਖੀ ਗਈ ਸੀ (ਅਕਤੂਬਰ 2022) ਜਿਸ ਵਿੱਚ ਲੇਖਾ ਪ੍ਰੀਖਿਆ ਦਾ ਦਾਇਰਾ, ਮਾਪਦੰਡ ਅਤੇ ਉਦੇਸ਼ਾਂ 'ਤੇ ਚਰਚਾ ਕੀਤੀ ਗਈ ਸੀ ਜਦੋਂਕਿ ਲੇਖਾ ਪ੍ਰੀਖਿਆ ਲੱਭਤਾਂ ਤੇ ਚਰਚਾ ਕਰਨ ਲਈ ਮਈ 2023 ਵਿੱਚ ਐਗਜ਼ਿਟ ਮੀਟਿੰਗ ਹੋਈ ਸੀ। ਵਿਭਾਗ ਅਤੇ ਪੰਜਾਬ ਸਰਕਾਰ ਵੱਲੋਂ ਲੇਖਾ ਪ੍ਰੀਖਿਆ ਟਿੱਪਣੀਆਂ ਲਈ ਪ੍ਰਾਪਤ ਹੋਏ ਜਵਾਬਾਂ ( ਮਈ ਅਤੇ ਜੂਨ 2023) ਨੂੰ ਪੈਰ੍ਹੇ ਵਿੱਚ ਢੁੱਕਵੇਂ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ।

ਲੇਖਾ ਪ੍ਰੀਖਿਆ ਨੇ ਡਾਇਰੈਕਟਰ ਸਪੋਰਟਸ (ਡਾਇਰੈਕਟਰ), ਪੀ ਐਸ ਐਸ ਸੀ, ਪੀ ਆਈ ਐਸ ਅਤੇ ਪੀ ਆਈ ਐਸ ਅਧੀਨ ਸਥਾਪਿਤ ਕੀਤੇ ਗਏ ਤਿੰਨ[2] ਉੱਤਮਤਾ ਕੇਂਦਰਾਂ (ਸੀ ਓ ਈ) ਸਮੇਤ 23 ਵਿੱਚੋਂ 6[3] ਜ਼ਿਲ੍ਹਿਆਂ (27 *ਪ੍ਰਤੀਸ਼ਤ* ) ਦੇ ਦਫਤਰਾਂ ਦੇ ਰਿਕਾਰਡ ਦੀ ਨਮੂਨਾ-ਜਾਂਚ ਕੀਤੀ ਗਈ। ਇਸ ਤੋਂ ਇਲਾਵਾ, ਅਪ੍ਰੈਲ 2019 ਅਤੇ ਮਾਰਚ 2022 ਦਰਮਿਆਨ ਮੌਜੂਦਾ ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਅਤੇ ਅਪਗ੍ਰੇਡੇਸ਼ਨ/ਮੁਰੰਮਤ ਲਈ 75 ਪ੍ਰੋਜੈਕਟਾਂ/ਕੰਮਾਂ ਵਿੱਚੋਂ 15[4] (ਤਿੰਨ ਚੁਣੇ ਹੋਏ ਜ਼ਿਲ੍ਹਿਆਂ[5] ਵਿੱਚ ਪੰਜ ਪ੍ਰੋਜੈਕਟਾਂ ਸਮੇਤ) ਦੀ ਵੀ ਨਮੂਨਾ-ਜਾਂਚ ਕੀਤੀ ਗਈ ਸੀ (***ਅੰਤਿਕਾ 3.1***) । ਇਸ ਤੋਂ ਇਲਾਵਾ, ਖਿਡਾਰੀਆਂ ਨੂੰ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਦੀ ਸਮਰੱਥਾ ਦਾ ਮੁਲਾਂਕਣ ਕਰਨ ਲਈ, 11 ਖੇਡ ਬੁਨਿਆਦੀ ਢਾਂਚਿਆਂ ਦੀ ਸਾਂਝੀ ਭੌਤਿਕ ਜਾਂਚ ਕੀਤੀ ਗਈ ਅਤੇ ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ 50 ਕੋਚਾਂ ਅਤੇ 133 ਖਿਡਾਰੀਆਂ ਦੀ ਇੰਟਰਵਿਊ ਕੀਤੀ ਗਈ।

## ਲੇਖਾ ਪ੍ਰੀਖਿਆ ਲੱਭਤਾਂ

## 3.2 ਯੋਜਨਾਬੰਦੀ ਅਤੇ ਵਿੱਤੀ ਪ੍ਰਬੰਧਨ

ਸਬੰਧਿਤ ਲਾਗੂ ਕਰਨ ਵਾਲੀਆਂ ਸੰਸਥਾਵਾਂ/ਖੇਤਰੀ ਦਫਤਰਾਂ ਤੋਂ ਪ੍ਰਾਪਤ ਹੋਈ ਮੰਗ ਦੇ ਅਧਾਰ ਤੇ, 2019-2023 ਦੀ ਮਿਆਦ ਲਈ ਰਣਨੀਤਕ ਯੋਜਨਾ ਤਿਆਰ ਕਰਨ ਤੋਂ ਇਲਾਵਾ, ਖੇਡ

---

2 (i) ਬਠਿੰਡਾ; (ii) ਪਟਿਆਲਾ; ਅਤੇ (iii) ਐਸ ਏ ਐਸ ਨਗਰ ।

3 (i) ਬਠਿੰਡਾ; (ii) ਫਰੀਦਕੋਟ; (iii) ਗੁਰਦਾਸਪੁਰ; (iv) ਮਾਨਸਾ; (v) ਪਟਿਆਲਾ; ਅਤੇ (vi) ਐਸ ਏ ਐਸ ਨਗਰ ਇੱਕਠੇ ਖਰਚੇ ਦੇ ਅਧਾਰ ਤੇ ਸਟ੍ਰੈਟੀਫਾਈਡ ਰੈਂਡਮ ਸੈਪਲਿੰਗ ਵਿਧੀ ਦੀ ਵਰਤੋਂ ਕਰਕੇ ਚੁਣਿਆ ਗਿਆ।


4 15 ਪ੍ਰੋਜੈਕਟਾਂ ਵਿੱਚੋਂ, 12 ਸਿਰਜਣਾ ਅਤੇ 03 ਅੱਪਗ੍ਰੇਡੇਸ਼ਨ/ਨਵਿਆਉਣੇ ਸਨ (ਅੰਤਿਕਾ 3.1 ਦੇ ਲੜੀ ਨੰ. 9, 10 ਅਤੇ 15) ।

5 (i) ਗੁਰਦਾਸਪੁਰ; (iii) ਐਸ ਏ ਐਸ ਨਗਰ; ਅਤੇ (iv) ਪਟਿਆਲਾ (ਪਟਿਆਲਾ ਵਿਖੇ ਖੇਡ ਯੂਨੀਵਰਸਿਟੀ ਸਮੇਤ) ।

ਡਾਇਰੈਕਟਰ ਵਲੋਂ ਵਿਭਾਗ, ਪੀ ਐਸ ਐਸ ਸੀ ਅਤੇ ਪੀ ਆਈ ਐਸ ਦੇ ਸਬੰਧ ਵਿੱਚ ਸਲਾਨਾ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਸਨ। ਹਾਲਾਂਕਿ, ਖੇਡ ਨੀਤੀ, 2018, ਜਿਵੇਂ ਕਿ **ਪੈਰ੍ਹਾ** 3.3 ਵਿੱਚ ਚਰਚਾ ਕੀਤੀ ਗਈ ਹੈ, ਦੇ ਅਨੁਸਾਰ ਕਲਪਿਤ ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ ਸਲਾਨਾ ਯੋਜਨਾਵਾਂ ਅਤੇ ਰਣਨੀਤਕ ਯੋਜਨਾ ਤਿਆਰ ਨਹੀਂ ਕੀਤੀ ਗਈ ਸੀ।

ਭਾਰਤ ਸਰਕਾਰ (ਜੀ ਓ ਆਈ) ਅਤੇ ਪੰਜਾਬ ਸਰਕਾਰ (ਜੀ ਓ ਪੀ) ਤੋਂ ਪ੍ਰਾਪਤ ਫੰਡਾਂ ਦਾ ਪ੍ਰਵਾਹ **ਚਾਰਟ** 3.1 ਵਿੱਚ ਦਰਸਾਇਆ ਗਿਆ ਹੈ।

**ਚਾਰਟ 3.1: ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਪ੍ਰਾਪਤ ਫੰਡਾਂ ਦਾ ਪ੍ਰਵਾਹ**




## 3.2.1 ਬਜਟ ਅਤੇ ਖਰਚਾ

2019-2022 ਦੌਰਾਨ ਜੀ ਓ ਪੀ ਦੁਆਰਾ ਅਲਾਟ ਕੀਤੇ ਗਏ ਬਜਟ ਅਤੇ ਇਸ ਦੇ ਮੁਕਾਬਲੇ ਕੀਤੇ ਗਏ ਖਰਚਿਆਂ ਦੀ ਸਥਿਤੀ **ਸਾਰਣੀ** 3.1 ਵਿੱਚ ਦਰਸਾਈ ਗਈ ਹੈ।

**ਸਾਰਣੀ 3.1: 2019-2022 ਦੇ ਦੌਰਾਨ ਵਿਭਾਗ ਦੇ ਬਜਟ ਅਤੇ ਖਰਚਿਆਂ (ਪੀ ਐਸ ਐਸ ਸੀ ਨੂੰ ਜਾਰੀ ਕੀਤੇ ਸਮੇਤ) ਦਾ ਵੇਰਵਾ**

*(₹ ਕਰੋੜ ਵਿੱਚ)*

| ਸਾਲ | ਬਜਟ | ਖਰਚਾ | | | ਬਚੱਤਾਂ (ਪ੍ਰਤੀਸ਼ਤਤਾ) |
|---|---|---|---|---|---|
| | | ਵਿਭਾਗੀ ਖਰਚਾ | ਪੀ ਐਸ ਐਸ ਸੀ ਨੂੰ ਜਾਰੀ ਕੀਤੇ ਗਏ ਫੰਡ | ਜੋੜ | |
| 2019-20 | 124.28 | 18.04 | 64.74 | 82.78 | 41.50 (33.39) |
| 2020-21 | 110.59 | 21.12 | 83.13 | 104.25 | 6.34 (5.73) |
| 2021-22 | 156.18 | 43.81 | 65.68 | 109.49 | 46.69 (29.89) |
| **ਜੋੜ** | **391.05** | **82.97** | **213.55** | **296.52** | **94.53 (24.17)** |

*ਸ੍ਰੋਤ: ਵਿਭਾਗੀ ਡਾਟਾ ਅਤੇ ਪੀ ਐਸ ਐਸ ਸੀ ਦੇ ਸਾਲਾਨਾ ਲੇਖੇ*

2019-2022 ਦੌਰਾਨ ₹ 391.05 ਕਰੋੜ ਦੀ ਬਜਟ ਵੰਡ ਦੇ ਮੁਕਾਬਲੇ, ₹ 296.52 ਕਰੋੜ (ਪੀ ਐਸ ਐਸ ਸੀ ਨੂੰ ਜਾਰੀ ਕੀਤੇ ₹ 213.55 ਕਰੋੜ ਸਮੇਤ) ਦਾ ਖਰਚਾ ਕੀਤਾ ਗਿਆ ਸੀ। ਕੁੱਲ ₹ 94.53 ਕਰੋੜ (24.17 *ਪ੍ਰਤੀਸ਼ਤ* ) ਦੀ ਸਮੁੱਚੀ ਬੱਚਤ ਹੋਈ ਸੀ। ਵਿਭਾਗ ਨੇ (ਮਈ 2023) ਵਿੱਚ ਬੱਚਤ ਦਾ ਕਾਰਨ ਕੋਵਿਡ ਮਹਾਂਮਾਰੀ ਦੌਰਾਨ ਲਗਾਈਆਂ ਪਾਬੰਦੀਆਂ, ਸ਼ੂਟਿੰਗ ਰੇਂਜਾਂ[6] ਦੇ ਨਿਰਮਾਣ ਲਈ ਤਜਵੀਜਾਂ ਦੀ ਪ੍ਰਾਪਤੀ ਵਿੱਚ ਕਮੀ ਅਤੇ ਪੀ ਐਸ ਐਸ ਸੀ ਤੋਂ ਫੰਡਾਂ ਦੀ ਮੰਗ ਅਤੇ ਖੇਡਾਂ ਦੀ ਉੱਤਮਤਾ ਲਈ ਸਰਕਾਰ ਦੁਆਰਾ ਨਕਦ ਪੁਰਸਕਾਰਾਂ ਦੀ ਵੰਡ ਨਾ ਹੋਣਾ ਆਦਿ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ।

2019-2022 ਦੌਰਾਨ ਪੀ ਐਸ ਐਸ ਸੀ ਅਤੇ ਪੀ ਆਈ ਐਸ ਦੇ ਫੰਡਾਂ (ਪ੍ਰਾਪਤੀ ਅਤੇ ਖਰਚਾ) ਦੀ ਸਥਿਤੀ ਨੂੰ ਕ੍ਰਮਵਾਰ **ਸਾਰਣੀ 3.2 (ੳ) ਅਤੇ 3.2 (ਅ)** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.2 (ੳ): 2019-2022 ਦੌਰਾਨ ਪੀ ਐਸ ਐਸ ਸੀ ਦੇ ਫੰਡਾਂ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਮੁਢਲਾ ਬਕਾਇਆ | ਜਿੱਥੋ ਫੰਡ ਪ੍ਰਾਪਤ ਕੀਤੇ ਗਏ | | | ਜੋੜ | ਖਰਚਾ | ਪੀ ਆਈ ਐਸ ਨੂੰ ਜਾਰੀ ਕੀਤੇ ਗਏ ਫੰਡ | ਅੰਤਿਮ ਬਕਾਇਆ |
|---|---|---|---|---|---|---|---|---|
| | | ਜੀ ਓ ਆਈ | ਜੀ ਓ ਪੀ | ਵਿਆਜ ਆਮਦਨ | | | | |
| 1 | 2 | 3 | 4 | 5 | 6=(2+3+4+5) | 7 | 8 | 9= (6-7-8) |
| 2019-20 | 56.08# | 7.28 | 64.74 | 8.11 | 136.21 | 83.20 | 6.51 | 46.50 |
| 2020-21 | 46.50 | 2.65 | 83.13 | 2.80 | 135.08 | 51.13 | 11.49 | 72.46 |
| 2021-22 | 72.46 | 7.28 | 65.68 | 0.00 | 145.42 | 98.89 | 13.63 | 32.90 |
| **ਜੋੜ** | **175.04** | **17.21** | **213.55** | **10.91** | **416.71** | **233.22** | **31.63** | |

*ਸ੍ਰੋਤ: ਪੀ ਐਸ ਐਸ ਸੀ ਦੇ ਸਲਾਨਾ ਲੇਖੇ*

# ***ਸਮਰਪਿਤ ਖੇਡਾਂ ਫੰਡ (2016-17 ਤੱਕ ਕਿਰਿਆਤਮਕ) ਦੇ ਅਧੀਨ ਪਈ ₹ 8.77 ਕਰੋੜ ਦੀ ਅਣਵਰਤੀ ਰਾਸ਼ੀ ਸ਼ਾਮਲ ਹੈ।***

**ਸਾਰਣੀ 3.2 (ਅ) : 2019-2022 ਦੌਰਾਨ ਪੀ ਆਈ ਐਸ ਦੇ ਫੰਡਾਂ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਮੁਢਲਾ ਬਕਾਇਆ | ਜਿੱਥੋਂ ਫੰਡ ਪ੍ਰਾਪਤ ਕੀਤੇ ਗਏ | | | ਜੋੜ | ਖਰਚਾ | ਅੰਤਿਮ ਬਕਾਇਆ |
|---|---|---|---|---|---|---|---|
| | | ਜੀ ਓ ਆਈ | ਪੀ ਐਸ ਐਸ ਸੀ | ਵਿਆਜ ਆਦਿ | | | |
| 1 | 2 | 3 | 4 | 5 | 6 (2+3+4+5) | 7 | 8 (6-7) |
| 2019-20 | 5.30 | 1.20 | 6.51 | 0.20 | 13.21 | 10.06 | 3.15 |
| 2020-21 | 3.15 | 0.75 | 11.49 | 0.18 | 15.57 | 13.89 | 1.68 |
| 2021-22 | 1.68 | 0.00 | 13.63 | 0.05 | 15.36 | 13.45 | 1.91 |
| **ਜੋੜ** | **10.13** | **1.95** | **31.63** | **0.43** | **44.14** | **37.40** | |

*ਸ੍ਰੋਤ: ਪੀ ਆਈ ਐਸ ਦੇ ਸਲਾਨਾ ਲੇਖੇ*

2019-2022 ਦੀ ਮਿਆਦ ਦੇ ਦੌਰਾਨ, ₹ 385.08 ਕਰੋੜ ਦੇ ਉਪਲਬਧ ਫੰਡਾਂ (ਪੀ ਆਈ ਐਸ ਨੂੰ ਜਾਰੀ ਕੀਤੇ ਗਏ ₹ 31.63 ਕਰੋੜ ਦੇ ਫੰਡਾਂ ਨੂੰ ਛੱਡ ਕੇ), ਪੀ ਐਸ ਐਸ ਸੀ ਨੇ

---

6 ਉਸਾਰੀ ਵਿੱਚ ਨੁਕਸ ਦੂਰ ਨਾ ਕੀਤੇ ਜਾਣ ਅਤੇ ਇਲੈਕਟ੍ਰਾਨਿਕ ਸਕੋਰਿੰਗ ਟਾਰਗੇਟਜ਼ ਦੀ ਖਰੀਦ ਨਾ ਹੋਣ ਕਾਰਨ ਕੰਮ ਤੇਜੀ ਨਾਲ ਸ਼ੁਰੂ ਨਹੀਂ ਹੋ ਸਕਿਆ।

₹ 233.22 ਕਰੋੜ (61 *ਪ੍ਰਤੀਸ਼ਤ*) ਦਾ ਖਰਚਾ ਕੀਤਾ; ਅਤੇ ਪੀ ਆਈ ਐਸ ਨੇ ਰਾਜ ਵਿੱਚ ਖੇਡ ਬੁਨਿਆਦੀ ਢਾਂਚਾ/ਸਹੂਲਤਾਂ ਪ੍ਰਦਾਨ ਕਰਨ ਲਈ ₹ 44.14 ਕਰੋੜ ਦੇ ਉਪਲਬਧ ਫੰਡਾਂ ਦੇ ਮੁਕਾਬਲੇ ₹ 37.40 ਕਰੋੜ (85 *ਪ੍ਰਤੀਸ਼ਤ*) ਖਰਚੇ ਕੀਤੇ ਸਨ ।

## 3.3 ਖੇਡਾਂ ਦੇ ਬੁਨਿਆਦੀ ਢਾਂਚੇ ਲਈ ਯੋਜਨਾਬੰਦੀ

ਪੰਜਾਬ ਖੇਡ ਨੀਤੀ 2018, ਜਿਸਦਾ ਉਦੇਸ਼ ਅਗਲੇ ਤਿੰਨ ਸਾਲਾਂ ਵਿੱਚ ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ ਤੇ ਸਵੀਮਿੰਗ ਪੂਲ ਅਤੇ ਮਿਆਰੀ ਅਥਲੈਟਿਕ ਟਰੈਕਾਂ ਦੇ ਨਾਲ ਬਹੁ-ਮੰਤਵੀ ਖੇਡ ਅਖਾੜਿਆਂ ਦਾ ਬੁਨਿਆਦੀ ਢਾਂਚਾ ਸਥਾਪਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਦਿਸ਼ਾ ਵਿੱਚ ਯਤਨ ਕਰੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਰਾਜ ਦੇ 23 ਜ਼ਿਲ੍ਹਿਆਂ ਵਿੱਚੋਂ, 31 ਮਾਰਚ 2022 ਤੱਕ ਸਿਰਫ 11 ਜ਼ਿਲ੍ਹਿਆਂ[7] ਵਿੱਚ ਸਵੀਮਿੰਗ ਪੂਲ ਵਾਲੇ ਬਹੁ-ਮੰਤਵੀ ਖੇਡ ਅਖਾੜੇ ਮੌਜੂਦ ਸਨ; ਅਤੇ ਮਿਆਰੀ ਅਥਲੈਟਿਕ ਟਰੈਕ (ਮਲੇਰਕੋਟਲਾ ਅਤੇ ਮੋਗਾ ਜ਼ਿਲ੍ਹਿਆਂ ਨੂੰ ਛੱਡ ਕੇ) 23 ਵਿਚੋਂ 21 ਜ਼ਿਲ੍ਹਿਆਂ ਵਿੱਚ ਮੌਜੂਦ ਸਨ। 31 ਮਾਰਚ 2022 ਤੱਕ ਪੰਜਾਬ ਦੇ 88 ਉਪ-ਮੰਡਲਾਂ ਵਿੱਚੋਂ ਕਿਸੇ ਵਿੱਚ ਵੀ ਕਲਪਿਤ ਯੋਜਨਾਬਧ ਬੁਨਿਆਦੀ ਢਾਂਚਾ ਵਿਕਸਿਤ ਨਹੀਂ ਕੀਤਾ ਗਿਆ ਸੀ।

ਸਰਕਾਰ ਨੇ ਕਿਹਾ (ਜੂਨ 2023) ਕਿ ਫੰਡਾਂ ਦੀ ਉਪਲਬਧਤਾ ਦੇ ਅਧਾਰ ਤੇ ਵਿਕਾਸ ਨਿਰੰਤਰ ਪ੍ਰਕਿਰਿਆ ਸੀ। ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਸਰਕਾਰ ਦੇ ਸੰਕਲਪ ਨੂੰ ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ ਤੇ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਉਪਲਬਧ ਕਰਾਉਣ ਲਈ ਕਿਸੇ ਵੀ ਫੈਸਲੇ ਅਤੇ ਫੰਡਾਂ ਦੇ ਲੋੜੀਂਦੇ ਪ੍ਰਬੰਧਾਂ ਦੁਆਰਾ ਸਮਰਥਨ ਨਹੀਂ ਕੀਤਾ ਗਿਆ ਸੀ।

ਦਸੰਬਰ 2022 ਤੱਕ ਵਿਭਾਗ ਕੋਲ ਉਪਲਬਧ ਖੇਡ ਬੁਨਿਆਦੀ ਢਾਂਚੇ ਦੀ ਸਥਿਤੀ, **ਸਾਰਣੀ 3.3** ਵਿੱਚ ਦਰਸਾਈ ਗਈ ਹੈ।

**ਸਾਰਣੀ 3.3: ਦਸੰਬਰ 2022 ਤੱਕ ਪੰਜਾਬ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਦੀ ਸਥਿਤੀ**

| ਖੇਡਾਂ ਦੇ ਬੁਨਿਆਦੀ ਢਾਂਚੇ ਦੀ ਕਿਸਮ | ਖੇਡਾਂ ਦਾ ਬੁਨਿਆਦੀ ਢਾਂਚਾ | | | | | |
|---|---|---|---|---|---|---|
| | 31 ਮਾਰਚ 2019 ਤੱਕ | ਅਪ੍ਰੈਲ 2019 ਅਤੇ ਮਾਰਚ 2022 ਵਿਚਕਾਰ ਲਏ ਗਏ ਨਵੇਂ ਪ੍ਰੋਜੈਕਟ | | ਅਪ੍ਰੈਲ 2019 ਅਤੇ ਮਾਰਚ 2022 ਵਿਚਕਾਰ ਅਪਗ੍ਰੇਡੇਸ਼ਨ ਲਈ ਲਏ ਗਏ | | 31 ਦਸੰਬਰ 2022 ਤੱਕ |
| | | ਮੁਕੰਮਲ | ਪ੍ਰਗਤੀ ਅਧੀਨ | ਮੁਕੰਮਲ | ਪ੍ਰਗਤੀ ਅਧੀਨ | |
| 1 | 2 | 3 | 4 | 5 | 6 | 7 (2+3) |
| ਸਟੇਡੀਅਮ (ਇੰਡੋਰ ਅਤੇ ਆਊਟਡੋਰ), ਬਹੁ-ਮੰਤਵੀ ਹਾਲ, ਸ਼ੂਟਿੰਗ ਰੇਂਜ, ਹਾਕੀ ਸਟੇਡੀਅਮ, ਸਵੀਮਿੰਗ ਪੂਲ ਆਦਿ | 99 | 9*[8] | 6[9] | 42 | 17 | 108* |
| ਪਟਿਆਲਾ ਵਿਖੇ ਖੇਡ ਯੂਨੀਵਰਸਿਟੀ | 0 | 0 | 1 | 0 | - | - |
| **ਜੋੜ** | **99** | **9** | **7** | **42** | **17** | **108** |

*ਸ੍ਰੋਤ: ਵਿਭਾਗੀ ਡਾਟਾ*

* *ਵਿਭਾਗ ਦੇ ਜਵਾਬ (ਮਈ 2023) ਦੇ ਅਨੁਸਾਰ, ਫਰਵਰੀ ਅਤੇ ਅਪ੍ਰੈਲ 2023 ਦੇ ਵਿਚਕਾਰ ਮੁਕੰਮਲ ਹੋਏ ਤਿੰਨ ਨਮੂਨਾ-ਜਾਂਚ ਕੀਤੇ ਗਏ ਪ੍ਰੋਜੈਕਟ ਸ਼ਾਮਲ ਹਨ।*

---

7 (i) ਅੰਮ੍ਰਿਤਸਰ; (ii) ਬਠਿੰਡਾ; (iii) ਫਰੀਦਕੋਟ; (iv) ਫਿਰੋਜ਼ਪੁਰ; (v) ਜਲੰਧਰ; (vi) ਲੁਧਿਆਣਾ; (vii) ਮਲੇਰਕੋਟਲਾ; (viii) ਪਠਾਨਕੋਟ; (ix) ਰੂਪਨਗਰ; (x) ਐਸ ਏ ਐਸ ਨਗਰ ਅਤੇ (xi) ਸੰਗਰੂਰ ।

8 ਫਿਰੋਜ਼ਪੁਰ, ਮੁਹਾਲੀ ਅਤੇ ਹੁਸ਼ਿਆਰਪੁਰ ਵਿੱਚ ਦੋ-ਦੋ ਅਤੇ ਸ੍ਰੀ ਮੁਕਤਸਰ ਸਾਹਿਬ, ਪਟਿਆਲਾ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਇੱਕ-ਇੱਕ।

9 ਫਾਜ਼ਿਲਕਾ, ਗੁਰਦਾਸਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਇੱਕ-ਇੱਕ ਅਤੇ ਜਲੰਧਰ ਜ਼ਿਲ੍ਹੇ ਵਿੱਚ ਤਿੰਨ ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵਿਭਾਗ ਨੇ 28 ਨਵੇਂ ਪ੍ਰੋਜੈਕਟਾਂ ਦੀ ਯੋਜਨਾ ਬਣਾਈ ਹੈ, ਜਿਨ੍ਹਾਂ ਵਿੱਚੋਂ 12 ਪ੍ਰੋਜੈਕਟ (16 ਪ੍ਰੋਜੈਕਟਾਂ ਵਿੱਚੋਂ, ਜਿਵੇਂ ਕਿ **ਸਾਰਣੀ 3.3** ਵਿੱਚ ਦਰਸਾਇਆ ਗਿਆ ਹੈ) 2019-2022 ਦੇ ਸਮੇਂ ਦੌਰਾਨ ਉਸਾਰੀ ਲਈ ਲਏ ਗਏ ਸਨ। ਅਪ੍ਰੈਲ 2019 ਅਤੇ ਮਾਰਚ 2022 ਦੇ ਵਿਚਕਾਰ ਖੇਡ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਮੁਕੰਮਲ ਹੋਣ ਦੀ ਸਥਿਤੀ ਹੇਠਾਂ ਦਿੱਤੀ ਗਈ ਹੈ:

### 3.3.1 ਖੇਡਾਂ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਪ੍ਰਗਤੀ

#### *(i) ਖੇਡਾਂ ਦੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਵਿੱਚ ਦੇਰੀ ਅਤੇ ਗੈਰ-ਕਾਰਜਸ਼ੀਲਤਾ*

ਨੌਂ ਪ੍ਰੋਜੈਕਟਾਂ ਵਿੱਚੋਂ ਸੱਤ ਨਮੂਨਾ-ਜਾਂਚ ਕੀਤੇ ਗਏ ਪ੍ਰੋਜੈਕਟ ਜੋ ਕਿ ਸਾਲ 2016[10] ਅਤੇ ਸਤੰਬਰ 2021 ਦੇ ਵਿਚਕਾਰ ਸ਼ੁਰੂ ਕੀਤੇ ਗਏ ਸਨ, ₹ 16.74 ਕਰੋੜ ਦੇ ਖਰਚੇ ਤੋਂ ਬਾਅਦ 4 ਅਤੇ 76 ਮਹੀਨਿਆਂ ਦੇ ਵਿਚਕਾਰ ਦੀ ਦੇਰੀ ਨਾਲ ਮੁਕੰਮਲ ਕੀਤੇ ਗਏ ਸਨ (ਜੁਲਾਈ 2022-ਅਪ੍ਰੈਲ 2023)। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਵਿੱਚ ਦੇਰੀ ਦੇ ਕਾਰਨ ਫੰਡ ਜਾਰੀ ਕਰਨ ਵਿੱਚ ਦੇਰੀ, ਵਿਘਨ-ਮੁਕਤ ਸਾਈਟ ਦੀ ਗੈਰ-ਵਿਵਸਥਾ, ਕੰਮ ਦੇ ਕਾਰਜ-ਖੇਤਰ ਵਿੱਚ ਤਬਦੀਲੀ, ਢਾਂਚਾਗਤ ਡਿਜ਼ਾਇਨ ਪ੍ਰਦਾਨ ਕਰਨ ਵਿੱਚ ਦੇਰੀ ਅਤੇ ਚਾਰਦੀਵਾਰੀ ਲਈ ਜ਼ਮੀਨ ਦੀ ਹੱਦਬੰਦੀ ਸ਼ਾਮਲ ਸਨ। ਮੁਕੰਮਲ ਹੋਏ ਇਨ੍ਹਾਂ ਸੱਤ ਪ੍ਰੋਜੈਕਟਾਂ ਵਿੱਚੋਂ ਤਿੰਨ ਪ੍ਰੋਜੈਕਟਾਂ (₹ 10.78 ਕਰੋੜ) ਨੂੰ ਖੇਡ ਕੰਪਲੈਕਸ ਦੇ ਅੰਦਰ ਲੱਗੇ ਬਿਜਲੀ ਦੇ ਖੰਭਿਆਂ ਨੂੰ ਅਤੇ ਟਰਾਂਸਫਾਰਮਰਾਂ ਨੂੰ ਨਾ ਹਟਾਏ ਜਾਣ, ਉਸਾਰੀ ਵਿਚਲੇ ਨੁਕਸ ਨੂੰ ਦੂਰ ਨਾ ਕੀਤੇ ਜਾਣ, ਇਲੈਕਟ੍ਰਾਨਿਕ ਸ਼ੂਟਿੰਗ ਟਾਰਗੇਟਜ਼ ਦੀ ਖਰੀਦ ਅਤੇ ਸਥਾਪਨਾ ਨਾ ਕਰਨ ***(ਅੰਤਿਕਾ 3.2)*** ਕਰਕੇ 7-20 ਮਹੀਨੇ ਬੀਤ ਜਾਣ ਦੇ ਬਾਵਜੂਦ ਅਪ੍ਰੈਲ 2023 ਤੱਕ ਕਾਰਜਸ਼ੀਲ ਨਹੀਂ ਕੀਤਾ ਗਿਆ ਸੀ। ਸਰਕਾਰ ਨੇ ਭਵਿੱਖ ਵਿੱਚ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਯਤਨ ਕਰਨ ਦਾ ਭਰੋਸਾ ਦਿੱਤਾ (ਜੂਨ 2023)।

ਪ੍ਰਗਤੀ ਅਧੀਨ ਛੇ ਪ੍ਰੋਜੈਕਟਾਂ ਵਿੱਚੋਂ, ਇੱਕ ਨਮੂਨਾ-ਜਾਂਚ ਕੀਤੇ ਗਏ ਪ੍ਰੋਜੈਕਟ ਨੂੰ (ਪਿੰਡ ਹਰਪੂਰਾ ਧੰਦੋਈ, ਗੁਰਦਾਸਪੁਰ ਵਿਖੇ ਖੇਡ ਸਟੇਡੀਅਮ ਦਾ ਨਿਰਮਾਣ) ਨਵੰਬਰ 2021 ਵਿੱਚ ਸ਼ੁਰੂ ਕੀਤਾ ਗਿਆ ਸੀ ਜੋ ਕਿ ਮੁਕੰਮਲ ਹੋਣ ਦੀ ਨਿਰਧਾਰਿਤ ਮਿਤੀ ਜੁਲਾਈ 2022 ਦੇ ਬਾਵਜੂਦ ਅਜੇ ਤੱਕ ਮੁਕੰਮਲ ਨਹੀਂ ਹੋਇਆ ਸੀ (ਅਪ੍ਰੈਲ 2023)। ਇਹ ਦੇਖਿਆ ਗਿਆ ਕਿ ਵਿਭਾਗ ਦੇ ਨਾਂ ਤੇ ਜ਼ਮੀਨ ਦੇ ਤਬਦਾਲੇ ਵਿੱਚ ਦੇਰੀ, ਕੰਮ ਦੇ ਦਾਇਰੇ ਵਿੱਚ ਤਬਦੀਲੀ, ਚਾਰਦੀਵਾਰੀ ਲਈ ਜ਼ਮੀਨ ਦੀ ਨਿਸ਼ਾਨਦੇਹੀ ਵਿੱਚ ਦੇਰੀ ਆਦਿ ਕਾਰਨ ਪ੍ਰੋਜੈਕਟ ਮੁਕੰਮਲ ਨਹੀਂ ਹੋਇਆ। ਸਰਕਾਰ ਨੇ ਜਲਦ ਹੀ ਮੁਕੰਮਲ ਕਰਨ ਦਾ ਭਰੋਸਾ ਦਿੱਤਾ (ਜੂਨ 2023)।

#### *(ii) ਸਪੋਰਟਸ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ*

ਖੇਡ ਨੀਤੀ, 2018 ਵਿੱਚ ਖੇਡ ਵਿਗਿਆਨਾਂ, ਖੇਡ ਤਕਨਾਲੋਜੀ, ਖੇਡ ਪ੍ਰਬੰਧਨ, ਖੇਡ ਕੋਚਿੰਗ, ਆਦਿ ਦੇ ਖੇਤਰਾਂ ਵਿੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਚੁਣੇ ਹੋਏ ਵੱਖਰੇ ਵਿਸ਼ਿਆਂ ਲਈ

10 ਇੱਕ ਪ੍ਰੋਜੈਕਟ ਜਿਵੇਂ 'ਮਾਹਿਲਪੁਰ, ਹੁਸ਼ਿਆਰਪੁਰ ਵਿਖੇ ਫੁੱਟਬਾਲ ਸਟੇਡੀਅਮ' ਸ਼ੁਰੂਆਤ ਵਿੱਚ ਸਾਲ 2016 ਵਿੱਚ ਅਲਾਟ ਕੀਤਾ ਗਿਆ ਸੀ, ਫੰਡਾਂ ਦੀ ਘਾਟ ਕਾਰਨ ਮੁਕੰਮਲ ਨਹੀਂ ਹੋ ਸਕਿਆ, ਜਿਸ ਨੂੰ ਨਵੰਬਰ 2021 ਵਿੱਚ ਦੁਬਾਰਾ ਅਲਾਟ ਕੀਤਾ ਗਿਆ ਸੀ।

ਇੱਕ ਰਾਜ ਸਿਖਲਾਈ ਕੇਂਦਰ ਵਜੋਂ ਕੰਮ ਕਰਨ ਲਈ, ਇੱਕ ਸਪੋਰਟਸ ਯੂਨੀਵਰਸਿਟੀ ਦੀ ਸਥਾਪਨਾ ਕਰਨ ਦੀ ਕਲਪਨਾ ਕੀਤੀ ਗਈ । ਇਸ ਅਨੁਸਾਰ, ਪੰਜਾਬ ਰਾਜ ਸਪੋਰਟਸ ਕੌਂਸਲ ਨੇ ਪਟਿਆਲਾ ਵਿਖੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਫੇਜ਼-I ਉਸਾਰੀ ਦੇ ਕੰਮ ਲਈ ₹ 25.00 ਕਰੋੜ ਦੀ ਲਾਗਤ ਨਾਲ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਮੰਡਲ (ਬੀ ਐਂਡ ਆਰ), ਪਟਿਆਲਾ ਨੂੰ ਪ੍ਰਵਾਨਗੀ (ਨਵੰਬਰ 2020) ਦਿੱਤੀ। ਇਹ ਸਾਰਾ ਕੰਮ ਦਸੰਬਰ 2023 ਤੱਕ ₹ 498.75 ਕਰੋੜ ਦੀ ਅਨੁਮਾਨਿਤ ਲਾਗਤ ਨਾਲ ਪੂਰਾ ਕੀਤਾ ਜਾਣਾ ਸੀ। ਸਪੋਰਟਸ ਯੂਨੀਵਰਸਿਟੀ[11] ਨੂੰ ਪਟਿਆਲਾ ਵਿਖੇ ਹੋਰ ਇਮਾਰਤਾਂ[12] ਵਿੱਚ ਕਾਰਜਸ਼ੀਲ ਬਣਾਇਆ ਗਿਆ ਸੀ (ਸਤੰਬਰ 2019)।

ਦਸੰਬਰ 2023 ਤੱਕ ਸਪੋਰਟਸ ਯੂਨੀਵਰਸਿਟੀ ਦੀ ਸਥਾਪਨਾ ਲਈ ₹ 498.75 ਕਰੋੜ ਦੇ ਅਨੁਮਾਨ ਦੇ ਮੁਕਾਬਲੇ, ਜੀ ਓ ਪੀ ਨੇ ਫੇਜ਼-I ਲਈ ₹ 60.00 ਕਰੋੜ ਅਨੁਮਾਨ ਦੇ ਮੁਕਾਬਲੇ ਦਸੰਬਰ 2022 ਤੱਕ ਸਿਰਫ ₹ 29.38 ਕਰੋੜ ਜਾਰੀ ਕੀਤੇ। ਪ੍ਰਾਪਤ ਹੋਏ ਫੰਡਾਂ ਨਾਲ, ਚਾਰਦੀਵਾਰੀ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਫੇਜ਼-I ਅਧੀਨ ਅਕਾਦਮਿਕ ਬਲਾਕ, ਲੜਕੀਆਂ ਅਤੇ ਲੜਕਿਆਂ ਦੇ ਹੋਸਟਲ ਅਤੇ ਹੋਰ ਸਹਾਇਕ ਕੰਮ[13] ਪ੍ਰਗਤੀ ਅਧੀਨ ਸਨ (ਜਨਵਰੀ 2023)। ਐਫ ਡੀ ਨੇ ਇਸ ਉਦੇਸ਼ ਲਈ ਸਾਲ 2023-24 ਦੌਰਾਨ ਸਿਰਫ ₹ 40.00 ਕਰੋੜ ਦੇ ਉਪਬੰਧ ਨੂੰ ਮਨਜ਼ੂਰੀ ਦਿੱਤੀ ਸੀ।

ਇਸ ਤਰ੍ਹਾਂ, ਲੋੜੀਂਦੇ ਫੰਡਾਂ ਦੀ ਵਿਵਸਥਾ ਦੁਆਰਾ ਯੋਜਨਾਵਾਂ ਦਾ ਸਮਰਥਨ ਨਹੀਂ ਕੀਤਾ ਗਿਆ ਜਿਸ ਨਾਲ ਯੂਨੀਵਰਸਿਟੀ ਦੇ ਲੋੜੀਂਦੇ ਬੁਨਿਆਦੀ ਢਾਂਚੇ ਦੀ ਸਥਾਪਨਾ ਵਿੱਚ ਦੇਰੀ ਹੋਈ।

### *(iii) ਮੌਜੂਦਾ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨਾ*

ਪੀ ਐਸ ਐਸ ਸੀ ਨੇ 2019-20 ਤੋਂ 2021-22 ਦੀ ਮਿਆਦ ਦੇ ਦੌਰਾਨ ਰਾਜ ਦੇ 15 ਜ਼ਿਲ੍ਹਿਆਂ ਵਿੱਚ ਮੌਜੂਦਾ 52 ਖੇਡ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ (39 ਮੁਰੰਮਤ ਅਤੇ ਨਵਿਆਉਣ ਦੇ ਕੰਮਾਂ ਸਮੇਤ) ਦੇ ਅਪਗ੍ਰੇਡੇਸ਼ਨ ਦਾ ਕੰਮ ਵੀ ਲਿਆ ਸੀ, ਜਿਸ ਦੇ ਵਿਰੁੱਧ ਦਸੰਬਰ 2022 ਤੱਕ ₹ 36.17 ਕਰੋੜ ਖਰਚ ਕੀਤੇ ਗਏ ਸਨ। ਇਨ੍ਹਾਂ 52 ਪ੍ਰੋਜੈਕਟਾਂ ਵਿੱਚੋਂ :

- ₹ 11.63 ਕਰੋੜ ਦੀ ਲਾਗਤ ਵਾਲੇ ਤੀਹ ਪ੍ਰੋਜੈਕਟ, ਸਮੇਂ ਸਿਰ ਮੁਕੰਮਲ ਕੀਤੇ ਗਏ;
- ₹ 21.34 ਕਰੋੜ ਦੀ ਲਾਗਤ ਵਾਲੇ ਦਸ ਪ੍ਰੋਜੈਕਟ 02 ਤੋਂ 12 ਮਹੀਨਿਆਂ ਦੀ ਦੇਰੀ ਤੋਂ ਬਾਅਦ ਪੂਰੇ ਕੀਤੇ ਗਏ ਸਨ; ਅਤੇ
- ₹ 3.20 ਕਰੋੜ ਦੀ ਲਾਗਤ ਵਾਲੇ ਬਾਰਾਂ ਪ੍ਰੋਜੈਕਟ 01 ਤੋਂ 37 ਮਹੀਨਿਆਂ ਦੀ ਦੇਰੀ ਤੋਂ ਬਾਅਦ ਵੀ ਅਧੂਰੇ ਸਨ।

---

11 ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਐਕਟ, 2019 ਦੇ ਅਧੀਨ ਸਥਾਪਿਤ ।

12 ਪ੍ਰੋਫੈਸਰ ਗੁਰਸੇਵਕ ਸਿੰਘ ਸਰਕਾਰੀ ਸਰੀਰਕ ਸਿੱਖਿਆ ਕਾਲਜ, ਪਟਿਆਲਾ ਵਿਖੇ ਅਕਾਦਮਿਕ ਸ਼ੈਸ਼ਨ ਅਤੇ ਮਹਿੰਦਰਾ ਕੋਠੀ, ਪਟਿਆਲਾ ਵਿਖੇ ਪ੍ਰਬੰਧਕੀ ਗਤੀਵਿਧੀਆਂ।

13 ਅੰਦਰੂਨੀ ਸੜਕਾਂ, ਪਾਰਕਿੰਗ ਆਦਿ।



**ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਦਾ ਅਧੂਰਾ ਕੰਮ (ਮਈ 2023)**

ਲੇਖਾ ਪ੍ਰੀਖਿਆ ਨੇ ਦੋ ਨਮੂਨਾ-ਜਾਂਚ ਕੀਤੇ ਗਏ ਪ੍ਰੋਜੈਕਟਾਂ ਵਿੱਚੋਂ ਇੱਕ ਵਿੱਚ ਦੇਖਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਦੀ ਮੁਰੰਮਤ ਅਤੇ ਨਵਿਆਉਣ ਦਾ ਕੰਮ ਪੰਜਾਬ ਮੰਡੀ ਬੋਰਡ (ਪੀ ਐਮ ਬੀ) ਰਾਹੀਂ ₹ 1.43 ਕਰੋੜ ਦੀ ਲਾਗਤ ਨਾਲ ਅਲਾਟ ਕੀਤਾ ਗਿਆ ਸੀ (ਮਈ 2019) ਜੋ ਕਿ ਨਵੰਬਰ 2019 ਵਿੱਚ ਪੂਰਾ ਹੋਣਾ ਸੀ। ਹਾਲਾਂਕਿ, ਪੀ ਐਸ ਐਸ ਸੀ ਨੇ ਪੀ ਐਮ ਬੀ ਨੂੰ ਸਿਰਫ ₹ 0.36 ਕਰੋੜ ਜਾਰੀ ਕੀਤੇ (ਅਗਸਤ 2019)। ਪੀ ਐਸ ਐਸ ਸੀ ਦੁਆਰਾ ਪੂਰੇ ਫੰਡ ਜਾਰੀ ਨਾ ਕੀਤੇ ਜਾਣ ਕਾਰਨ, ਇਸ ਤੇ ₹ 0.59 ਕਰੋੜ ਦੇ ਖਰਚੇ ਤੋਂ ਬਾਅਦ ਕੰਮ ਨੂੰ ਰੋਕ ਦਿੱਤਾ ਗਿਆ ਸੀ (ਨਵੰਬਰ 2019)। ਇਸ ਤੋਂ ਬਾਅਦ, ਪੀ ਐਸ ਐਸ ਸੀ ਨੇ ਜੁਲਾਈ 2020 ਅਤੇ ਮਾਰਚ 2021 ਦਰਮਿਆਨ ਪੀ ਐਮ ਬੀ ਨੂੰ ₹ 1.07 ਕਰੋੜ[14] ਦਾ ਬਕਾਇਆ ਫੰਡ ਜਾਰੀ ਕੀਤਾ ਪਰ ਕੰਮ ਦੇ ਸੋਧੇ ਹੋਏ ਅਨੁਮਾਨ ਨੂੰ ਅੰਤਮ ਰੂਪ ਨਾ ਦਿੱਤੇ ਜਾਣ ਕਾਰਨ ਕੰਮ ਨੂੰ ਦੁਬਾਰਾ ਸ਼ੁਰੂ ਨਹੀਂ ਕੀਤਾ ਜਾ ਸਕਿਆ (ਦਸੰਬਰ 2022)। ₹ 0.84 ਕਰੋੜ ਦੇ ਬਕਾਇਆ ਫੰਡ ਪੀ ਐਮ ਬੀ ਕੋਲ ਅਣਵਰਤੇ ਪਏ ਸਨ।

ਸਰਕਾਰ ਨੇ ਤੱਥਾਂ ਨੂੰ ਸਵੀਕਾਰ ਕਰਦੇ ਹੋਏ ਜਵਾਬ ਦਿੱਤਾ (ਮਈ 2023) ਕਿ ਕੰਮ ਲਈ ਸੋਧੀ ਹੋਈ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਕਿਰਿਆ ਅਧੀਨ ਹੈ ਅਤੇ ਕੰਮ ਨੂੰ ਜਲਦੀ ਪੂਰਾ ਕਰ ਲਿਆ ਜਾਵੇਗਾ।

### *(iv) ਖੇਲੋ ਇੰਡੀਆ ਸਕੀਮ ਅਧੀਨ ਪ੍ਰੋਜੈਕਟ*

ਖੇਡਾਂ ਦੇ ਵਿਕਾਸ ਲਈ ਖੇਲੋ ਇੰਡੀਆ ਰਾਸ਼ਟਰੀ ਪ੍ਰੋਗਰਾਮ ਭਾਵ ਖੇਲੋ ਇੰਡੀਆ ਸਕੀਮ (ਕੇ ਆਈ ਐਸ) ਦਾ ਉਦੇਸ਼ ਸੰਗਠਿਤ ਪ੍ਰਤਿਭਾ ਦੀ ਪਛਾਣ, ਢਾਂਚਾਗਤ ਖੇਡ ਮੁਕਾਬਲਿਆਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਰਾਹੀਂ ਜ਼ਮੀਨੀ ਪੱਧਰ ਤੇ ਭਾਰਤ ਦੇ ਖੇਡ ਸਭਿਆਚਾਰ ਨੂੰ ਬਿਹਤਰ ਬਣਾਉਣਾ ਹੈ। ਯੂਵਾ ਮਾਮਲੇ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ (ਜੀ ਓ ਆਈ) ਨੇ (ਜੁਲਾਈ 2017 – ਜਨਵਰੀ 2022) ₹ 42.97 ਕਰੋੜ ਦੇ ਸੱਤ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ, ਜਿਨ੍ਹਾਂ ਵਿੱਚ ₹ 22.60 ਕਰੋੜ ਦੇ ਪੰਜ ਪ੍ਰੋਜੈਕਟਾਂ[15] ਲਈ ਜਾਰੀ ਕੀਤੇ ਗਏ ਸਨ

14 ਜੁਲਾਈ ਅਤੇ ਸਤੰਬਰ 2020 ਵਿੱਚ ₹ 0.19 ਕਰੋੜ; ਅਤੇ ਮਾਰਚ 2021 ਵਿੱਚ ₹ 0.88 ਕਰੋੜ।

15 (i) ਵਾਰ ਹੀਰੋ ਸਟੇਡੀਅਮ, ਸੰਗਰੂਰ ਵਿਖੇ ਬਹੁ-ਮੰਤਵੀ ਇਨਡੋਰ ਹਾਲ (₹ 7.47 ਕਰੋੜ); (ii) ਸ੍ਰੀ ਮਤੀ ਲਾਜਵੰਤੀ ਖੇਡ ਕੰਪਲੈਕਸ, ਹੁਸ਼ਿਆਰਪੁਰ ਵਿਖੇ ਬਹੁ-ਮੰਤਵੀ ਇਨਡੋਰ ਹਾਲ (₹ 6.75 ਕਰੋੜ); (iii) ਪਿੰਡ ਭੰਗਾਲ ਕਲਾਂ, ਨਵਾਂਸ਼ਹਿਰ ਵਿਖੇ ਬਹੁ-ਮੰਤਵੀ ਇਨਡੋਰ ਹਾਲ (₹ 2.25 ਕਰੋੜ); (iv) ਪਿੰਡ ਮਰਾੜ, ਗੁਰਦਾਸਪੁਰ ਵਿਖੇ ਸਿਨਥੇਟਿਕ ਹਾਕੀ ਟਰਫ ਵਛਾਉਣਾ (₹ 2.63 ਕਰੋੜ); ਅਤੇ (v) ਸ਼ਹੀਦ ਭਗਤ ਸਿੰਘ ਸਟੇਡੀਅਮ ਫਿਰੋਜ਼ਪੁਰ ਵਿਖੇ ਸਿਨਥੈਟਿਕ ਅਥਲੈਟਿਕ ਟਰੈਕ ਵਛਾਉਣਾ (₹ 3.50 ਕਰੋੜ)।

(ਅਕਤੂਬਰ 2017 – ਅਪ੍ਰੈਲ 2022)। ਹਲਾਂਕਿ, ਦਸੰਬਰ 2022 ਤੱਕ ਦੋ[16] ਮਨਜ਼ੂਰ ਕੀਤੇ ਗਏ ਪ੍ਰੋਜੈਕਟਾਂ ਲਈ ਕੋਈ ਫੰਡ ਜਾਰੀ ਨਹੀਂ ਕੀਤੇ ਗਏ ਸਨ। ਕੇ ਆਈ ਐਸ ਅਧੀਨ ਚਾਰ ਚੁਣੇ ਗਏ ਪ੍ਰੋਜੈਕਟਾਂ ਦੀ ਨਮੂਨਾ-ਜਾਂਚ ਨੇ ਦਰਸਾਇਆ :

**(ੳ)** ਭਾਰਤ ਸਰਕਾਰ ਨੇ ਬਹੁ-ਮੰਤਵੀ ਇਨਡੋਰ ਹਾਲ, ਭੰਗਾਲ ਕਲਾਂ, ਨਵਾਂਸ਼ਹਿਰ ਪ੍ਰੋਜੈਕਟ ਦੇ ਨਿਰਮਾਣ ਲਈ ₹ 4.50 ਕਰੋੜ ਦੀ ਮਨਜ਼ੂਰੀ ਦਿੱਤੀ (ਦਸੰਬਰ 2020) ਅਤੇ ਫੰਡ ਲੋੜੀਂਦੇ ਦਸਤਾਵੇਜਾਂ[17] ਨੂੰ ਜਮ੍ਹਾਂ ਕਰਵਾਉਣ ਤੇ ਜਾਰੀ ਕੀਤੇ ਜਾਣੇ ਸਨ। ਪੀ ਐਸ ਐਸ ਸੀ ਨੇ, ਇਕ ਸਾਲ ਬੀਤ ਜਾਣ ਤੋਂ ਬਾਅਦ, ਜ਼ਮੀਨ ਦਾ ਕਬਜ਼ਾ ਲੈਣ ਅਤੇ ਪ੍ਰੋਜੈਕਟ ਦੀ ਡਰਾਇੰਗਾਂ ਨੂੰ ਅੰਤਮ ਰੂਪ ਦੇਣ ਤੋਂ ਬਾਅਦ 10 ਮਹੀਨਿਆਂ (ਅਕਤੂਬਰ 2022) ਵਿੱਚ ਖਤਮ ਕਰਨ ਲਈ ₹ 5.11[18] ਕਰੋੜ ਦੀ ਲਾਗਤ ਨਾਲ ਕੰਮ ਅਲਾਟ ਕੀਤਾ (ਦਸੰਬਰ 2021) ਗਿਆ; ਅਤੇ ਜੀ ਓ ਆਈ ਨੂੰ ਫੰਡ ਜਾਰੀ ਕਰਨ ਲਈ ਲੋੜੀਂਦੇ ਦਸਤਾਵੇਜ ਜਮ੍ਹਾਂ ਕਰਵਾਏ (ਦਸੰਬਰ 2021)। ਜੀ ਓ ਆਈ ਨੇ ₹ 2.25 ਕਰੋੜ ਦੀ ਪਹਿਲੀ ਕਿਸ਼ਤ (ਮਾਰਚ 2022) ਜਾਰੀ ਕੀਤੀ। ਹਾਲਾਂਕਿ, ਡਰਾਇੰਗਾਂ, ਹਾਈ-ਟੈਂਸ਼ਨ ਲਾਈਨਾਂ ਅਤੇ ਬਿਜਲੀ ਦੀ ਤਾਰ ਦੇ ਖੰਬਿਆਂ ਦਾ ਸਥਾਨ ਬਦਲਣ, ਆਦਿ ਕਾਰਨ ਕੰਮ ਨੂੰ ਕਰਨ ਵਿੱਚ ਦੇਰੀ ਹੋਈ। ਹਾਲਾਂਕਿ ਪੀ ਐਸ ਐਸ ਸੀ ਨੇ ਜਨਵਰੀ 2023 ਵਿੱਚ ਜੀ ਓ ਆਈ ਨੂੰ ਹੋਰ ਲੋੜੀਂਦੇ ਦਸਤਾਵੇਜਾਂ ਦੇ ਨਾਲ ਪਹਿਲਾਂ ਦਿੱਤੀ ਗ੍ਰਾਂਟ ਦਾ ਉਪਭੋਗਤਾ ਸਰਟੀਫਿਕੇਟ ਜਮ੍ਹਾਂ ਕਰ ਦਿੱਤਾ ਸੀ, ਰਹਿੰਦੇ ਫੰਡਾਂ ਨੂੰ ਪ੍ਰਾਪਤ ਕਰਨਾ ਬਾਕੀ ਸੀ (ਜਨਵਰੀ 2023)। ਨਤੀਜੇ ਵਜੋਂ, ਇਸ ਸਕੀਮ ਅਧੀਨ ਪ੍ਰੋਜੈਕਟ ਦੀ ਪ੍ਰਵਾਨਗੀ ਦੀ ਮਿਤੀ (ਦਸੰਬਰ 2020- ਅਪ੍ਰੈਲ 2023) ਤੋਂ 29 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਪੂਰਾ ਨਹੀਂ ਕੀਤਾ ਜਾ ਸਕਿਆ।

ਸਰਕਾਰ ਨੇ ਕਿਹਾ (ਜੂਨ 2023) ਕਿ ਕੰਮ ਪੂਰਾ ਕਰਨ ਅਤੇ ਇਸ ਨੂੰ ਕਾਰਜਸ਼ੀਲ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਤੱਥ ਇਹ ਰਹੇ ਕਿ ਭਾਰਤ ਸਰਕਾਰ ਨੂੰ ਲੋੜੀਂਦੇ ਦਸਤਾਵੇਜ ਸਮੇਂ ਸਿਰ ਜਮ੍ਹਾਂ ਨਾ ਕਰਵਾਉਣ ਅਤੇ ਵਿਘਨ-ਮੁਕਤ ਸਾਈਟ ਦੀ ਅਣਉਪਲਬਧਤਾ, ਗ੍ਰਾਂਟ ਦੀ ਦੇਰੀ/ਨਾ ਪ੍ਰਾਪਤੀ ਦੇ ਨਤੀਜੇ ਵਜੋਂ ਖੇਡ ਬੁਨਿਆਦੀ ਢਾਂਚਾ ਪੂਰਾ ਨਾ ਹੋਇਆ ਜਿਸ ਨਾਲ ਖਿਡਾਰੀਆਂ ਨੂੰ ਯੋਜਨਾਬੱਧ ਸਹੂਲਤਾਂ ਤੋਂ ਵਾਂਝੇ ਰੱਖਿਆ ਗਿਆ।

**(ਅ)** ਭਾਰਤ ਸਰਕਾਰ ਨੇ ਇਸ ਸਕੀਮ ਦੇ ਅਧੀਨ (i) ਵਾਰ ਹੀਰੋਜ਼ ਸਟੇਡੀਅਮ, ਸੰਗਰੂਰ ਵਿਖੇ ਬਹੁ-ਮੰਤਵੀ ਹਾਲ (ਸਤੰਬਰ 2017 ਵਿੱਚ ₹ 7.47 ਕਰੋੜ); ਅਤੇ (ii) ਸ੍ਰੀ ਮਤੀ ਲਾਜਵੰਤੀ ਖੇਡ ਕੰਪਲੈਕਸ, ਹੁਸ਼ਿਆਰਪੁਰ ਵਿਖੇ ਬਹੁ-ਮੰਤਵੀ ਇਨਡੋਰ ਹਾਲ (ਜੁਲਾਈ 2017 ਵਿੱਚ ₹ 7.00 ਕਰੋੜ) ਨਾਮਕ ਦੋ ਹੋਰ ਪ੍ਰੋਜੈਕਟਾਂ ਦੀ ਮਨਜ਼ੂਰੀ ਦਿੱਤੀ ਅਤੇ ਕ੍ਰਮਵਾਰ ₹ 7.47 ਕਰੋੜ (ਅਪ੍ਰੈਲ 2018-ਫਰਵਰੀ 2021) ਅਤੇ ₹ 6.75 ਕਰੋੜ (ਅਕਤੂਬਰ 2017-ਮਈ 2021) ਜਾਰੀ ਕੀਤੇ। ਹਾਲਾਂਕਿ, ਇਹ ਦੋਵੇਂ ਪ੍ਰੋਜੈਕਟ ਮੁਕੰਮਲ ਹੋਣ ਦੀ ਨਿਰਧਾਰਿਤ ਮਿਤੀ ਤੋਂ ਕ੍ਰਮਵਾਰ ਅਪ੍ਰੈਲ 2019 ਅਤੇ ਜੁਲਾਈ 2018 ਵਿੱਚ 23 ਮਹੀਨਿਆਂ ਅਤੇ 32 ਮਹੀਨਿਆਂ ਦੀ ਦੇਰੀ ਤੋਂ ਬਾਅਦ (ਮਾਰਚ 2021) ਪੂਰੇ ਕੀਤੇ ਗਏ ਸਨ। ਪ੍ਰੋਜੈਕਟਾਂ ਦੇ ਮੁਕੰਮਲ ਹੋਣ ਵਿੱਚ ਦੇਰੀ ਦਾ ਕਾਰਨ ਫੰਡ ਜਾਰੀ ਕਰਨ ਵਿੱਚ ਦੇਰੀ, ਸਾਈਟ ਨੂੰ ਅੰਤਮ ਰੂਪ ਦੇਣ, ਡਰਾਇੰਗਾਂ ਅਤੇ ਰੰਗ ਸਕੀਮਾਂ, ਨਿਗਰਾਨ ਕਮੇਟੀ

16 (i) ਗੁਰੂ ਨਾਨਕ ਦੇਵ ਸਟੇਡੀਅਮ, ਅੰਮ੍ਰਿਤਸਰ ਵਿਖੇ ਸਿਨਥੈਟਿਕ ਅਥਲੈਟਿਕ ਟਰੈਕ ਵਿਛਾਉਣਾ; ਅਤੇ (ii) ਮਹਾਰਾਜਾ ਰਣਜੀਤ ਸਿੰਘ ਤਕਨੀਕੀ ਯੂਨੀਵਰਸਿਟੀ, ਬਠਿੰਡਾ ਵਿਖੇ ਬਹੁ-ਮੰਤਵੀ ਹਾਲ ਦਾ ਨਿਰਮਾਣ।

17 ਜ਼ਮੀਨ ਦਾ ਕਬਜਾ, ਸਮਝੌਤੇ ਦੀ ਕਾਪੀ, ਅਵਾਰਡ ਦਾ ਪੱਤਰ, ਆਦਿ।

18 ਪ੍ਰਵਾਨਿਤ ਰਾਸ਼ੀ (₹ 0.61 ਕਰੋੜ) ਤੋਂ ਵੱਧ ਦੀ ਲਾਗਤ ਪੀ ਐਸ ਐਸ ਸੀ ਦੁਆਰਾ ਸਹਿਣ ਕੀਤੀ ਜਾਣੀ ਸੀ।

ਦਾ ਗਠਨ ਆਦਿ ਸਨ। ਇਹ ਵੀ ਦੇਖਿਆ ਗਿਆ ਕਿ ਇਹ ਦੋ ਬਹੁਮੰਤਵੀ ਇਨਡੋਰ ਹਾਲ ਖੇਡ ਉਪਕਰਨਾਂ ਅਤੇ ਫਰਨੀਚਰ ਦੀ ਦੇਰੀ ਨਾਲ ਖਰੀਦ ਦੇ ਕਾਰਨ, ਮੁਕੰਮਲ ਹੋਣ ਦੀਆਂ ਮਿਤੀਆਂ ਤੋਂ ਕ੍ਰਮਵਾਰ 5 ਅਤੇ 13 ਮਹੀਨਿਆਂ ਦੀ ਦੇਰੀ ਨਾਲ ਅਗਸਤ 2021 ਅਤੇ ਮਈ 2022 ਵਿੱਚ ਕਾਰਜਸ਼ੀਲ ਹੋ ਗਏ ਸਨ।

ਇਸ ਤਰ੍ਹਾਂ, ਇਹ ਦੋ ਬਹੁ-ਮੰਤਵੀ ਇਨਡੋਰ ਹਾਲ ਕ੍ਰਮਵਾਰ 28 ਮਹੀਨਿਆਂ ਅਤੇ 45 ਮਹੀਨਿਆਂ ਦੀ ਸਮੁੱਚੀ ਦੇਰੀ ਤੋਂ ਬਾਅਦ ਕਾਰਜਸ਼ੀਲ ਬਣਾਏ ਗਏ ਸਨ।

ਸਰਕਾਰ ਨੇ (ਜੂਨ 2023) ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਹੋਰ ਉਪਰਾਲੇ ਕਰਨ ਦਾ ਭਰੋਸਾ ਦਿੱਤਾ।

**(ਏ)** ਭਾਰਤ ਸਰਕਾਰ ਨੇ ਪ੍ਰੋਜੈਕਟ ਜਿਵੇਂ ਕਿ ਗੁਰੂ ਨਾਨਕ ਦੇਵ ਸਟੇਡੀਅਮ ਅੰਮ੍ਰਿਤਸਰ ਵਿਖੇ ਸਿਨਥੈਟਿਕ ਅਥਲੈਟਿਕ ਟਰੈਕ ਵਿਛਾਉਣ ਲਈ ₹ 7.00 ਕਰੋੜ ਦੀ ਮਨਜ਼ੂਰੀ ਦਿੱਤੀ (ਅਪ੍ਰੈਲ 2021)। ਹਾਲਾਂਕਿ, ਪੀ ਐਸ ਐਸ ਸੀ ਦੁਆਰਾ 20 ਮਹੀਨੇ ਬੀਤ ਜਾਣ ਤੋਂ ਬਾਅਦ ਵੀ, ਕਾਰਜਕਾਰੀ ਏਜੰਸੀ ਦੀ ਚੋਣ ਨਾਂ ਕਰਨ, ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਸਮਾਂ-ਸੀਮਾਂ ਨਿਰਧਾਰਿਤ ਨਾਂ ਕਰਨ, ਆਦਿ ਕਾਰਨ ਜੀ ਓ ਆਈ ਨੇ ਕੋਈ ਗ੍ਰਾਂਟ (ਦਸੰਬਰ 2022) ਜਾਰੀ ਨਹੀਂ ਕੀਤੀ। ਅੰਤ ਵਿੱਚ, ਭਾਰਤ ਸਰਕਾਰ ਨੇ ਫੰਡਾਂ ਨੂੰ ਜਾਰੀ ਕਰਨ ਲਈ ਲੋੜੀਂਦੀਆਂ ਉਪਚਾਰਿਕਤਾਵਾਂ ਪੂਰੀਆਂ ਨਾਂ ਹੋਣ ਕਾਰਨ ਪ੍ਰੋਜੈਕਟ ਨੂੰ ਰੱਦ ਕਰ ਦਿੱਤਾ (ਜਨਵਰੀ 2023)। ਇਸ ਤਰ੍ਹਾਂ, ਪ੍ਰਸ਼ਾਸਕੀ ਪ੍ਰਕਿਰਿਆਵਾਂ ਵਿੱਚ ਦੇਰੀ ਕਾਰਨ ਰਾਜ ਕੇਂਦਰੀ ਪ੍ਰਾਯੋਜਿਤ ਖੇਡ ਸਹੂਲਤਾਂ ਤੋਂ ਵਾਂਝਾ ਰਹਿ ਗਿਆ ਸੀ।

## 3.4 ਖੇਡ ਉਪਕਰਣਾਂ ਦੀ ਖਰੀਦ ਅਤੇ ਵਰਤੋਂ

ਸਰਕਾਰ ਨੇ ਇਹ ਮਹਿਸੂਸ ਕਰਦੇ ਹੋਏ ਕਿ ਨੌਜਵਾਨਾਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਸਿਖਲਾਈ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਪ੍ਰਤੀਯੋਗਤਾਵਾਂ ਲਈ ਤਿਆਰ ਕਰਨ ਲਈ ਗੁਣਵੱਤਾ ਵਾਲੇ ਖੇਡ ਉਪਕਰਣ ਮਹਿੰਗੇ ਅਤੇ ਜ਼ਰੂਰੀ ਹਨ, ਇਨ੍ਹਾਂ ਨੂੰ ਖਰੀਦਣ ਦਾ ਫੈਸਲਾ ਕੀਤਾ (ਅਕਤੂਬਰ 2020)। ਲੇਖਾ ਪ੍ਰੀਖਿਆ ਨੇ ਖੇਡ ਉਪਕਰਣਾਂ ਦੀ ਖਰੀਦ ਅਤੇ ਵਰਤੋਂ ਵਿੱਚ ਹੇਠਾਂ ਲਿਖੀਆਂ ਕਮੀਆਂ ਨੂੰ ਦੇਖਿਆ:

### 3.4.1 ਖੇਡਾਂ ਦੇ ਸਮਾਨ ਦੀ ਅਨਿਯਮਿਤ ਖਰੀਦ

ਵਿੱਤ ਵਿਭਾਗ, ਜੀ ਓ ਪੀ ਨੇ ਨਿਰਦੇਸ਼ ਦਿੱਤੇ (ਅਪ੍ਰੈਲ 2020) ਕਿ ₹ 5.00 ਕਰੋੜ ਜਾਂ ਇਸ ਤੋਂ ਵੱਧ ਦੀ ਲਾਗਤ ਵਾਲੀਆਂ ਵਸਤਾਂ, ਸੇਵਾਵਾਂ ਜਾਂ ਕੰਮ ਦੇ ਠੇਕੇ ਦੀ ਕਿਸੇ ਵੀ ਖਰੀਦ ਲਈ ਵਿੱਤ ਵਿਭਾਗ ਦੀ ਅਗੇਤਰੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ, ਭਾਵੇਂ ਕਿ ਸਾਲ 2019-20 ਵਿੱਚ ਟੈਂਡਰ/ਆਰ ਐਫ ਪੀ ਜਾਰੀ ਕੀਤਾ ਗਿਆ ਸੀ ਪਰ ਵਰਕ ਆਰਡਰ/ਠੇਕਾ ਜਾਰੀ ਕੀਤਾ ਜਾਣਾ ਬਾਕੀ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਵਿਭਾਗ ਨੇ ਆਪਣੇ ਦੋਵੇਂ ਵਿੰਗਾਂ ਦੀ ਮੰਗ ਨੂੰ ਇਕੱਠਾ ਕੀਤਾ ਹੈ ਜਿਵੇਂ ਕਿ ਖੇਡਾਂ ਅਤੇ ਯੁਵਕ ਮਾਮਲੇ ਅਤੇ ਖੇਡਾਂ ਦੇ ਸਮਾਨ ਦੀ ਖਰੀਦ ਲਈ ₹ 9.06 ਕਰੋੜ[19] ਦਾ

19 ਖੇਡ ਵਿੰਗ: ₹ 7.06 ਕਰੋੜ; ਅਤੇ ਯੁਵਕ ਸੇਵਾਵਾਂ: ₹ 2.00 ਕਰੋੜ ।

ਇੱਕ ਅਨੁਮਾਨ ਤਿਆਰ ਕੀਤਾ ਗਿਆ। ਹਾਲਾਂਕਿ, ਵਿਭਾਗ ਨੇ ਇਸ ਉਦੇਸ਼ ਲਈ 2020-21 ਦੌਰਾਨ ਉਪਲਬਧ ਬਜਟ ਪ੍ਰਬੰਧਾਂ ਦੇ ਅਨੁਸਾਰ ₹ 4.00 ਕਰੋੜ ਦਾ ਟੈਂਡਰ ਜਾਰੀ ਕੀਤਾ (ਅਕਤੂਬਰ 2020)। ਟੈਂਡਰ ਦੀਆਂ ਸ਼ਰਤਾਂ ਦੇ ਨਾਲ-ਨਾਲ ਅਨੁਮਾਨਿਤ ₹ 8.00 ਕਰੋੜ ਤੋਂ ₹ 10.00 ਕਰੋੜ ਦੀ ਕੁੱਲ ਖਰੀਦ ਲਈ ਦੋ ਸਾਲਾਂ ਲਈ ਦਰਾਂ ਦੀ ਵੈਧਤਾ ਸ਼ਾਮਲ ਹੈ।

ਹਾਲਾਂਕਿ, ਵਿਭਾਗ ਨੇ ਐਫ ਡੀਜ਼ ਦੀ ਲੋੜੀਂਦੀ ਪ੍ਰਵਾਨਗੀ ਦੀਆਂ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ ₹ 8.48 ਕਰੋੜ[20] ਦੇ ਖੇਡ ਉਪਕਰਣਾਂ ਦੀ ਖਰੀਦ (ਜਨਵਰੀ 2021) ਕੀਤੀ ਜੋ ਕਿ ਅਨਿਯਮਿਤ ਸੀ।

ਸਰਕਾਰ ਨੇ ਕਿਹਾ (ਜੂਨ 2023) ਕਿ ਭਵਿੱਖ ਵਿੱਚ, ਨਿਯਮਾਂ/ਹਦਾਇਤਾਂ ਅਨੁਸਾਰ ਖਰੀਦ ਕੀਤੀ ਜਾਵੇਗੀ।

### 3.4.2 ਬੇਕਾਰ ਖੇਡ ਉਪਕਰਣ

₹ 8.48 ਕਰੋੜ ਲਈ ਖਰੀਦ ਕੀਤੇ ਗਏ ਖੇਡ ਉਪਰਕਣਾਂ[21] ਵਿੱਚੋਂ ₹ 2.92 ਕਰੋੜ ਦੀ ਕੀਮਤ ਵਾਲੇ 150 ਮਲਟੀਜਿਮ-4 ਸਟੇਸ਼ਨਾਂ ਅਤੇ 150 ਮਲਟੀਜਿਮ-8 ਸਟੇਸ਼ਨਾਂ ਨੂੰ ਜੁਲਾਈ ਅਤੇ ਸਤੰਬਰ 2021 ਦਰਮਿਆਨ 22 ਜ਼ਿਲ੍ਹਿਆਂ ਨੂੰ ਸਪਲਾਈ ਕੀਤਾ ਗਿਆ ਸੀ। ਅਪ੍ਰੈਲ 2023 ਨੂੰ ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ ਇਨ੍ਹਾਂ ਉਪਕਰਣਾਂ ਦੇ ਵਰਤੋਂ ਦੀ ਸਥਿਤੀ ਨੂੰ, **ਸਾਰਣੀ 3.4** ਵਿੱਚ ਦਿੱਤਾ ਗਿਆ ਹੈ।

**ਸਾਰਣੀ 3.4: ਚੁਣੇ ਹੋਏ ਜ਼ਿਲ੍ਹਿਆਂ ਵਿੱਚ ਮਲਟੀਜਿਮਜ਼ ਦੇ ਵਰਤੋਂ ਦੀ ਸਥਿਤੀ**

| ਜ਼ਿਲ੍ਹੇ ਦਾ ਨਾਂਅ | ਮਲਟੀਜਿਮ-4 ਸਟੇਸ਼ਨਾਂ | | | ਮਲਟੀਜਿਮ-8 ਸਟੇਸ਼ਨਾਂ | | |
|---|---|---|---|---|---|---|
| | ਪ੍ਰਾਪਤੀ | ਵਰਤਿਆ | ਅਣਵਰਤਿਆ | ਪ੍ਰਾਪਤੀ | ਵਰਤਿਆ | ਅਣਵਰਤਿਆ |
| ਬਠਿੰਡਾ | 7 | 7 | 0 | 5 | 5 | 0 |
| ਫਰੀਦਕੋਟ | 8 | 8 | 0 | 10 | 10 | 0 |
| ਗੁਰਦਾਸਪੁਰ | 5 | 0 | 5 | 5 | 0 | 5 |
| ਮਾਨਸਾ | 3 | 3 | 0 | 3 | 3 | 0 |
| ਪਟਿਆਲਾ | 3 | 3 | 0 | 3 | 3 | 0 |
| ਐਸ ਏ ਐਸ ਨਗਰ | 10 | 6 | 4 | 10 | 7 | 3 |
| **ਜੋੜ** | **36** | **27** | **9** | **36** | **28** | **8** |

*ਸ੍ਰੋਤ: ਵਿਭਾਗੀ ਸੂਚਨਾ*

**ਸਾਰਣੀ 3.4** ਦਰਸਾਉਂਦੀ ਹੈ ਕਿ ਛੇ ਚੁਣੇ ਹੋਏ ਜ਼ਿਲ੍ਹਿਆਂ ਨੂੰ ਭੇਜੇ ਗਏ 72 ਮਲਟੀਜਿਮਜ਼ ਵਿੱਚੋਂ ਗੁਰਦਾਸਪੁਰ ਅਤੇ ਐਸ ਏ ਐਸ ਨਗਰ ਨਾਮਕ ਦੋ ਜ਼ਿਲ੍ਹਿਆਂ ਵਿੱਚ 17 ਮਲਟੀਜਿਮਜ਼, ਵਿਭਾਗ ਦੁਆਰਾ ਉਨ੍ਹਾਂ ਦੀ ਸਥਾਪਨਾ ਲਈ ਸਥਾਨਾਂ ਨੂੰ ਸੂਚਿਤ ਕਰਨ ਦੇ ਨਿਰਦੇਸ਼ ਜਾਰੀ ਨਾ ਕੀਤੇ ਜਾਣ

---

20 ₹ 4.48 ਕਰੋੜ ਦੇ ਫੰਡਾਂ ਦੀ ਵਾਧੂ ਲੋੜ ਪੀ ਐਸ ਐਸ ਸੀ ਕੋਲ ਉਪਲਬਧ ਫੰਡਾਂ ਤੋਂ ਪੂਰੀ ਕੀਤੀ ਗਈ ਸੀ, ਜਿਸ ਨੇ ਵਿੱਤ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਹੋਰ ਮਦਾਂ ਤੋਂ ਫੰਡਾਂ ਨੂੰ ਡਾਇਵਰਟ ਕਰ ਦਿੱਤਾ ਸੀ।

21 2,500 ਕ੍ਰਿਕਟ ਕਿੱਟਾਂ (₹ 2.32 ਕਰੋੜ); 2,000 ਫੁੱਟਬਾਲ (₹ 0.15 ਕਰੋੜ); 2,000 ਵਾਲੀਬਾਲ (₹ 0.19 ਕਰੋੜ); 1,000 ਵਾਲੀਬਾਲ ਨੈੱਟ ₹ (₹ 0.17 ਕਰੋੜ); 40 ਕਬੱਡੀ ਮੈਟ (₹ 1.35 ਕਰੋੜ); 40 ਕੁਸ਼ਤੀ ਮੈਟ (₹ 0.98 ਕਰੋੜ); 40 ਕੁਸ਼ਤੀ ਮੈਟ ਕਵਰ (₹ 0.29 ਕਰੋੜ); 2,000 ਹਾਕੀ ਸਟਿਕਸ (₹ 0.11 ਕਰੋੜ); 150 ਮਲਟੀਜਿਮਜ਼-4 ਸਟੇਸ਼ਨਜ਼ (₹ 1.15 ਕਰੋੜ); ਅਤੇ 150 ਮਲਟੀਜਿਮਜ਼-8 ਸਟੇਸ਼ਨਜ਼ (₹ 1.77 ਕਰੋੜ)।

ਕਾਰਨ ਉਨ੍ਹਾਂ ਦੀ ਖਰੀਦ ਦੇ 19 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਵਰਤੋਂ ਵਿੱਚ ਨਹੀਂ ਲਿਆਂਦੇ ਗਏ ਅਤੇ ਬੇਕਾਰ ਪਏ ਸਨ (ਅਪ੍ਰੈਲ 2023)। ਸਰਕਾਰ ਨੇ ਕਿਹਾ (ਜੂਨ 2023) ਕਿ ਗੁਰਦਾਸਪੁਰ ਅਤੇ ਐਸ ਏ ਐਸ ਨਗਰ ਜ਼ਿਲ੍ਹਿਆਂ ਵਿੱਚ ਮਲਟੀਜਿਮ ਸਥਾਪਿਤ ਕੀਤੇ ਜਾ ਰਹੇ ਸਨ।

## 3.5 ਮਨੁੱਖੀ ਸ੍ਰੋਤ ਪ੍ਰਬੰਧਨ

ਕੋਚ ਛੋਟੇ ਬੱਚਿਆਂ ਨੂੰ ਖੇਡ ਦੇ ਮੈਦਾਨਾਂ ਵਿੱਚ ਲਿਆਉਣ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਕੇ ਅੱਗੇ ਵਧਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਖੇਡ ਨੀਤੀ, 2018 ਨੇ ਮਾਰਚ 2022 ਤੱਕ ਵੱਖ-ਵੱਖ ਵਿਸ਼ਿਆਂ ਵਿੱਚ ਕੋਚਾਂ ਦੀ ਗਿਣਤੀ 350 ਤੋਂ ਵਧਾ ਕੇ 700 ਕਰਨ ਦੀ ਕਲਪਨਾ ਕੀਤੀ ਹੈ।

31 ਮਾਰਚ 2022 ਨੂੰ ਖੇਡ ਗਤੀਵਿਧੀਆਂ ਨਾਲ ਸਿੱਧੇ ਤੌਰ ਤੇ ਸਬੰਧਤ ਮਨੁੱਖੀ ਸ੍ਰੋਤ ਦੀ ਸਥਿਤੀ ਨੂੰ **ਸਾਰਣੀ 3.5** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.5: 31 ਮਾਰਚ 2022 ਨੂੰ ਮਨੁੱਖੀ ਸ੍ਰੋਤ ਦੀ ਸਥਿਤੀ**

| ਲੜੀ ਨੰ | ਕੈਡਰ/ਪੋਸਟ | ਖੇਡ ਵਿਭਾਗ | | | ਪੀ ਆਈ ਐਸ | | |
|---|---|---|---|---|---|---|---|
| | | ਮਨਜ਼ੂਰ ਅਸਾਮੀਆਂ | ਤੈਨਾਤ ਅਮਲਾ | ਕਮੀ | ਮਨਜ਼ੂਰ ਅਸਾਮੀਆਂ | ਤੈਨਾਤ ਅਮਲਾ | ਕਮੀ |
| 1. | ਡਾਇਰੈਕਟਰ (ਟਰੇਨਿੰਗ) | - | - | - | 1 | 0 | 1 |
| 2. | ਖੇਡ ਕੋਆਰਡੀਨੇਟਰ | - | - | - | 1 | 0 | 1 |
| 3. | ਸੀਨੀਅਰ/ਮੁੱਖ ਕੋਚ | 28 | 0 | 28 | 20 | 6 | 14 |
| 4. | ਵਿਦੇਸ਼ੀ ਕੋਚ | - | - | - | 5 | 2 | 3 |
| 5. | ਕੋਚ | 118 | 0 | 118 | - | - | - |
| 6. | ਜੂਨੀਅਰ ਕੋਚ | 273 | 157 | 116 | 75 | 14 | 61 |
| 7. | ਜੂਨੀਅਰ ਕੋਚ (ਆਊਟਸੋਰਸਡ) | 169 | 168 | 1 | - | - | - |
| 8. | ਵਿਦੇਸ਼ੀ ਫਿਜੀਓਲੋਜਿਸਟ | - | - | - | 1 | 0 | 1 |
| 9. | ਫਿਜੀਓਥੈਰੇਪਿਸਟ | - | - | - | 3 | 0 | 3 |
| 10. | ਮਨੋਵਿਗਿਆਨੀ | - | - | - | 3 | 0 | 3 |
| 11. | ਸਰੀਰਕ ਟਰੇਨਰ-ਕਮ-ਮਾਹਰ | - | - | - | 14 | 5 | 9 |
| 12. | ਲਾਈਫਗਾਰਡ | - | - | - | 9 | 5 | 4 |
| 13. | ਗਰਾਊਂਡਮੈਨ/ਸੇਵਾਦਾਰ/ਚੌਂਕੀਦਾਰ/ਸਵੀਪਰ | 208 | 103 | 105 | 70 | 68 | 2 |
| **ਜੋੜ** | | **796** | **428** | **368 (46%)** | **202** | **100** | **102 (50%)** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ 3.5** ਦਰਸਾਉਂਦੀ ਹੈ ਕਿ 31 ਮਾਰਚ 2022 ਤੱਕ ਖੇਡ ਵਿਭਾਗ ਦੇ ਅਧੀਨ ਸਿੱਧੇ ਤੌਰ ਤੇ ਖੇਡ ਗਤੀਵਿਧੀਆਂ ਨਾਲ ਸਬੰਧਤ ਮਨੁੱਖੀ ਸ੍ਰੋਤਾਂ ਦੀ ਘਾਟ 46 *ਪ੍ਰਤੀਸ਼ਤ* ਅਤੇ ਪੀ ਆਈ ਐਸ ਅਧੀਨ 50 *ਪ੍ਰਤੀਸ਼ਤ* ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵੱਖ-ਵੱਖ ਕਾਡਰਾਂ ਵਿੱਚ 688 ਕੋਚਾਂ ਦੀਆਂ ਮਨਜ਼ੂਰ ਅਸਾਮੀਆਂ ਦੇ ਮੁਕਾਬਲੇ, 31 ਮਾਰਚ 2022 ਤੱਕ 347 ਕੋਚ[22] ਤੈਨਾਤ ਸਨ। ਇਸ ਤਰ੍ਹਾਂ, ਕੋਚਾਂ ਦੀ 50 *ਪ੍ਰਤੀਸ਼ਤ* ਕਮੀ ਨੇ ਰਾਜ ਵਿੱਚ ਖਿਡਾਰੀਆਂ ਲਈ ਕੋਚਿੰਗ ਸਹੂਲਤਾਂ ਸਮੱਰਥਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਵਿਭਾਗ ਵੱਲੋਂ ਲੇਖਾ ਪ੍ਰੀਖਿਆ ਸਮੇਂ ਦੌਰਾਨ ਖਾਲੀ ਅਸਾਮੀਆਂ ਨੂੰ ਭਰਨ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ।

ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ ਲੇਖਾ ਪ੍ਰੀਖਿਆ ਵਿੱਚ 2019-2022 ਦੀ ਮਿਆਦ ਦੇ ਦੌਰਾਨ ਦੇਖਿਆ ਗਿਆ ਕਿ:

- ਚਾਰ[23] ਸਟੇਡੀਅਮਾਂ ਵਿੱਚ, ਤਿੰਨ ਵਿਸ਼ਿਆਂ (ਸਾਈਕਲਿੰਗ, ਸ਼ੂਟਿੰਗ ਅਤੇ ਸਕੇਟਿੰਗ) ਨਾਲ ਸਬੰਧਤ ਤੈਨਾਤ ਕੀਤੇ ਕੋਚ ਪਾਏ ਗਏ ਸਨ ਭਾਵੇਂ ਕਿ ਉੱਥੇ ਸਬੰਧਤ ਬੁਨਿਆਦੀ ਢਾਂਚਾ ਉਪਲਬਧ ਨਹੀਂ ਸੀ, ਜਦੋਂ ਕਿ ਅੱਠ ਵਿਸ਼ਿਆਂ (ਬੈਡਮਿੰਟਨ, ਬਾਸਕਟਬਾਲ, ਬਾਕਸਿੰਗ, ਫੁੱਟਬਾਲ, ਕਬੱਡੀ, ਵਾਲੀਬਾਲ, ਰੋਲਰ ਸਕੇਟਿੰਗ ਅਤੇ ਹੈਂਡਬਾਲ) ਦੇ ਸਬੰਧ ਵਿੱਚ ਪੰਜ[24] ਸਟੇਡੀਅਮਾਂ ਵਿੱਚ, ਬੁਨਿਆਦੀ ਢਾਂਚੇ ਦੀ ਉਪਲਬਧਤਾ ਦੇ ਬਾਵਜੂਦ ਕੋਚਾਂ ਨੂੰ ਤੈਨਾਤ ਨਹੀਂ ਕੀਤਾ ਗਿਆ ਸੀ।

- ਗੁਰਦਾਸਪੁਰ ਵਿੱਚ, ਪੀ ਆਈ ਐਸ ਦੁਆਰਾ ਅਗਸਤ 2016 ਅਤੇ ਅਪ੍ਰੈਲ 2017 ਤੋਂ ਦੋ ਜਿਮਨਾਸਟਿਕ ਕੋਚ ਤੈਨਾਤ ਪਾਏ ਗਏ ਸਨ, ਜਦੋਂ ਕਿ ਗੁਰਦਾਸਪੁਰ ਵਿੱਚ ਕੋਈ ਸੀ ਓ ਈ ਨਹੀਂ ਸੀ । ਦੂਜੇ ਪਾਸੇ, ਸੀ ਓ ਈ ਅੰਮ੍ਰਿਤਸਰ ਵਿਖੇ ਕੋਈ ਜਿਮਨਾਸਟਿਕ ਕੋਚ ਤੈਨਾਤ ਨਹੀਂ ਕੀਤਾ ਗਿਆ ਸੀ। ਪੀ ਆਈ ਐਸ ਨੇ ਕੋਚਾਂ ਨੂੰ ਸੀ ਓ ਈ, ਅੰਮ੍ਰਿਤਸਰ ਵਿੱਚ ਤਬਦੀਲ ਕਰਨ ਦਾ ਭਰੋਸਾ ਦਿੱਤਾ (ਫਰਵਰੀ 2023)।

- ਦੋ ਜ਼ਿਲ੍ਹਿਆਂ ਜਿਵੇਂ ਕਿ ਪਟਿਆਲਾ ਅਤੇ ਐਸ ਏ ਐਸ ਨਗਰ ਵਿੱਚ, ਤੈਰਾਕੀ ਵਿਸ਼ੇ ਲਈ ਲਾਈਫਗਾਰਡ ਤੈਨਾਤ ਨਹੀਂ ਕੀਤੇ ਗਏ ਸਨ।

- ਖਿਡਾਰੀਆਂ ਦੀ ਫਿਟਨੈਸ ਨੂੰ ਕਾਇਮ ਰੱਖਣ ਲਈ ਰਾਜ ਵਿੱਚ ਤਿੰਨ ਮਨਜ਼ੂਰ ਅਸਾਮੀਆਂ ਦੇ ਵਿਰੁੱਧ ਕੋਈ ਵੀ ਫਿਜ਼ੀਓਥੈਰੇਪਿਸਟ ਤੈਨਾਤ ਨਹੀਂ ਕੀਤਾ ਗਿਆ ਸੀ, ਜਿਸ ਨਾਲ ਆਖਰਕਾਰ ਖਿਡਾਰੀਆਂ ਦੀ ਕਾਰਗੁਜ਼ਾਰੀ ਤੇ ਅਸਰ ਪਵੇਗਾ।

- 278 ਰੱਖ-ਰਖਾਅ ਅਮਲਾ ਜਿਵੇਂ ਗਰਾਊਂਡਮੈਨ, ਸੇਵਾਦਾਰ, ਚੌਂਕੀਦਾਰ ਅਤੇ ਸਵੀਪਰ ਦੀ ਮਨਜ਼ੂਰ ਅਸਾਮੀਆਂ ਦੇ ਮੁਕਾਬਲੇ, 171 ਕਰਮਚਾਰੀ ਤੈਨਾਤ ਸਨ, ਇਸ ਤਰ੍ਹਾਂ 31 ਮਾਰਚ 2022 ਤੱਕ ਇਨ੍ਹਾਂ ਕਾਡਰਾਂ ਵਿੱਚ 38 *ਪ੍ਰਤੀਸ਼ਤ* ਦੀ ਕਮੀ ਨੂੰ ਦਰਸਾਇਆ ਗਿਆ ਹੈ।

---

22 ਖੇਡ ਵਿਭਾਗ ਵਿੱਚ 325 ਕੋਚ ਅਤੇ ਅਤੇ ਪੀ ਆਈ ਐਸ ਵਿੱਚ 22 ਕੋਚ ।

23 (i) ਐਸ ਬੀ ਐਸ ਬਹੁਮੰਤਵੀ ਖੇਡ ਸਟੇਡੀਅਮ, ਬਠਿੰਡਾ (ਸਾਈਕਲਿੰਗ); (ii) ਬਹੁਮੰਤਵੀ ਨਹਿਰੂ ਸਟੇਡੀਅਮ, ਫਰੀਦਕੋਟ (ਸ਼ੂਟਿੰਗ); (iii) ਨਹਿਰੂ ਕਾਲਜ, ਮਾਨਸਾ ਵਿੱਚ ਬਹੁਮੰਤਵੀ ਸਟੇਡੀਅਮ (ਸਾਈਕਲਿੰਗ); ਅਤੇ (iv) ਬਹੁਮੰਤਵੀ ਖੇਡ ਸਟੇਡੀਅਮ, ਸੈਕਟਰ 78, ਐਸ ਏ ਐਸ ਨਗਰ (ਸਕੇਟਿੰਗ)।

24 (i) ਬਹੁਮੰਤਵੀ ਨਹਿਰੂ ਸਟੇਡੀਅਮ, ਫਰੀਦਕੋਟ (ਬੈੱਡਮਿੰਟਨ ਅਤੇ ਬਾਸਕਟਬਾਲ); (ii) ਨਹਿਰੂ ਕਾਲਜ, ਮਾਨਸਾ ਵਿੱਚ ਬਹੁਮੰਤਵੀ ਸਟੇਡੀਅਮ (ਬੈਡਮਿੰਟਨ, ਬਾਕਸਿੰਗ, ਫੁੱਟਬਾਲ, ਕਬੱਡੀ ਅਤੇ ਵਾਲੀਬਾਲ); (iii) ਰਿੰਕ ਹਾਲ, ਪਟਿਆਲਾ (ਰੋਲਰ ਸਕੇਟਿੰਗ); (iv) ਖੇਡ ਕੰਪਲੈਕਸ, ਸੈਕਟਰ 63, ਐਸ ਏ ਐਸ ਨਗਰ (ਬੈਡਮਿੰਟਨ); ਅਤੇ (v) ਬਹੁੰਮਤਵੀ ਖੇਡ ਸਟੇਡੀਅਮ, ਸੈਕਟਰ 78, ਐਸ ਏ ਐਸ ਨਗਰ (ਹੈਂਡਬਾਲ)।

ਵਿਭਾਗ ਨੇ ਕਿਹਾ (ਮਈ 2023) ਕਿ ਮੈਨਪਾਵਰ ਦੀ ਕਮੀ ਨੂੰ ਪੂਰਾ ਕਰਨ ਲਈ ਮਾਮਲਾ ਸਰਕਾਰ ਕੋਲ ਉਠਾਇਆ ਗਿਆ ਸੀ ਅਤੇ ਵਿਭਾਗ ਵਿੱਚ ਵੱਖ-ਵੱਖ ਖੇਡਾਂ ਲਈ ਸਹੂਲਤਾਂ ਦੇ ਨਾਲ ਮੈਨਪਾਵਰ ਸ੍ਰੋਤਾਂ ਨੂੰ ਮੁੜ ਇੱਕਸਾਰ ਕਰਨ ਲਈ ਵਿਸਤ੍ਰਿਤ ਕਾਰਵਾਈ ਕੀਤੀ ਜਾ ਰਹੀ ਸੀ। ਸਰਕਾਰ ਨੇ ਵਿਭਾਗੀ ਜਵਾਬ ਦੀ ਪੁਸ਼ਟੀ ਕੀਤੀ (ਜੂਨ 2023)।

## 3.6 ਨਾਕਾਫੀ ਬੁਨਿਆਦੀ ਢਾਂਚਾ ਅਤੇ ਖਿਡਾਰੀਆਂ ਨੂੰ ਹੋਰ ਸਹੂਲਤਾਂ

ਖਿਡਾਰੀਆਂ ਨੂੰ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਦੀ ਮੁਨਾਸਿਬਤਾ ਦਾ ਮੁਲਾਂਕਣ ਕਰਨ ਲਈ, ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ 11 ਖੇਡ ਬੁਨਿਆਦੀ ਢਾਂਚਿਆਂ ਦੀ ਸੰਯੁਕਤ ਭੌਤਿਕ ਤਸਦੀਕ ਕੀਤੀ ਗਈ ਅਤੇ 50 ਕੋਚਾਂ ਅਤੇ 133 ਖਿਡਾਰੀਆਂ ਦੀ ਇੰਟਰਵਿਊ ਕੀਤੀ ਗਈ (ਦਸੰਬਰ 2022-ਫਰਵਰੀ 2023), ਬੁਨਿਆਦੀ ਢਾਂਚੇ/ਸਹੂਲਤਾਂ ਦੇ ਪ੍ਰਬੰਧ ਵਿੱਚ ਨਜ਼ਰ ਆਈਆਂ ਕਮੀਆਂ ਨੂੰ **ਸਾਰਣੀ 3.6** ਵਿੱਚ ਦਰਸਾਇਆ ਗਿਆ ਹੈ।


**ਸਾਰਣੀ 3.6: ਬੁਨਿਆਦੀ ਢਾਂਚੇ/ਸਹੂਲਤਾਂ ਦੇ ਪ੍ਰਬੰਧ ਵਿੱਚ ਕਮੀਆਂ**

| ਜ਼ਿਲ੍ਹਾ | ਬੁਨਿਆਦੀ ਢਾਂਚੇ ਦੀ ਕਿਸਮ | ਬੁਨਿਆਦੀ ਢਾਂਚੇ ਦੀ ਮਾੜੀ/ਅਢੁਕਵੀਂ ਸਾਂਭ-ਸੰਭਾਲ | ਬੁਨਿਆਦੀ ਢਾਂਚਾ/ ਸਹੂਲਤ ਉਪਲਬਧ ਨਹੀਂ | ਬੁਨਿਆਦੀ ਢਾਂਚਾ/ਸਹੂਲਤ ਕਾਰਜਸ਼ੀਲ ਨਹੀਂ |
|---|---|---|---|---|
| ਐਸ ਏ ਐਸ ਨਗਰ | ਬਹੁ-ਮੰਤਵੀ ਖੇਡ ਸਟੇਡੀਅਮ, ਸੈਕਟਰ 63 (ਸੀ ਓ ਈ) | • ਹੋਸਟਲ ਦੇ ਬਾਥਰੂਮ ਸਾਫ ਨਹੀਂ | • ਡੈਡੀਕੇਟਡ ਜਿਮ<br>• ਆਰ ਓ ਵਾਟਰ ਫਿਲਟਰ<br>• ਮੈਡੀਕਲ ਸਹੂਲਤ<br>• ਭੋਜਨ ਖੁਰਾਕ ਚਾਰਟ ਦੇ ਅਨੁਸਾਰ ਨਹੀਂ ਦਿੱਤਾ ਜਾ ਰਿਹਾ | ਤੈਰਾਕੀ ਪੂਲ ਲਈ ਲੋੜੀਂਦੀ ਹੀਟਿੰਗ ਸਹੂਲਤ ਸੋਲਰ ਪ੍ਰਣਾਲੀ ਦੇ ਰੂਪ ਵਿੱਚ 2013 ਤੋਂ ਕੰਮ ਨਹੀਂ ਕਰ ਰਹੀ ਸੀ (**ਤਸਵੀਰ 3.3**) |
| | ਅੰਤਰਾਸ਼ਟਰੀ ਹਾਕੀ ਸਟੇਡੀਅਮ, ਸੈਕਟਰ 63 (ਸੀ ਓ ਈ) | • ਮੁਢਲੀਆਂ ਸਹੂਲਤਾਂ ਜਿਵੇਂ ਕਿ ਬਾਥਰੂਮ ਅਤੇ ਪਾਣੀ ਦੇ ਫਿਲਟਰ ਮਾੜੀ ਹਾਲਤ ਵਿੱਚ ਸਨ | – | ਐਸਟ੍ਰੋਟਰਫ ਦੀ ਸਫਾਈ ਲਈ ਕਰਚਰ ਮਸ਼ੀਨ ਪਿਛਲੇ ਛੇ ਮਹੀਨਿਆਂ ਤੋਂ ਕਾਰਜਸ਼ੀਲ ਨਹੀਂ ਸੀ |
| | ਬਹੁ-ਮੰਤਵੀ ਖੇਡ ਸਟੇਡੀਅਮ, ਸੈਕਟਰ 78 (ਡੀ ਐਸ ਓ ਅਤੇ ਸੀ ਓ ਈ) | • ਅਥਲੈਟਿਕਸ ਟਰੈਕ ਨਿਰਧਾਰਿਤ ਮਿਆਰਾਂ ਅਨੁਸਾਰ ਨਹੀਂ, ਬੈਡਮਿੰਟਨ ਦਾ ਲਕੜੀ ਦਾ ਫਰਸ਼ ਅਤੇ ਬਾਸਕਟਬਾਲ ਦਾ ਕੋਰਟ ਟੁੱਟਿਆ ਹੋਇਆ, (**ਤਸਵੀਰ 3.1**)। ਫੁਟਬਾਲ ਦਾ ਗਰਾਉਂਡ ਮਾੜੀ ਹਾਲਾਤ ਵਿੱਚ।<br>• ਹਾਈ ਜੰਮ ਲਈ ਉਪਕਰਣ 2016 ਵਿੱਚ ਲਗਾਇਆ ਗਿਆ ਨਿਯਮਤ ਤੌਰ ਤੇ ਸਾਂਭ ਸੰਭਾਲ ਨਹੀਂ ਬਦਲਣ ਦੀ ਲੋੜ ਹੈ। | • ਡੈਡੀਕੇਟਡ ਜਿਮ | ਟੇਬਲ ਟੈਨਿਸ ਦੇ ਟੇਬਲ (20 ਨੰਬਰ) ਪਿਛਲੇ ਤਿੰਨ ਸਾਲ ਤੋਂ ਕਾਰਜਸ਼ੀਲ ਨਹੀਂ ਹਨ |
| ਪਟਿਆਲਾ | ਸਵਿਮਿੰਗ ਪੂਲ | • ਕਪੜੇ ਬਦਲਣ ਵਾਲੇ ਕਮਰੇ ਅਤੇ ਸ਼ਾਵਰਜ਼ ਮਾੜੀ ਹਾਲਾਤ ਵਿੱਚ<br>• ਸਬਮਰਸੀਬਲ ਪੰਪ ਕੰਮ ਨਹੀਂ ਕਰ ਰਿਹਾ | – | ਪਾਣੀ ਫਿਲਟਰੇਸ਼ਨ/ਰੀਸਰਕੂਲੇਸ਼ਨ ਪ੍ਰਣਾਲੀ 2016 ਤੋਂ ਕਾਰਜਸ਼ੀਲ ਨਹੀਂ |
| | ਪੋਲੋ ਗਰਾਉਂਡ ਵਿਖੇ ਬਹੁਮੰਤਵੀ ਖੇਡ ਸਟੇਡੀਅਮ | • ਬੈਡਮਿੰਟਨ ਕੋਰਟ ਵਿੱਚ ਲਾਈਟਾਂ ਟੁੱਟੀਆਂ ਹੋਈਆਂ ਹਾਲਾਤ ਵਿੱਚ | • ਟੇਬਲ ਟੈਨਿਸ ਲਈ ਡੈਡੀਕੇਟਡ ਹਾਲ | – |


| ਜ਼ਿਲ੍ਹਾ | ਬੁਨਿਆਦੀ ਢਾਂਚੇ ਦੀ ਕਿਸਮ | ਬੁਨਿਆਦੀ ਢਾਂਚੇ ਦੀ ਮਾੜੀ/ਅਢੁਕਵੀਂ ਸਾਂਭ-ਸੰਭਾਲ | ਬੁਨਿਆਦੀ ਢਾਂਚਾ/ ਸਹੂਲਤ ਉਪਲਬਧ ਨਹੀਂ | ਬੁਨਿਆਦੀ ਢਾਂਚਾ/ਸਹੂਲਤ ਕਾਰਜਸ਼ੀਲ ਨਹੀਂ |
|---|---|---|---|---|
| | | • ਜਿਮਨੇਜਿਅਮ ਹਾਲ ਵਿੱਚ ਸੀਲਿੰਗ ਟੁੱਟੀ ਹੋਈ ਹਾਲਾਤ ਵਿੱਚ (**ਤਸਵੀਰ 3.2**)<br>• ਬਾਥਰੂਮਜ਼ ਸਾਫ ਅਤੇ ਸਮੇਂ ਨਾਲ ਸਾਂਭ-ਸੰਭਾਲ ਨਹੀਂ ਕੀਤੇ<br>• ਹੈਂਡਬਾਲ ਗਰਾਉਂਡ ਵਿੱਚ ਇੱਕ ਪਾਸੇ ਵਾੜ ਲਗਾਉਣਾ (ਦੋਨੋ ਪਾਸੇ ਲੋੜੀਂਦੀ) | • ਸਮੁੱਚੇ ਕੰਪਲੈਕਸ ਵਿੱਚ ਪੀਣ ਵਾਲੇ ਪਾਣੀ ਦੀ ਸਹੂਲਤ | |
| ਬਠਿੰਡਾ | ਸ਼ਹੀਦ ਭਗਤ ਸਿੰਘ ਸਟੇਡੀਅਮ | • ਬਾਕਸਿੰਗ ਰਿੰਗ ਟੁੱਟੇ ਹੋਏ ਹਾਲਾਤ ਵਿੱਚ ਅਤੇ ਵਰਤਣਯੋਗ ਨਹੀਂ | • ਸਮੁੱਚੇ ਕੰਪਲੈਕਸ ਵਿੱਚ ਪੀਣ ਵਾਲੇ ਪਾਣੀ ਦੀ ਸਹੂਲਤ | – |
| | ਹਾਕੀ ਸਟੇਡੀਅਮ (ਸੀ ਓ ਈ) ਲੜਕੀਆਂ | • ਛਿੜਕਾਅ (ਪਾਣੀ) ਵਾਲੀ ਮਸ਼ੀਨ ਮਾੜੀ ਹਾਲਾਤ ਵਿੱਚ | • ਮੈਡੀਕਲ ਸਹੂਲਤ<br>• ਪੀਣ ਵਾਲੇ ਪਾਣੀ ਦੀ ਸਹੂਲਤ<br>• ਲੜਕੀਆਂ ਦਾ ਹੋਸਟਲ | – |
| ਗੁਰਦਾਸਪੁਰ | ਜਿਮਨੇਜ਼ਿਅਮ ਹਾਲ | • ਜਿਮਨਾਸਟਿਕ ਉਪਕਰਣ (ਪਾਮੇਲ ਹੋਰਸ, ਬੈਲੈਂਸਿਕ ਬੀਮ, ਪੈਰਾਲੈਲ ਬਾਰ, ਮਿੰਨੀ-ਬੁੱਕ ਕਰੈਸ਼ ਮੈਟ ਅਤੇ ਫਲੋਰ ਐਕਸਰਸਾਈਜ਼ ਉਪਕਰਣ) ਮਾੜੀ ਹਾਲਾਤ ਵਿੱਚ | ਲਾਕਰ ਸਹੂਲਤ | |
| | ਬੈਡਮਿੰਟਨ ਹਾਲ | • ਸੀਲਿੰਗ ਅਤੇ ਵੂਡਨ ਫਲੋਰ ਟੁੱਟੀ ਹੋਈ ਹਾਲਤ ਵਿੱਚ | • ਲਾਕਰ ਸਹੂਲਤ<br>• ਅੱਗ ਬੁਝਾਓ ਯੰਤਰ | – |
| ਫਰੀਦਕੋਟ | ਬਹੁ-ਮੰਤਵੀ ਨਹਿਰੂ ਸਟੇਡੀਅਮ | • ਬੈਡਮਿੰਟਨ ਹਾਲ ਦੀ ਸੀਲਿੰਗ ਟੁੱਟੀ ਹੋਈ ਹਾਲਾਤ ਵਿੱਚ<br>• ਸਟੇਡੀਅਮ ਦੇ ਗਰਾਉਂਡ ਦਾ ਪੱਧਰ ਬਹੁਤ ਨੀਵਾਂ ਜਿਹੜਾ ਬਰਸਾਤੀ ਮੌਸਮ ਵਿੱਚ ਪਾਣੀ ਨਾਲ ਭਰ ਜਾਂਦਾ ਹੈ | – | – |
| ਮਾਨਸਾ | ਨਹਿਰੂ ਕਾਲਜ ਵਿੱਚ ਬਹੁ-ਮੰਤਵੀ ਸਟੇਡੀਅਮ | • ਸਟੇਡੀਅਮ ਦੇ ਗਰਾਂਉਡ ਦਾ ਪੱਧਰ ਬਹੁਤ ਨੀਵਾਂ ਜਿਹੜਾ ਕਿ ਬਰਸਾਤੀ ਮੌਸਮ ਵਿੱਚ ਪਾਣੀ ਨਾਲ ਭਰ ਜਾਂਦਾ ਹੈ<br>• ਇਨਡੋਰ ਸਟੇਡੀਅਮ ਦੀ ਸੀਲਿੰਗ, ਦਰਵਾਜੇ ਅਤੇ ਦੀਵਾਰਾਂ ਟੁੱਟੀਆਂ ਹੋਈਆਂ/ਮਾੜੀ ਹਾਲਾਤ ਵਿੱਚ ਸਨ<br>• ਵਾਟਰ ਸਪਰਿੰਕਲਿੰਗ ਪ੍ਰਣਾਲੀ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ | • ਲੜਕੇ ਅਤੇ ਲੜਕੀਆਂ ਲਈ ਕਪੜੇ ਬਦਲਣ ਵਾਲੇ ਕਮਰੇ<br>• ਅੱਗ ਬੁਝਾਊ ਯੰਤਰ | – |

*ਸ੍ਰੋਤ: ਸੰਯੁਕਤ ਭੌਤਿਕ ਤਸਦੀਕ, ਸਰਵੇਖਣ ਅਤੇ ਵਿਭਾਗੀ ਜਾਣਕਾਰੀ*





**ਤਸਵੀਰ 3.1: ਬਹੁ-ਮੰਤਵੀ ਖੇਡ ਸਟੇਡੀਅਮ, ਸੈਕਟਰ 78, ਐਸ ਏ ਐਸ ਨਗਰ ਵਿੱਚ ਬੈਡਮਿੰਟਨ ਅਤੇ ਬਾਸਕਟ ਬਾਲ ਕੋਰਟਾਂ ਦੇ ਫਰਸ਼ ਟੁੱਟੀ ਹਾਲਾਤ ਵਿੱਚ (27 ਦਸੰਬਰ 2022)**



**ਤਸਵੀਰ 3.2: ਪੋਲੋ ਗਰਾਊਂਡ ਪਟਿਆਲਾ ਵਿਖੇ ਬਹੁ-ਮੰਤਵੀ ਸਪੋਰਟਸ ਸਟੇਡੀਅਮ ਦੇ ਜਿਮਨੇਜ਼ਿਅਮ ਹਾਲ ਦੀ ਸੀਲਿੰਗ ਟੁੱਟੀ ਹੋਈ (19 ਜਨਵਰੀ 2023)**



**ਤਸਵੀਰ 3.3: ਬਹੁ-ਮੰਤਵੀ ਸਪੋਰਟਸ ਸਟੇਡੀਅਮ, ਸੈਕਟਰ 63, ਐਸ ਏ ਐਸ ਨਗਰ ਵਿੱਚ ਸਵਿਮਿੰਗ ਪੂਲ ਲਈ ਸੋਲਰ ਸਿਸਟਮ ਦੇ ਰੂਪ ਵਿੱਚ ਗੈਰ-ਕਾਰਜਸ਼ੀਲ ਹੀਟਿੰਗ ਸਹੂਲਤ (6 ਜਨਵਰੀ 2023)**

ਇਹ ਅੱਗੇ ਦੇਖਿਆ ਗਿਆ ਸੀ ਕਿ ਜੈਤੋ, ਜ਼ਿਲ੍ਹਾ ਫਰੀਦਕੋਟ ਵਿਖੇ ਖੇਡ ਸਟੇਡੀਅਮ 2012 ਤੋਂ ਮੁਰੰਮਤ/ਸਾਂਭ ਸੰਭਾਲ ਦੀ ਘਾਟ ਕਾਰਨ ਅਣਵਰਤਿਆ ਪਿਆ ਸੀ। ਜ਼ਿਲ੍ਹਾ ਖੇਡ ਅਫਸਰ, ਫਰੀਦਕੋਟ ਨੇ ਪਹਿਲਾਂ ਜੁਲਾਈ 2018 ਵਿੱਚ ਅਤੇ ਫਿਰ ਫਰਵਰੀ 2020 ਵਿੱਚ ਮੁਰੰਮਤ ਦਾ ਮਾਮਲਾ ਵਿਭਾਗ ਕੋਲ ਚੁੱਕਿਆ ਸੀ, ਹਾਲਾਂਕਿ, ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।

ਸਰਕਾਰ ਨੇ ਸੰਯੁਕਤ ਭੌਤਿਕ ਤਸਦੀਕ ਵਿੱਚ ਵੇਖੀਆਂ ਗਈਆਂ ਕਮੀਆਂ ਨੂੰ ਦੂਰ ਕਰਨ ਲਈ ਲੋੜੀਂਦੇ ਕਦਮ ਚੁੱਕਣ ਦਾ ਭਰੋਸਾ ਦਿੱਤਾ (ਜੂਨ 2023)।

## 3.7 ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਵਿਧੀ

ਕਿਸੇ ਵਿਭਾਗ ਦੀਆਂ ਗਤੀਵਿਧੀਆਂ ਦਾ ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਵਿਧੀ ਵੱਖ-ਵੱਖ ਉਪਾਵਾਂ ਦੇ ਸਫਲਤਾਪੂਰਵਕ ਲਾਗੂ ਕਰਨ ਅਤੇ ਕੁਸ਼ਲ ਅਤੇ ਵਿਭਾਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਰਿਕਾਰਡ ਦੀ ਨਮੂਨਾ-ਜਾਂਚ ਦੌਰਾਨ ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਵਿਧੀ ਦੀਆਂ ਕੁੱਝ ਕਮੀਆਂ ਦੀ ਚਰਚਾ ਹੇਠਾਂ ਕੀਤੀ ਗਈ ਹੈ:

- ਹਰ ਸਾਲ ਦੋ ਮੀਟਿੰਗਾਂ ਕਰਨ ਦੀ ਲੋੜ ਦੇ ਉਲਟ, ਦਸੰਬਰ 2016 ਅਤੇ ਦਸੰਬਰ 2021 ਦੀ ਮਿਆਦ ਦੇ ਦੌਰਾਨ ਪੀ ਐਸ ਐਸ ਸੀ ਦੀ ਗਵਰਨਿੰਗ ਬਾਡੀ ਦੀ ਸਿਰਫ ਇੱਕ ਮੀਟਿੰਗ (ਦਸੰਬਰ 2021) ਹੋਈ ਸੀ, ਜਿਸ ਵਿੱਚ ਸਾਲ 2016-17 ਤੋਂ 2019-20 ਦੇ ਸਲਾਨਾ ਲੇਖਿਆਂ ਨੂੰ ਪ੍ਰਵਾਨਗੀ ਮਿਲ ਗਈ ਸੀ, ਜਦੋਂ ਕਿ ਪੀ ਆਈ ਐਸ ਅਪ੍ਰੈਲ 2018 ਤੋਂ ਬਾਅਦ ਗਵਰਨਿੰਗ ਕੌਂਸਲ ਦੀ ਸਿਰਫ ਇੱਕ ਸਲਾਨਾ ਆਮ ਮੀਟਿੰਗ ਕੀਤੀ (ਦਸੰਬਰ 2021)। ਇਸ ਤੋਂ ਇਲਾਵਾ, 2019-2022 ਦੀ ਮਿਆਦ ਦੌਰਾਨ ਪੀ ਐਸ ਐਸ ਸੀ ਅਤੇ ਪੀ ਆਈ ਐਸ ਦੋਵਾਂ ਵਿੱਚ ਕਾਰਜਕਾਰੀ ਕਮੇਟੀਆਂ ਦੀ ਕੋਈ ਮੀਟਿੰਗ ਨਹੀਂ ਕੀਤੀ ਗਈ।

  ਸਰਕਾਰ ਨੇ ਭਰੋਸਾ ਦਿੱਤਾ (ਜੂਨ 2023) ਕਿ ਭਵਿੱਖ ਵਿੱਚ ਮੀਟਿੰਗਾਂ ਨਿਯਮਾਂ ਅਤੇ ਨਿਯਮਿਤਤਾ ਅਨੁਸਾਰ ਕੀਤੀਆਂ ਜਾਣਗੀਆਂ।

- ਵਿਭਾਗ ਨੇ ₹ 30.26 ਕਰੋੜ (2016-17) ਦੀ ਕੀਮਤ ਦੇ 6,447 ਮਲਟੀਜਿਮ ਅਤੇ ₹ 2.92 ਕਰੋੜ (2020-21) ਦੇ 300 ਮਨਟੀਜਿਮ ਖਰੀਦੇ, ਜੋ ਕਿ ਰਾਜ ਵਿੱਚ ਵੱਖ-ਵੱਖ ਥਾਵਾਂ ਤੇ ਵੰਡੇ/ਸਥਾਪਤ ਕੀਤੇ ਗਏ ਸਨ। ਹਾਲਾਂਕਿ, ਵਿਭਾਗ ਦੁਆਰਾ ਸਥਾਪਿਤ ਸੰਪਤੀਆਂ ਲਈ ਰਜਿਸਟਰਾਂ ਦੇ ਰੂਪ ਵਿੱਚ ਕੋਈ ਰਿਕਾਰਡ ਨਹੀਂ ਰੱਖਿਆ ਗਿਆ ਅਤੇ ਖੇਡ ਬੁਨਿਆਦੀ ਢਾਂਚੇ ਦੀ ਭੌਤਿਕ ਤਸਦੀਕ ਵੀ ਨਹੀਂ ਕੀਤੀ ਗਈ। ਇਸ ਦੀ ਅਣਹੋਂਦ ਵਿੱਚ, ਠੋਸ ਸੰਪਤੀਆਂ ਦੀ ਹੋਂਦ ਅਤੇ ਸਰਵੋਤਮ ਵਰਤੋਂ/ਰੱਖ-ਰਖਾਅ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਿਆ।

  ਸਰਕਾਰ ਨੇ ਕਿਹਾ (ਜੂਨ 2023) ਕਿ ਸਥਿਰ ਸੰਪਤੀ ਰਜਿਸਟਰ ਤਿਆਰ ਕੀਤਾ ਜਾਵੇਗਾ ਅਤੇ ਸੰਪਤੀਆਂ ਦੀ ਭੌਤਿਕ ਤਸਦੀਕ ਕਰਨ ਲਈ ਡੀ ਐਸ ਓਜ਼ ਨੂੰ ਨਿਰਦੇਸ਼ ਕੀਤੇ ਜਾਣਗੇ।

## 3.8 ਸਿੱਟਾ

ਖੇਡ ਨੀਤੀ, 2018 ਦੇ ਅਧੀਨ ਵਿਕਸਿਤ ਕੀਤੇ ਜਾਣ ਵਾਲੇ ਖੇਡ ਬੁਨਿਆਦੀ ਢਾਂਚੇ ਲਈ ਬਹੁਤ ਕੁੱਝ ਲੋੜੀਂਦਾ ਬਾਕੀ ਰਹਿ ਗਿਆ ਹੈ। ਫੰਡ ਜਾਰੀ ਕਰਨ ਵਿੱਚ ਦੇਰੀ, ਉਪਲਬਧ ਫੰਡਾਂ ਦਾ ਗਲਤ ਪ੍ਰਬੰਧਨ, ਬੋਝ ਮੁਕਤ ਸਾਈਟਾਂ ਦਾ ਪ੍ਰਬੰਧ ਨਾ ਹੋਣ ਕਾਰਨ ਵਿਭਾਗ ਦੀ ਨਵੀਆਂ ਅਤੇ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਅੱਪਗਰੇਡ ਕਰਨ ਦੀਆਂ ਯੋਜਨਾਵਾਂ ਪ੍ਰਭਾਵਿਤ ਹੋਈਆਂ। ਖੇਡ ਯੋਗਤਾਵਾਂ ਦੇ ਵਿਕਾਸ ਨਾਲ ਸਬੰਧਤ ਮਨੁੱਖੀ ਸ੍ਰੋਤ ਮਨਜ਼ੂਰ ਅਸਾਮੀਆਂ ਤੋਂ 47 *ਪ੍ਰਤੀਸ਼ਤ* ਘੱਟ ਸਨ।

## 3.9 ਸਿਫਾਰਸ਼ਾਂ

ਰਾਜ ਸਰਕਾਰ/ਵਿਭਾਗ ਵਿਚਾਰ ਕਰ ਸਕਦੇ ਹਨ:

- *ਖੇਡ ਨੀਤੀ ਦੇ ਅਨੁਸਾਰ ਉਦੇਸ਼ਾਂ ਦੀ ਪ੍ਰਾਪਤੀ ਲਈ ਸਮੇਂ-ਸਮੇਂ ਤੇ ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ ਉਚਿਤ ਯੋਜਨਾਬੰਦੀ;*
- *ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਅਤੇ ਰੱਖ-ਰਖਾਅ ਲਈ ਉਪਲਬਧ ਫੰਡਾਂ ਦਾ ਵਧੀਆ ਢੰਗ ਨਾਲ ਪ੍ਰਬੰਧ ਕਰਨ ਤੋਂ ਇਲਾਵਾ ਫੰਡਾਂ ਨੂੰ ਢੁਕਵੀਂ ਅਤੇ ਸਮੇ ਸਿਰ ਜਾਰੀ ਕਰਨ ਦਾ ਪ੍ਰਬੰਧ; ਅਤੇ*
- *ਉਚਿਤ ਮੁਨੱਖੀ ਸ੍ਰੋਤਾਂ ਦੀ ਵਿਵਸਥਾ ਅਤੇ ਖੇਡ ਸਹੂਲਤਾਂ ਵਿੱਚ ਉਹਨਾਂ ਦੀ ਤੈਨਾਤੀ।*

# ਅਧਿਆਇ-IV

## ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ–ਰਖਾਅ

# ਅਧਿਆਇ-IV

# ਪਾਵਰ ਵਿਭਾਗ

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ

## ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ

**ਤਿੰਨ ਹਾਈਡਰੋਇਲੈਕਟ੍ਰਿਕ ਪਲਾਂਟਾਂ ਤੇ ₹ 764.09 ਕਰੋੜ ਦੇ ਬਰਾਬਰ 1,175.52 ਐਮ ਯੂਜ਼ ਦੀ ਹੱਦ ਤੱਕ ਟੀਚਿਆਂ ਦੇ ਸਬੰਧ ਵਿੱਚ ਉਤਪਾਦਨ ਵਿੱਚ ਕਮੀ ਸੀ। ਟਰਾਂਸਫਾਰਮੇਸ਼ਨ ਘਾਟੇ 37.32 ਐਮ ਯੂਜ਼ ਦੀ ਹੱਦ ਤੱਕ ਨਿਰਧਾਰਤ ਸੀਮਾਂ ਤੋਂ ਉੱਪਰ ਸਨ। ਵੱਖ-ਵੱਖ ਕੰਮਾਂ ਨੂੰ ਲਾਗੂ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 42.04 ਕਰੋੜ ਦੀ ਕੀਮਤ ਵਾਲੇ 64.69 ਐਮ ਯੂਜ਼ ਦਾ ਬਚਣਯੋਗ ਉਤਪਾਦਨ ਦਾ ਨੁਕਸਾਨ ਹੋਇਆ। ਲੀਨ ਪੀਰੀਅਡ ਤੋਂ ਬਾਅਦ ਕੀਤੀਆਂ ਗਈਆਂ ਸਲਾਨਾ ਰੱਖ-ਰਖਾਅ ਦੀਆਂ ਗਤੀਵਿਧੀਆਂ ਦੇ ਨਤੀਜੇ ਵਜੋਂ ₹ 249.88 ਕਰੋੜ ਦੇ ਬਰਾਬਰ 384.42 ਐਮ ਯੂਜ਼ ਦਾ ਉਤਪਾਦਨ ਘਾਟਾ ਹੋਇਆ ।**

## 4.1 ਜਾਣ-ਪਛਾਣ

ਪੰਜਾਬ ਵਿੱਚ ਬਿਜਲੀ ਉਤਪਾਦਨ ਅਤੇ ਵੰਡ ਦੀ ਗਤੀਵਿਧੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਨੂੰ ਸੌਂਪੀ ਗਈ ਹੈ। 31 ਮਾਰਚ 2022 ਨੂੰ ਕੁੱਲ ਸਥਾਪਿਤ ਸਮਰੱਥਾ (ਸਾਰੇ ਸ੍ਰੋਤਾਂ ਤੋਂ ਹਿੱਸੇ ਨੂੰ ਮਿਲਾਕੇ ਜਿਵੇਂ ਕਿ ਆਪਣੇ ਥਰਮਲ ਅਤੇ ਹਾਈਡਰੋ, ਸੁਤੰਤਰ ਬਿਜਲੀ ਉਤਪਾਦਕਾਂ (ਆਈ ਪੀ ਪੀਜ਼), ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐਮ ਬੀ) ਤੋਂ ਹਿੱਸਾ, ਕੇਂਦਰੀ ਸੈਕਟਰ, ਪੰਜਾਬ ਉਰਜਾ ਵਿਕਾਸ ਏਜੰਸੀ (ਪੇਡਾ) ਅਤੇ ਉਰਜਾ ਦੇ ਨਵੇਂ ਅਤੇ ਨਵਿਆਉਣਯੋਗ ਸ੍ਰੋਤ (ਐਨ ਆਰ ਐਸ ਈ) ਪ੍ਰੋਜੈਕਟਾਂ ਅਤੇ ਹੋਰ ਰਾਜਾਂ ਤੋਂ ਹਿੱਸਾ), 13,940.84 ਐਮ ਡਬਲਯੂ ਸੀ। ਇਸ ਵਿੱਚੋਂ, ਕੰਪਨੀ ਕੋਲ 2,775.25 ਐਮ ਡਬਲਯੂ (ਥਰਮਲ-1,760 ਐਮ ਡਬਲਯੂ ਅਤੇ ਹਾਈਡਰੋ-1,015.25 ਐਮ ਡਬਲਯੂ[1]) ਦੀ ਆਪਣੀ ਉਪਲਬਧ ਸਥਾਪਿਤ ਸਮਰੱਥਾ ਹੈ। ਆਪਣੀ ਕੁੱਲ ਸਥਾਪਿਤ ਸਮਰੱਥਾ ਵਿੱਚ ਹਾਈਡਰੋ ਪਾਵਰ ਦਾ ਹਿੱਸਾ 36.58 *ਪ੍ਰਤੀਸ਼ਤ* ਅਤੇ ਸਮੁੱਚੀ ਸਥਾਪਿਤ ਸਮਰੱਥਾ ਵਿੱਚ 7.28 *ਪ੍ਰਤੀਸ਼ਤ* ਸੀ। 31 ਮਾਰਚ 2022 ਤੱਕ, ਕੰਪਨੀ ਕੋਲ ਪੰਜ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ (ਐਚ ਈ ਪੀਜ਼) ਸਨ ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:

1. ਸ਼ਾਨਨ ਪਾਵਰ ਹਾਊਸ (ਐਸ ਪੀ ਐਚ), ਜੋਗਿੰਦਰ ਨਗਰ (110 ਐਮ ਡਬਲਯੂ), 1932 ਵਿੱਚ ਚਾਲੂ ਕੀਤਾ ਗਿਆ ਅਤੇ 1982 ਵਿੱਚ ਅੱਪਰੇਟ ਕੀਤਾ ਗਿਆ ।

2. ਰਣਜੀਤ ਸਾਗਰ ਡੈਮ (ਆਰ ਐਸ ਡੀ) ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ (600 ਐਮ ਡਬਲਯੂ[2]) 2000 ਵਿੱਚ ਚਾਲੂ ਕੀਤਾ ਗਿਆ ।

---

1 110 ਐਮ ਡਬਲਯੂ (ਐਸ ਪੀ ਐਚ) + 452.4 (ਆਰ ਐਸ ਡੀ) + 134 (ਏ ਐਸ ਐਚ ਪੀ) + 225 (ਐਮ ਐਚ ਪੀ) + 91.35 (ਯੂ ਬੀ ਡੀ ਸੀ) + 2.50 (ਮਾਈਕਰੋ ਹਾਈਡਲ ਪ੍ਰੋਜੈਕਟ) ।

2 20 *ਪ੍ਰਤੀਸ਼ਤ* ਜੰਮੂ ਅਤੇ ਕਸ਼ਮੀਰ (ਉਤਪਾਦਨ ਲਾਗਤ ਤੇ ਸਪਲਾਈ ਕੀਤੇ ਜਾਣ ਵਾਲਾ) ਅਤੇ 4.60 *ਪ੍ਰਤੀਸ਼ਤ* ਹਿਮਾਚਲ ਪ੍ਰਦੇਸ਼ ਨਾਲ (ਮੁਫਤ) ਸਾਂਝੇ ਕੀਤੇ ਗਏ ਹਨ। ਇਸ ਲਈ, 600 ਐਮ ਡਬਲਯੂ ਵਿੱਚੋਂ ਪੀ ਐਸ ਪੀ ਸੀ ਐਲ ਲਈ ਉਪਲਬਧ ਸਮਰੱਥਾ 452.40 ਐਮ ਡਬਲਯੂ ਸੀ ।

3. ਆਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ (ਏ ਐਸ ਐਚ ਪੀ) (134 ਐਮ ਡਬਲਯੂ) 1985 ਵਿੱਚ ਚਾਲੂ ਕੀਤਾ ਗਿਆ।

4. ਮੁਕੇਰੀਆਂ ਹਾਈਡਲ ਪ੍ਰੋਜੈਕਟ (ਐਮ ਐਚ ਪੀ), ਸਟੇਜ-I (207 ਐਮ ਡਬਲਯੂ), 1983 ਤੋਂ 1989 ਦੌਰਾਨ ਚਾਲੂ ਕੀਤਾ ਗਿਆ ਅਤੇ ਸਟੇਜ-II (18 ਐਮ ਡਲਬਯੂ) 2017 ਅਤੇ 2018 ਦੌਰਾਨ ਚਾਲੂ ਕੀਤਾ ਗਿਆ।

5. ਅਪਰ ਬਾਰੀ ਦੋਆਬ ਕੈਨਾਲ ਪਾਵਰ ਹਾਊਸ (ਯੂ ਬੀ ਡੀ ਸੀ), ਸਟੇਜ-I (45 ਐਮ ਡਲਬਯੂ) 1971 ਤੋਂ 1973 ਦੌਰਾਨ ਚਾਲੂ ਕੀਤਾ ਗਿਆ ਅਤੇ ਸਟੇਜ-II (46.35 ਐਮ ਡਬਲਯੂ) 1989 ਤੋਂ 1992 ਦੌਰਾਨ ਚਾਲੂ ਕੀਤਾ ਗਿਆ।

## 4.2 ਸੰਗਠਨਾਤਮਕ ਢਾਂਚਾ

ਸਾਰੇ ਐਚ ਈ ਪੀਜ਼ ਦੇ ਸੰਚਾਲਨ ਅਤੇ ਰੱਖ-ਰਖਾਅ (ਓ ਅਤੇ ਐਮ) ਦੀ ਦੇਖਭਾਲ ਕ੍ਰਮਵਾਰ ਸਰਕਲ ਅਤੇ ਪਲਾਂਟ ਪੱਧਰ ਤੇ ਮੁੱਖ ਇੰਜਨੀਅਰ/ਹਾਈਡਲ ਪ੍ਰੋਜੈਕਟ ਤੇ ਨਿਗਰਾਨ ਇੰਜਨੀਅਰਾਂ (ਐਸ ਈਜ਼)/ਕਾਰਜ਼ਕਾਰੀ ਇੰਜਨੀਅਰਾਂ (ਐਕਸ ਈ ਐਨ) ਦੁਆਰਾ ਕੀਤੀ ਜਾਂਦੀ ਹੈ।

## 4.3 ਲੇਖਾ ਪ੍ਰੀਖਿਆ ਉਦੇਸ਼

ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਮੁਲਾਂਕਣ ਕਰਨਾ ਸੀ ਕਿ :

- ਸੀ ਈ ਏ ਦੁਆਰਾ ਨਿਰਧਾਰਿਤ ਟੀਚਿਆਂ ਦੇ ਅਨੁਸਾਰ ਸਰਵਉਚਿਤ ਉਤਪਾਦਨ ਪ੍ਰਾਪਤ ਕੀਤਾ ਗਿਆ ਸੀ;
- ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ (ਐਚ ਈ ਪੀਜ਼) ਦੇ ਸੰਚਾਲਨ ਅਤੇ ਰੱਖ-ਰਖਾਅ (ਓ ਅਤੇ ਐਮ) ਲਈ ਕੇਂਦਰੀ ਬਿਜਲੀ ਅਥਾਰਟੀ (ਸੀ ਈ ਏ) ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਸੀ;
- ਪ੍ਰੋਜੈਕਟ ਲਈ ਵਿਸ਼ੇਸ਼ ਲੀਨ ਪੀਰੀਅਡ ਦੌਰਾਨ ਹਾਈਡਰੋ ਪਾਵਰ ਹਾਊਸਜ਼ ਦੀ ਮੁਰੰਮਤ ਅਤੇ ਰੱਖ-ਰਖਾਅ ਦੀਆਂ ਯੋਜਨਾ ਬਣਾਈਆਂ ਜਾ ਰਹੀਆਂ ਸਨ ਅਤੇ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਸਨ ਤਾਂ ਜੋ ਉਤਪਾਦਨ ਦੇ ਨੁਕਸਾਨ ਨੂੰ ਸੀ ਈ ਏ ਮਾਪਦੰਡਾਂ ਅਨੁਸਾਰ ਘੱਟ ਤੋਂ ਘੱਟ ਕੀਤਾ ਜਾ ਸਕੇ;
- ਬਿਜਲੀ ਘਰਾਂ ਵਿੱਚ ਹਾਈਡਰੋਇਲੈਕਟ੍ਰਿਕ ਪਾਵਰ ਉਤਪਾਦਨ ਵਿੱਚ ਸਰਵਉਤਮ ਪ੍ਰਚਲਨਾਂ/ਸੀ ਈ ਏ ਵਲੋਂ ਦਿੱਤੇ ਦਿਸ਼ਾ ਨਿਰਦੇਸ਼ ਦੇ ਅਨੁਸਾਰ ਸਿਖਲਾਈ ਪ੍ਰਾਪਤ ਮੈਨਪਾਵਰ ਤੈਨਾਤ ਕੀਤੀ ਗਈ ਸੀ;
- ਮੁਰੰਮਤ/ਰੱਖ-ਰਖਾਅ/ਨਵਿਆਉਣ ਅਤੇ ਪ੍ਰੋਜੈਕਟ ਦੇ ਹੋਰ ਕੰਮਾਂ ਨਾਲ ਸਬੰਧਤ ਠੇਕੇ ਕੁਸ਼ਲਤਾ ਨਾਲ ਅਤੇ ਠੇਕੇ ਦੀਆਂ ਸ਼ਰਤਾਂ ਅਨੁਸਾਰ ਕੀਤੇ ਗਏ ਸਨ; ਅਤੇ
- ਮੁਰੰਮਤ/ਓਵਰਹਾਲਿੰਗ/ਨਵਿਆਉਣ ਲਈ ਕੰਮ ਦੇ ਚਿੱਤਵੇ ਲਾਭ ਪ੍ਰਾਪਤ ਕੀਤੇ ਗਏ ਸਨ।

## 4.4 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

2019-22 ਦੀ ਮਿਆਦ ਲਈ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਉਤਪਾਦਨ, ਸਲਾਨਾ ਸੂਚੀਬੱਧ ਰੱਖ-ਰਖਾਅ, ਆਊਟੇਜਜ਼ (ਯੋਜਨਾਬੱਧ ਅਤੇ ਜਬਰੀ), ਬਿਜਲੀ ਘਰਾਂ ਲਈ ਉਪਕਰਣਾਂ ਦੀ ਖਰੀਦ, ਮੁਰੰਮਤ/ਪੂੰਜੀਗਤ ਕੰਮਾਂ ਨੂੰ ਅਮਲ ਵਿੱਚ ਲਿਆਉਣ ਅਤੇ ਮੈਨਪਾਵਰ ਦੀ ਤੈਨਾਤੀ ਨਾਲ ਸਬੰਧਤ ਰਿਕਾਰਡ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ।

## 4.5 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਉਦੇਸ਼ਾਂ ਦੀ ਪ੍ਰਾਪਤੀ ਲਈ ਅਪਣਾਏ ਗਏ ਮਾਪਦੰਡ ਹੇਠਾਂ ਦਿੱਤੇ ਸ੍ਰੋਤਾਂ ਤੋਂ ਲਏ ਗਏ ਸਨ:

- ਸੀ ਈ ਏ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ ਅਤੇ ਕੇਂਦਰੀ ਬਿਜਲੀ ਰੈਗੂਲੇਟਰੀ ਕਮਿਸ਼ਨ (ਸੀ ਈ ਆਰ ਸੀ) ਦੁਆਰਾ ਜਾਰੀ ਮਾਪਦੰਡ;
- ਸੀ ਈ ਏ/ਕੰਪਨੀ ਦੁਆਰਾ ਨਿਰਧਾਰਿਤ ਉਤਪਾਦਨ ਟੀਚੇ;
- ਕੰਪਨੀ ਦੁਆਰਾ ਬਣਾਈ ਗਈ ਰੱਖ-ਰਖਾਅ ਅਨੁਸੂਚੀ;
- ਮੁਕੰਮਲ ਹੋਣ ਦੀ ਸੂਚੀਬੱਧ ਮਿਆਦ/ ਡਿਲੀਵਰੀ ਦੀ ਠੇਕੇ ਦੀ ਮਿਆਦ; ਅਤੇ
- ਹਾਈਡਰੋ ਪਾਵਰ ਸਟੇਸ਼ਨਾਂ ਦੇ ਸੰਚਾਲਨ ਅਤੇ ਰੱਖ-ਰਖਾਅ ਵਿੱਚ ਸਰਵਉਤਮ ਪ੍ਰਚਲਨਾਂ।

## 4.6 ਲੇਖਾ ਪ੍ਰੀਖਿਆ ਲੱਭਤਾਂ:

### 4.6.1 ਉਤਪਾਦਨ

ਕੇਂਦਰੀ ਬਿਜਲੀ ਅਥਾਰਟੀ (ਸੀ ਈ ਏ) 25 ਐਮ ਡਬਲਯੂ ਤੋਂ ਵੱਧ ਦੀ ਸਮਰੱਥਾ ਵਾਲੇ ਐਚ ਈ ਪੀਜ਼ ਲਈ ਉਤਪਾਦਨ ਦੇ ਟੀਚੇ ਨਿਰਧਾਰਿਤ ਕਰਦੀ ਹੈ। ਇਸ ਤਰ੍ਹਾਂ, ਉਤਪਾਦਨ ਦੇ ਟੀਚਿਆਂ ਵਿੱਚ 91.35 ਐਮ ਡਬਲਯੂ ਯੂ ਬੀ ਡੀ ਸੀ (ਹਰ ਇੱਕ 15 ਐਮ ਡਬਲਯੂ ਦੇ ਤਿੰਨ ਪਾਵਰ ਹਾਊਸਾਂ ਅਤੇ ਹਰ ਇੱਕ 15.45 ਐਮ ਡਬਲਯੂ ਦੇ ਤਿੰਨ ਪਾਵਰ ਹਾਊਸਾਂ ਸਮੇਤ) ਅਤੇ 18 ਐਮ ਡਬਲਯੂ ਐਮ ਐਚ ਪੀ-V ਦੇ ਸਬੰਧ ਵਿੱਚ ਟੀਚੇ ਸ਼ਾਮਲ ਨਹੀਂ ਸਨ। ਇਸ ਅਨੁਸਾਰ, ਟੀਚਿਆਂ ਨੂੰ ਮਿਲਾਉਣ ਲਈ, ਯੂ ਬੀ ਡੀ ਸੀ ਅਤੇ ਐਮ ਐਚ ਪੀ-V ਤੋਂ ਕ੍ਰਮਵਾਰ 1,180.09 ਐਮ ਯੂਜ਼ ਅਤੇ 309.15 ਐਮ ਯੂਜ਼ ਦੇ ਉਤਪਾਦਨ ਨੂੰ ਕੁੱਲ ਉਤਪਾਦਨ ਤੋਂ ਬਾਹਰ ਰੱਖਿਆ ਗਿਆ ਸੀ। 25 ਐਮ ਡਬਲਯੂ ਤੋਂ ਵੱਧ ਦੀ ਸਮਰੱਥਾ ਵਾਲੇ ਐਚ ਈ ਪੀਜ਼ ਲਈ ਸੀ ਈ ਏ ਦੁਆਰਾ ਨਿਰਧਾਰਤ ਟੀਚਿਆਂ ਦੇ ਵਿਰੁੱਧ, 2019-22 ਦੀ ਮਿਆਦ ਦੇ ਦੌਰਾਨ ਉਤਪਾਦਨ ਹੇਠ ਲਿਖੇ ਅਨੁਸਾਰ ਸੀ:

**ਸਾਰਣੀ 4.1: 25 ਐਮ ਡਬਲਯੂ ਤੋਂ ਵੱਧ ਸਮਰੱਥਾ ਵਾਲੇ ਐਚ ਈ ਪੀਜ਼ ਦੇ ਸਬੰਧ ਵਿੱਚ ਅਸਲ ਉਤਪਾਦਨ (ਐਮ ਯੂਜ਼ ਵਿੱਚ) ਦੇ ਮੁਕਾਬਲੇ ਨਿਰਧਾਰਤ ਉਤਪਾਦਨ**

| ਐਚ ਈ ਪੀ ਦਾ ਨਾਂਅ | 2019-20 | | | 2020-21 | | | 2021-22 | | |
|---|---|---|---|---|---|---|---|---|---|
| | ਟੀਚਾ | ਅਸਲ | ਵਾਧਾ/ਘਾਟਾ | ਟੀਚਾ | ਅਸਲ | ਵਾਧਾ/ਘਾਟਾ | ਟੀਚਾ | ਅਸਲ | ਵਾਧਾ/ਘਾਟਾ |
| ਐਸ ਪੀ ਐਚ | 485 | 564.99 | 79.99 | 485 | 503.07 | 18.07 | 502 | 521.91 | 19.91 |
| ਆਰ ਐਸ ਡੀ | 1,560 | 2,099.18 | 539.18 | 1,560 | 1,518.94 | (-)41.06 | 1,638 | 1,162.96 | (-)475.04 |
| ਏ ਐਸ ਐਚ ਪੀ | 640 | 603.72 | (-)36.28 | 640 | 565.99 | (-)74.01 | 709 | 396.36 | (-)312.64 |
| ਐਮ ਐਚ ਪੀ | 1,080 | 1,098.37 | 18.37 | 1,120 | 1,282.31 | 162.31 | 1,120 | 883.51 | (-)236.49 |
| **ਜੋੜ** | **3,765** | **4,366.26** | **601.26** | **3,805** | **3,870.31** | **65.31** | **3,969** | **2,964.74** | **(-)1,004.26** |

*ਸ੍ਰੋਤ: ਕੰਪਨੀ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ*

ਐਚ ਈ ਪੀਜ਼ (25 ਐਮ ਡਬਲਯੂ ਤੋਂ ਵੱਧ ਸਮਰੱਥਾ ਵਾਲੇ) ਲਈ 11,539 ਐਮ ਯੂਜ਼ ਦੇ ਟੀਚਿਆਂ ਦੇ ਵਿਰੁੱਧ, 2019-22 ਦੌਰਾਨ 337.69 ਐਮ ਯੂਜ਼ ਦੀ ਘਾਟ ਛੱਡ ਕੇ ਅਸਲ ਉਤਪਾਦਨ 11,201.31 ਐਮ ਯੂਜ਼ ਸੀ।

ਸਾਰੇ ਪੰਜ ਐਚ ਈ ਪੀਜ਼ (25 ਐਮ ਡਬਲਯੂ ਤੋਂ ਘੱਟ ਸਮਰੱਥਾ ਵਾਲੇ ਪ੍ਰੋਜੈਕਟਾਂ ਸਮੇਤ) ਤੋਂ ਕੁੱਲ ਉਤਪਾਦਨ 12,690.56 ਐਮ ਯੂਜ਼ ਭਾਵ 2019-20, 2020-21 ਅਤੇ 2021-22 ਦੌਰਾਨ ਕ੍ਰਮਵਾਰ 4,939.14 ਐਮ ਯੂਜ਼, 4,389.60 ਐਮ ਯੂਜ਼ ਅਤੇ 3,361.82 ਐਮ ਯੂਜ਼ ਸੀ। ਉਤਪਾਦਨ ਵਿੱਚ 2019-20 ਦੌਰਾਨ 4,939.14 ਐਮ ਯੂਜ਼ ਤੋਂ 2021-22 ਦੌਰਾਨ 3,361.82 ਐਮ ਯੂਜ਼ ਭਾਵ 1,577.32 ਐਮ ਯੂਜ਼ (31.94 *ਪ੍ਰਤੀਸ਼ਤ*) ਦੀ ਗਿਰਾਵਟ ਆਈ ਸੀ।

ਪ੍ਰੋਜੈਕਟ-ਵਾਰ ਵਿਸਲੇਸ਼ਣ ਤੋਂ ਪਤਾ ਲੱਗਾ ਹੈ ਕਿ ਸਾਲ 2020-22 ਦੌਰਾਨ ਆਰ ਐਸ ਡੀ ਦੇ ਮਾਮਲੇ ਵਿੱਚ 516.10 ਐਮ ਯੂਜ਼, 2019-22 ਦੌਰਾਨ ਏ ਐਸ ਐਚ ਪੀ ਦੇ ਮਾਮਲੇ ਵਿੱਚ 422.93 ਐਮ ਯੂਜ਼ ਅਤੇ 2021-22 ਦੌਰਾਨ ਐਮ ਐਚ ਪੀ ਦੇ ਮਾਮਲੇ ਵਿੱਚ 236.49 ਐਮ ਯੂਜ਼ ਦੀ ਕਮੀ ਸੀ। ਇਸ ਤਰ੍ਹਾਂ ਏ ਐਸ ਐਚ ਪੀ ਵਿੱਚ 2019-20 ਤੋਂ 2021-22 ਤੱਕ ਸਾਰੇ ਤਿੰਨ ਸਾਲਾਂ ਦੌਰਾਨ ਉਤਪਾਦਨ ਵਿੱਚ ਕਮੀ ਸੀ। ਇਸ ਤਰ੍ਹਾਂ, ਇਨ੍ਹਾਂ ਤਿੰਨ ਐਚ ਈ ਪੀਜ਼ ਦੇ ਸਬੰਧ ਵਿੱਚ ਟੀਚਿਆਂ ਦੇ ਸਾਹਮਣੇ ਉਤਪਾਦਨ ਵਿੱਚ ਸਮੁੱਚੀ ਕਮੀ 1,175.52 ਐਮ ਯੂਜ਼ ਤੱਕ ਸੀ ਜੋ ਕਿ ₹ 764.09 ਕਰੋੜ[3] ਦੇ ਮਾਲੀਏ ਦੇ ਨੁਕਸਾਨ ਦੇ ਬਰਾਬਰ ਸੀ। ਉਤਪਾਦਨ ਵਿੱਚ ਕਮੀ ਦੇ ਕਾਰਨ ਜਬਰਨ ਬੰਦ ਕਰਨਾ (ਹਵਾਲਾ ਪੈਰ੍ਹਾ 4.6.4), ਮੁੱਖ ਮੁਰੰਮਤ/ਪੂੰਜੀਗਤ ਰੱਖ-ਰਖਾਅ ਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਦੇਰੀ (ਹਵਾਲਾ ਪੈਰ੍ਹਾ 4.6.6.1 ਅਤੇ 4.6.6.2), ਪੀਕ ਪੀਰੀਅਡ ਦੌਰਾਨ ਸਲਾਨਾ ਰੱਖ-ਰਖਾਅ (ਹਵਾਲਾ ਪੈਰ੍ਹਾ 4.6.7) ਅਤੇ ਪਾਣੀ ਦੀ ਘੱਟ ਉਪਲਬਧਤਾ ਸੀ।

ਸਰਕਾਰ ਨੇ ਕਿਹਾ (ਮਈ 2023) ਕਿ ਟੀਚਿਆਂ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਿਆ ਕਿਉਂਕਿ ਟੀਚੇ ਸੀ ਈ ਏ ਦੁਆਰਾ ਮਾਨਤਾ ਦੇ ਅਧਾਰ ਤੇ ਤੈਅ ਕੀਤੇ ਗਏ ਸਨ ਅਤੇ ਉਨ੍ਹਾਂ ਦਾ ਵਿਗਿਆਨਿਕ ਆਧਾਰ ਨਹੀਂ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸੀ ਈ ਏ ਸਾਰੇ ਪੈਰਾਮੀਟਰ ਅਤੇ ਮਾਪਦੰਡਾਂ ਤੇ ਵਿਚਾਰ ਕਰਨ ਤੋਂ ਬਾਅਦ ਟੀਚੇ ਨਿਰਧਾਰਿਤ ਕਰਦਾ ਹੈ। ਤੱਥ ਇਹ ਰਿਹਾ ਹੈ ਕਿ ਉਤਪਾਦਨ ਟੀਚੇ ਪ੍ਰਾਪਤ ਨਹੀਂ ਕੀਤੇ ਗਏ ਸਨ।

### 4.6.2 ਟਰਾਂਸਫਾਰਮੇਸ਼ਨ ਨੁਕਸਾਨ

ਕੇਂਦਰੀ ਬਿਜਲੀ ਰੈਗੂਲੇਟਰੀ ਕਮਿਸ਼ਨ (ਸੀ ਈ ਆਰ ਸੀ) ਟਰਾਂਸਫਾਰਮੇਸ਼ਨ ਨੁਕਸਾਨ[4] ਦਾ ਮਾਪਦੰਡ ਨਿਰਧਾਰਤ ਕਰਦਾ ਹੈ ਜੋ ਉਤਪੰਨ ਹੋਈ ਊਰਜਾ ਦਾ ਵੱਧ ਤੋਂ ਵੱਧ 0.50 *ਪ੍ਰਤੀਸ਼ਤ* ਹੈ। 2019-22 ਦੌਰਾਨ ਪ੍ਰੋਜੈਕਟ-ਵਾਰ ਟਰਾਂਸਫਾਰਮੇਸ਼ਨ ਨੁਕਸਾਨ ਦੇ ਵਿਸਲੇਸ਼ਣ ਨੇ ਦਰਸਾਇਆ ਕਿ ਐਸ ਪੀ ਐਚ (110 ਐਮ ਡਬਲਯੂ) ਅਤੇ ਐਮ ਐਚ ਪੀ (225 ਐਮ ਡਬਲਯੂ) ਤੇ ਟਰਾਂਸਫਾਰਮੇਸ਼ਨ ਨੁਕਸਾਨ 0.50 *ਪ੍ਰਤੀਸ਼ਤ* ਦੇ ਮਾਪਦੰਡਾਂ ਤੋਂ ਵੱਧ ਸੀ। 2019-22 ਦੌਰਾਨ ਐਸ ਪੀ ਐਚ ਤੇ ਟਰਾਂਸਫਾਰਮੇਸ਼ਨ ਨੁਕਸਾਨ 1.24 *ਪ੍ਰਤੀਸ਼ਤ* ਅਤੇ 1.58 *ਪ੍ਰਤੀਸ਼ਤ* ਦੇ ਵਿਚਕਾਰ ਸਨ ਜੋ ਕੁੱਲ ਮਿਲਾ ਕੇ 14.68 ਐਮ ਯੂਜ਼ ਹੋ ਗਏ, ਜਦੋਂ ਕਿ 2019-22 ਦੌਰਾਨ ਐਮ ਐਚ ਪੀ ਤੇ ਇਹ 1.01 *ਪ੍ਰਤੀਸ਼ਤ* ਅਤੇ 1.37 *ਪ੍ਰਤੀਸ਼ਤ* ਦੇ ਵਿਚਕਾਰ ਸਨ ਜੋ ਕੁੱਲ ਮਿਲਾ ਕੇ 22.64 ਐਮ ਯੂਜ਼ ਸਨ। 2019-22 ਦੌਰਾਨ 37.32 ਐਮ ਯੂਜ਼ ਦੇ ਵਾਧੂ ਟਰਾਂਸਫਾਰਮੇਸ਼ਨ ਨੁਕਸਾਨ ਨੇ ਕੰਪਨੀ ਨੂੰ

---

3 ਮਾਲੀਏ ਦੇ ਨੁਕਸਾਨ ਦੀ ਗਣਨਾ ₹ 6.50 ਪ੍ਰਤੀ ਯੂਨਿਟ ਭਾਵ 2019-22 ਲਈ ਔਸਤ ਮਾਲੀਆ ਪ੍ਰਾਪਤੀ ਦਰ ਤੇ ਕੀਤੀ ਗਈ ਹੈ।

4 ਟਰਾਂਸਫਾਰਮੇਸ਼ਨ ਨੁਕਸਾਨ ਉਤਪਾਦਨ ਵੋਲਟੇਜ ਤੋਂ ਟਰਾਂਸਮਿਸ਼ਨ ਵੋਲਟੇਜ ਤੱਕ ਦੇ ਨੁਕਸਾਨ ਨੂੰ ਦਰਸਾਉਂਦੇ ਹਨ।

₹ 24.26 ਕਰੋੜ[5] ਦੇ ਸੰਭਾਵੀ ਮਾਲੀਏ ਤੋਂ ਵਾਂਝਾ ਕਰ ਦਿੱਤਾ। ਐਸ ਪੀ ਐਚ ਅਤੇ ਐਮ ਐਚ ਪੀ ਵਿੱਚ ਵਧੇਰੇ ਟਰਾਂਸਫਾਰਮੇਸ਼ਨ ਨੁਕਸਾਨ ਦੇ ਕਾਰਨਾਂ ਵਿੱਚ ਕ੍ਰਮਵਾਰ ਤਿੰਨ ਫੇਜ਼ ਜਨਰੇਟਰ ਟਰਾਂਸਫਾਰਮਰਾਂ ਦੀ ਥਾਂ ਤੇ ਸਿੰਗਲ ਫੇਜ਼ ਦੀ ਸਥਾਪਨਾ ਅਤੇ ਪੁਰਾਣੇ ਜਨਰੇਟਰ ਟਰਾਂਸਫਾਰਮਾਂ ਦਾ ਹੋਣਾ ਸੀ ਜੋ ਆਪਣੀ ਮਿਆਦ ਖਤਮ ਕਰ ਚੁੱਕੇ ਹਨ।

ਸਰਕਾਰ ਨੇ ਕਿਹਾ (ਮਈ 2023) ਕਿ ਟਰਾਂਸਫਾਰਮੇਸ਼ਨ ਘਾਟੇ ਨੂੰ ਘੱਟ ਤੋਂ ਘੱਟ ਕਰਨ ਲਈ ਸੋਧਮਈ ਉਪਾਅ ਕੀਤੇ ਜਾ ਰਹੇ ਹਨ।

### 4.6.3 ਪਲਾਂਟ ਉਪਲਬਧਤਾ ਫੈਕਟਰ ਅਤੇ ਪਲਾਂਟ ਲੋਡ ਫੈਕਟਰ

ਸਰਵੋਤਮ ਉਤਪਾਦਨ ਪ੍ਰਦਾਨ ਕਰਨ ਲਈ, ਪਾਵਰ ਪਲਾਂਟ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਹੋਵੇਗਾ। ਲੋਅਰ ਪਲਾਂਟ ਉਪਲਬਧਤਾ ਫੈਕਟਰ[6] (ਪੀ ਏ ਐਫ) ਦਰਸਾਉਂਦਾ ਹੈ ਕਿ ਪਾਵਰ ਪਲਾਂਟ ਥੋੜੇ ਮਿਆਦ ਲਈ ਉਤਪਾਦਨ ਲਈ ਉਪਲਬਧ ਹੈ ਅਤੇ ਲੋਅਰ ਪਲਾਂਟ ਲੋਡ ਫੈਕਟਰ[7] (ਪੀ ਐਲ ਐਫ) ਦਰਸਾਉਂਦਾ ਹੈ ਕਿ ਪਲਾਂਟ ਆਪਣੀ ਸਮਰੱਥਾ ਤੋਂ ਘੱਟ ਬਿਜਲੀ ਉਤਪਾਦਨ ਕਰ ਰਿਹਾ ਹੈ। 2019-22 ਦੌਰਾਨ ਪਲਾਂਟ-ਵਾਰ ਪੀ ਏ ਐਫ ਅਤੇ ਪੀ ਐਲ ਐਫ ਹੇਠ ਅਨੁਸਾਰ ਹੈ:

**ਸਾਰਣੀ 4.2: ਪਲਾਂਟ ਉਪਲਬਧਤਾ ਫੈਕਟਰ ਅਤੇ ਪਲਾਂਟ ਲੋਡ ਫੈਕਟਰ (*ਪ੍ਰਤੀਸ਼ਤ* ਵਿੱਚ)**

| ਐਚ ਈ ਪੀ ਦਾ ਨਾਂਅ | ਪਲਾਂਟ ਉਪਲਬਧਤਾ ਫੈਕਟਰ | | | | ਪਲਾਂਟ ਲੋਡ ਫੈਕਟਰ | | | |
|---|---|---|---|---|---|---|---|---|
| | 2019-20 | 2020-21 | 2021-22 | ਔਸਤ | 2019-20 | 2020-21 | 2021-22 | ਔਸਤ |
| ਐਸ ਪੀ ਐਚ | 81.76 | 77.15 | 83.37 | 80.76 | 58.47 | 52.21 | 54.16 | 54.95 |
| ਯੂ ਬੀ ਡੀ ਸੀ | 92.39 | 87.37 | 81.43 | 87.06 | 58.81 | 49.25 | 39.25 | 49.10 |
| ਆਰ ਐਸ ਡੀ | 89.46 | 76.01 | 89.59 | 85.02 | 39.83 | 28.9 | 22.13 | 30.31 |
| ਏ ਐਸ ਐਚ ਪੀ | 92.37 | 89.71 | 85.42 | 89.17 | 51.29 | 48.22 | 33.77 | 44.43 |
| ਐਮ ਐਚ ਪੀ | 91.71 | 94.24 | 85.75 | 90.57 | 60.68 | 71.41 | 49.03 | 60.37 |

*ਸ੍ਰੋਤ: ਕੰਪਨੀ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ*

ਪੀ ਏ ਐਫ ਅਤੇ ਪੀ ਐਲ ਐਫ ਸਬੰਧੀ ਕੋਈ ਨਿਸ਼ਚਿਤ ਮਾਪਦੰਡ ਨਹੀਂ ਹਨ, ਹਾਲਾਂਕਿ, ਸੀ ਈ ਏ ਦੇ ਅਨੁਸਾਰ, 2019-20 ਤੋਂ 2021-22 ਦੌਰਾਨ ਸਰਵ-ਭਾਰਤੀ ਆਧਾਰ ਤੇ ਹਾਈਡਰੋ ਜਨਰੇਟਿੰਗ ਯੂਨਿਟਾਂ ਦੀ ਔਸਤ ਸੰਚਾਲਨ ਉਪਲਬਧਤਾ ਭਾਵ ਪੀ ਏ ਐਫ 92.68 *ਪ੍ਰਤੀਸ਼ਤ* ਅਤੇ 93.97 *ਪ੍ਰਤੀਸ਼ਤ* ਦੇ ਵਿਚਕਾਰ ਸੀ । ਇਹ ਵੇਖਿਆ ਗਿਆ ਕਿ 2019-22 ਦੌਰਾਨ ਇਨ੍ਹਾਂ ਪੰਜ ਪ੍ਰੋਜੈਕਟਾਂ ਦੀ ਔਸਤ ਪੀ ਏ ਐਫ 80.76 *ਪ੍ਰਤੀਸ਼ਤ* (ਐਸ ਪੀ ਐਚ) ਅਤੇ 90.57 *ਪ੍ਰਤੀਸ਼ਤ* (ਐਮ ਐਚ ਪੀ) ਦੇ ਵਿਚਕਾਰ ਸੀ। ਇਸ ਤੋਂ ਇਲਾਵਾ, 2019-22 ਦੌਰਾਨ ਔਸਤਨ ਪੀ ਐਲ ਐਫ 30.31 *ਪ੍ਰਤੀਸ਼ਤ* (ਆਰ ਐਸ ਡੀ) ਅਤੇ 60.37 *ਪ੍ਰਤੀਸ਼ਤ* (ਐਮ ਐਚ ਪੀ) ਦੇ ਵਿਚਕਾਰ ਸੀ। 2019-20 ਤੋਂ 2021-22 ਤੱਕ ਹਰੇਕ ਪਲਾਂਟ ਦੇ ਪੀ ਐਲ ਐਫ ਵਿੱਚ ਗਿਰਾਵਟ ਆਈ ਜੋ ਉਪਰੋਕਤ ਮਿਆਦ ਦੌਰਾਨ ਪੈਦਾਵਾਰ ਵਿੱਚ ਗਿਰਾਵਟ ਨਾਲ ਮੇਲ ਖਾਂਦੀ ਹੈ।

---

5 ਸੰਭਾਵੀ ਮਾਲੀਏ ਦੇ ਨੁਕਸਾਨ ਦੀ ਗਣਨਾ 2019-22 ਲਈ ਔਸਤ ਮਾਲੀਆ ਪ੍ਰਾਪਤੀ ਦੀ ਦਰ ₹ 6.50 ਪ੍ਰਤੀ ਯੂਨਿਟ ਤੇ ਕੀਤੀ ਗਈ ਹੈ।

6 ਉਸ ਸਮੇਂ ਦੀ ਮਾਤਰਾ ਜਿਸ ਲਈ ਪਲਾਂਟ ਇੱਕ ਨਿਸ਼ਚਿਤ ਮਿਆਦ ਦੌਰਾਨ ਬਿਜਲੀ ਪੈਦਾ ਕਰਨ ਦੇ ਯੋਗ ਹੁੰਦਾ ਹੈ, ਨੂੰ ਉਸ ਮਿਆਦ ਵਿੱਚ ਸਮੇਂ ਦੀ ਮਾਤਰਾ ਨਾਲ ਵੰਡ ਕੇ ਪਲਾਂਟ ਉਪਲਬਧਤਾ ਫੈਕਟਰ ਆਂਕਿਆ ਜਾਂਦਾ ਹੈ।

7 ਪਲਾਂਟ ਲੋਡ ਫੈਕਟਰ ਪਾਵਰ ਪਲਾਂਟ ਦੁਆਰਾ ਸਥਾਪਿਤ ਸਮਰੱਥਾ/ਊਰਜਾ ਜੋ ਇਹ ਕਿਸੇ ਖਾਸ ਸਮੇਂ ਵਿੱਚ ਪੈਦਾ ਕਰ ਸਕਦਾ ਹੈ, ਦੇ ਅਨੁਸਾਰ ਪੈਦਾ ਕੀਤੀ ਊਰਜਾ ਦਾ *ਪ੍ਰਤੀਸ਼ਤ* ਹੈ।

ਸਰਕਾਰ ਨੇ ਕਿਹਾ (ਮਈ 2023) ਕਿ ਘੱਟ ਪੀ ਏ ਐਫ ਯੋਜਨਾਬੱਧ ਆਊਟੇਜ ਵਿੱਚ ਵਾਧੇ ਦੇ ਨਾਲ-ਨਾਲ ਜਬਰੀ ਬੰਦ ਕੀਤੇ ਜਾਣ ਕਾਰਨ ਸੀ। ਲੇਖਾ ਪ੍ਰੀਖਿਆ ਦੀ ਰਾਇ ਹੈ ਕਿ ਕੰਪਨੀ ਨਿਯਮਿਤ ਸੁਰੱਖਿਆਤਮਕ ਰੱਖ-ਰਖਾਅ ਦੁਆਰਾ ਘੱਟੋ ਘੱਟ ਜਬਰੀ ਬੰਦ ਕਰਨ ਦੀ ਮਿਆਦ ਨੂੰ ਘਟਾ ਸਕਦੀ ਸੀ।

### 4.6.4 ਜਬਰੀ ਆਊਟੇਜ ਦੇ ਕਾਰਨ ਉਤਪਾਦਨ ਦਾ ਨੁਕਸਾਨ

ਜਬਰੀ ਆਊਟੇਜ਼ ਨੁਕਸ ਜਾਂ ਹੋਰ ਕਾਰਨਾਂ ਕਰਕੇ ਉਤਪਾਦਨ ਇਕਾਈ ਦੀ ਆਊਟੇਜ/ ਗੈਰ-ਉਪਲਬਧਤਾ ਹੈ ਜਿਸਦੀ ਯੋਜਨਾ ਨਹੀਂ ਬਣਾਈ ਗਈ ਹੈ ਜਿਵੇਂ ਕਿ ਯੂਨਿਟ ਦੀ ਅਸੰਭਾਵਿਤ ਬਰੇਕਡਾਊਨ। ਸਰਵਉਚਿਤ ਉਤਪਾਦਨ ਪ੍ਰਾਪਤ ਕਰਨ ਲਈ, ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਪਲਾਂਟ ਉਤਪਾਦਨ ਲਈ ਤਿਆਰ ਰਹੇ। ਉਤਪਾਦਨ ਕਰਨ ਵਾਲੀਆਂ ਇਕਾਈਆਂ ਦੀ ਸੰਚਾਲਨ ਭਰੋਸੇਯੋਗਤਾ ਅਜਿਹੀ ਹੋਵੇਗੀ ਕਿ ਜਦੋਂ ਵੀ ਗ੍ਰਿਡ ਦੀ ਮੰਗ ਹੋਵੇ, ਇਹ ਉਤਪਾਦਨ ਲਈ ਉਪਲਬਧ ਹੋਣੀ ਚਾਹੀਦੀ ਹੈ। ਹਾਈਡਰੋ ਪਾਵਰ ਸਟੇਸ਼ਨਾਂ ਦੇ ਸੰਚਾਲਨ ਅਤੇ ਰੱਖ-ਰਖਾਅ ਵਿੱਚ ਸਰਵਉਤਮ ਪ੍ਰਚਲਨਾਂ ਅਜਿਹੇ ਹੋਣੇ ਚਾਹੀਦੇ ਹਨ ਕਿ ਅਜਿਹੀਆਂ ਕਿਰਿਆਵਾਂ ਦੀ ਪਾਲਣਾ ਕਰਕੇ, ਵਿਸ਼ੇਸ਼ ਉਤਪਾਦਨ ਯੂਨਿਟਾਂ ਅਤੇ ਪਲਾਂਟ ਦਾ ਡਾਊਨਟਾਈਮ ਘੱਟੋ-ਘੱਟ ਹੋਣਾ ਚਾਹੀਦਾ ਹੈ ਭਾਵ ਫੋਰਸਡ ਆਊਟੇਜ਼ ਨੂੰ ਘੱਟ ਤੋਂ ਘੱਟ ਕੀਤਾ ਜਾਣਾ ਚਾਹੀਦਾ ਹੈ।

2019-22 ਦੌਰਾਨ, ਕੁੱਲ 10,365 ਮਸ਼ੀਨ ਘੰਟਿਆ[8] ਦੇ ਫੋਰਸਡ ਆਊਟੇਜ਼ ਵਿੱਚੋਂ ਮੁੱਖ ਆਊਟੇਜ਼ ਭਾਵ ਐਮ ਐਚ ਪੀ ਦੇ ਮਾਮਲੇ ਵਿੱਚ 7,812 ਮਸ਼ੀਨ ਘੰਟੇ (75.36 *ਪ੍ਰਤੀਸ਼ਤ*) ਅਤੇ ਏ ਐਸ ਐਚ ਪੀ ਦੇ ਮਾਮਲੇ ਵਿੱਚ 1,782 ਮਸ਼ੀਨ ਘੰਟੇ (17.19 *ਪ੍ਰਤੀਸ਼ਤ*) ਸੀ ਜੋ ਕਿ ਕੁੱਲ ਫੋਰਸਡ ਆਊਟੇਜ਼ ਦਾ 92.55 *ਪ੍ਰਤੀਸ਼ਤ* ਬਣਦਾ ਹੈ। ਇਨ੍ਹਾਂ ਫੋਰਸਡ ਆਊਟੇਜ਼ ਦੇ ਕਾਰਨ, ਕੰਪਨੀ ਨੂੰ ₹ 81.20 ਕਰੋੜ[9] ਦੇ ਬਰਾਬਰ 124.93 ਐਮ ਯੂਜ਼ ਉਤਪਾਦਨ ਦਾ ਨੁਕਸਾਨ ਸਹਿਣਾ ਪਿਆ। ਫੋਰਸਡ ਆਊਟੇਜ਼ ਦਾ ਮੁੱਖ ਕਾਰਨ ਮਸ਼ੀਨ/ਉਪਕਰਣ ਦਾ ਬਰੇਕਡਾਊਨ ਹੋਣਾ, 132 ਕੇ ਵੀ ਟਰਾਂਸਮਿਸ਼ਨ ਪ੍ਰਣਾਲੀ ਦਾ ਫੇਲ ਹੋਣਾ ਅਤੇ ਕੈਨਾਲ ਦਾ ਇਨਲੈੱਟ ਕੂੜੇ ਕਰਕਟ ਨਾਲ ਬੰਦ ਹੋਣਾ ਸੀ। ਫੋਰਸਡ ਆਊਟੇਜ਼ ਨੂੰ ਘਟਾਉਣ ਲਈ, ਕੰਪਨੀ ਨੇ ਆਪਣੇ ਓ ਅਤੇ ਐਮ ਅਭਿਆਸਾਂ ਵਿੱਚ ਸੁਧਾਰ ਕਰਨ ਅਤੇ ਟਰਾਂਸਮਿਸ਼ਨ ਪ੍ਰਣਾਲੀ ਵਿੱਚ ਅਸਫਲਤਾ ਨੂੰ ਘਟਾਉਣ ਅਤੇ ਇਸ ਟਰਾਂਸਮਿਸ਼ਨ ਪ੍ਰਣਾਲੀ ਵਿੱਚ ਨੁਕਸ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ (ਪੀ ਐਸ ਟੀ ਸੀ ਐਲ) ਕੋਲ ਮਾਮਲਾ ਉਠਾਉਣ ਦੀ ਲੋੜ ਸੀ। ਰਣਜੀਤ ਸਾਗਰ ਡੈਮ (ਆਰ ਐਸ ਡੀ) ਵਿਖੇ ਵੀ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਫੋਰਸਡ ਆਊਟੇਜ਼ ਨੂੰ ਯੋਜਨਾਬੱਧ ਆਊਟੇਜ਼ ਮੰਨਿਆ ਜਾ ਰਿਹਾ ਸੀ ਅਤੇ ਫੋਰਸਡ ਆਊਟੇਜ਼ ਦੇ ਅਧੀਨ ਕੰਮ ਯੋਜਨਾਬੱਧ ਕੰਮਾਂ ਵਜੋਂ ਕੀਤੇ ਜਾ ਰਹੇ ਸਨ, ਜੋ ਕਿ ਜਾਇਜ਼ ਨਹੀਂ ਸੀ।

ਸਰਕਾਰ ਨੇ ਸਵੀਕਾਰ ਕੀਤਾ ਅਤੇ ਕਿਹਾ (ਮਈ 2023) ਕਿ ਮੁੱਖ ਓਵਰਹਾਲਿੰਗ ਆਦਿ ਦੀ ਲੋੜ ਵਾਲੇ ਉਪਕਰਣਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਕੰਪਨੀ ਇਸਨੂੰ ਬਦਲਣ ਤੇ ਕੰਮ ਕਰ ਰਹੀ ਹੈ। ਉਹਨਾਂ ਨੇ ਕਿਹਾ ਕਿ ਟਰਾਂਸਮਿਸ਼ਨ ਨੈਟਵਰਕ ਦੇ ਅਸਫਲ ਹੋਣ ਦਾ ਮਾਮਲਾ ਪੀ ਐਸ ਟੀ ਸੀ ਐਲ ਕੋਲ ਉਠਾਇਆ ਜਾ ਰਿਹਾ ਹੈ।

---

8 ਸਿਰਫ ਏ ਐਸ ਐਚ ਪੀ, ਐਮ ਐਚ ਪੀ, ਐਸ ਪੀ ਐਚ ਅਤੇ ਯੂ ਬੀ ਡੀ ਸੀ ਦੇ ਸਬੰਧ ਵਿੱਚ।

9 ਮਾਲੀਏ ਦੇ ਨੁਕਸਾਨ ਦੀ ਗਣਨਾ 2019-22 ਲਈ ਔਸਤ ਮਾਲੀਆ ਪ੍ਰਾਪਤੀ ਦਰ ₹ 6.50 ਪ੍ਰਤੀ ਯੂਨਿਟ ਤੇ ਕੀਤੀ ਗਈ ਹੈ।

### 4.6.5 ਅੱਪਰ ਬਾਰੀ ਦੁਆਬ ਕੈਨਾਲ ਪ੍ਰੋਜੈਕਟ ਦੀ ਘੱਟ ਵਰਤੋਂ

ਅੱਪਰ ਬਾਰੀ ਦੁਆਬ ਕੈਨਾਲ (ਯੂ ਬੀ ਡੀ ਸੀ) ਐਚ ਈ ਪੀ ਵਿੱਚ 91.35 ਐਮ ਡਬਲਯੂ ਕੁੱਲ ਸਮਰੱਥਾ ਵਾਲੀਆਂ ਛੇ ਮਸ਼ੀਨਾਂ ਸ਼ਾਮਲ ਹਨ। ਪ੍ਰੋਜੈਕਟ ਵਿੱਚ 7,200 ਕਿਊਸਿਕ ਦੀ ਵੱਧ ਤੋਂ ਵੱਧ ਨਿਕਾਸੀ ਸਮਰੱਥਾ ਵਾਲਾ 20 ਕਿ. ਮੀ. ਹਾਈਡਲ ਚੈਨਲ ਹਨ। ਨਿਕਾਸੀ ਦੀ ਮਾਤਰਾ ਦੇ ਲਗਾਤਾਰ ਪਰਿਵਰਤਨ ਨੇ ਚੈਨਲ ਨੂੰ ਨੁਕਸਾਨ ਪਹੁੰਚਾਇਆ ਸੀ, ਜਿਸ ਲਈ ਸੁਰੱਖਿਆ ਅਤੇ ਬਹਾਲੀ ਦੀ ਲੋੜ ਸੀ। ਇਸ ਅਨੁਸਾਰ ਹਾਈਡਲ ਚੈਨਲ ਵਿੱਚ ਪਾਣੀ ਦਾ ਨਿਕਾਸ 7,200 ਕਿਊਸਿਕ ਦੀ ਪੂਰੀ ਸਮਰੱਥਾ ਦੇ ਮੁਕਾਬਲੇ 6,100 ਕਿਊਸਿਕ ਤੱਕ ਸੀਮਤ ਕਰ ਦਿੱਤਾ ਗਿਆ। ਕੰਪਨੀ ਨੇ ਨਿਰਧਾਰਿਤ ਨਿਕਾਸੀ ਦੀ ਸਮਰੱਥਾ ਨੂੰ 7,200 ਕਿਊਸਿਕ ਤੱਕ ਪ੍ਰਾਪਤ ਕਰਨ ਲਈ ₹ 1.69 ਕਰੋੜ ਦੀ ਅੰਦਾਜਨ ਲਾਗਤ ਨਾਲ ਚੈਨਲ ਦੀ ਮੁਰੰਮਤ ਦੇ ਕੰਮਾਂ ਨੂੰ ਚਲਾਉਣ ਦਾ ਫੈਸਲਾ (ਅਪ੍ਰੈਲ 2017) ਕੀਤਾ, ਜਿਸ ਨਾਲ ਉਨ੍ਹਾਂ ਦੀ ਉਤਪਾਦਨ ਸਮਰੱਥਾ ਵਿੱਚ ਵਾਧਾ ਹੋਇਆ।

ਹਾਲਾਂਕਿ, ਇਹ ਵੇਖਿਆ ਗਿਆ ਸੀ ਕਿ ਭਾਵੇਂ ਉਪਰੋਕਤ ਸਿਵਲ ਕਾਰਜਾਂ ਨੂੰ ਕੁੱਲ ₹ 1.51 ਕਰੋੜ ਦੀ ਲਾਗਤ ਨਾਲ ਪੂਰਾ ਕੀਤਾ (ਮਾਰਚ 2021 ਤੱਕ) ਗਿਆ ਸੀ ਚੈਨਲ ਦੀ ਸਮਰੱਥਾ ਅਜੇ ਵੀ ਸਿਰਫ 6,700 ਕਿਊਸਿਕ ਤੱਕ ਵਰਤੀ ਜਾ ਸਕਦੀ ਸੀ ਕੰਪਨੀ ਨੇ ਵੇਖਿਆ ਕਿ ਹਾਈਡਲ ਚੈਨਲ ਵਿੱਚ 6,700 ਤੋਂ ਵੱਧ ਨਿਕਾਸੀ ਨਾਲ ਨੈੱਟ ਹੈੱਡ ਨੁਕਸਾਨ ਹੁੰਦਾ ਹੈ ਅਤੇ ਨਤੀਜੇ ਵਜੋਂ ਉਤਪਾਦਨ ਵਿੱਚ ਕਮੀ ਆਉਂਦੀ ਹੈ। ਕੰਪਨੀ ਉਪਰਕੋਤ ਕੰਮਾਂ ਨੂੰ ਪੂਰਾ ਕਰਨ ਦੇ ਬਾਵਜੂਦ ਚੈਨਲ ਅਤੇ ਪਾਵਰ ਪਲਾਂਟ ਦੀ ਸਮਰੱਥਾ ਦੀ ਘੱਟ ਵਰਤੋਂ ਦੇ ਕਾਰਨਾਂ ਦਾ ਸਹੀ ਮੁਲਾਂਕਣ ਨਹੀ ਕਰ ਸਕੀ।

ਸਰਕਾਰ ਨੇ ਇਸ ਤੱਥ ਨੂੰ ਸਵੀਕਾਰ ਕੀਤਾ ਅਤੇ ਕਿਹਾ (ਮਈ 2023) ਕਿ ਹਾਈਡਲ ਚੈਨਲ ਦੀ ਪੂਰੀ ਸਮਰੱਥਾ ਨਾਲ ਵਰਤੋਂ ਕਰਨ ਲਈ, ਨਵਿਆਉਣ, ਆਧੁਨਿਕੀਕਰਣ ਅਤੇ ਅਪਰੇਟਿੰਗ ਅਤੇ ਬਾਕੀ ਰਹਿੰਦੀ ਮਿਆਦ ਦਾ ਮੁਲਾਂਕਣ ਪ੍ਰਕਿਰਿਆ ਅਧੀਨ ਹੈ।

### 4.6.6 ਕੰਮ ਨੂੰ ਪੂਰਾ ਕਰਨ ਵਿੱਚ ਦੇਰੀ :

#### *4.6.6.1 ਡਿਜੀਟਲ ਗਵਰਨਿੰਗ ਪ੍ਰਣਾਲੀ ਨੂੰ ਲਾਗੂ ਕਰਨ ਵਿੱਚ ਦੇਰੀ ਕਾਰਨ ਉਤਪਾਦਨ ਦਾ ਨੁਕਸਾਨ*

ਗਵਰਨਿੰਗ ਪ੍ਰਣਾਲੀ ਹਾਈਡਰੋਲਿਕ ਟਰਬਾਈਨ ਦਾ ਮੁੱਖ ਕੰਟਰੋਲਰ ਹੈ। ਗਵਰਨਿੰਗ ਪ੍ਰਣਾਲੀ ਟਰਬਾਈਨ ਦੁਆਰਾ ਪਾਣੀ ਦੇ ਪ੍ਰਵਾਹ ਨੂੰ ਇਸਦੀ ਗਤੀ ਜਾਂ ਪਾਵਰ ਆਉਟਪੁੱਟ ਅਤੇ ਪ੍ਰਣਾਲੀ ਬਾਰੰਬਾਰਤਾ ਨੂੰ ਨਿਯੰਤਰਿਤ ਕਰਨ ਲਈ ਰੈਗੂਲੇਟ ਕਰਦੀ ਹੈ।

ਯੂ ਬੀ ਡੀ ਸੀ ਹਾਈਡਲ ਪ੍ਰੋਜੈਕਟ ਤੇ ਸਥਾਪਤ ਕੀਤੇ ਜਾਣ ਵਾਲੀ ਡਿਜੀਟਲ ਗਵਰਨਿੰਗ ਪ੍ਰਣਾਲੀ (ਡੀ ਜੀ ਐਸ) ਦੇ ਸਪਲਾਈ ਲਈ ਖਰੀਦ ਆਰਡਰ ਅਤੇ ਨਿਰਮਾਣ ਅਤੇ ਚਾਲੂ ਕਰਨ ਲਈ ਵਰਕ ਆਰਡਰ ਮੈਸਰਜ਼ ਏ ਬੀ ਬੀ ਇੰਡੀਆ ਲਿਮਿਟਡ (ਫਰਮ) ਦੇ ਹੱਕ ਵਿੱਚ ₹ 2.11 ਕਰੋੜ (ਸਪਲਾਈ ਲਈ ₹ 2.02 ਕਰੋੜ ਅਤੇ ਨਿਰਮਾਣ ਲਈ ₹ 8.85 ਲੱਖ) 'ਤੇ ਜਾਰੀ (ਜੁਲਾਈ 2019) ਕੀਤੇ ਗਏ ਸਨ। ਇਕਰਾਰਨਾਮੇ ਦੀ ਸਪੁਰਦਗੀ ਧਾਰਾ ਦੇ ਅਨੁਸਾਰ, ਸਮੱਗਰੀ ਅਪ੍ਰੈਲ 2020 ਤੱਕ ਸਪਲਾਈ ਕੀਤੀ ਜਾਣੀ ਸੀ ਅਤੇ ਮਸ਼ੀਨਾਂ ਦੀ ਉਪਲਬਧਤਾ ਦੇ ਅਧਾਰ ਤੇ ਕੰਮ ਦੀ ਸ਼ੁਰੂਆਤ ਤੋਂ 30 ਦਿਨਾਂ ਦੇ ਅੰਦਰ ਡੀ ਜੀ ਐਸ ਦੇ ਚਾਲੂ ਹੋਣ ਦਾ ਕੰਮ ਪੂਰਾ ਕੀਤਾ ਜਾਣਾ ਸੀ। ਉਪਰਕੋਤ ਸਪੁਰਦਗੀ ਸੂਚੀਬੱਧਤਾ ਦੇ ਵਿਰੁੱਧ, ਜੁਲਾਈ 2020 ਤੱਕ ਭਾਵ ਤਿੰਨ ਮਹੀਨਿਆਂ ਦੀ ਦੇਰੀ ਬਾਅਦ ਸਪਲਾਈ ਪੂਰੀ ਕੀਤੀ ਗਈ ਸੀ। ਦੋ ਮਸ਼ੀਨਾਂ 20 ਦਸੰਬਰ 2020 ਨੂੰ ਅਤੇ

ਇੱਕ 15 ਫਰਵਰੀ 2021 ਨੂੰ ਫਰਮ ਨੂੰ ਸਪੁਰਦ ਕੀਤੀ ਗਈ ਸੀ। ਇਸ ਤਰਾਂ ਕੰਮ 19 ਜਨਵਰੀ/17 ਮਾਰਚ 2021 ਤੱਕ ਪੂਰਾ ਕੀਤਾ ਜਾਣਾ ਸੀ। ਹਾਲਾਂਕਿ, ਮਸ਼ੀਨਾਂ ਨੂੰ 7 ਜੂਨ 2021 ਭਾਵ 138 ਦਿਨਾਂ/81 ਦਿਨਾਂ ਦੀ ਦੇਰੀ ਤੋਂ ਬਾਅਦ ਚਾਲੂ ਕੀਤਾ ਗਿਆ ਸੀ । ਦੇਰੀ ਦੇ ਕਾਰਨ ਰਿਕਾਰਡ ਵਿੱਚ ਨਹੀਂ ਸਨ। ਠੇਕੇਦਾਰ ਦੁਆਰਾ ਦੇਰੀ ਨਾਲ ਸਪੁਰਦਗੀ ਅਤੇ ਚਾਲੂ ਹੋਣ ਕਾਰਨ, ਕੰਪਨੀ ਨੂੰ ₹ 30.78 ਕਰੋੜ[10] ਦੇ ਮਾਲੀਏ ਦੇ ਬਰਾਬਰ 47.36 ਐਮ ਯੂਜ਼ ਦੇ ਉਤਪਾਦਨ ਦਾ ਨੁਕਸਾਨ ਹੋਇਆ।

ਸਰਕਾਰ ਨੇ ਤੱਥਾਂ ਨੂੰ ਸਵੀਕਾਰ ਕਰਦੇ ਹੋਏ ਕਿਹਾ (ਮਈ 2023) ਕਿ ਕੰਪਨੀ ਦੇ ਵਿੱਤੀ ਹਿੱਤਾਂ ਦੀ ਰਾਖੀ ਲਈ ਅਜਿਹੀ ਵਿਵਸਥਾ ਨੂੰ ਸ਼ਾਮਲ ਕਰਨ ਦਾ ਮਾਮਲਾ ਵਿਚਾਰ ਅਧੀਨ ਹੈ।

#### *4.6.6.2 ਮੈਸਰਜ਼ ਬੀ ਐਚ ਈ ਐਲ ਦੁਆਰਾ ਕੰਮ ਨੂੰ ਪੂਰਾ ਕਰਨ ਵਿੱਚ ਦੇਰੀ*

ਉਤਪਾਦਨ ਕਰਨ ਵਾਲੀਆਂ ਸੰਪਤੀਆਂ ਦਾ ਜੀਵਨ ਵਧਾਉਣ, ਕੁਸ਼ਲਤਾ ਵਿੱਚ ਸੁਧਾਰ, ਉਪਲਬਧਤਾ ਵਧਾਉਣ, ਓ ਅਤੇ ਐਮ ਖਰਚਿਆਂ ਅਤੇ ਉਤਪਾਦਨ ਦੇ ਘਾਟੇ ਆਦਿ ਨੂੰ ਘਟਾਉਣ ਲਈ ਐਮ ਐਚ ਪੀ, ਤਲਵਾੜਾ ਵਿਖੇ ਪਾਵਰਹਾਊਸ ਨੰ.1 ਦੀ ਮਸ਼ੀਨ ਨੰ. 2 (15 ਐਮ ਡਬਲਯੂ) ਦੀ ਕੈਪੀਟਲ ਓਵਰਹਾਲਿੰਗ ਦੀ ਲੋੜ ਸੀ। ਕੰਪਨੀ ਨੇ ਆਉਣ ਵਾਲੇ ਲੀਨ ਸੀਜ਼ਨ (ਮਾਰਚ-ਜੂਨ) ਦੌਰਾਨ ਮਸ਼ੀਨ ਦੀ ਕੈਪੀਟਲ ਓਵਰਹਾਲਿੰਗ ਦੀ ਯੋਜਨਾ (2016-17) ਬਣਾਈ ।

ਇਹ ਕੰਮ ਮੈਸਰਜ਼ ਬੀ ਐਚ ਈ ਐਲ (ਫਰਮ), ਅਸਲ ਉਪਕਰਣ ਨਿਰਮਾਤਾ (ਸਿੰਗਲ ਟੈਂਡਰ ਅਧੀਨ) ਨੂੰ ₹ 24.60 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ (ਅਗਸਤ 2019)। ਮਸ਼ੀਨ ਨੂੰ ਫਰਮ ਨੂੰ ਸੌਂਪਿਆ (ਮਾਰਚ 2021) ਗਿਆ ਸੀ, ਜਿਸ ਨੇ 15 ਜੂਨ 2021 ਤੱਕ ਕੰਮ ਪੂਰਾ ਕਰਨਾ ਸੀ। ਹਾਲਾਂਕਿ, ਕੋਵਿਡ-19 ਦੇ ਫੈਲਣ ਅਤੇ ਵਾਧੂ ਕੰਮ ਸ਼ਾਮਲ ਹੋਣ ਕਾਰਨ, ਫਰਮ ਨੇ ਸੰਸ਼ੋਧਿਤ ਮੁਕੰਮਲ ਹੋਣ ਦੀ ਮਿਤੀ 1 ਸਤੰਬਰ 2021 ਪੇਸ਼ (ਜੂਨ 2021) ਕੀਤੀ। ਮਸ਼ੀਨ ਨੂੰ 8 ਨਵੰਬਰ 2021 ਭਾਵ 67 ਦਿਨਾਂ ਦੀ ਦੇਰੀ ਤੋਂ ਬਾਅਦ ਚਾਲੂ ਕੀਤਾ ਗਿਆ ਸੀ । ਕੰਮ ਨੂੰ ਪੂਰਾ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 11.26 ਕਰੋੜ[11] ਦੇ ਸੰਭਾਵੀ ਮਾਲੀਏ ਦੇ ਬਰਾਬਰ 17.33 ਐਮ ਯੂਜ਼ ਦੇ ਉਤਪਾਦਨ ਦਾ ਨੁਕਸਾਨ ਹੋਇਆ।

ਸਰਕਾਰ ਨੇ ਕਿਹਾ (ਮਈ 2023) ਕਿ ਕੋਵਿਡ-19 ਦੇ ਫੈਲਣ ਅਤੇ ਵਾਧੂ ਕੰਮ ਦੇ ਆਉਣ ਕਾਰਨ ਕੰਮ ਵਿੱਚ ਦੇਰੀ ਹੋਈ। ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਨੁਕਸਾਨ ਦੀ ਗਣਨਾ ਫਰਮ ਦੁਆਰਾ ਪੇਸ਼ ਕੀਤੀ ਗਈ ਮੁਕੰਮਲ ਹੋਣ ਦੀ ਸੋਧਿਤ ਮਿਤੀ ਤੇ ਵਿਚਾਰ ਕਰਨ ਤੋਂ ਬਾਅਦ ਕੀਤੀ ਗਈ ਹੈ।

#### *4.6.6.3 ਜਨਰੇਟਰ ਟਰਾਂਸਫਾਰਮਰਾਂ ਦੇ ਕੈਪੀਟਲ ਰੱਖ-ਰਖਾਅ ਵਿੱਚ ਦੇਰੀ*

ਕੰਪਨੀ ਨੇ ਆਰ ਐਸ ਡੀ ਵਿਖੇ ਸਥਾਪਿਤ ਤਿੰਨ ਸਿੰਗਲ ਫੇਜ਼ 62.5 ਐਮ ਵੀ ਏ, ਜਨਰੇਟਰ ਟਰਾਂਸਫਾਰਮਰਾਂ (ਜੀ ਟੀਜ਼) ਦਾ ਵਿਭਾਗੀ ਤੌਰ ਤੇ ₹ 1.41 ਕਰੋੜ ਦੇ ਆਰਜ਼ੀ ਖਰਚੇ ਤੇ ਇਸਦੀ ਗਰਿੱਡ ਨਿਰਮਾਣ ਡਵੀਜ਼ਨ, ਅੰਮ੍ਰਿਤਸਰ (ਜੀ ਸੀ ਡੀ) ਤੋਂ ਕੈਪੀਟਲ ਰੱਖ-ਰਖਾਅ/ਓਵਰਹਾਲਿੰਗ ਕਰਨ ਦਾ ਫੈਸਲਾ (ਨਵੰਬਰ 2019) ਕੀਤਾ। ਜੀ ਸੀ ਡੀ ਨੂੰ ਇੱਕ ਜੀ ਟੀ ਚੁੱਕਣ ਲਈ ਬੇਨਤੀ

---

10 ਮਾਲੀਏ ਦੇ ਨੁਕਸਾਨ ਦੀ ਗਣਨਾ ₹ 6.50 ਪ੍ਰਤੀ ਯੂਨਿਟ ਭਾਵ 2019-22 ਲਈ ਔਸਤ ਮਾਲੀਆ ਪ੍ਰਾਪਤੀ ਦਰ ਤੇ ਕੀਤੀ ਗਈ ਹੈ।

11 ਮਾਲੀਏ ਦੇ ਨੁਕਸਾਨ ਦੀ ਗਣਨਾ ₹ 6.50 ਪ੍ਰਤੀ ਯੂਨਿਟ ਭਾਵ 2019-22 ਲਈ ਔਸਤ ਮਾਲੀਆ ਪ੍ਰਾਪਤੀ ਦਰ ਤੇ ਕੀਤੀ ਗਈ ਹੈ।

(ਜਨਵਰੀ 2020) ਕੀਤੀ ਗਈ ਸੀ, ਹਲਾਂਕਿ, ਇਸਨੂੰ ਇੱਕ ਸਾਲ ਦੇ ਬੀਤਣ ਦੇ ਬਾਅਦ ਚੁੱਕਾ (ਜਨਵਰੀ 2021) ਗਿਆ ਸੀ। ਇਸ ਜੀ ਟੀ ਦੀ ਕੈਪੀਟਲ ਓਵਰਹਾਲਿੰਗ ਜੁਲਾਈ 2021 ਵਿੱਚ ਪੂਰੀ ਕੀਤੀ ਗਈ ਸੀ ਅਤੇ ਇਸਨੂੰ ਫਰਵਰੀ 2022 ਵਿੱਚ ਭਾਵ ਪੂੰਜੀ ਓਵਰਹਾਲਿੰਗ ਦੇ ਪੂਰਾ ਹੋਣ ਦੀ ਮਿਤੀ ਤੋਂ ਸੱਤ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਸਾਈਟ ਤੇ ਸ਼ਿਫਟ ਕੀਤਾ ਗਿਆ ਸੀ।

ਅੰਤ ਵਿੱਚ, ਮਾਰਚ 2022 ਵਿੱਚ ਇਹ ਜੀ ਟੀ ਚਾਲੂ/ਕ੍ਰਿਆਸ਼ੀਲ ਹੋ ਗਿਆ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪਹਿਲੇ ਜੀ ਟੀ ਨੂੰ ਪ੍ਰੋਜੈਕਟ ਸਾਈਟ ਤੋਂ ਕਰੇਨ ਪਲੇਟਫਾਰਮ ਤੱਕ ਚੁੱਕਣ ਵਿੱਚ ਇੱਕ ਸਾਲ ਦੀ ਦੇਰੀ ਹੋਈ ਸੀ ਅਤੇ ਪੂੰਜੀ ਰੱਖ-ਰਖਾਅ ਬਾਅਦ ਇਸ ਨੂੰ ਵਾਪਸ ਪ੍ਰੋਜੈਕਟ ਵਿੱਚ ਸ਼ਿਫਟ ਕਰਨ ਵਿੱਚ ਸੱਤ ਮਹੀਨਿਆਂ ਤੋਂ ਵੱਧ ਦੀ ਦੇਰੀ ਹੋਈ ਸੀ। ਉਪਰ ਚੁੱਕਣ/ਵਾਪਸ ਸ਼ਿਫਟ ਕਰਨ ਵਿੱਚ ਦੇਰੀ ਦਾ ਮੁੱਖ ਕਾਰਨ ਜੀ ਸੀ ਡੀ ਨਾਲ ਲੋੜੀਂਦੀ ਸਮਰੱਥਾ ਦੇ ਟ੍ਰੇਲਰ ਦੀ ਗੈਰ-ਉਪਲਬਧਤਾ ਸੀ। ਇਨਹਾਊਸ ਕੰਮ ਕਰਨ ਲਈ ਲੋੜੀਂਦੀ ਸਮਰੱਥਾ ਦੇ ਟ੍ਰੇਲਰ ਦੀ ਉਪਲਬਧਤਾ ਤੇ ਵਿਚਾਰ ਕੀਤੇ ਬਿਨਾਂ ਕੰਮ ਅਲਾਟ ਕੀਤਾ ਗਿਆ ਸੀ, ਜੋ ਕਿ ਗਲਤ ਯੋਜਨਾਬੰਦੀ ਨੂੰ ਦਰਸਾਉਂਦਾ ਹੈ। ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਸਾਰੇ ਤਿੰਨਾਂ ਜੀ ਟੀਜ਼ ਦੀ ਪੂੰਜੀ ਰੱਖ-ਰਖਾਅ ਨੂੰ ਮਾਰਚ 2021 ਤੱਕ ਪੂਰਾ ਕਰਨ ਦੀ ਲੋੜ ਸੀ, ਹਾਲਾਂਕਿ ਸਿਰਫ ਇੱਕ ਜੀ ਟੀ ਦੀ ਪੂੰਜੀ ਰੱਖ-ਰਖਾਅ ਮਾਰਚ 2022 ਤੱਕ ਮੁਕੰਮਲ/ਕਮੀਸ਼ਨ ਕੀਤਾ ਗਿਆ ਸੀ। ਪੂੰਜੀ ਰੱਖ-ਰਖਾਅ ਦੇ ਅਮਲ ਵਿਚ ਦੇਰੀ ਦੇ ਨਤੀਜੇ ਵਜੋਂ ਜੀ ਟੀਜ਼ ਦੀ ਬਰੇਕਡਾਊਨ ਅਤੇ ਉਤਪਾਦਨ ਦਾ ਨੁਕਸਾਨ ਹੋ ਸਕਦਾ ਹੈ।

ਸਰਕਾਰ ਨੇ ਕਿਹਾ (ਮਈ 2023) ਕਿ ਪ੍ਰੋਜੈਕਟ ਅਥਾਰਟੀਆਂ ਨੇ ਕੰਮ ਨੂੰ ਸਮੇਂ ਸਿਰ ਲਾਗੂ ਕਰਨ ਲਈ ਸਾਰੀਆਂ ਕੋਸ਼ਿਸ਼ਾਂ/ਯਤਨ ਕੀਤੇ। ਤੱਥ ਇਹ ਹੈ ਕਿ ਆਰ ਐਸ ਡੀ ਵਿਖੇ ਜੀ ਟੀਜ਼ ਦੇ ਪੂੰਜੀ ਰੱਖ-ਰਖਾਅ ਵਿੱਚ ਦੇਰੀ ਹੋ ਗਈ ਹੈ ਜੋ ਕਿ ਕਿਸੇ ਵੀ ਮੋੜ ਤੇ ਸੰਚਾਲਨ ਨੂੰ ਪ੍ਰਭਾਵਤ ਕਰ ਸਕਦੀ ਹੈ।

### 4.6.7 ਸਲਾਨਾ ਰੱਖ-ਰਖਾਅ

ਪਾਵਰ ਹਾਊਸ ਨੂੰ ਨਿਰਵਿਘਨ ਅਤੇ ਕੁਸ਼ਲ ਚਲਾਉਣ ਲਈ ਇਸਦੀ ਨਿਯਮਤ/ਸਲਾਨਾ ਰੱਖ-ਰਖਾਅ ਜ਼ਰੂਰੀ ਹੈ। ਇਸ ਤੋਂ ਇਲਾਵਾ, ਉਤਪਾਦਨ ਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ, ਸਲਾਨਾ ਰੱਖ-ਰਖਾਅ ਲੀਨ ਸਮੇਂ ਦੌਰਾਨ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ ਜੋ ਕਿ ਵੱਖ-ਵੱਖ ਪਲਾਂਟਾਂ ਲਈ ਵੱਖ-ਵੱਖ ਹਨ। ਲੇਖਾ ਪ੍ਰੀਖਿਆ ਨੇ ਕੁਝ ਮੌਕਿਆਂ ਤੇ ਵੇਖਿਆ ਕਿ ਸਲਾਨਾ ਰੱਖ-ਰਖਾਅ/ਕੈਪੀਟਲ ਰੱਖ-ਰਖਾਅ ਲੀਨ ਸਮੇਂ ਤੋਂ ਬਾਅਦ ਕੀਤਾ ਗਿਆ ਸੀ:

### *ੳ. ਰਣਜੀਤ ਸਾਗਰ ਡੈਮ ਹਾਈਡਲ ਪ੍ਰੋਜੈਕਟ*

600 ਐਮ ਡਬਲਯੂ ਆਰ ਐਸ ਡੀ ਵਿੱਚ ਹਰੇਕ 150 ਐਮ ਡਬਲਯੂ ਦੀਆਂ ਚਾਰ ਯੂਨਿਟ/ਮਸ਼ੀਨਾਂ ਹਨ। ਇਹ ਵੇਖਿਆ ਗਿਆ ਸੀ ਕਿ 2019-22 ਦੌਰਾਨ ਆਰ ਐਸ ਡੀ ਤੇ ਸਲਾਨਾ ਰੱਖ-ਰਖਾਅ ਸੂਚੀਬੱਧਤਾ ਦੀ ਪਾਲਣਾ ਨਹੀਂ ਕੀਤੀ ਗਈ ਸੀ ਕਿਉਂਕਿ ਇਸ ਤੇ ਯੋਜਨਾ ਅਨੁਸਾਰ ਅਮਲ ਨਹੀਂ ਕੀਤਾ ਗਿਆ ਸੀ। ਕੰਪਨੀ ਦੇ ਪਾਵਰ ਕੰਟਰੋਲਰ ਦੁਆਰਾ ਇਜਾਜ਼ਤ ਨਾ ਦੇਣ ਕਾਰਨ 2019-20 ਦੌਰਾਨ ਯੂਨਿਟ-II ਅਤੇ ਯੂਨਿਟ-III ਦੇ ਸਬੰਧ ਵਿੱਚ ਕੋਈ ਸਲਾਨਾ ਰੱਖ-ਰਖਾਅ ਨਹੀਂ ਕੀਤਾ ਗਿਆ ਸੀ। 2020-21 ਅਤੇ 2021-22 ਵਿੱਚ, ਸਲਾਨਾ ਰੱਖ-ਰਖਾਅ ਲਈ ਲਏ ਗਏ ਦਿਨਾਂ ਦੀ ਅਸਲ ਗਿਣਤੀ ਹਰੇਕ ਯੂਨਿਟ ਲਈ ਯੋਜਨਾਬੱਧ (30 ਦਿਨਾਂ) ਨਾਲੋਂ ਵੱਧ ਸੀ। ਇਸ ਤੋਂ ਇਲਾਵਾ, ਲੀਨ ਮਿਆਦ ਤੋਂ ਬਾਹਰ ਰੱਖ-ਰਖਾਅ ਕੀਤਾ ਗਿਆ ਸੀ ਜਿਸਦੇ ਨਤੀਜੇ ਵਜੋਂ

318.40 ਐਮ ਯੂਜ਼ ਦੇ ਉਤਪਦਾਨ ਦਾ ਨੁਕਸਾਨ ਹੋਇਆ ਅਤੇ ₹ 206.96 ਕਰੋੜ[12] ਦੇ ਸੰਭਾਵੀ ਮਾਲੀਏ ਦਾ ਨੁਕਸਾਨ ਹੋਇਆ। ਸਲਾਨਾ ਰੱਖ-ਰਖਾਅ ਯੋਜਨਾ ਦੀ ਪਾਲਣਾ ਨਾ ਕਰਨ ਦਾ ਮੁੱਖ ਕਾਰਨ ਸਲਾਨਾ ਰੱਖ-ਰਖਾਅ ਦੇ ਕੰਮ ਦੇ ਨਾਲ-ਨਾਲ ਮੁੱਖ ਮੁਰੰਮਤ/ਪ੍ਰਤਿਸਥਾਪਨ ਦੇ ਕੰਮਾਂ ਨੂੰ ਪੂਰਾ ਕਰਨਾ ਸੀ।

### *ਅ. ਮੁਕੇਰੀਆਂ ਹਾਈਡਲ ਪ੍ਰੋਜੈਕਟ*

ਐਮ ਐਚ ਪੀ ਦੇ ਪੰਜ ਪਾਵਰਹਾਊਸ ਹਨ, ਜਿਨ੍ਹਾਂ ਵਿੱਚੋਂ ਪਾਵਰਹਾਊਸ I ਤੋਂ IV ਹਰ ਇੱਕ ਵਿੱਚ ਤਿੰਨ ਮਸ਼ੀਨਾਂ ਅਤੇ ਪਾਵਰਹਾਊਸ-V ਵਿੱਚ ਦੋ ਮਸ਼ੀਨਾਂ ਹਨ। ਇਨ੍ਹਾਂ ਮਸ਼ੀਨਾਂ ਦੇ ਸਲਾਨਾ ਰੱਖ ਰਖਾਅ ਦੀ ਯੋਜਨਾਬੰਦੀ ਲੀਨ ਸਮੇਂ ਦੌਰਾਨ ਕੀਤੀ ਗਈ ਸੀ ਜੋ ਆਮ ਤੌਰ ਤੇ ਹਰ ਸਾਲ ਮਾਰਚ ਤੋਂ ਅੱਧ- ਜੂਨ ਦੌਰਾਨ ਹੁੰਦਾ ਹੈ। ਲੇਖਾ ਪ੍ਰੀਖਿਆ ਨੇ ਵੇਖਿਆ ਕਿ 2020-21 ਦੌਰਾਨ, ਕੋਵਿਡ-19 ਮਹਾਂਮਾਰੀ ਦੇ ਕਾਰਨ ਪਾਵਰਹਾਊਸ-V ਨੂੰ ਛੱਡ ਕੇ ਕੋਈ ਵੀ ਸਲਾਨਾ ਰੱਖ-ਰਖਾਅ ਨਹੀਂ ਕੀਤਾ ਗਿਆ ਸੀ। 2021-22 ਦੌਰਾਨ, ਮਸ਼ੀਨਾਂ ਦੇ ਸਲਾਨਾ ਰੱਖ-ਰਖਾਅ ਲਈ ਲਏ ਗਏ ਦਿਨਾਂ ਦੀ ਅਸਲ ਗਿਣਤੀ ਯੋਜਨਾਬੱਧ ਦਿਨਾਂ ਨਾਲੋਂ ਵੱਧ ਸੀ ਅਤੇ ਦੇਰੀ 12 ਤੋਂ 126 ਦਿਨਾਂ ਦੇ ਵਿਚਕਾਰ ਸੀ, ਜਿਸ ਵਿੱਚੋਂ ਕੁੱਝ ਸਮਾਂ ਪੀਕ ਮਿਆਦ ਦਾ ਸੀ ਜਿਸਦੇ ਨਤੀਜੇ ਵਜੋਂ 2021-22 ਦੌਰਾਨ 32.95 ਐਮ ਯੂਜ਼ ਦੇ ਉਤਪਦਾਨ ਦਾ ਨੁਕਸਾਨ ਹੋਇਆ ਜੋ ਕਿ ₹ 21.42 ਕਰੋੜ ਦੇ ਸੰਭਾਵੀ ਮਾਲੀਏ ਦੇ ਬਰਾਬਰ ਸੀ। ਸਲਾਨਾ ਰੱਖ-ਰਖਾਅ ਯੋਜਨਾਂ ਦੀ ਪਾਲਣਾ ਨਾ ਕਰਨ ਦਾ ਮੁੱਖ ਕਾਰਨ ਸਲਾਨਾ ਰੱਖ-ਰਖਾਅ ਦੇ ਕੰਮ ਦੇ ਨਾਲ-ਨਾਲ ਮੁੱਖ ਮੁਰੰਮਤ/ਪ੍ਰਤੀਸਥਾਪਨ ਦੇ ਕੰਮਾਂ ਨੂੰ ਪੂਰਾ ਕਰਨਾ ਸੀ।

### *ੲ. ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ*

ਯੂਨਿਟ ਨੰ. 2 ਦੇ ਕੈਪੀਟਲ ਰੱਖ-ਰਖਾਅ ਲਈ ਵਰਕ ਆਰਡਰ ਕਮ ਠੇਕਾ ਇਕਰਾਰਨਾਮਾ ਮੈਸਰਜ਼ ਗੋਲ ਹਾਈਡਰੋ ਪ੍ਰਾਈਵੇਟ ਲਿਮਿਟਡ ਨੂੰ ਇਸਦੇ ਵਾਈਬਰੇਸ਼ਨ ਕਾਰਨ ਨਿਰੰਤਰ ਬਰੇਕਡਾਊਨ ਹੋਣ ਕਾਰਨ ਦਿੱਤਾ (ਜਨਵਰੀ 2022) ਗਿਆ ਸੀ। ਏ ਐਸ ਐਚ ਪੀ ਵਿਖੇ ਆਮ ਤੌਰ ਤੇ ਹਰ ਸਾਲ ਨਵੰਬਰ ਤੋਂ ਮਾਰਚ ਤੱਕ ਲੀਨ ਮਿਆਦ ਹੁੰਦੀ ਹੈ, ਜਦੋਂਕਿ ਯੂਨਿਟ ਨੰ. 2 ਦਾ ਕੈਪੀਟਲ ਰੱਖ-ਰਖਾਅ 5 ਜਨਵਰੀ 2022 ਤੋਂ 20 ਜੂਨ 2022 ਤੱਕ, 167 ਦਿਨ ਲੈ ਕੇ ਕੀਤਾ ਗਿਆ ਸੀ, ਜਿਸ ਵਿੱਚੋ 67 ਦਿਨ (16 ਅਪ੍ਰੈਲ ਤੋਂ 20 ਜੂਨ) ਪੀਕ ਸੀਜ਼ਨ ਦੇ ਸ਼ਾਮਲ ਹਨ, ਜਿਸ ਦੇ ਨਤੀਜੇ ਵਜੋਂ 33.07 ਐਮ ਯੂਜ਼ ਉਤਪਾਦਨ ਦਾ ਨੁਕਸਾਨ ਹੋਇਆ ਅਤੇ ₹ 21.50 ਕਰੋੜ ਦੇ ਮਾਲੀਏ ਦਾ ਨੁਕਸਾਨ ਹੋਇਆ। ਨਿਰਧਾਰਿਤ ਰੱਖ-ਰਖਾਅ ਦੀ ਪਾਲਣਾ ਨਾ ਕਰਨ ਦਾ ਮੁੱਖ ਕਾਰਨ ਪ੍ਰਵਾਨਗੀਆਂ ਮਿਲਣ ਵਿੱਚ ਦੇਰੀ ਸੀ।

ਸਰਕਾਰ ਨੇ ਕਿਹਾ (ਮਈ 2023) ਕਿ ਨਿਯਮਤ ਰੱਖ-ਰਖਾਅ ਕਰਨ ਤੋਂ ਇਲਾਵਾ, ਪ੍ਰਮੁੱਖ ਕੰਮਾਂ ਨੂੰ ਅਮਲ ਵਿੱਚ ਲਿਆਉਣ ਕਰਕੇ ਰੱਖ ਰਖਾਅ ਦੀ ਯੋਜਨਾਬੱਧ ਸੂਚੀ ਦੀ ਪਾਲਣਾ ਨਹੀਂ ਕੀਤੀ ਜਾ ਸਕੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਉਤਪਾਦਨ ਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਸਲਾਨਾ ਰੱਖ-ਰਖਾਅ ਲੀਨ ਮਿਆਦ ਦੌਰਾਨ ਕੀਤਾ ਜਾਣਾ ਚਾਹੀਦਾ ਹੈ।

12 ਮਾਲੀਏ ਦੇ ਨੁਕਸਾਨ ਦੀ ਗਣਨਾ ₹ 6.50 ਪ੍ਰਤੀ ਯੂਨਿਟ ਭਾਵ 2019-22 ਲਈ ਔਸਤ ਮਾਲੀਆ ਪ੍ਰਾਪਤੀ ਦਰ ਤੇ ਕੀਤੀ ਗਈ ਹੈ।

## 4.6.8 ਸੰਚਾਲਨ ਅਤੇ ਰੱਖ-ਰਖਾਅ ਦੇ ਖਰਚੇ

ਸੰਚਾਲਨ ਅਤੇ ਰੱਖ-ਰਖਾਅ (ਓ ਅਤੇ ਐਮ) ਖਰਚਿਆਂ ਵਿੱਚ ਮੁਰੰਮਤ ਅਤੇ ਰੱਖ-ਰਖਾਅ, ਸਥਾਪਨਾ ਅਤੇ ਪ੍ਰਸ਼ਾਸਨ ਦੇ ਖਰਚੇ ਸ਼ਾਮਲ ਹਨ।

ਸਾਰੇ ਪੰਜ ਪ੍ਰੋਜੈਕਟਾਂ ਵਿੱਚ, ਪ੍ਰਤੀ ਯੂਨਿਟ ਓ ਅਤੇ ਐਮ ਖਰਚੇ 600 ਐਮ ਡਬਲਯੂ ਆਰ ਐਸ ਡੀ ਦੇ ਸਬੰਧ ਵਿੱਚ ਹੇਠਲੇ ਪਾਸੇ (₹ 0.06 ਅਤੇ ₹ 0.10 ਪ੍ਰਤੀ ਯੂਨਿਟ ਰੇਂਜ਼ ਦੇ ਵਿਚਕਾਰ) ਸਨ ਅਤੇ ਯੂ ਬੀ ਡੀ ਸੀ ਦੇ ਸਬੰਧ ਵਿੱਚ ਉੱਚੇ ਪਾਸੇ (₹ 0.34 ਅਤੇ ₹ 0.51 ਪ੍ਰਤੀ ਯੂਨਿਟ ਰੇਂਜ਼ ਦੇ ਵਿਚਕਾਰ) ਸਨ।

### *4.6.8.1 ਜਲ ਸ੍ਰੋਤ ਵਿਭਾਗ ਨੂੰ ਅਨਿਆਂਸੰਗਤ ਅਦਾਇਗੀ*

ਪੰਜਾਬ ਸਰਕਾਰ ਦੇ ਨਿਰਦੇਸ਼ਾਂ (ਅਕਤੂਬਰ 2017) ਅਨੁਸਾਰ ਕੰਪਨੀ ਜਲ ਸ੍ਰੋਤ ਵਿਭਾਗ (ਡਬਲਯੂ ਆਰ ਡੀ) ਨੂੰ ਯੱਕਮੁਸ਼ਤ ਸੰਚਾਲਨ ਅਤੇ ਰੱਖ-ਰਖਾਅ (ਓ ਅਤੇ ਐਮ) ਚਾਰਜਜ਼#ਵਜੋਂ ਸਲਾਨਾ ₹ 12 ਕਰੋੜ (ਪਿਛਲੇ ਸਾਲ ਨਾਲੋਂ ਪੰਜ *ਪ੍ਰਤੀਸ਼ਤ* ਪ੍ਰਤੀ ਸਾਲ ਦੇ ਵਾਧੇ ਨਾਲ) ਇਸ ਵਿਵਸਥਾ ਨਾਲ ਦੇ ਰਹੀ ਹੈ ਕਿ ਡੈਮ ਦੀ ਸੁਰੱਖਿਆ ਨਾਲ ਸਬੰਧਤ ਕੰਮਾਂ ਨੂੰ ਪੂਰਾ ਕਰਨ ਲਈ ਡਬਲਯੂ ਆਰ ਡੀ ਸਭ ਤੋਂ ਵੱਧ ਤਰਜੀਹ ਦੇਵੇਗਾ।

ਰਣਜੀਤ ਸਾਗਰ ਡੈਮ (ਡਬਲਯੂ ਆਰ ਡੀ) ਕੋਲ ਪਾਵਰ ਸੁਰੰਗਾਂ ਨੂੰ ਬੰਦ ਕਰਨ ਅਤੇ ਖੋਲ੍ਹਣ ਲਈ ਇੱਕ ਡੇਰਿਕ ਕਰੇਨ ਸੀ। ਕਰੇਨ ਦੇ ਸੰਚਲਾਨ ਵਿੱਚ ਮੁਸ਼ਕਲ ਆਉਣ ਕਾਰਨ, ਇਸਦੀ ਨਿਰਮਾਤਾ ਫਰਮ ਨੂੰ ਮੁਰੰਮਤ ਵਾਸਤੇ ਸੰਪਰਕ ਕੀਤਾ ਗਿਆ ਸੀ। ਮੁਲਾਂਕਣ ਤੋਂ ਬਾਅਦ, ਫਰਮ ਨੇ ₹ 16.77 ਕਰੋੜ ਦੀ ਅਨੁਮਾਨਿਤ ਲਾਗਤ ਨਾਲ ਕਰੇਨ ਦੀ ਮੁਰੰਮਤ ਕਰਨ ਦਾ ਪ੍ਰਸਤਾਵ ਦਿੱਤਾ। ਇਹ ਆਪਸੀ ਤੌਰ ਤੇ ਫੈਸਲਾ (ਫਰਵਰੀ 2021) ਕੀਤਾ ਗਿਆ ਸੀ ਕਿ ਕੰਪਨੀ ਕਰਜ਼ੇ ਵਜੋਂ ₹ ਪੰਜ ਕਰੋੜ ਦੀ ਅਦਾਇਗੀ ਦੇ ਪਹਿਲੇ ਫੈਸਲੇ (ਮਈ 2020) ਦੇ ਬਜਾਏ ਡਬਲਯੂ ਆਰ ਡੀ ਨੂੰ ਗਰਾਂਟ ਵਜੋਂ ₹ ਪੰਜ ਕਰੋੜ ਅਦਾ ਕਰੇਗੀ। ਉਪਰੋਕਤ ਦੀ ਪਾਲਣਾ ਵਿੱਚ, ਕੰਪਨੀ ਨੇ ਡਬਲਯੂ ਆਰ ਡੀ ਨੂੰ ₹ 1.38 ਕਰੋੜ ਦੇ ਭੁਗਤਾਨ (ਅਕਤੂਬਰ 2021) ਕੀਤੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਪਨੀ ਪਹਿਲਾਂ ਹੀ ਡਬਲਯੂ ਆਰ ਡੀ ਨੂੰ ਓ ਅਤੇ ਐਮ ਖਰਚਿਆਂ ਦਾ ਭੁਗਤਾਨ ਕਰ ਰਹੀ ਹੈ, ਇਸ ਲਈ ਕਰੇਨ ਦੀ ਮੁਰੰਮਤ ਲਈ ਗਰਾਂਟ ਵਜੋਂ ₹ ਪੰਜ ਕਰੋੜ ਦੀ ਵਾਧੂ ਰਾਸ਼ੀ ਦੀ ਪ੍ਰਵਾਨਗੀ ਅਤੇ ਇਸਦੇ ਖਿਲਾਫ਼ ₹ 1.38 ਕਰੋੜ ਦੀ ਅਦਾਇਗੀ ਉਚਿਤ ਨਹੀਂ ਸੀ। ਇਸ ਤੋਂ ਇਲਾਵਾ, ਕੰਪਨੀ ਨੇ ਇਸ ਦੇ ਵਿਰੁੱਧ ਕੀਤੇ ਗਏ ਅਸਲ ਖਰਚੇ ਨੂੰ ਯਕੀਨੀ ਬਣਾਏ ਅਤੇ ਉਚਿਤ ਠਹਿਰਾਏ ਬਿਨਾਂ ਡਬਲਯੂ ਆਰ ਡੀ ਨੂੰ ₹ 52 ਕਰੋੜ ਜਾਰੀ ਕੀਤੇ ਸਨ।

ਸਰਕਾਰ ਨੇ ਕਿਹਾ (ਮਈ 2023) ਕਿ ਡਬਲਯੂ ਆਰ ਡੀ ਨੂੰ ₹ 1.38 ਕਰੋੜ ਦਾ ਭੁਗਤਾਨ ਜਾਰੀ ਕੀਤਾ ਗਿਆ ਸੀ ਜਿਵੇਂ ਕਿ ਇਸ ਦੇ ਬੋਰਡ ਦੇ ਨਿਦੇਸ਼ਕਾਂ ਦੁਆਰਾ ਫੈਸਲਾ ਕੀਤਾ ਗਿਆ ਸੀ। ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਓ ਅਤੇ ਐਮ ਖਰਚਿਆਂ ਦੇ ਭੁਗਤਾਨ ਤੋਂ ਇਲਾਵਾ, ਵਾਧੂ ਰਾਸ਼ੀ ਦਾ ਭੁਗਤਾਨ ਉਚਿਤ ਨਹੀਂ ਸੀ।

## 4.6.9 ਹੋਰ ਮੁੱਦੇ

### *4.6.9.1 ਸਪੇਅਰ ਰਨਰ ਦੀ ਪਰਿਆਪਤ ਗਿਣਤੀ ਦੀ ਗੈਰ-ਵਿਵਸਥਾ ਅਤੇ ਇਨਵੈਂਟਰੀ ਪ੍ਰਬੰਧਨ ਵਿੱਚ ਕਮੀਆਂ*

ਪਾਵਰਹਾਊਸ ਦੇ ਸੁਚਾਰੂ ਸੰਚਾਲਨ ਲਈ, ਸਟੋਰਜ਼ ਅਤੇ ਪੁਰਜ਼ਿਆਂ ਦੀ ਲੋੜੀਂਦੀ ਗਿਣਤੀ ਬਣਾਏ ਰੱਖਣ ਦੀ ਲੋੜ ਹੈ। ਰਨਰ, ਹਾਈਡਰੋ ਇਲੈਕਟ੍ਰਿਕ ਪਲਾਂਟ ਦਾ ਇੱਕ ਅਜਿਹਾ ਮਹੱਤਵਪੂਰਨ ਭਾਗ ਹੈ। ਇਹ ਟਰਬਾਈਨ ਦਾ ਘੁੰਮਦਾ ਹਿੱਸਾ ਹੈ ਜੋ ਡਿੱਗਦੇ ਪਾਣੀ ਦੀ ਊਰਜਾ ਨੂੰ ਮਕੈਨੀਕਲ ਊਰਜਾ ਵਿੱਚ ਬਦਲਦਾ ਹੈ। ਟਰਬਾਈਨ ਜਨਰੇਟਰ ਰੋਟਰ ਨੂੰ ਟਰਨ ਦਿੰਦੀ ਹੈ ਜੋ ਅੱਗੇ ਇਸ ਮਕੈਨੀਕਲ ਊਰਜਾ ਨੂੰ ਬਿਜਲੀ ਵਿੱਚ ਬਦਲਦਾ ਹੈ। ਕੰਪਨੀ ਨੇ ਰਨਰ ਦੇ ਉਪਯੋਗੀ ਜੀਵਨ ਨੂੰ 25 ਸਾਲ ਮੰਨਿਆ ਹੈ। ਇਸ ਲਈ ਹਾਈਡ੍ਰੋਇਲੈਕਟ੍ਰਿਕ ਪਲਾਂਟ ਵਿੱਚ ਪਾਵਰ ਦੇ ਕੁਸ਼ਲ ਉਤਪਾਦਨ ਲਈ ਹੈਲਦੀ ਰਨਰ ਦੀ ਉਪਲਬਧਤਾ ਸਭ ਤੋਂ ਵੱਡੀ ਜ਼ਰੂਰਤ ਹੈ। ਹਾਈਡਰੋ ਪਾਵਰ ਪਲਾਂਟ ਦੇ ਸੰਚਾਲਨ ਅਤੇ ਰੱਖ-ਰਖਾਅ ਸਬੰਧੀ ਸੀ ਈ ਏ ਦੇ ਸਰਵੋਤਮ ਪ੍ਰਚਲਨਾਂ ਅਨੁਸਾਰ, ਟਰਬਾਈਨ ਦੇ ਰਨਰ ਦੀ ਨਿਯਮਤ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਸਬੰਧੀ ਰਿਕਾਰਡ ਹਮੇਸ਼ਾ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਇਹ ਪ੍ਰਦਾਨ ਕਰਦਾ ਹੈ ਕਿ ਰਨਰ ਦੀ ਖਰੀਦ ਲਈ ਕਾਰਵਾਈ ਸ਼ੁਰੂ ਕਰਨ ਲਈ ਬਾਕੀ ਰਹਿੰਦੀ ਮਿਆਦ ਦਾ ਫੈਸਲਾ ਕਰਨ ਲਈ, ਮਾਹਰਾਂ ਤੋਂ ਰਨਰ ਦਾ ਨਿਰੀਖਣ ਅਤੇ ਜਾਂਚ ਕੀਤੇ ਜਾਣ ਦੀ ਜ਼ਰੂਰਤ ਹੈ। ਪਾਵਰਹਾਊਸ ਵਿਖੇ ਰਨਰ ਨਾਲ ਸਬੰਧਤ ਰਿਕਾਰਡ ਦੀ ਪੜਤਾਲ ਦੌਰਾਨ, ਲੇਖਾ ਪ੍ਰੀਖਿਆ ਨੇ ਵੇਖਿਆ ਕਿ 25 ਸਾਲ ਦੇ ਉਪਯੋਗੀ ਜੀਵਨ ਦੇ ਵਿਰੁੱਧ; ਰਨਰ ਨੇ ਏ ਐਸ ਐਚ ਪੀ ਵਿਖੇ 37 ਸਾਲ ਅਤੇ ਐਮ ਐਚ ਪੀ ਵਿਖੇ 34-39 ਸਾਲ ਮਿਆਦ ਤੋਂ ਜਿਆਦਾ/ਮੁਕੰਮਲ ਕੀਤੇ। ਜਦੋਂਕਿ, ਇਨ੍ਹਾਂ ਪ੍ਰੋਜੈਕਟਾਂ ਤੇ ਕੋਈ ਵਾਧੂ ਰਨਰ ਉਪਲਬਧ ਨਹੀਂ ਸੀ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਕੰਪਨੀ ਨੇ ਇਨਵੈਂਟਰੀ ਪ੍ਰਬੰਧਨ ਦੀ ਕੋਈ ਵਿਧੀ ਵਿਕਸਿਤ ਨਹੀਂ ਕੀਤੀ ਹੈ ਜਿਵੇਂਕਿ ਵੱਖ-ਵੱਖ ਪੁਰਜ਼ਿਆਂ ਦੇ ਇਨਵੈਂਟਰੀ ਪੱਧਰ ਨੂੰ ਉਨ੍ਹਾਂ ਦੀ ਖਪਤ ਦੀ ਦਰ ਅਤੇ ਨਾਜੁਕਤਾ ਦੇ ਅਨੁਸਾਰ ਨਿਰਧਾਰਿਤ ਕਰਨਾ, ਰਨਰ ਆਦਿ ਵਰਗੇ ਲਾਜ਼ਮੀ ਪੁਰਜ਼ਿਆਂ/ਮਹੱਤਵਪੂਰਣ ਕੰਪੋਨੈਂਟਾਂ ਦੀ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਉਣਾ। ਅਜਿਹੇ ਪੁਰਜ਼ਿਆਂ ਦੀ ਗੈਰ-ਉਪਲਬਧਤਾ ਸੰਚਾਲਨ ਵਿੱਚ ਰੁਕਾਵਟ ਪਾ ਸਕਦੀ ਹੈ ਅਤੇ ਇਸਦੇ ਨਤੀਜੇ ਵਜੋਂ ਉਤਪਾਦਨ ਵਿੱਚ ਨੁਕਸਾਨ ਹੋ ਸਕਦਾ ਹੈ।

ਸਰਕਾਰ ਨੇ ਕਿਹਾ (ਮਈ 2023) ਕਿ ਬਿਜਲੀ ਘਰਾਂ ਦੇ ਨਵੀਨੀਕਰਨ, ਆਧੁਨਿਕੀਕਰਨ ਅਤੇ ਅਪਰੇਟਿੰਗ ਦੇ ਕੰਮਾਂ ਦੌਰਾਨ ਸਪੇਅਰ ਰਨਰ ਦੀ ਖਰੀਦ ਕੀਤੀ ਜਾਵੇਗੀ।

### *4.6.9.2 ਭਾਰਤੀ ਬਿਜਲੀ ਗਰਿਡ ਕੋਡ ਦੇ ਅਨੁਸਾਰ ਮੌਕ ਬਲੈਕ ਸਟਾਰਟ ਅਭਿਆਸ*

ਬਲੈਕ ਸਟਾਰਟ ਇੱਕ ਇਲੈਕਟ੍ਰਿਕ ਪਾਵਰ ਸਟੇਸ਼ਨ ਜਾਂ ਇਲੈਕਟ੍ਰਿਕ ਗਰਿਡ ਦੇ ਇੱਕ ਹਿੱਸੇ ਨੂੰ ਕੁੱਲ ਜਾਂ ਅੰਸ਼ਕ ਬੰਦ ਹੋਣ ਤੋਂ ਮੁੜ ਪ੍ਰਾਪਤ ਕਰਨ ਲਈ ਬਾਹਰੀ ਇਲੈਕਟ੍ਰਿਕ ਪਾਵਰ ਟਰਾਂਸਮਿਸ਼ਨ ਨੈੱਟਵਰਕ ਤੇ ਨਿਰਭਰ ਕੀਤੇ ਬਿਨਾਂ ਕੰਮ ਕਰਨ ਲਈ ਬਹਾਲ ਕਰਨ ਦੀ ਪ੍ਰਕਿਰਿਆ ਹੈ। ਭਾਰਤੀ ਬਿਜਲੀ ਗਰਿਡ ਕੋਡ ਕਲਾਜ 5.8 (ਬੀ) ਦੇ ਅਨੁਸਾਰ "ਵੱਖ-ਵੱਖ ਉਪ ਪ੍ਰਣਾਲੀਆਂ ਲਈ ਪ੍ਰਕਿਰਿਆ ਦੇ ਮੌਕ ਟ੍ਰਾਇਲ ਖੇਤਰੀ ਲੋਡ ਡਿਸਪੈਚ ਸੈਂਟਰ (ਆਰ ਐਲ ਡੀ ਸੀ) ਨੂੰ ਸੂਚਨਾ ਦੇ ਅਧੀਨ ਉਪਭੋਗਤਾਵਾਂ/ਸੀ ਟੀ ਯੂ/ਐਸ ਟੀ ਯੂ ਦੁਆਰਾ ਹਰ ਛੇ ਮਹੀਨਿਆਂ ਵਿੱਚ ਘੱਟੋ-ਘੱਟ ਇਕ ਵਾਰ ਕੀਤੇ ਜਾਣਗੇ"। ਬਲੈਕ

ਸਟਾਰਟ ਲਈ ਡੀਜ਼ਲ ਜਨਰੇਟਰ ਸੈਟਾਂ ਦੀ ਹਫਤਾਵਾਰੀ ਆਧਾਰ ਤੇ ਜਾਂਚ ਕੀਤੀ ਜਾਵੇਗੀ ਅਤੇ ਜਾਂਚ ਰਿਪੋਰਟ ਤਿਮਾਹੀ ਆਧਾਰ ਤੇ ਆਰ ਐਲ ਡੀ ਸੀ ਨੂੰ ਭੇਜੀ ਜਾਵੇਗੀ। ਜੇਕਰ ਮੌਕ ਬਲੈਕ ਸਟਾਰਟ ਅਭਿਆਸ ਸਮੇਂ-ਸਮੇਂ ਤੇ ਨਹੀਂ ਕੀਤੀ ਜਾਂਦੀ ਹੈ ਤਾਂ ਉਤਪਾਦਨ ਸਟੇਸ਼ਨ ਦੀ ਅੰਸ਼ਕ ਜਾਂ ਕੁੱਲ ਬਲੈਕ ਆਊਟ ਤੋਂ ਮੁੜ ਪ੍ਰਾਪਤ ਕਰਨ ਦੀ ਸਮਰੱਥਾ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ ਅਤੇ ਸੰਕਟ-ਕਾਲ ਸਥਿਤੀ ਜਿਵੇਂ ਕਿ ਟੋਟਲ ਬਲੈਕ ਆਊਟ, ਜਦੋਂ ਲੋੜ ਹੋਵੇ, ਉਤਪਾਦਕ ਸਟੇਸ਼ਨ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਵਿੱਚ ਅਸਫਲ ਹੋ ਸਕਦਾ ਹੈ।

ਹਾਲਾਂਕਿ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕੰਪਨੀ ਦੇ ਐਚ ਈ ਪੀਜ਼ ਵਿਖੇ ਅਜਿਹੇ ਕੋਈ ਪ੍ਰਚਲਨਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਸਰਕਾਰ ਨੇ ਲੇਖਾ ਪ੍ਰੀਖਿਆ ਨਿਰੀਖਣ ਨੂੰ ਸਵੀਕਾਰ (ਮਈ 2023) ਕੀਤਾ।

### *4.6.9.3 ਪਾਵਰ ਹਾਊਸਾਂ ਵਿੱਚ ਤਕਨੀਕੀ ਯੋਗਤਾ ਪ੍ਰਾਪਤ ਮੈਨਪਾਵਰ ਦੀ ਗੈਰ ਤੈਨਾਤੀ*

ਕਿਸੇ ਵੀ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ ਦੇ ਕੁਸ਼ਲ ਅਤੇ ਪ੍ਰਭਾਵੀ ਸੰਚਾਲਨ ਲਈ ਯੋਗਤਾ ਪ੍ਰਾਪਤ ਅਤੇ ਸਿਖਲਾਈ ਪ੍ਰਾਪਤ ਮੈਨਪਾਵਰ ਸਭ ਤੋਂ ਵੱਡੀ ਲੋੜ ਹੁੰਦੀ ਹੈ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪਾਵਰ ਹਾਊਸਾਂ ਵਿੱਚ ਤੈਨਾਤ ਜ਼ਿਆਦਾਤਰ ਸਟਾਫ ਤਕਨੀਕੀ ਤੌਰ ਤੇ ਯੋਗਤਾ ਪ੍ਰਾਪਤ ਨਹੀਂ ਸੀ ਅਤੇ ਤਕਨੀਕੀ ਤੌਰ ਤੇ ਅਯੋਗ ਸਟਾਫ ਦੀ ਪ੍ਰਤੀਸ਼ਤਤਾ 56 *ਪ੍ਰਤੀਸ਼ਤ* (ਯੂ ਬੀ ਡੀ ਸੀ ) ਅਤੇ 80 *ਪ੍ਰਤੀਸ਼ਤ* (ਐਸ ਪੀ ਐਚ) ਦੇ ਵਿਚਕਾਰ ਸੀ ਕਿਉਂਕਿ ਉਨ੍ਹਾਂ ਕੋਲ ਸਬੰਧਤ ਖੇਤਰ ਵਿੱਚ ਯੋਗਤਾ (ਡਿਪਲੋਮਾ/ਡਿਗਰੀ) ਨਹੀਂ ਸੀ। ਕਿਉਂਕਿ, ਪਾਵਰਹਾਊਸ ਵਿੱਚ ਨੌਕਰੀਆਂ ਤਕਨੀਕੀ ਪ੍ਰਕਿਰਤੀ ਦੀਆਂ ਹੁੰਦੀਆਂ ਹਨ, ਇਸ ਲਈ, ਅਯੋਗ ਸਟਾਫ ਦੀ ਤੈਨਾਤੀ ਪਲਾਂਟ ਦੇ ਸੰਚਾਲਨ ਦੀ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਰਕਾਰ ਨੇ ਕਿਹਾ (ਮਈ 2023) ਕਿ ਪਾਵਰਹਾਊਸਾਂ ਵਿੱਚ ਤੈਨਾਤ ਸਟਾਫ ਦੀ ਭਰਤੀ ਕੰਪਨੀ ਦੁਆਰਾ ਨਿਰਧਾਰਤ ਪੂਰਵ-ਯੋਗਤਾ ਮਾਪਦੰਡਾਂ ਅਨੁਸਾਰ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਸੀ। ਹਾਲਾਂਕਿ, ਪ੍ਰਬੰਧਨ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਅਯੋਗ ਸਟਾਫ ਨੂੰ ਰਸਮੀ ਸਿਖਲਾਈ ਦੇਣ ਦਾ ਕੋਈ ਰਿਕਾਰਡ ਪੇਸ਼ ਨਹੀਂ ਕੀਤਾ।

## 4.7 ਸਿੱਟਾ

ਪਾਵਰਹਾਊਸ ਦੇ ਅਕੁਸ਼ਲ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ ਦੇ ਕੰਮ ਨੂੰ ਲਾਗੂ ਕਰਨ ਵਿੱਚ ਦੇਰੀ, ਫੋਰਸਡ ਸ਼ੱਟਡਾਊਨ ਅਤੇ ਲੀਨ ਸੀਜ਼ਨ ਤੋਂ ਬਾਅਦ ਸਲਾਨਾ ਰੱਖ-ਰਖਾਅ ਅਤੇ ਮੁਰੰਮਤ ਦੇ ਕੰਮਾਂ ਨੂੰ ਕਰਨ ਦੇ ਕਾਰਨ ਉਤਪਾਦਨ ਦਾ ਨੁਕਸਾਨ ਹੋਇਆ। ਕੰਪਨੀ ਨੇ ਇੱਨਵੈਂਟਰੀ ਪ੍ਰਬੰਧਨ ਦੀ ਕੋਈ ਵਿਧੀ ਵਿਕਸਿਤ ਨਹੀਂ ਕੀਤੀ ਸੀ ਜਿਵੇਂ ਕਿ ਵੱਖ-ਵੱਖ ਪੁਰਜ਼ਿਆਂ ਦੇ ਇੱਨਵੈਂਟਰੀ ਪੱਧਰ ਨੂੰ ਉਨ੍ਹਾਂ ਦੀ ਖਪਤ ਦਰ ਅਤੇ ਨਾਜ਼ੁਕਤਾ ਅਨੁਸਾਰ ਨਿਰਧਾਰਿਤ ਕਰਨਾ, ਨਾਜ਼ੁਕ ਪੁਰਜਿਆਂ/ਮਹੱਤਵਪੂਰਨ ਹਿੱਸਿਆਂ ਜਿਵੇਂ ਕਿ ਰਨਰਜ਼ ਦੀ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਉਣਾ। ਪਾਵਰ ਹਾਉਸ ਵਿੱਚ ਤਕਨੀਕੀ ਤੌਰ ਤੇ ਯੋਗਤਾ ਪ੍ਰਾਪਤ ਮੈਨਪਾਵਰ ਦੀ ਘਾਟ ਸੀ ਅਤੇ ਕੋਈ ਰਸਮੀ ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਨਹੀਂ ਕੀਤਾ ਗਿਆ ਸੀ।

## 4.8 ਸਿਫਾਰਸ਼ਾਂ

ਕੰਪਨੀ ਵਿਚਾਰ ਕਰ ਸਕਦੀ ਹੈ :

- *ਪਾਵਰਹਾਊਸ ਜੋ ਕੁਸ਼ਲਤਾ ਨਾਲ ਕੰਮ ਨਹੀਂ ਕਰ ਰਹੇ ਸਨ ਉਨ੍ਹਾਂ ਦੀ ਕੁਸ਼ਲਤਾ ਵਧਾਉਣ ਲਈ ਪਾਵਰ ਹਾਊਸ ਦਾ ਨਵੀਨੀਕਰਨ ਅਤੇ ਆਧੁਨਿਕੀਕਰਨ;*
- *ਲੰਬੇ ਸ਼ੱਟਡਾਊਨ ਹੋਣ ਤੋਂ ਬਚਣ ਲਈ ਸਮੇਂ ਸਿਰ ਮੁਰੰਮਤ ਅਤੇ ਰੱਖ ਰਖਾਅ ਲਈ ਉਚਿਤ ਇਕਰਾਰਨਾਮਾ ਪ੍ਰਬੰਧਨ ਨੂੰ ਯਕੀਨੀ ਬਣਾਉਣਾ; ਅਤੇ*
- *ਪ੍ਰੋਜੈਕਟਾਂ ਵਿਖੇ ਤਕਨੀਕੀ ਤੌਰ ਤੇ ਯੋਗਤਾ ਪ੍ਰਾਪਤ ਅਤੇ ਸਿਖਲਾਈ ਪ੍ਰਾਪਤ ਸਟਾਫ ਦੀ ਤੈਨਾਤੀ।*

# ਅਧਿਆਇ-V

# ਗੈਰ-ਪਰਫਾਰਮਿੰਗ ਸੰਪਤੀਆਂ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ-ਅਤੇ-ਵਿਸ਼ਲੇਸ਼ਣ

# ਅਧਿਆਇ-V

# ਉਦਯੋਗ ਅਤੇ ਵਣਜ ਵਿਭਾਗ

# ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ

## ਗੈਰ-ਪ੍ਰਫਾਰਮਿੰਗ ਸੰਪਤੀਆਂ ਅਤੇ ਕਰਜ਼ਿਆਂ ਦੀ ਵਸੂਲੀ ਦਾ ਪ੍ਰਬੰਧਨ-ਅਤੇ-ਵਿਸ਼ਲੇਸ਼ਣ

**ਡਿਫਾਲਟਿੰਗ ਯੂਨਿਟਾਂ ਦੀਆਂ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਅਤੇ ਉਨ੍ਹਾਂ ਦੇ ਪ੍ਰਮੋਟਰਾਂ/ਗਾਰੰਟਰਾਂ ਦੇ ਖਿਲਾਫ ਕਾਰਵਾਈ ਕਰਨ ਵਿੱਚ ਦੇਰੀ ਕਾਰਨ ₹ 17,214.53 ਕਰੋੜ ਦੀ ਗੈਰ-ਪ੍ਰਫਾਰਮਿੰਗ ਸੰਪਤੀਆਂ ਇੱਕਠੀਆਂ ਹੋਈਆਂ। ਵੱਖ-ਵੱਖ ਓ ਟੀ ਐਸ ਸਕੀਮਾਂ ਅਧੀਨ ਕੀਤੀ ਗਈ ਵਸੂਲੀ ਮਾਮੂਲੀ ਸੀ ਅਤੇ ਇਸ ਤਰ੍ਹਾਂ ਰਾਜ ਸਰਕਾਰ ਤੇ ਗਾਰੰਟੀਸ਼ੁਦਾ ਬਾਂਡਾਂ (₹ 113.38 ਕਰੋੜ ਦਾ ਭੁਗਤਾਨ ਕੀਤਾ ਗਿਆ ਅਤੇ ₹ 366.44 ਕਰੋੜ ਭੁਗਤਾਨ ਲਈ ਬਕਾਇਆ) ਦਾ ਬੋਝ ਸੀ।**

## 5.1 ਜਾਣ-ਪਛਾਣ

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਨੂੰ ਰਾਜ ਵਿੱਚ ਸੰਤੁਲਿਤ ਖੇਤਰੀ ਉਦਯੋਗਿਕ ਵਿਕਾਸ ਲਈ ਉਦਯੋਗਾਂ ਨੂੰ ਉਤਸ਼ਾਹਿਤ ਕਰਨ, ਮਦਦ ਦੇਣ , ਸਹਾਇਤਾ ਕਰਨ ਅਤੇ ਵਿੱਤ ਪ੍ਰਦਾਨ ਕਰਨ ਦੇ ਮੁੱਖ ਉਦੇਸ਼ ਨਾਲ ਸਥਾਪਿਤ ਕੀਤਾ ਗਿਆ ਸੀ (ਜਨਵਰੀ 1966)। ਉਦਯੋਗਿਕ ਗਤੀਵਿਧੀ ਨੂੰ ਵਿੱਤ ਦੇਣ ਲਈ, ਕੰਪਨੀ ਨੇ ਮੁੱਖ ਤੌਰ ਤੇ ਸ਼ੇਅਰ ਪੂੰਜੀ ਅਤੇ ਸਰਕਾਰ ਦੀ ਗਾਰੰਟੀਸ਼ੁਦਾ ਬਾਂਡਾਂ ਦੁਆਰਾ ਫੰਡ ਇੱਕਠੇ ਕੀਤੇ।

31 ਮਾਰਚ 2022 ਤੱਕ, ₹ 100.19 ਕਰੋੜ ਦੀ ਕਰਜਾ ਜਾਇਦਾਦ ਦੀ ਮੂਲ ਰਾਸ਼ੀ ਅਤੇ ਉਸ ਤੇ ₹ 17,114.34 ਕਰੋੜ ਦਾ ਵਿਆਜ ਬਕਾਇਆ ਸੀ। ਇਹ ਸਾਰੀਆਂ ਸੰਪਤੀਆਂ ਗੈਰ-ਪ੍ਰਫਾਰਮਿੰਗ ਸੰਪਤੀਆਂ[1] (ਐਨ ਪੀ ਏਜ਼) ਸਨ ਜੋ ਅੱਗੇ ਘਾਟੇ ਦੀਆਂ ਸੰਪਤੀਆਂ[2] ਵਜੋਂ ਸ਼੍ਰੇਣੀਬੱਧ ਕੀਤੀਆਂ ਗਈਆਂ ਸਨ। ਕੰਪਨੀ ਦੀ ਪੰਜਾਬ ਸਰਕਾਰ (ਜੀ ਓ ਪੀ) ਦੁਆਰਾ ਗਾਰੰਟੀਸ਼ੁਦਾ ਅਸੁਰੱਖਿਅਤ ਬਾਂਡ ਦੀ ਮੂਲ ਰਾਸ਼ੀ ਦੇ ਕਾਰਨ ਬਕਾਇਆ ਦੇਣਦਾਰੀ ਸੀ ਜੋ ਕਿ 2013-14 ਤੋਂ 2021-22 ਤੱਕ ₹ 366.44 ਕਰੋੜ ਅਤੇ 2022-23 ਵਿੱਚ ₹ 39.83 ਕਰੋੜ ਬਕਾਏ ਹੋਣਗੇ। ਇਸ ਦਾ ₹ 661.60 ਕਰੋੜ[3] ਦਾ ਨੁਕਸਾਨ ਇਕੱਠਾ ਹੋ ਗਿਆ ਜਿਸ ਨਾਲ ਇਸਦੀ ₹ 78.22 ਕਰੋੜ ਦੀ ਸ਼ੇਅਰ ਪੂੰਜੀ ਖਤਮ ਹੋ ਗਈ ਸੀ। ਕੰਪਨੀ ਨੇ 2006-07 ਵਿੱਚ ਕਰਜਾ ਵੰਡਣ ਦੀ ਗਤੀਵਿਧੀ ਬੰਦ ਕਰ ਦਿੱਤੀ ਸੀ। ਕਰਜਿਆਂ ਦੀ ਵਸੂਲੀ ਵਿੱਚ ਗਿਰਾਵਟ ਦੇ ਰੁਝਾਨ ਅਤੇ ਫੰਡਾਂ ਦੇ ਗੈਰ-ਰੋਟੇਸ਼ਨ ਕਾਰਨ ਇਸਦੀ ਲਿਕਵੀਡਿਟੀ ਦੀ ਸਥਿਤੀ ਮੁਸ਼ਕਲ ਵਿੱਚ ਸੀ।

---

1 ਆਰ ਬੀ ਆਈ ਸਰਕੂਲਰ (ਜੁਲਾਈ 2015) ਦੇ ਅਨੁਸਾਰ ਐਨ ਪੀ ਏ ਇੱਕ ਕਰਜਾ ਹੈ ਜਿਥੇ ਮਿਆਦੀ ਕਰਜੇ ਦੇ ਸਬੰਧ ਵਿੱਚ 90 ਦਿਨਾਂ ਤੋਂ ਵੱਧ ਸਮੇਂ ਲਈ ਮੂਲ ਦੀ ਕਿਸ਼ਤ/ਵਿਆਜ ਬਕਾਇਆ ਰਹਿੰਦੀ ਹੈ।

2 ਆਰ ਬੀ ਆਈ ਸਰਕੂਲਰ ਘਾਟੇ ਵਾਲੀ ਸੰਪਤੀ ਨੂੰ ਪਰਿਭਾਸ਼ਿਤ ਕਰਦਾ ਹੈ " ਇੱਕ ਅਜਿਹੀ ਸੰਪਤੀ ਜਿੱਥੇ ਕੰਪਨੀ ਦੁਆਰਾ ਘਾਟੇ ਦੀ ਪਛਾਣ ਕੀਤੀ ਗਈ ਹੈ ਪਰ ਰਾਸ਼ੀ ਨੂੰ ਪੂਰੀ ਤਰ੍ਹਾਂ ਵੱਟੇ ਖਾਤੇ ਨਹੀਂ ਪਾਇਆ ਗਿਆ । ਅਜਿਹੀ ਸੰਪਤੀ ਨੂੰ ਇੱਕਠਾ ਕਰਨ ਯੋਗ ਨਹੀਂ ਮੰਨਿਆ ਜਾਂਦਾ ਹੈ ਅਤੇ ਇੰਨੀ ਘੱਟ ਕੀਮਤ ਵਾਲੀ ਹੈ ਕਿ ਬੈਂਕਯੋਗ ਸੰਪਤੀ ਦੇ ਤੌਰ ਤੇ ਇਸਦੇ ਜਾਰੀ ਰਹਿਣ ਦੀ ਵਾਰੰਟੀ ਨਹੀਂ ਹੈ ਹਾਲਾਂਕਿ ਕੁੱਝ ਬਚਾਅ ਜਾਂ ਵਸੂਲੀ ਮੁੱਲ ਹੋ ਸਕਦਾ ਹੈ "।

3 ਸਾਲ 2021-22 ਦੇ ਵਿੱਤੀ ਵਿਵਰਣੀਆਂ ਦੇ ਅਨੁਸਾਰ ।

## 5.2 ਲੇਖਾ ਪ੍ਰੀਖਿਆ ਦਾਇਰਾ ਅਤੇ ਮਾਪਦੰਡ

ਲੇਖਾ ਪ੍ਰੀਖਿਆ ਨੇ 2018-19 ਤੋਂ 2021-22 ਦੀ ਮਿਆਦ ਦੌਰਾਨ ਐਨ ਪੀ ਏਜ਼ ਦੇ ਪ੍ਰਬੰਧਨ ਅਤੇ ਕਰਜ਼ਿਆਂ ਦੀ ਵਸੂਲੀ ਦਾ ਵਿਸ਼ਲੇਸ਼ਣ ਕੀਤਾ। ਕਰਜਾ ਲੈਣ ਵਾਲੀਆਂ ਯੂਨਿਟਾਂ (ਯੂਨਿਟਾਂ) ਨਾਲ ਸਬੰਧਤ ਕੰਪਨੀ ਦੇ ਰਿਕਾਰਡ ਦੀ ਜਾਂਚ ਕੀਤੀ ਗਈ ਅਤੇ ਸਟਰੈਟੀਫਾਈਡ ਰੈਂਡਮ ਸੈਂਪਲਿੰਗ ਤਕਨੀਕ ਦੇ ਅਧਾਰ ਤੇ ਵਿਸਤ੍ਰਿਤ ਅਧਿਐਨ ਲਈ ਕੁੱਲ ਯੂਨਿਟਾਂ ਵਿੱਚੋਂ 38.65 *ਪ੍ਰਤੀਸ਼ਤ*[4] ਦੀ ਚੋਣ ਕੀਤੀ ਗਈ। ਕੰਪਨੀ ਨੂੰ ਸਟੇਟ ਫਾਈਨੈਂਸ਼ੀਅਲ ਕਾਰਪੋਰੇਸ਼ਨ (ਐਸ ਐਫ ਸੀ) ਐਕਟ, 1951; ਸਕਿਓਰੀਟਾਈਜ਼ੇਸ਼ਨ ਅਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ (ਐਸ ਏ ਆਰ ਐਫ ਏ ਈ ਐਸ ਆਈ) ਐਕਟ, 2002 ਅਤੇ ਇਨਸਾਲਵੈਂਨਸੀ ਅਤੇ ਬੈਂਕਰਪਟਸੀ ਕੋਡ (ਆਈ ਬੀ ਸੀ), 2016 ਦੇ ਉਪਬੰਧਾਂ ਅਧੀਨ ਕਾਨੂੰਨੀ ਉਪਾਅ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

## 5.3 ਲੇਖਾ ਪ੍ਰੀਖਿਆ ਉਦੇਸ਼

ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨਾ ਸੀ ਕਿ:

- ਬਕਾਇਆ ਦੀ ਵਸੂਲੀ ਅਤੇ ਕਰਜ਼ਾ ਨਾ ਚੁਕਾ ਪਾਉਣ ਦੀ ਸਥਿਤੀ ਵਿੱਚ ਕੀਤੀ ਗਈ ਕਾਰਵਾਈ ਕਰਜ਼ਾ ਸਮਝੌਤੇ, ਐਸ ਐਫ ਸੀ ਐਕਟ, 1951, ਐਸ ਏ ਆਰ ਐਫ ਏ ਈ ਐਸ ਆਈ ਐਕਟ, 2002 ਅਤੇ ਆਈ ਬੀ ਸੀ, 2016 ਦੇ ਉਪਬੰਧਾਂ ਦੇ ਅਨੁਸਾਰ ਸੀ;
- ਕੰਪਨੀ ਨੇ ਉਪਰੋਕਤ ਐਕਟਾਂ ਦੇ ਉਪਬੰਧਾਂ ਦੇ ਅਨੁਸਾਰ ਐਨ ਪੀ ਏਜ਼ ਦੇ ਅਧੀਨ ਰਾਸ਼ੀ ਦੀ ਵਸੂਲੀ ਲਈ ਢੁਕਵੇਂ ਯਤਨ ਕੀਤੇ ਸਨ; ਅਤੇ
- ਬਕਾਇਆ ਦਾ ਨਿਪਟਾਰਾ ਕੰਪਨੀ ਦੁਆਰਾ ਸੰਚਾਲਿਤ ਵਨ ਟਾਈਮ ਸੈਟਲਮੈਂਟ (ਓ ਟੀ ਐਸ) ਦੇ ਅਨੁਸਾਰ ਕੀਤਾ ਗਿਆ ਸੀ।

## 5.4 ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਲੱਭਤਾਂ ਨੂੰ 2019-22 ਦੌਰਾਨ ਐਨ ਪੀ ਏਜ਼ ਦਾ ਵਿਸ਼ਲੇਸ਼ਣ ਅਤੇ ਓ ਟੀ ਐਸ ਸਕੀਮਾਂ ਅਧੀਨ ਮਾਮਲਿਆਂ ਦੇ ਨਿਪਟਾਰੇ ਦੇ ਦੋ ਵਿਆਪਕ ਖੇਤਰਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਲੇਖਾ ਪ੍ਰੀਖਿਆ ਲੱਭਤਾਂ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

### 5.4.1 ਗੈਰ-ਪ੍ਰਫਾਰਮਿੰਗ ਸੰਪਤੀਆਂ

ਐਨ ਪੀ ਏਜ਼ ਦੀ ਸਥਿਤੀ ਇੱਕ ਉਧਾਰ ਦੇਣ ਵਾਲੀ ਸੰਸਥਾ ਦੇ ਲੋਨ ਪੋਰਟਫੋਲੀਓ ਦੀ ਸਥਿਤੀ ਦਾ ਸੂਚਕ ਹੈ। ਕੰਪਨੀ *ਉਕਤ* ਐਕਟਾਂ ਦੇ ਉਪਬੰਧਾਂ ਅਧੀਨ ਕਾਨੂੰਨੀ ਉਪਾਵਾਂ ਦੀ ਉਪਲਬਧਤਾ ਦੇ ਬਾਵਜੂਦ ਆਪਣੇ ਕਰਜਦਾਰਾਂ ਤੋਂ ਆਪਣੇ ਬਕਾਇਆ ਪਏ ਕਰਜੇ ਅਤੇ ਉਸ ਤੇ ਵਿਆਜ ਦੀ ਵਸੂਲੀ ਨਹੀਂ ਕਰ ਸਕੀ। 31 ਮਾਰਚ 2022 ਤੱਕ 91 ਐਨ ਪੀ ਏ ਮਾਮਲਿਆਂ (100 *ਪ੍ਰਤੀਸ਼ਤ*) ਤੋਂ ਕੁੱਲ

---

4 1 ਅਪ੍ਰੈਲ 2019 ਤੱਕ, ਕੰਪਨੀ ਕੋਲ ਕੁੱਲ 119 ਐਨ ਪੀ ਏਜ਼ ਸਨ, ਜਿਨ੍ਹਾਂ ਵਿੱਚੋਂ 28 ਮਾਮਲਿਆਂ ਦਾ ਓ ਟੀ ਐਸ ਅਧੀਨ ਨਿਪਟਾਰਾ ਕੀਤਾ ਗਿਆ ਸੀ। ਇਨ੍ਹਾਂ 28 ਮਾਮਲਿਆਂ ਵਿੱਚੋਂ, 18 ਮਾਮਲਿਆਂ ਦੀ ਚੋਣ ਕੀਤੀ ਗਈ ਸੀ (ਬੁੱਕ ਐਡਜਸਟਮੈਂਟ ਦੁਆਰਾ ਨਿਪਟਾਏ ਗਏ ਨੌਂ ਕੇਸਾਂ ਸਮੇਤ)। 31 ਮਾਰਚ 2022 ਤੱਕ ਬਕਾਇਆ 91 ਨਾਂ ਨਿਪਟਾਏ ਗਏ ਐਨ ਪੀ ਏਜ਼ ਵਿੱਚੋਂ, 28 ਮਾਮਲੇ ਚੁਣੇ ਗਏ ਸਨ।

ਦੇਣਯੋਗ ਬਕਾਇਆ ₹ 17,214.53 ਕਰੋੜ (ਮੂਲ- ₹ 100.19 ਕਰੋੜ ਅਤੇ ਵਿਆਜ[5]- ₹ 17,114.34 ਕਰੋੜ) ਹੋ ਗਿਆ ਸੀ। ਇਹਨ੍ਹਾਂ 91 ਨਾ ਨਿਪਟਾਏ ਗਏ ਐਨ ਪੀ ਏ ਮਾਮਲਿਆਂ ਵਿੱਚੋਂ, ਚੁਣੇ ਗਏ 28 ਐਨ ਪੀ ਏ ਮਾਮਲਿਆਂ ਦੀ ਸਥਿਤੀ **ਸਾਰਣੀ 5.1** ਵਿੱਚ ਦਿੱਤੀ ਗਈ ਹੈ :

**ਸਾਰਣੀ 5.1: ਚੁਣੀਆਂ ਗਈਆਂ ਕਰਜਾ ਲੈਣ ਵਾਲੀਆਂ ਯੂਨਿਟਾਂ ਦੀ ਸਥਿਤੀ**

*(₹ ਕਰੋੜ ਵਿੱਚ)*

| ਵਸੂਲੀਯੋਗ ਰਾਸ਼ੀ | ਕਰਜਾ ਲੈਣ ਵਾਲੀਆਂ ਯੂਨਿਟਾਂ ਦੀ ਸਥਿਤੀ | | | | |
|---|---|---|---|---|---|
| | ਲਿਕਵੀਡੇਸ਼ਨ ਅਧੀਨ | | ਮਾਮਲੇ ਜਿੱਥੇ ਭੌਂ ਮਾਲੀਏ ਦੇ ਬਕਾਏ ਵਜੋਂ ਵਸੂਲੀ ਕਰਨਯੋਗ ਸੀ | ਹੋਰ ਐਨ ਪੀ ਏ ਮਾਮਲੇ | ਜੋੜ |
| | ਪ੍ਰਾਈਵੇਟ | ਸਰਕਾਰੀ ਕੰਪਨੀਆਂ | | | |
| ਮੂਲ | 10.31 | 4.18 | 17.62 | 6.03 | 38.14 |
| ਵਿਆਜ | 1,663.69 | 1,139.86 | 2,624.70 | 971.77 | 6,400.02 |
| ਮਾਮਲਿਆਂ ਦੀ ਗਿਣਤੀ | 5[6] | 2 | 19 | 2[7] | 28 |
| **ਜੋੜ** | **1,674.00** | **1,144.04** | **2,642.32** | **977.80** | **6,438.16** |

*ਸ੍ਰੋਤ: ਕੰਪਨੀ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ :

- ਸਾਰੇ ਚੁਣੇ ਗਏ 28 ਮਾਮਲਿਆਂ ਵਿੱਚੋਂ, 21 ਸਾਲ ਤੋਂ 45 ਸਾਲ ਤੱਕ ਦੇ ਸਮੇਂ ਲਈ ₹ 6,438.16 ਕਰੋੜ ਵਸੂਲਣਯੋਗ ਬਕਾਏ ਦੀ ਵਸੂਲੀ ਬਕਾਇਆ ਸੀ;

- ₹ 22.21 ਕਰੋੜ ਦੀ ਮੂਲ ਰਾਸ਼ੀ (₹ 38.14 ਕਰੋੜ ਦਾ 58.23 *ਪ੍ਰਤੀਸ਼ਤ* ) ਵਾਲੇ ਚੁਣੇ ਗਏ 28 ਮਾਮਲਿਆਂ ਵਿੱਚੋਂ 20 ਮਾਮਲਿਆਂ ਵਿੱਚ, ਕੋਈ ਵਸੂਲੀ ਨਹੀਂ ਹੋਈ।

ਕਰਜ਼ਿਆਂ ਦੀ ਵਸੂਲੀ ਨਾ ਹੋਣ ਦੇ ਲੇਖਾ ਪ੍ਰੀਖਿਆ ਦੁਆਰਾ ਵਿਸ਼ਲੇਸ਼ਣ ਕੀਤੇ ਗਏ ਕਾਰਨ ਸਨ:

### *5.4.1.1 ਵੱਖ-ਵੱਖ ਕਾਨੂੰਨੀ ਉਪਬੰਧਾਂ ਨੂੰ ਦੇਰੀ ਨਾਲ/ਨਾ ਲਾਗੂ ਕਰਨਾ*

ਲੇਖਾ ਪ੍ਰੀਖਿਆ ਨੂੰ ਕੋਈ ਪ੍ਰਮਾਣ ਨਹੀਂ ਮਿਲਿਆ ਕਿ ਕੰਪਨੀ ਨੇ ਆਪਣੀਆਂ ਕਰਜ਼ਾ ਪ੍ਰਾਪਤ ਯੂਨਿਟਾਂ ਦੀ ਵਿੱਤੀ ਸਥਿਤੀ ਬਾਰੇ ਨਿਯਮਤ ਫੀਡ ਬੈਕ ਪ੍ਰਾਪਤ ਕਰਨ ਲਈ (ਲਾਭ ਦਾ ਵਿਸ਼ਲੇਸ਼ਣ, ਲਾਗੂਕਰਨ ਅਧੀਨ/ ਡਿਫਾਲਟ ਵਿੱਚ ਪ੍ਰੋਜੈਕਟ ਅਤੇ ਯੂਨਿਟ ਦਾ ਸਮੇਂ ਸਮੇਂ ਤੇ ਨਿਰੀਖਣ) ਕਦੇ ਵੀ ਕੋਈ ਪ੍ਰਣਾਲੀ ਵਿਕਸਿਤ ਕੀਤੀ ਸੀ। ਇਸ ਪ੍ਰਣਾਲੀਗਤ ਘਾਟ ਕਾਰਨ ਕਰਜ਼ਾ ਲੈਣ ਵਾਲੀਆਂ ਯੂਨਿਟਾਂ ਦੀ ਮਾੜੀ ਵਿੱਤੀ ਸਥਿਤੀ ਦੇ ਸਮੇਂ ਸਿਰ ਸੰਕੇਤ ਪ੍ਰਾਪਤ ਕਰਨ ਵਿੱਚ ਦੇਰੀ ਹੋਈ, ਜਿਸ ਨਾਲ ਅੰਤ ਵਿੱਚ ਕਰਜਿਆਂ ਦੀ ਵਸੂਲੀ ਨਹੀਂ ਹੋਈ। ਇਸ ਤੋਂ ਇਲਾਵਾ, ਕੰਪਨੀ ਨੇ ਆਪਣੇ ਬਕਾਇਆ ਕਰਜ਼ਿਆਂ ਦੀ ਵਸੂਲੀ ਲਈ ਕਾਨੂੰਨੀ ਉਪਾਅ ਸ਼ੁਰੂ ਕਰਨ ਵਿੱਚ ਦੇਰੀ ਕੀਤੀ :

- ਕੰਪਨੀ ਨੇ ਛੇ ਸਾਲਾਂ ਦੇ ਅੰਤਰਾਲ ਤੋਂ ਬਾਅਦ ਕੰਪਨੀ ਤੇ ਐਸ ਐਫ ਸੀ ਧਾਰਾ 29 ਦੇ ਉਪਬੰਧਾਂ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਦੀ ਨੋਟੀਫਿਕੇਸ਼ਨ (ਮਈ 1988) ਨੂੰ ਲਾਗੂ ਕਰਨ ਦਾ

5 ਯੂਨਿਟ ਦੇ ਮੈਮੋਰੈਂਡਾ ਲੇਖੇ ਅਨੁਸਾਰ ਵਿਆਜ ।

6 ਇਸ ਦੀ ਚੁਣੀ ਗਈ ਯੂਨਿਟ ਦੇ ਨਾਲ ਇੱਕ ਭਾਈਵਾਲ ਯੂਨਿਟ ਸ਼ਾਮਲ ਹੈ।

7 ਬਕਾਇਆ ਕੋਰਟ ਮਾਮਲਿਆਂ/ਬੀ ਆਈ ਐਫ ਆਰ ਵਾਲੀਆਂ ਯੂਨਿਟਾਂ ਦੀ ਨੁਮਾਇੰਦਗੀ ਕਰਦਾ ਹੈ।

ਫੈਸਲਾ ਕੀਤਾ (ਜੁਲਾਈ 1994)। ਇਹ ਐਕਟ ਉਦਯੋਗਿਕ ਯੂਨਿਟ ਦੇ ਪ੍ਰਬੰਧਨ ਜਾਂ ਕਬਜ਼ਾ ਜਾਂ ਇਹ ਦੋਵੇਂ ਅਧਿਕਾਰ ਲੈਣ ਅਤੇ ਇਸ ਦੇ ਨਾਲ ਨਾਲ ਲੀਜ਼ ਜਾਂ ਵਿਕਰੀ ਦੁਆਰਾ ਟਰਾਂਸਫਰ ਕਰਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕੰਪਨੀ ਨੂੰ ਗਿਰਵੀ ਰੱਖੀ ਗਈ, ਮੋਰਗੇਜ਼, ਹਾਈਪੋਥੀਕੇਟ ਕੀਤੀ ਜਾਂ ਸੌਂਪੀ ਗਈ ਜਾਇਦਾਦ ਦੀ ਕੀਮਤ ਵਸੂਲਣ ਦਾ ਅਧਿਕਾਰ ਪ੍ਰਦਾਨ ਕਰਦਾ ਹੈ।

- ਕਰਜੇ ਦੇ ਜਮਾਨਤੀ ਵਿਅਕਤੀ ਤੋਂ ਭੌਂ ਮਾਲੀਏ ਦੇ ਬਕਾਏ ਵਜੋਂ ਬਕਾਇਆ ਦੀ ਵਸੂਲੀ ਲਈ ਡਿਪਟੀ ਕਮਿਸ਼ਨਰ-ਕਮ-ਕਲੈਕਟਰ ਨੂੰ ਵਸੂਲੀ ਸਰਟੀਫਿਕੇਟ (ਆਰ ਸੀ) ਜਾਰੀ ਕਰਨ ਲਈ ਵਿਸ਼ੇਸ਼ ਅਥਾਰਟੀ[8] ਦੀ ਨਿਯੁਕਤੀ ਦੀ ਪ੍ਰਵਾਨਗੀ ਨਵੰਬਰ 2007 ਵਿੱਚ ਜਾ ਕੇ ਲਈ ਗਈ ਸੀ ਹਾਲਾਂਕਿ ਕੰਪਨੀ ਜਨਵਰੀ 1966 ਵਿੱਚ ਇਸਦੀ ਸ਼ੁਰੂਆਤ ਤੋਂ ਕਰਜੇ ਵੰਡ ਰਹੀ ਹੈ।

- ਐਸ ਏ ਆਰ ਐਫ ਏ ਈ ਐਸ ਆਈ ਐਕਟ, 2002 ਦੇ ਉਪਬੰਧਾਂ ਨੂੰ ਲਾਗੂ ਕਰਨ ਦਾ ਫੈਸਲਾ (ਮਾਰਚ 2009) ਇਸ ਦੇ ਲਾਗੂ ਹੋਣ ਤੋਂ ਲਗਭਗ ਸੱਤ ਸਾਲਾਂ ਬਾਅਦ ਲਿਆ ਗਿਆ ਸੀ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਇਸਦੀ ਮੁੱਖ ਭੂਮਿਕਾ ਉਦਯੋਗਾਂ ਦਾ ਵਿਕਾਸ ਸੀ ਅਤੇ ਇਹ ਅਜਿਹੇ ਕਠੋਰ ਕਦਮ ਨਹੀਂ ਚੁੱਕਣਾ ਚਾਹੁੰਦੀ ਸੀ ਜਿਸ ਨਾਲ ਯੂਨਿਟਾਂ ਬੰਦ ਹੋ ਜਾਂਦੀਆਂ। ਯੂਨਿਟਾਂ ਨੂੰ ਡਿਫਾਲਟ ਰਾਸ਼ੀ ਦੀ ਕਲੀਅਰੈਂਸ ਲਈ ਕਿਹਾ ਗਿਆ ਸੀ ਅਤੇ ਕੁੱਝ ਵਸੂਲੀ ਵੀ ਕੀਤੀ ਗਈ ਸੀ। ਮੈਨੇਜਮੈਂਟ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਇਹ ਵਿਸ਼ੇਸ਼ ਤੌਰ ਤੇ ਇਸ ਲੇਖਾ ਪ੍ਰੀਖਿਆ ਟਿੱਪਣੀ ਨਾਲ ਸਬੰਧਤ ਨਹੀਂ ਸੀ ਕਿ ਕੰਪਨੀ ਨੇ ਦੇਰ ਨਾਲ ਐਸ ਐਫ ਸੀ/ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਅਤੇ ਨਿਰਧਾਰਤ ਅਥਾਰਟੀ ਨਿਯੁਕਤ ਕਰਨ ਦਾ ਫੈਸਲਾ ਕੀਤਾ ਸੀ।

- ਕੰਪਨੀ ਨੇ ਕਦੇ ਵੀ ਇਨਸਾਲਵੈਂਸੀ ਅਤੇ ਬੈਂਕਰਪਟਸੀ ਕੋਡ, 2016 ਦੇ ਉਪਬੰਧਾਂ ਨੂੰ ਲਾਗੂ ਕਰਨ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ।

ਮੈਨੇਜਮੈਂਟ ਨੇ ਜਵਾਬ ਦਿੱਤਾ (ਮਈ 2023) ਕਿ ਉਸਨੇ ਆਈ ਬੀ ਸੀ, 2016 ਨੂੰ ਲਾਗੂ ਨਹੀਂ ਕੀਤਾ ਸੀ ਕਿਉਂਕਿ ਇਹ ਪਹਿਲਾਂ ਹੀ ਐਸ ਐਫ ਸੀ/ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਉਪਬੰਧਾਂ ਨੂੰ ਲਾਗੂ ਕਰ ਚੁੱਕਾ ਸੀ। ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਆਈ ਬੀ ਸੀ, 2016 ਨੂੰ ਵੱਖ-ਵੱਖ ਫੋਰਮਾਂ ਦੇ ਓਵਰਲੈਪਿੰਗ ਅਧਿਕਾਰ ਖੇਤਰ ਨੂੰ ਦੂਰ ਕਰਨ ਲਈ 180 ਦਿਨਾਂ ਦੇ ਅੰਦਰ ਐਨ ਪੀ ਏ ਸਮੱਸਿਆਵਾਂ ਦੇ ਜਲਦੀ ਹੱਲ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਸੀ।

### *5.4.1.2 ਯੂਨਿਟ ਦੀਆਂ ਸੰਪਤੀਆਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਵਿੱਚ ਦੇਰੀ*

ਕੰਪਨੀ ਨੇ ਐਸ ਐਫ ਸੀ ਐਕਟ ਦੇ ਉਪਬੰਧਾਂ ਦੇ ਅਨੁਸਾਰ ਆਪਣੇ ਕੋਲ ਗਿਰਵੀ ਰੱਖੇ ਯੂਨਿਟਾਂ ਦੀ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਸਮੇਂ ਸਿਰ ਕਾਰਵਾਈ ਨਹੀਂ ਕੀਤੀ ਸੀ। ਚੁਣੇ ਗਏ 28 ਮਾਮਲਿਆਂ ਵਿੱਚੋਂ, 14 ਮਾਮਲਿਆਂ ਵਿੱਚ ਸੰਪਤੀਆਂ ਨੂੰ ਇੱਕ ਸਾਲ ਤੋਂ ਛੇ ਸਾਲ ਦੀ ਦੇਰੀ ਤੋਂ ਬਾਅਦ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਸੀ ਅਤੇ ਇੱਕ ਮਾਮਲੇ ਵਿੱਚ, ਸੰਪਤੀਆਂ ਨੂੰ ਹੁਣ

8 ਕੰਪਨੀ ਦਾ ਮੈਨੇਜਿੰਗ ਡਾਇਰੈਕਟਰ।

ਤੱਕ (ਮਈ 2023) ਕਬਜ਼ੇ ਵਿੱਚ ਲੈਣਾ ਬਾਕੀ ਸੀ, ਜਦੋਂ ਕਿ ਚਾਰ ਮਾਮਲਿਆਂ ਵਿੱਚ ਸੰਪਤੀਆਂ ਨੂੰ ਸਮੇਂ ਸਿਰ ਕਬਜ਼ੇ ਵਿੱਚ ਲੈ ਲਿਆ ਗਿਆ ਸੀ। ਚਾਰ ਮਾਮਲਿਆਂ ਵਿੱਚ, ਬਿਨਾਂ ਕਿਸੇ ਜਮਾਨਤ ਦੇ ਬ੍ਰਿਜ ਲੋਨ/ ਇਕਊਟੀ ਦੇ ਵਿਰੁੱਧ ਲੋਨ ਵੱਜੋਂ ਕਰਜ਼ਾ ਮਨਜ਼ੂਰ ਕੀਤਾ ਗਿਆ ਸੀ। ਪੰਜ ਮਾਮਲਿਆਂ ਵਿੱਚ, ਸੰਪਤੀਆਂ ਨੂੰ ਕਬਜ਼ੇ ਵਿੱਚ ਨਹੀਂ ਲਿਆ ਗਿਆ ਸੀ ਕਿਉਂਕਿ ਇਹ ਲਿਕਵੀਡੇਸ਼ਨ/ ਬੀ ਆਈ ਐਫ ਆਰ ਮਾਮਲਿਆਂ ਦੇ ਅਧੀਨ ਸਨ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਡਿਫਾਲਟ ਦੀ ਕਲੀਅਰੈਂਸ ਲਈ ਯੂਨਿਟਾਂ ਨੂੰ ਢੁਕਵਾਂ ਸਮਾਂ ਦਿੱਤਾ ਗਿਆ ਸੀ। ਕਿਉਂਕਿ ਕੰਪਨੀ ਦੀ ਭੂਮਿਕਾ ਉਦਯੋਗਾਂ ਨੂੰ ਵਿਕਸਤ ਕਰਨਾ ਸੀ, ਇਸ ਲਈ ਕਾਨੂੰਨੀ ਕਦਮ ਉਦੋਂ ਹੀ ਚੁੱਕੇ ਗਏ ਸਨ ਜਦੋਂ ਯੂਨਿਟ ਡਿਫਾਲਟ ਨੂੰ ਕਲੀਅਰ ਕਰਨ ਦੀ ਸਥਿਤੀ ਵਿੱਚ ਨਹੀਂ ਸਨ। ਮੈਨੇਜਮੈਂਟ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ 14 ਵਿੱਚੋਂ 13 ਯੂਨਿਟਾਂ ਵਿੱਚ ਕੰਪਨੀ ਨੇ ਦੋ ਤੋਂ ਛੇ ਸਾਲਾਂ ਦੀ ਦੇਰੀ ਤੋਂ ਬਾਅਦ ਯੂਨਿਟਾਂ ਦੀ ਜਾਇਦਾਦ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕਾਰਵਾਈ ਸ਼ੁਰੂ ਕੀਤੀ ਸੀ।

### *5.4.1.3 ਪ੍ਰਮੋਟਰਾਂ/ਗਾਰੰਟਰਾਂ ਵਿਰੁੱਧ ਕਾਰਵਾਈ ਕਰਨ ਵਿੱਚ ਦੇਰੀ*

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਐਸ ਐਫ ਸੀ ਐਕਟ ਦੀ ਧਾਰਾ 29 ਦੇ ਅਧੀਨ ਬਕਾਇਆ ਵਸੂਲੀ, ਕੰਪਨੀ ਨੇ ਭੌਂ ਮਾਲੀਏ ਦੇ ਬਕਾਏ ਵਜੋਂ ਪ੍ਰਮੋਟਰ/ਗਾਰੰਟਰਾਂ ਤੋਂ ਬਕਾਇਆ ਵਸੂਲੀ ਕਰਨ ਲਈ ਇੱਕੋ ਸਮੇਂ ਕੋਈ ਕਾਰਵਾਈ ਨਹੀਂ ਕੀਤੀ ਹੈ ਹਾਲਾਂਕਿ, ਡਿਫਾਲਟਿੰਗ ਯੂਨਿਟ ਅਤੇ ਪ੍ਰਮੋਟਰਾਂ/ਗਾਰੰਟਰਾਂ ਤੋਂ ਇੱਕੋਂ ਸਮੇਂ[9] ਬਕਾਇਆ ਵਸੂਲੀ ਕਰਨਾ ਕਾਨੂੰਨੀ ਸੀ। ਕੰਪਨੀ ਨੇ ਕੋਈ ਵੀ ਪ੍ਰਣਾਲੀ ਵਿਕਸਿਤ ਨਹੀਂ ਕੀਤੀ ਸੀ ਜਿਸ ਨਾਲ ਇਹ ਆਪਣੇ ਬਕਾਏ ਦੀ ਵਸੂਲੀ ਲਈ ਕਾਰਵਾਈ ਸ਼ੁਰੂ ਕਰਨ ਲਈ ਪ੍ਰਮੋਟਰਾਂ/ਗਾਰੰਟਰਾਂ ਦੇ ਠਿਕਾਣਿਆਂ ਅਤੇ ਸੰਪਤੀਆਂ ਦਾ ਪਤਾ ਲਗਾ ਸਕੇ। ਐਨ ਪੀ ਏਜ਼ ਦੇ ਚੁਣੇ ਹੋਏ 26 ਮਾਮਲਿਆਂ (ਸਰਕਾਰੀ ਕੰਪਨੀਆਂ ਦੇ ਐਨ ਪੀ ਏਜ਼ ਦੇ ਦੋ ਮਾਮਲਿਆਂ ਨੂੰ ਛੱਡ ਕੇ) ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ:

- 22[10] ਮਾਮਲਿਆਂ ਵਿੱਚ, ₹ 3,922.22 ਕਰੋੜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ, ਸੱਤ ਤੋਂ 27 ਸਾਲਾਂ ਬਾਅਦ (19 ਮਾਮਲਿਆਂ ਵਿੱਚ 10 ਸਾਲਾਂ ਤੋਂ ਵੱਧ ਸਮੇਂ ਬਾਅਦ) ਪ੍ਰਮੋਟਰਾਂ/ਗਾਰੰਟਰਾਂ ਵਿਰੁੱਧ ਕਾਰਵਾਈ (ਜੁਲਾਈ 2008 ਤੋਂ ਮਾਰਚ 2022) ਕੀਤੀ ਗਈ। ਕੰਪਨੀ ਨੇ ਪ੍ਰਮੋਟਰਾਂ/ਗਾਰੰਟਰਾਂ ਦੇ ਠਿਕਾਣਿਆਂ ਦਾ ਪਤਾ ਲਗਾਉਣ ਲਈ ਜਾਂਚ ਏਜੰਟਾਂ (ਆਈ ਏ) ਨੂੰ ਨਿਯੁਕਤ ਕਰਨ ਦਾ ਫੈਸਲਾ (ਦਸੰਬਰ 2001) ਕੀਤਾ ਪਰ ਆਈ ਏ ਦੀ ਨਿਯੁਕਤੀ ਸਿਰਫ ਜੁਲਾਈ 2014 ਵਿੱਚ ਕੀਤੀ ਗਈ ਸੀ। ਇਸ ਦੌਰਾਨ, ਇਨ੍ਹਾਂ 22 ਮਾਮਲਿਆਂ ਵਿੱਚੋਂ ਅੱਠ ਵਿੱਚ, ਜਿੱਥੇ 11 ਤੋਂ 27 ਸਾਲਾਂ ਦੀ ਮਿਆਦ ਦੇ ਬਾਅਦ ਸੀਜ਼ ਜਾਰੀ ਕੀਤੇ ਗਏ ਸਨ, ਪ੍ਰਮੋਟਰਾਂ/ਗਾਰੰਟਰਾਂ ਦੇ ਠਿਕਾਣਿਆਂ ਦਾ ਪਤਾ ਨਹੀਂ ਲੱਗ ਸਕਿਆ ਕਿਉਂਕਿ ਉਨ੍ਹਾਂ ਨੇ ਆਪਣੀਆਂ ਜਾਇਦਾਦਾਂ ਨੂੰ ਵੇਚਿਆ/ ਟਰਾਂਸਫਰ ਕਰ ਦਿੱਤਾ ਸੀ, ਨਤੀਜੇ ਵਜੋਂ ₹ 2,449.73 ਕਰੋੜ ਦੇ ਬਕਾਏ ਦੀ ਵਸੂਲੀ ਸ਼ੱਕੀ ਹੋ ਗਈ ਸੀ।
- ਚਾਰ ਮਾਮਲਿਆਂ ਵਿੱਚ, ₹ 1,371.90 ਕਰੋੜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ, 21 ਤੋਂ 24 ਸਾਲ ਬੀਤ ਜਾਣ ਦੇ ਬਾਅਦ ਵੀ ਕਾਰਵਾਈ ਨਹੀਂ ਕੀਤੀ ਗਈ।

---

9 ਮਾਰਚ 2016 ਵਿੱਚ ਕੰਪਨੀ ਦੁਆਰਾ ਪ੍ਰਾਪਤ ਕੀਤੀ ਗਈ ਕਾਨੂੰਨੀ ਸਲਾਹ ਦੇ ਅਨੁਸਾਰ ।

10 ਤਿੰਨ ਯੂਨਿਟਾਂ ਨੂੰ ਲਿਕਵਿਡੇਸ਼ਨ ਅਧੀਨ ਸ਼ਾਮਲ ਕੀਤਾ ਗਿਆ ਹੈ ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਇਸ ਨੇ ਇਸ ਉਮੀਦ ਨਾਲ ਉਪਬੰਧਾਂ ਨੂੰ ਉਦੋਂ ਹੀ ਲਾਗੂ ਨਹੀਂ ਕੀਤਾ ਕਿ ਇਹ ਯੂਨਿਟਾਂ ਦੀ ਸੰਪਤੀ ਦੀ ਵਿਕਰੀ ਤੋਂ ਆਪਣੇ ਬਕਾਏ ਦੀ ਵਸੂਲੀ ਕਰ ਲਵੇਗਾ ਅਤੇ ਪ੍ਰਮੋਟਰ/ਗਰੰਟਰ ਓ ਟੀ ਐਸ ਦਾ ਵਿਕਲਪ ਚੁਣਨਗੇ। ਇਸ ਤੋਂ ਇਲਾਵਾ, ਕੰਪਨੀ ਵੱਲੋਂ ਸਮੇਂ-ਸਮੇਂ ਤੇ ਆਈ ਏਜ਼ ਦੀ ਨਿਯੁਕਤੀ ਕੀਤੀ ਗਈ ਸੀ ਅਤੇ ਉਨ੍ਹਾਂ ਤੋਂ ਪ੍ਰਾਪਤ ਰਿਪੋਰਟ ਦੇ ਆਧਾਰ ਤੇ ਅਗਲੇਰੀ ਕਾਰਵਾਈ ਕੀਤੀ ਗਈ ਸੀ। ਤੱਥ ਇਹ ਹੈ ਕਿ ਆਈ ਏਜ਼ ਦੀ ਨਿਯੁਕਤੀ ਕਾਫ਼ੀ ਦੇਰੀ ਤੋਂ ਬਾਅਦ ਕੀਤੀ ਗਈ ਸੀ ਅਤੇ ਕੰਪਨੀ ਆਪਣੇ ਬਕਾਏ ਦੀ ਵਸੂਲੀ ਨਹੀਂ ਕਰ ਸਕੀ ਸੀ।

***ਮਾਮਲਾ ਓ***

ਕੰਪਨੀ ਨੇ ਪਲਾਂਟ ਅਤੇ ਮਸ਼ੀਨਰੀ ਨੂੰ ਗਿਰਵੀ ਰੱਖਣ ਅਤੇ ਲੁਧਿਆਣਾ ਵਿਖੇ ਦੋ ਪਲਾਂਟਾਂ (256.25 ਵਰਗ ਗਜ਼ ਹਰੇਕ) ਦੀ ਕੋਲੈਟਰਲ ਸਕਿਓਰਿਟੀ ਦੇ ਵਿਰੁੱਧ ਯੂਨਿਟ[11] ਨੂੰ ₹ 1.93 ਕਰੋੜ ਅਤੇ ₹ 0.24 ਕਰੋੜ ਦੇ ਕਰਜ਼ੇ ਵੰਡੇ (ਅਪ੍ਰੈਲ 1997-ਦਸੰਬਰ 1998) । ਇਹ ਯੂਨਿਟ ਅਪ੍ਰੈਲ 1998 ਤੋਂ ਅਕਤੂਬਰ 2000 ਤੱਕ ₹ 0.84 ਕਰੋੜ ਦੇ ਬਕਾਏ ਦੀ ਅਦਾਇਗੀ ਵਿੱਚ ਡਿਫਾਲਟਰ ਸੀ, ਜਦੋਂਕਿ, ਕੰਪਨੀ ਦੁਆਰਾ ਐਸ ਐਫ ਸੀ ਐਕਟ ਦੀ ਧਾਰਾ 29 ਦੇ ਤਹਿਤ ਯੂਨਿਟ ਦੀ ਜਾਇਦਾਦ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਯੂਨਿਟ ਨੇ ਆਪਣੇ ਆਪ ਨੂੰ ਬੀ ਆਈ ਐਫ ਆਰ ਨਾਲ ਰਜਿਸਟਰ ਕੀਤਾ (2001) ਪਰ ਕੰਪਨੀ ਦੁਆਰਾ ਐਸ ਏ ਆਰ ਐਫ ਏ ਈ ਐਸ ਆਈ ਐਕਟ, 2002 ਦੇ ਤਹਿਤ ਸੰਪਤੀਆਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਯੂਨਿਟ ਨੂੰ (ਮਈ 2014) ਬੀ ਆਈ ਐਫ ਆਰ ਦੁਆਰਾ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਸੀ। ਆਫੀਸ਼ੀਅਲ ਲਿਕਵੀਡੇਟਰ (ਓ ਐਲ) ਦੁਆਰਾ ਯੂਨਿਟ ਦੀ ਕੋਲੈਟਰਲ ਸਕਿਓਰਿਟੀ (ਅਪ੍ਰੈਲ 2022) ਨੂੰ ਲੈ ਲਿਆ ਗਿਆ ਸੀ ਪਰ ਵਿਕਰੀ ਅਜੇ ਵੀ ਲੰਬਿਤ (ਅਪ੍ਰੈਲ 2023) ਹੈ।

ਇਸ ਤੋਂ ਇਲਾਵਾ, ਕੰਪਨੀ ਨੇ ਦੇਰੀ ਨਾਲ (ਸਤੰਬਰ 2019) ਯੂਨਿਟ ਦੇ ਪ੍ਰਮੋਟਰਾਂ/ਗਾਰੰਟਰਾਂ ਵਿਰੁੱਧ ਭੌਂ ਮਾਲੀਏ ਦੇ ਬਕਾਏ ਵਜੋਂ ਆਪਣੇ ਜਾਇਜ਼ ਬਕਾਏ ਦੀ ਵਸੂਲੀ ਕਰਨ ਲਈ ਕਾਰਵਾਈ ਸ਼ੁਰੂ ਕੀਤੀ। ਤਹਿਸੀਲਦਾਰ, ਲੁਧਿਆਣਾ ਨੇ ਕੰਪਨੀ ਨੂੰ ਸੂਚਿਤ ਕੀਤਾ (ਜੂਨ 2022) ਕਿ ਯੂਨਿਟ ਦੇ ਗਾਰੰਟਰ ਦਿੱਤੇ ਪਤੇ ਤੇ ਨਹੀਂ ਰਹਿ ਰਹੇ ਸਨ। ਇਸ ਤਰ੍ਹਾਂ, ਕੰਪਨੀ ਦੁਆਰਾ ਦੇਰੀ ਨਾਲ ਕੀਤੀ ਗਈ ਕਾਰਵਾਈ ਦੇ ਨਤੀਜੇ ਵੱਜੋਂ ₹ 313.79 ਕਰੋੜ ਦੀ ਵਸੂਲੀ (ਮੂਲ + ਵਿਆਜ) ਸ਼ੱਕੀ ਬਣ ਗਈ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਕੰਪਨੀ ਨੇ ਯੂਨਿਟ ਦੀਆਂ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਪਰ ਕਾਰਵਾਈ ਟਾਲ ਦਿੱਤੀ ਗਈ ਕਿਉਂਕਿ ਯੂਨਿਟ ਨੇ ਡਿਫਾਲਟ ਰਾਸ਼ੀ ਦੇ ਹਿੱਸੇ ਲਈ ਕੁਝ ਪੋਸਟ-ਡੇਟਡ ਚੈੱਕ ਜਮ੍ਹਾਂ ਕਰਾਏ ਸਨ। ਤੱਥ ਇਹ ਹੈ ਕਿ ਕੰਪਨੀ ਨੇ ਐਸ ਐਫ ਸੀ/ ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਉਪਬੰਧਾਂ ਅਧੀਨ ਕਾਨੂੰਨੀ ਉਪਚਾਰਾਂ ਨੂੰ ਲਾਗੂ ਨਾ ਕਰਨ ਕਰਕੇ 25 ਸਾਲ ਬੀਤ ਜਾਣ ਦੇ ਬਾਅਦ ਵੀ ਡਿਫਾਲਟ ਯੂਨਿਟ ਤੋਂ ਆਪਣੇ ਬਕਾਏ ਦੀ ਵਸੂਲੀ ਨਹੀਂ ਕੀਤੀ ਸੀ।

11 ਮੈਸ. ਸ਼ਿਵਾਲਿਕਵਾਲਾ ਸਟੀਲਜ਼ ਮਿਲੱਜ ਲਿਮਿਟਡ (ਐਸ ਐਸ ਐਮ) ।

***ਮਾਮਲਾ ਅ***

ਕੰਪਨੀ ਨੇ (ਮਈ 1997-ਫਰਵਰੀ 1998) ਲੁਧਿਆਣਾ ਵਿਖੇ ਪਲਾਂਟ ਅਤੇ ਮਸ਼ੀਨਰੀ ਅਤੇ ਲੈਂਡ ਅਤੇ ਬਿਲਡਿੰਗ ਨੂੰ ਗਿਰਵੀ ਰੱਖਣ ਦੇ ਵਿਰੁੱਧ ਪ੍ਰਮੋਟਰਾਂ ਦੇ ਉਸੇ ਸਮੂਹ ਦੀ ਇੱਕ ਹੋਰ ਯੂਨਿਟ[12] ਨੂੰ ₹ 2.80 ਕਰੋੜ ਦੇ ਦੋ ਕਰਜ਼ੇ ਵੰਡੇ। ਯੂਨਿਟ ਨੇ ਅਕਤੂਬਰ 1997 ਤੋਂ ਅਕਤੂਬਰ 2000 ਤੱਕ ₹ ਇੱਕ ਕਰੋੜ ਦੇ ਬਕਾਏ ਦੀ ਅਦਾਇਗੀ ਵਿੱਚ ਕੁਤਾਹੀ ਕੀਤੀ, ਪਰੰਤੂ, ਕੰਪਨੀ ਦੁਆਰਾ ਐਸ ਐਫ ਸੀ ਐਕਟ ਦੀ ਧਾਰਾ 29 ਦੇ ਅਧੀਨ ਯੂਨਿਟ ਦੀ ਜਾਇਦਾਦ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਦੋਵੇਂ ਯੂਨਿਟਾਂ (ਐਸ ਐਸ ਐਮ ਅਤੇ ਐਸ ਐਲ ਐਮ) ਬਿਨ੍ਹਾਂ ਵੱਖ ਕੀਤੇ ਇੱਕੋ ਅਹਾਤੇ ਵਿੱਚ ਚਲਾਈਆਂ ਜਾ ਰਹੀਆਂ ਸਨ। ਯੂਨਿਟ ਨੇ ਆਪਣੇ ਆਪ ਨੂੰ ਬੀ ਆਈ ਐਫ ਆਰ ਨਾਲ ਰਜਿਸਟਰ ਕੀਤਾ (2001) ਜਿਸ ਨੇ (ਮਈ 2014) ਯੂਨਿਟ ਨੂੰ ਬੰਦ ਕਰਨ ਦਾ ਹੁਕਮ ਦਿੱਤਾ।

ਕੰਪਨੀ ਨੂੰ ਪਤਾ ਲੱਗਾ (ਸਤੰਬਰ 2004) ਕਿ ਸਾਈਟ ਤੇ ਕੋਈ ਮਸ਼ੀਨਰੀ ਉਪਲਬਧ ਨਹੀਂ ਸੀ, ਇਸ ਲਈ ਉਸਨੇ ਪੁਲਿਸ ਕੋਲ ਐਫ ਆਈ ਆਰ ਦਰਜ ਕਰਵਾਈ, ਪਰ ਕੰਪਨੀ ਨੇ ਇਸ ਦੀ ਪੈਰ੍ਹਵੀ ਨਹੀਂ ਕੀਤੀ। ਅੰਤ ਵਿੱਚ, ਜਦੋਂ ਆਫੀਸ਼ੀਅਲ ਲਿਕਵੀਡੇਟਰ (ਓ ਐਲ) ਯੂਨਿਟ ਦੀ ਜਾਇਦਾਦ (ਮਈ 2014) ਨੂੰ ਆਪਣੇ ਕਬਜ਼ੇ ਵਿੱਚ ਲੈਣ ਗਿਆ, ਤਾਂ ਪਲਾਂਟ ਅਤੇ ਮਸ਼ੀਨਰੀ (ਪ੍ਰਾਇਮਰੀ ਜਮਾਨਤ) ਨੂੰ ਹਟਾ ਦਿੱਤਾ ਗਿਆ ਸੀ। ਕੰਪਨੀ ਇਸ ਮਾਮਲੇ ਵਿੱਚ ਪ੍ਰਮੋਟਰਾਂ ਦੇ ਖਿਲਾਫ ਐਫ ਆਈ ਆਰ ਦਰਜ ਕਰਨ ਵਿੱਚ ਅਸਫਲ ਰਹੀ। ਕੰਪਨੀ ਭੌਂ ਮਾਲੀਏ ਦੇ ਬਕਾਏ ਵੱਜੋਂ ਆਪਣੇ ਬਕਾਏ ਦੀ ਵਸੂਲੀ ਲਈ ਪ੍ਰਮੋਟਰ/ਗਾਰੰਟਰ ਵਿਰੁੱਧ ਤੁਰੰਤ ਕਾਰਵਾਈ ਸ਼ੁਰੂ ਕਰਨ ਵਿੱਚ ਵੀ ਅਸਫਲ ਰਹੀ। ਇਸ ਸਬੰਧ ਵਿੱਚ ਦੇਰੀ ਨਾਲ ਕਾਰਵਾਈ ਕੀਤੀ ਗਈ ਸੀ ਕਿਉਂਕਿ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਜੂਨ 2016 ਵਿੱਚ ਆਰ ਸੀਜ਼ ਜਾਰੀ ਕੀਤੇ ਗਏ ਸਨ।

ਕੰਪਨੀ ਨੇ ਇਸ ਕੋਲ ਗਿਰਵੀ ਰੱਖੀਆ ਗਈਆਂ ₹ 24.19 ਕਰੋੜ[13] ਦੀ ਮੌਜੂਦਾ ਕੀਮਤ ਵਾਲੀਆਂ ਦੋ ਪ੍ਰਾਇਮਰੀ ਸੰਪਤੀਆਂ ਦੇ ਵੇਰਵੇ ਓ ਐਲ ਕੋਲ ਪੇਸ਼ ਕੀਤੇ (ਜੁਲਾਈ 2022) ਪਰ ਇਨ੍ਹਾਂ ਸੰਪਤੀਆਂ ਨੂੰ ਕਬਜ਼ੇ ਵਿੱਚ ਨਹੀਂ ਲਿਆ ਗਿਆ (ਮਈ 2023)। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਗਿਰਵੀ ਰੱਖੀਆਂ ਗਈਆਂ ਜਾਇਦਾਦਾਂ ਉਦਯੋਗਿਕ ਪਲਾਂਟ ਸਨ ਜੋ ਇੱਕ ਹੋਰ ਰਾਜ ਪੀ ਐਸ ਈ, ਪੰਜਾਬ ਸਮਾਲ ਇੰਡਸਟਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮਿਟਡ (ਪੀ ਐਸ ਆਈ ਈ ਸੀ) ਦੁਆਰਾ ਯੂਨਿਟ ਨੂੰ ਅਲਾਟ ਕੀਤੇ ਗਏ ਸਨ ਅਤੇ ਉਦਯੋਗਿਕ ਉਦੇਸ਼ ਦੀ ਬਜਾਏ ਵਪਾਰਕ ਉਦੇਸ਼ ਲਈ ਪਲਾਟਾਂ ਦੀ ਵਰਤੋਂ ਕਰਕੇ ਅਲਾਟਮੈਂਟ ਪਹਿਲਾਂ ਹੀ ਰੱਦ ਕਰ ਦਿੱਤੀ ਗਈ ਸੀ (ਅਗਸਤ 2003 ਅਤੇ ਮਾਰਚ 2004)। ਯੂਨਿਟ ਦੇ ਵਿਰੁੱਧ ਪੀ ਐਸ ਆਈ ਈ ਸੀ ਦੁਆਰਾ ਖਾਲੀ ਕਰਵਾਉਣ ਦੀ ਕਾਰਵਾਈ ਪ੍ਰਕਿਰਿਆ ਅਧੀਨ ਸੀ। ਇਸ ਤਰ੍ਹਾਂ, ਕੰਪਨੀ ਦੁਆਰਾ ਦੇਰੀ ਨਾਲ ਕੀਤੀ ਗਈ ਕਾਰਵਾਈ ਦੇ ਨਤੀਜੇ ਵੱਜੋਂ ₹ 293.92 ਕਰੋੜ ਦੀ ਵਸੂਲੀ ਸੰਦੇਹਪੂਰਨ ਬਣ ਗਈ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਕਿਉਂਕਿ ਯੂਨਿਟ ਬੀ ਆਈ ਐਫ ਆਰ ਨਾਲ ਰਜਿਸਟਰ ਹੋ ਗਈ ਸੀ ਅਤੇ ਮਈ 2014 ਵਿੱਚ ਇਸਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ ਸੀ, ਕੰਪਨੀ ਐਸ ਐਫ ਸੀ ਐਕਟ ਦੀ ਧਾਰਾ 29 ਦੇ ਅਧੀਨ ਯੂਨਿਟ ਨੂੰ ਆਪਣੇ ਕਬਜ਼ੇ ਵਿੱਚ ਨਹੀਂ ਲੈ ਸਕਦੀ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਮੇਂ ਸਿਰ ਯੂਨਿਟ ਦੀਆਂ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਨਾ ਲੈਣ ਕਾਰਨ, ਪ੍ਰਮੋਟਰ/ਗਾਰੰਟਰ, ਪਲਾਂਟ ਅਤੇ ਮਸ਼ੀਨਰੀ ਨੂੰ ਹਟਾ ਲੈਣ ਵਿੱਚ ਸਫਲ ਹੋ ਗਏ ਸਨ। ਇਸ ਤੋਂ ਇਲਾਵਾ, ਐਫ ਆਈ ਆਰ ਦਾਇਰ ਨਾ ਕਰਨ ਅਤੇ ਭੌਂ ਮਾਲੀਏ ਦੇ ਬਕਾਏ ਵੱਜੋਂ ਵਸੂਲੀ ਲਈ ਆਰ ਸੀਜ਼ ਜਾਰੀ ਕਰਨ ਵਿੱਚ ਦੇਰੀ ਕਾਰਨ ਬਕਾਇਆਂ ਦੀ ਰਿਕਵਰੀ ਨਹੀਂ ਹੋਈ।

---

12 ਮੈਸ. ਸ਼ਿਵਾਲਿਕ ਲੋਹਾ ਮਿਲਜ਼ ਲਿਮਿਟਡ (ਐਸ ਐਲ ਐਮ), ਮੈਸ. ਸ਼ਿਵਾਲਿਕਵਾਲਾ ਸਟੀਲਜ਼ ਮਿਲਜ਼ ਲਿਮਿਟਡ ਦੀ ਭਾਈਵਾਲ ਯੂਨਿਟ।

13 ₹ 10,000 ਪ੍ਰਤੀ ਵਰਗ ਗਜ ਦੀ ਰਾਖਵੀਂ ਕੀਮਤ ਲੈ ਕੇ।

### 5.4.2 ਓ ਟੀ ਐਸ ਸਕੀਮ ਅਧੀਨ ਵਸੂਲੀ/ਨਿਪਟਾਰਾ

ਡਿਫਾਲਟਰਾਂ ਨੂੰ ਰਾਹਤ ਪ੍ਰਦਾਨ ਕਰਨ ਅਤੇ ਐਨ ਪੀ ਏਜ਼ ਦੇ ਮਾਮਲਿਆਂ ਦਾ ਨਿਪਟਾਰਾਂ ਕਰਨ ਅਤੇ ਰਾਜ ਵਿੱਚ ਉਦਯੋਗਾਂ ਦੇ ਸਮੁੱਚੇ ਵਿਕਾਸ ਦੀ ਸਹੂਲਤ ਦੇਣ ਦੇ ਉਦੇਸ਼ ਨਾਲ, ਜੀ ਓ ਪੀ ਨੇ ਸਮੇਂ-ਸਮੇਂ ਤੇ ਵਨ ਟਾਈਮ ਸੈਟਲਮੈਂਟ (ਓ ਟੀ ਐਸ) ਸਕੀਮਾਂ (ਮਾਰਚ 2009[14], ਅਕਤੂਬਰ 2015, ਅਕਤੂਬਰ 2017 ਦਸੰਬਰ 2018[15] ਅਤੇ ਦਸੰਬਰ 2021) ਲਿਆਂਦੀਆਂ। ਵੱਖ-ਵੱਖ ਓ ਟੀ ਐਸ ਸਕੀਮਾਂ ਅਧੀਨ ਕੀਤੀ ਗਈ ਵਸੂਲੀ ਦੇ ਵੇਰਵੇ ਹੇਠਾਂ **ਸਾਰਣੀ 5.2** ਵਿੱਚ ਦਿੱਤੇ ਗਏ ਹਨ:

**ਸਾਰਣੀ 5.2: ਵੱਖ-ਵੱਖ ਓ ਟੀ ਐਸ ਸਕੀਮਾਂ ਅਧੀਨ ਕੀਤੀ ਗਈ ਵਸੂਲੀ**

*(₹ ਕਰੋੜ ਵਿੱਚ)*

| ਓ ਟੀ ਐਸ ਸਕੀਮਾਂ | ਓ ਟੀ ਐਸ ਲਈ ਅਰਜੀਆਂ ਦੀ ਗਿਣਤੀ | ਨਿਪਟਾਰਾ ਕੀਤੇ ਮਾਮਲਿਆਂ ਦੀ ਗਿਣਤੀ | ਵਸੂਲੀਯੋਗ ਰਾਸ਼ੀ | | | ਓ ਟੀ ਐਸ ਦੀ ਰਾਸ਼ੀ | ਵਿੱਤੀ ਤਿਆਗ | ਵਸੂਲੀਯੋਗ ਰਾਸ਼ੀ ਲਈ ਓ ਟੀ ਐਸ ਦੇ ਤੌਰ ਤੇ ਵਸੂਲੀ ਦੀ ਪ੍ਰਤੀਸ਼ਤਤਾ |
|---|---|---|---|---|---|---|---|---|
| | | | ਮੂਲ | ਵਿਆਜ ਆਦਿ | ਕੁੱਲ | | | |
| **1** | **2** | **3** | **4** | **5** | **6** | **7** | **8=6-7** | **9=7/6*100** |
| 2009 | 39 | 35 | 38.03 | 267.16 | 305.19 | 68.01 | 237.18 | 22.28 |
| 2015 | 20 | 18 | 17.46 | 709.54 | 727.00 | 30.88 | 696.12 | 4.25 |
| 2017 | - | - | - | - | - | - | - | - |
| 2018 | 30 | 26 | 40.66 | 3143.68 | 3184.34 | 31.27 | 3153.07 | 0.98 |
| 2021 | 2 | 2 | 0.64 | 120.07 | 120.71 | 0.69[16] | 120.02 | 0.57 |
| **ਜੋੜ** | **91** | **81** | **96.79** | **4240.45** | **4337.24** | **130.85** | **4206.39** | |

*ਸ੍ਰੋਤ: ਕਰਜਾ-ਲੈਣ ਵਾਲੀਆਂ ਯੂਨਿਟਾਂ ਦੇ ਸਬੰਧ ਵਿੱਚ ਰੱਖੇ ਗਏ ਬਹੀ ਖਾਤਿਆਂ ਤੋਂ ਸੰਕਲਿਤ ਜਾਣਕਾਰੀ*

ਸਿਲਸਿਲੇਵਾਰ ਘੋਸ਼ਿਤ ਕੀਤੀਆਂ ਸਕੀਮਾਂ ਵਿੱਚ ਵਸੂਲੀਯੋਗ ਰਾਸ਼ੀ ਦੀ ਓ ਟੀ ਐਸ ਵੱਜੋਂ ਵਸੂਲੀ ਦੀ ਪ੍ਰਤੀਸ਼ਤਤਾ, ਪ੍ਰਤੀਸ਼ਤਤਾ ਦੇ ਰੂਪ ਵਿੱਚ ਘਟਦੀ ਗਈ। ਇਹ ਓ ਟੀ ਐਸ ਸਕੀਮ 2009 ਵਿੱਚ 22.28 *ਪ੍ਰਤੀਸ਼ਤ* ਸੀ ਅਤੇ ਓ ਟੀ ਐਸ ਸਕੀਮ 2021 ਵਿੱਚ ਸਿਰਫ਼ 0.57 *ਪ੍ਰਤੀਸ਼ਤ* ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸਿਲਸਿਲੇਵਾਰ ਓ ਟੀ ਐਸ ਸਕੀਮਾਂ ਵਧੇਰੇ ਉਦਾਰ ਸਨ (ਓ ਟੀ ਐਸ ਅਧੀਨ ਭੁਗਤਾਨ ਕੀਤੀ ਜਾਣ ਵਾਲੀ ਰਾਸ਼ੀ ਦੀ ਗਣਨਾ ਦੇ ਮਾਮਲੇ ਵਿੱਚ ਅਤੇ ਨਿਪਟਾਰਾ ਜ਼ੀਰੋ ਰਾਸ਼ੀ ਤੇ ਵੀ ਕੀਤਾ ਗਿਆ ਸੀ-ਹੇਠਾਂ ਪੈਰ੍ਹਾ ਨੰਬਰ 5.4.2.1) ਅਤੇ ਜਿਸਨੇ ਕਿ ਸਵੈ-ਇੱਛਤ[17] ਡਿਫਾਲਟਿੰਗ ਯੂਨਿਟਾਂ/ਪ੍ਰਮੋਟਰਾਂ ਨੂੰ ਹੋਰ ਰਾਹਤ ਪ੍ਰਦਾਨ ਕੀਤੀ, ਜਿਸ ਦੇ ਨਤੀਜੇ ਵਜੋਂ ਇਨ੍ਹਾਂ ਡਿਫਾਲਟਿੰਗ ਯੂਨਿਟਾਂ/ਪ੍ਰਮੋਟਰਾਂ ਨੂੰ ਉਨ੍ਹਾਂ ਦੇ ਖਾਤਿਆਂ ਦੇ ਨਿਪਟਾਰੇ ਵਿੱਚ ਦੇਰੀ ਕਰਨ ਲਈ ਪ੍ਰੋਤਸਾਹਨ ਮਿਲਿਆ। ਕਿਉਂਜੋ ਓ ਟੀ ਐਸ ਸਕੀਮਾਂ ਅਧੀਨ ਕੀਤੀ ਵਸੂਲੀ ਮਾਮੂਲੀ ਸੀ, ਪੰਜਾਬ ਸਰਕਾਰ ਤੇ ਗਰੰਟੀਸ਼ੁਦਾ ਬਾਂਡਾਂ ਦੇ ਭੁਗਤਾਨ ਦਾ ਬੋਝ ਪਾਇਆ ਗਿਆ ਸੀ (2018-19 ਤੋਂ 2021-22 ਦੀ ਮਿਆਦ ਦੇ ਦੌਰਾਨ ₹ 113.38 ਕਰੋੜ ਦਾ ਭੁਗਤਾਨ ਕੀਤਾ ਗਿਆ ਅਤੇ 31 ਮਾਰਚ 2022 ਤੱਕ ਡਿਸਚਾਰਜ ਲਈ ₹ 366.44 ਕਰੋੜ ਬਕਾਇਆ ਸੀ)।

14 ਦਸੰਬਰ 2009 ਤੱਕ ਵਧਾਇਆ ਗਿਆ ।

15 ਦਸੰਬਰ 2020 ਤੱਕ ਵਧਾਇਆ ਗਿਆ ।

16 ਰਾਸ਼ੀ ਕਿਸ਼ਤਾਂ ਵਿੱਚ ਮਿਲ ਰਹੀ ਹੈ ।

17 ਜੀ ਓ ਪੀ ਦੀ ਭਾਰਤ ਦੇ ਸੀ ਅਤੇ ਏ ਜੀ ਦੀ ਸਾਲ 2012-13 ਲਈ ਲੇਖਾ ਪ੍ਰੀਖਿਆ ਰਿਪੋਰਟ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਦੇ ਪੈਰ੍ਹਾਗ੍ਰਾਫ਼ ਨੰ 3.10 ਵਿੱਚ ਦਰਸਾਇਆ ਗਿਆ ਹੈ।

ਲੇਖਾ ਪ੍ਰੀਖਿਆ ਨੇ ਇਹ ਵੀ ਵੇਖਿਆ ਕਿ:

- ਓ ਟੀ ਐਸ ਦੇ ਸਮੇਂ, ਕਰਜ਼ੇ ਦੀ ਵੰਡ ਵੇਲੇ ਕੋਲੈਟਰਲ ਸਕਿਓਰਿਟੀ ਦਾ ਮੁੱਲ ਇਸਦੇ ਮੌਜੂਦਾ ਬਾਜ਼ਾਰ ਮੁੱਲ ਦਾ ਪਤਾ ਲਗਾਏ (ਜਿਵੇਂ ਕਿ ਓ ਟੀ ਐਸ ਰਾਸ਼ੀ ਦਾ ਹਿਸਾਬ ਲਗਾਉਣ ਲਈ ਪ੍ਰਾਇਮਰੀ ਸਕਿਓਰਿਟੀ ਦੇ ਮਾਮਲੇ ਵਿੱਚ ਪਤਾ ਲਗਾਇਆ ਜਾਂਦਾ ਹੈ) ਬਗੈਰ ਓ ਟੀ ਐਸ ਸਕੀਮ 2018 ਦੇ ਅਧੀਨ ਮੰਨਿਆ ਗਿਆ ਸੀ ਜਿਸ ਕਰਕੇ ਨਾ ਸਿਰਫ਼ ਓ ਟੀ ਐਸ ਅਧੀਨ ਚੁਣੇ ਗਏ ਦੋ ਮਾਮਲਿਆਂ ਵਿੱਚ ਓ ਟੀ ਐਸ ਦੀ ਰਾਸ਼ੀ ਵਿੱਚ ₹ 2.04 ਕਰੋੜ[18] ਘਟੇ ਸਗੋਂ ਕੰਪਨੀ ਦੇ ਵਿੱਤੀ ਹਿੱਤਾਂ ਦੀ ਰਾਖੀ ਲਈ ਸੁੱਰਖਿਆ ਲੈਣ ਦਾ ਮੂਲ ਉਦੇਸ਼ ਵੀ ਅਸਫਲ ਹੋ ਗਿਆ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਕਰਜੇ ਦੀ ਵੰਡ ਦੇ ਸਮੇਂ ਕੋਲੈਟਰਲ ਸਕਿਓਰਿਟੀ ਦਾ ਮੁੱਲ ਓ ਟੀ ਐਸ ਸਕੀਮ ਦੇ ਅਨੁਸਾਰ ਲਿਆ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਜੀ ਓ ਪੀ/ਕੰਪਨੀ ਨੂੰ ਸੈਟਲਮੈਂਟ ਦੇ ਸਮੇਂ ਕੋਲੈਟਰਲ ਸਕਿਓਰਿਟੀ ਦੇ ਮੌਜੂਦਾ ਮੁੱਲ ਤੇ ਵਿਚਾਰ ਕਰਨਾ ਚਾਹੀਦਾ ਸੀ ਅਤੇ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਕਰਨੀ ਚਾਹੀਦੀ ਸੀ।

- ਜੀ ਓ ਪੀ ਨੇ ਕੰਪਨੀ ਦੀਆਂ 2018 ਅਤੇ 2021 ਦੀਆਂ ਓ ਟੀ ਐਸ ਸਕੀਮਾਂ ਵਿੱਚ ਕੋਈ ਵਿਆਜ ਦੀ ਧਾਰਾ ਪ੍ਰਦਾਨ ਨਹੀਂ ਕੀਤੀ ਜਦੋਂਕਿ ਕਿ ਜੀ ਓ ਪੀ ਦੁਆਰਾ ਇੱਕ ਹੋਰ ਪੀ ਐਸ ਈ (ਪੀ ਐਫ ਸੀ[19]) ਵਿੱਚ ਘੋਸ਼ਿਤ ਕੀਤੀਆਂ ਓ ਟੀ ਐਸ ਸਕੀਮਾਂ ਵਿੱਚ ਕ੍ਰਮਵਾਰ ਪੰਜ *ਪ੍ਰਤੀਸ਼ਤ ਪ੍ਰਤੀ ਸਾਲ* ਅਤੇ ਤਿੰਨ *ਪ੍ਰਤੀਸ਼ਤ ਪ੍ਰਤੀ ਸਾਲ* ਦੇ ਸਧਾਰਨ ਵਿਆਜ ਦੀ ਵਿਵਸਥਾ ਕੀਤੀ ਗਈ ਸੀ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਪੀ ਐਫ ਸੀ ਦੁਆਰਾ ਵਧਾਏ ਗਏ ਕਰਜ਼ਿਆਂ ਦੀ ਰਾਸ਼ੀ ਇਸ ਦੁਆਰਾ ਦਿੱਤੇ ਗਏ ਕਰਜ਼ਿਆਂ ਨਾਲੋਂ ਬਹੁਤ ਘੱਟ ਸੀ ਅਤੇ ਬੇਲੋੜੀ ਮੁਕੱਦਮੇਬਾਜ਼ੀ ਅਤੇ ਕਰਜ਼ਿਆਂ ਦੇ ਨਿਪਟਾਰੇ ਤੋਂ ਬਚਣ ਲਈ, ਕੰਪਨੀ ਨੇ ਕੋਈ ਵਿਆਜ ਪ੍ਰਦਾਨ ਨਹੀਂ ਕੀਤਾ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਜੀ ਓ ਪੀ/ ਕੰਪਨੀ ਨੂੰ ਪੀ ਐਫ ਸੀ ਦੀ ਓ ਟੀ ਐਸ ਸਕੀਮ ਨਾਲ ਇਕਸਾਰਤਾ ਬਣਾਈ ਰੱਖਣ ਲਈ (ਕਿਉਂਕਿ ਸਾਂਝੇ ਤੌਰ ਤੇ ਵਿੱਤ ਵਾਲੇ ਮਾਮਲੇ ਵੀ ਹਨ) ਅਤੇ ਸੁਰੱਖਿਆ ਸਾਧਨਾਂ ਲਈ ਆਪਣੇ ਪ੍ਰਸ਼ਾਸਕੀ ਖਰਚਿਆਂ ਨੂੰ ਪੂਰਾ ਕਰਨ ਲਈ ਘੱਟੋਂ-ਘੱਟ ਪੰਜ/ਤਿੰਨ *ਪ੍ਰਤੀਸ਼ਤ ਪ੍ਰਤੀ ਸਾਲ* ਦੇ ਸਧਾਰਨ ਵਿਆਜ ਤੇ ਵਿਚਾਰ ਕਰਨਾ ਚਾਹੀਦਾ ਸੀ।

- ਸੈਟਲ ਨਾ ਕੀਤੇ ਗਏ ਐਨ ਪੀ ਏਜ਼ ਦੇ ਮਾਮਲਿਆਂ ਨੂੰ ਓ ਟੀ ਐਸ ਸਕੀਮ ਦੇ ਅਨੁਸਾਰ ਡਿਫਾਲਟਰ ਵਜੋਂ ਸੂਚਿਤ ਕਰਨ ਲਈ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਸੂਚਿਤ ਨਹੀਂ ਕੀਤਾ ਗਿਆ ਸੀ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਮਾਮਲਿਆਂ ਦੀ ਸੂਚਨਾ ਆਰ ਬੀ ਆਈ ਨੂੰ ਨਹੀਂ ਦਿੱਤੀ ਗਈ ਸੀ ਕਿਉਂਕਿ ਇਸ ਨੇ ਕ੍ਰੈਡਿਟ ਇਨਫਾਰਮੇਸ਼ਨ ਬਿਊਰੋ (ਇੰਡੀਆ) ਲਿਮਿਟਡ (ਸੀ ਆਈ ਬੀ ਆਈ ਐਲ) ਦੇ ਪੋਰਟਲ ਤੇ ਡਿਫਾਲਟਰਾਂ ਦੀ ਸੂਚੀ ਨੋਟੀਫਾਈ ਕੀਤੀ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੇ ਓ ਟੀ ਐਸ ਸਕੀਮ ਦੀਆਂ ਸ਼ਰਤਾਂ ਅਨੁਸਾਰ ਕਾਰਵਾਈ ਨਹੀਂ ਕੀਤੀ ਸੀ।

18 ਕੋਲੈਟਰਲ ਸਕਿਓਰਿਟੀ ਦਾ ਮੌਜੂਦਾ ਮੁੱਲ: ₹ 3.00 ਕਰੋੜ ਅਨੁਮਾਨਿਤ (ਕੁਲੈਕਟਰ ਦਰਾਂ ਤੇ ਲਾਗੂ) ਵਿਚੋਂ ₹ 0.96 ਕਰੋੜ ਤੋਂ ਘਟਾ ਕੇ (ਕਰਜ਼ਿਆਂ ਦੀ ਵੰਡ ਦੇ ਸਮੇ ਕੋਲੈਟਰਲ ਸਕਿਓਰਿਟੀ ਦਾ ਮੁੱਲ)।

19 ਪੰਜਾਬ ਵਿੱਤ ਕਾਰਪੋਰੇਸ਼ਨ ।

ਚੁਣੇ ਗਏ ਓ ਟੀ ਐਸ ਮਾਮਲਿਆਂ ਦੀ ਵਿਸਤ੍ਰਿਤ ਪੜਤਾਲ ਦੌਰਾਨ ਦੇਖੇ ਗਏ ਮੁੱਖ ਮਾਮਲਿਆਂ ਦੀ ਚਰਚਾ ਹੇਠਾਂ ਦਿੱਤੀ ਗਈ ਹੈ:

### 5.4.2.1 *ਜ਼ੀਰੋ ਰਾਸ਼ੀ ਤੇ ਬੁੱਕ ਐਡਜਸਟਮੈਂਟ (ਵੱਟੇ ਖਾਤੇ ਪਾਈ ਗਈ ਰਾਸ਼ੀ) ਦੁਆਰਾ ਨਿਪਟਾਰਾ*

ਓ ਟੀ ਐਸ ਸਕੀਮ, 2018, ਵਿਵਸਥਾ ਕਰਦੀ ਹੈ ਕਿ ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਸਕਿਓਰਿਟੀਜ਼ ਵੇਚੀਆਂ ਗਈਆਂ ਹਨ, ਓ ਟੀ ਐਸ ਦੀ ਰਾਸ਼ੀ ਦੀ ਗਣਨਾ ਬਕਾਇਆ ਮੂਲ ਰਾਸ਼ੀ ਵਿੱਚ ਕਰੰਟ ਅਕਾਊਂਟ (ਸੀ ਸੀ ਏ ਖਰਚੇ) *ਜਮ੍ਹਾਂ* ਕਰਕੇ ਅਤੇ ਸਕਿਓਰਿਟੀਜ਼ ਦੀ ਵਿਕਰੀ ਤੋਂ ਪ੍ਰਾਪਤ ਹੋਈ ਰਾਸ਼ੀ *ਘਟਾ* ਕੇ ਕੀਤੀ ਜਾਣੀ ਸੀ। ਨੌਂ ਐਨ ਪੀ ਏ ਮਾਮਲਿਆਂ ਵਿੱਚ (20 ਸਾਲ ਤੋਂ 41 ਸਾਲ ਤੱਕ ਦੀ ਵੰਡ ਦੀ ਮਿਆਦ) ₹ 1,343.93 ਕਰੋੜ (ਮੂਲ: ₹ 16.82 ਕਰੋੜ, ਵਿਆਜ: ₹ 1,326.80 ਕਰੋੜ ਅਤੇ ਸੀ ਸੀ ਏ: ₹ 0.31 ਕਰੋੜ) ਵਸੂਲੀਯੋਗ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਨੌਂ ਵਿਚੋਂ ਤਿੰਨ ਯੂਨਿਟਾਂ ਵਿੱਚ, ਨੌਂ ਤੋਂ 10 ਸਾਲਾਂ ਦੇ ਬੀਤ ਜਾਣ ਤੋਂ ਬਾਅਦ, ਉਨ੍ਹਾਂ ਦੀਆਂ ਜਾਇਦਾਦਾਂ ਨੂੰ ਕਬਜ਼ੇ ਵਿੱਚ ਲੈਣ ਲਈ ਐਸ ਏ ਆਰ ਐਫ ਏ ਈ ਐਸ ਆਈ ਐਕਟ ਅਧੀਨ ਕਾਰਵਾਈ ਕੀਤੀ ਗਈ ਸੀ।

- ਨੌਂ ਯੂਨਿਟਾਂ ਵਿਚੋਂ, ₹ 844.59 ਕਰੋੜ ਦੀ ਵਸੂਲੀਯੋਗ ਰਾਸ਼ੀ ਵਾਲੇ ਪੰਜ ਯੂਨਿਟਾਂ ਦੇ ਮਾਮਲੇ ਵਿੱਚ ਬਕਾਇਆ ਕਰਜ਼ਿਆਂ ਦੀ ਭੌਂ ਮਾਲੀਏ ਦੇ ਬਕਾਏ ਵਜੋਂ ਵਸੂਲੀ ਕਰਨ ਲਈ ਗਾਰੰਟਰਾਂ ਵਿਰੁੱਧ ਇੱਕ ਤੋਂ 23 ਸਾਲ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।

- ਚਾਰ ਯੂਨਿਟਾਂ ਦੇ ਮਾਮਲੇ ਵਿੱਚ, ₹ 499.34 ਕਰੋੜ ਦੀ ਵਸੂਲੀਯੋਗ ਰਾਸ਼ੀ ਸਮੇਤ ਪੰਜ ਤੋਂ 11 ਸਾਲ ਬੀਤ ਜਾਣ ਤੋਂ ਬਾਅਦ ਭੌਂ ਮਾਲੀਏ ਦੇ ਬਕਾਏ ਵੱਜੋਂ ਕਰਜ਼ੇ ਦੀ ਵਸੂਲੀ ਲਈ ਕਾਰਵਾਈ ਕੀਤੀ ਗਈ ਸੀ। ਇਨ੍ਹਾਂ ਵਿਚੋਂ, ਇੱਕ ਯੂਨਿਟ[20] ਦੇ ਮਾਮਲੇ ਵਿੱਚ, ਕੰਪਨੀ ਨੇ ਬਕਾਏ ਦੀ ਵਸੂਲੀ ਲਈ ਸਬੰਧਤ ਡੀ ਸੀ ਨੂੰ ਬੇਨਤੀ ਕੀਤੀ (ਜੂਨ 2011 ਤੋਂ ਅਪ੍ਰੈਲ 2019) ਪਰ ਵਸੂਲੀ ਕਰਨ ਲਈ ਗਾਰੰਟਰ ਦੀਆਂ ਜਾਇਦਾਦਾਂ (ਅੰਮ੍ਰਿਤਸਰ ਅਤੇ ਦਿੱਲੀ ਵਿਖੇ) ਦੇ ਵੇਰਵੇ/ਟਿਕਾਣਿਆਂ ਨੂੰ ਸਬੰਧਤ ਡੀ ਸੀ ਦੇ ਧਿਆਨ ਵਿੱਚ ਨਹੀਂ ਲਿਆਂਦਾ ਗਿਆ। ਕਰਜ਼ੇ ਦਾ ਨਿਪਟਾਰਾ (ਜੁਲਾਈ 2020) ₹ 74.35 ਕਰੋੜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ ਓ ਟੀ ਐਸ ਅਧੀਨ ਜ਼ੀਰੋ ਰਾਸ਼ੀ ਤੇ ਕੀਤਾ ਗਿਆ ਸੀ। ਇੱਕ ਹੋਰ ਯੂਨਿਟ[21] ਵਿੱਚ ਕੰਪਨੀ ਨੇ ਭੌਂ ਮਾਲੀਏ ਦੇ ਬਕਾਏ ਵੱਜੋਂ ਵਸੂਲਣਯੋਗ ਬਕਾਏ ਦੀ ਵਸੂਲੀ ਲਈ ਅੰਮ੍ਰਿਤਸਰ ਵਿਖੇ ਰਿਹਾਇਸ਼ੀ ਜਾਇਦਾਦ ਅਤੇ ਗਾਰੰਟਰ ਦੀ ਜ਼ਮੀਨ ਬਾਰੇ ਡੀ ਸੀ, ਅੰਮ੍ਰਿਤਸਰ ਨੂੰ ਸੂਚਿਤ ਕੀਤਾ (ਅਗਸਤ 2017) ਪਰ ਕੋਈ ਜਵਾਬ ਨਹੀਂ ਮਿਲਿਆ। ਕਰਜ਼ੇ ਦਾ ਨਿਪਟਾਰਾ (ਫਰਵਰੀ 2019) ₹ 148.57 ਕਰੋੜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ ਓ ਟੀ ਐਸ ਅਧੀਨ ਜ਼ੀਰੋ ਰਾਸ਼ੀ ਤੇ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਐਨ ਪੀ ਏਜ਼ ਦੀਆਂ ਪ੍ਰਾਇਮਰੀ ਅਤੇ ਕੋਲੈਟਰਲ ਸਕਿਓਰਿਟੀਜ਼ ਦੀ ਵਿਕਰੀ ਤੋਂ ਪ੍ਰਾਪਤ ਹੋਈ ₹ 31.88 ਕਰੋੜ ਦੀ ਰਾਸ਼ੀ (ਜਨਵਰੀ 1997 ਤੋਂ ਜੂਨ 2018) ਨੂੰ ਬਕਾਇਆ ਮੂਲ ਅਤੇ ਸੀ ਸੀ ਏ ਦੇ ਖਰਚਿਆਂ (₹ 17.13 ਕਰੋੜ) ਨਾਲ ਐਡਜਸਟ ਕੀਤਾ ਗਿਆ

20 ਮੈਸ. ਅਸ਼ਵਿਨ ਫੈਬਰਿਕਸ (ਪੀ) ਲਿਮਿਟਡ ।

21 ਮੈਸ. ਪਾਹਵਾ ਪ੍ਰੋਸੈਸਰਜ਼ ਲਿਮਿਟਡ ।

(ਫਰਵਰੀ 2019 ਤੋਂ ਨਵੰਬਰ 2020), ਜਿਸਨੂੰ ਕਿ ਆਰ ਬੀ ਆਈ/ਲੇਖਾਕਾਰੀ ਨੀਤੀ/ਕਰਜ਼ ਸਮਝੌਤੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਹਿਲਾਂ ਹੀ ਓ ਟੀ ਐਸ ਸਕੀਮ ਅਧੀਨ ਕੰਪਨੀ ਦੇ ਸਬੰਧਤ ਲੇਖਾ ਸਾਲ ਵਿੱਚ ਵਿਆਜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ ਅਸਲ ਪ੍ਰਾਪਤੀ ਦੇ ਅਧਾਰ ਤੇ ਵਿਆਜ ਆਮਦਨ ਵਜੋਂ ਲੇਖਾਬੱਧ ਕਰ ਲਿਆ ਗਿਆ ਸੀ। ਇਸ ਅਨੁਸਾਰ, ਕਰਜ਼ੇ ਦੇ ਲੇਖਿਆਂ ਦਾ ਓ ਟੀ ਐਸ ਦੀ ਜ਼ੀਰੋ ਰਾਸ਼ੀ ਤੇ ਬੁੱਕ ਐਡਜਸਟਮੈਂਟ ਰਾਹੀਂ ਨਿਪਟਾਰਾ ਕਰ ਦਿੱਤਾ ਗਿਆ ਸੀ ਅਤੇ ਭੌਂ ਮਾਲੀਏ ਵਜੋਂ ਬਕਾਏ ਦੀ ਵਸੂਲੀ ਲਈ ਕਾਰਵਾਈ ਵਾਪਸ ਲੈ ਲਈ ਗਈ ਸੀ ਅਤੇ ਨਤੀਜੇ ਵਜੋਂ ਪ੍ਰਮੋਟਰ/ਗਰੰਟਰ ਕਨੂੰਨੀ ਤੌਰ ਤੇ ਬਣਦੇ ਬਕਾਏ ਦੀ ਅਦਾਇਗੀ ਤੋਂ ਬਚ ਗਏ ਸਨ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਬੁੱਕ ਐਡਜਸਟਮੈਂਟ ਰਾਹੀ ਨਿਪਟਾਰਾ ਜੀ ਓ ਪੀ ਦੁਆਰਾ ਬਣਾਈ ਗਈ ਨੀਤੀ ਜੋ ਕਿ ਸਰਵਉੱਚ ਹੈ, ਦੇ ਅਨੁਸਾਰ ਕੀਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਅਧੀਨ ਕਾਰਵਾਈ ਸ਼ੁਰੂ ਕਰਨ ਵਿੱਚ ਕੰਪਨੀ ਦੀ ਅਸਫਲਤਾ/ਅਧਿਕਾਰਤ ਦੇਰੀ ਅਤੇ ਪ੍ਰਮੋਟਰਾਂ/ਗਾਰੰਟਰਾਂ ਦੇ ਵਿਰੁੱਧ ਬਕਾਏ ਦੀ ਵਸੂਲੀ ਨਹੀਂ ਹੋਈ ਜੋ ਆਖਿਰਕਾਰ ਆਰ ਬੀ ਆਈ/ਲੇਖਾਕਾਰੀ ਨੀਤੀ/ਕਰਜ਼ ਸਮਝੌਤੇ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਕੇ ਜ਼ੀਰੋ ਰਾਸ਼ੀ ਤੇ ਨਿਪਟਾਏ ਗਏ ਸਨ। ਇਸ ਤਰ੍ਹਾਂ, ਬੁੱਕ ਐਡਜਸਟਮੈਂਟ ਦੁਆਰਾ ਨਿਪਟਾਰਾ ਇਸ ਦੇ ਵਿੱਤੀ ਹਿੱਤ ਦੇ ਵਿਰੁੱਧ ਸੀ ਕਿਉਂਕਿ ਵਿਆਜ ਕਿਸੇ ਵੀ ਵਿੱਤੀ ਸੰਸਥਾ ਲਈ ਅਸਲ ਪ੍ਰਾਪਤ ਦੇ ਆਧਾਰ ਤੇ ਮੁੱਖ ਮਾਲੀਆ ਸੀ।

### 5.4.2.2 *ਰਾਜ ਦੀ ਸਬਸਿਡੀ ਨੂੰ ਐਡਜਸਟ ਕਰਕੇ ਘਟੇ ਹੋਏ ਮੁੱਲ 'ਤੇ ਨਿਪਟਾਰਾ*

ਯੂਨਿਟ[22] ਨੇ (ਜੂਨ 1998) ₹ 0.40 ਕਰੋੜ ਦਾ ਬ੍ਰਿਜ ਲੋਨ ਪ੍ਰਾਪਤ ਕੀਤਾ ਜੋ ਦੋ ਸਾਲਾਂ ਦੀ ਮਿਆਦ ਦੇ ਅੰਦਰ ਜਾਂ ਜਦੋਂ ਰਾਜ ਸਬਸਿਡੀ[23] ਜੀ ਓ ਪੀ ਦੁਆਰਾ ਵੰਡੀ ਗਈ ਸੀ, ਜੋ ਵੀ ਪਹਿਲਾਂ ਸੀ, ਵਾਪਸ ਕਰਨ ਯੋਗ ਸੀ। ਯੂਨਿਟ ਨੇ ਕੋਈ ਰਾਸ਼ੀ ਅਦਾ ਨਹੀਂ ਕੀਤੀ ਅਤੇ ਐਨ ਪੀ ਏ ਬਣ ਗਿਆ (ਜਨਵਰੀ 1999)। ਪਰ ₹ 0.61 ਕਰੋੜ (ਮੂਲ: ₹ 0.40 ਕਰੋੜ ਅਤੇ ਵਿਆਜ: ₹ 0.21 ਕਰੋੜ) ਦੇ ਬਕਾਏ ਦੀ ਵਸੂਲੀ ਲਈ ਐਸ ਐਫ ਸੀ ਐਕਟ, 1951 ਦੀ ਧਾਰਾ 29 ਦੇ ਅਧੀਨ ₹ 0.86 ਕਰੋੜ ਦੇ ਮੁੱਲ ਦੀ ਕੋਲੈਟਰਲ ਸਕਿਊਰਿਟੀ (ਅਪ੍ਰੈਲ/ਮਈ 1998) ਨੂੰ ਕਬਜ਼ੇ ਵਿੱਚ ਲੈਣ ਲਈ ਕਰਜੇ ਦੀ ਮੁੜ ਅਦਾਇਗੀ ਦੀ ਨਿਰਧਾਰਤ ਮਿਤੀ ਤੋਂ ਬਾਅਦ ਜੂਨ 2000 ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ। ਯੂਨਿਟ ਨੇ ₹ 0.17 ਕਰੋੜ ਜੋ ਕਿ ਵਸੂਲੀਯੋਗ ਵਿਆਜ ਵਿਰੁੱਧ ਐਡਜਸਟ ਕੀਤਾ ਸੀ, ਦਾ ਭੁਗਤਾਨ ਕੀਤਾ (ਦਸੰਬਰ 2009 ਅਤੇ ਫਰਵਰੀ 2011) ਪਰ ਇਸ ਤੋਂ ਬਾਅਦ ਪ੍ਰਾਪਤ ਹੋਏ ₹ 0.12 ਕਰੋੜ ਨੂੰ ਛੱਡ ਕੇ ਨੋ-ਲੀਅਨ ਖਾਤੇ ਅਧੀਨ ਕੋਈ ਭੁਗਤਾਨ ਪ੍ਰਾਪਤ ਨਹੀਂ ਹੋਇਆ (ਦਸੰਬਰ 2016)। ਕੰਪਨੀ ਨੇ ਐਸ ਏ ਆਰ ਐਫ ਏ ਈ ਐਸ ਆਈ ਐਕਟ, 2002 ਦੇ ਅਧੀਨ ₹ 29.62 ਕਰੋੜ ਦੀ ਵਸੂਲੀ ਯੋਗ ਰਾਸ਼ੀ ਲਈ 20 ਸਾਲਾਂ ਬਾਅਦ ਨੋਟਿਸ (ਜਨਵਰੀ 2019) ਜਾਰੀ ਕੀਤਾ। ਅੰਤ ਵਿੱਚ, ₹ 32.44 ਕਰੋੜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ, ਕੰਪਨੀ ਨੇ ਓ ਟੀ ਐਸ ਸਕੀਮ, 2018 ਦੇ ਅਨੁਸਾਰ ਘੱਟੋ ਘੱਟ ਲੋੜੀਂਦੇ ₹ 0.86 ਕਰੋੜ (ਕੋਲੈਟਰਲ ਸਕਿਓਰਿਟੀ ਦਾ ਮੁੱਲ)[24] ਦੀ ਬਜਾਏ ₹ 0.50 ਕਰੋੜ (ਰਾਜ ਸਬਸਿਡੀ) ਵਿੱਚ ਕਰਜ਼ੇ ਦਾ ਨਿਪਟਾਰਾ ਕੀਤਾ (ਮਾਰਚ 2019)। ਸੰਪਤੀਆਂ ਨੂੰ ਨਾ ਲੈਣ ਦੇ ਨਤੀਜੇ ਵਜੋਂ ₹ 31.94 ਕਰੋੜ ਦੇ ਵਿਆਜ ਦਾ ਟਾਲਣਯੋਗ ਨੁਕਸਾਨ ਹੋਇਆ। ਇਸ

---

22 ਮੈਸ. ਏ. ਜੀ. ਫੂਡਜ਼ ਲਿਮਿਟਡ ।

23 ਉਤਪਾਦਨ ਸ਼ੁਰੂ ਹੋਣ ਤੇ ਉਦਯੋਗ ਵਿਭਾਗ ਦੁਆਰਾ ਰਾਜ ਸਬਸਿਡੀ ਪ੍ਰਦਾਨ ਕੀਤੀ ਜਾਣੀ ਹੈ ।

24 ਓ ਟੀ ਐਸ ਸਕੀਮ, 2018 ਦੀ ਧਾਰਾ II (i) ਦੇ ਅਨੁਸਾਰ, ਕਰਜੇ ਦੇ ਮਾਮਲਿਆਂ ਵਿੱਚ ਜਿੱਥੇ ਸਕਿਓਰਿਟੀ ਅਜੇ ਤੱਕ ਨਹੀਂ ਵੇਚੀ ਗਈ ਹੈ, ਓ ਟੀ ਐਸ ਦੀ ਰਾਸ਼ੀ ਦੀ ਗਣਨਾ ਮੂਲ ਰਾਸ਼ੀ ਦੇ ਨਾਲ ਸੀ ਸੀ ਏ ਖਰਚਿਆਂ ਦੀ ਬਕਾਇਆ ਰਾਸ਼ੀ ਹੋਵੇਗੀ ਜਾਂ ਕਰਜੇ ਦੀ ਵੰਡ ਦੇ ਸਮੇਂ ਕੋਲੈਟਰਲ ਸਕਿਓਰਿਟੀ ਦਾ ਮੁੱਲ ਜੋ ਵੀ ਵੱਧ ਹੈ।

ਤੋਂ ਇਲਾਵਾ, ਓ ਟੀ ਐਸ ਸਕੀਮ, 2018 ਦੇ ਅਧੀਨ ਕਰਜੇ ਦੇ ਨਿਪਟਾਰਾ ਕਰਦੇ ਸਮੇਂ, ਕੋਲੈਟਰਲ ਸਕਿਓਰਿਟੀ ਦੇ ਘਟੇ ਹੋਏ ਮੁੱਲ ਤੇ ₹ 0.36 ਕਰੋੜ[25] ਦੀ ਘੱਟ ਵਸੂਲੀ ਕੀਤੀ ਗਈ ਸੀ।

ਇਸ ਤੋਂ ਇਲਾਵਾ, ਬ੍ਰਿਜ ਲੋਨ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ, ਰਾਜ ਦੀ ਸਬਸਿਡੀ ਨੂੰ ਯੂਨਿਟ ਤੋਂ ਵਸੂਲੀਯੋਗ ਵਿਆਜ ਅਤੇ ਮੂਲ ਦੇ ਨਾਲ ਐਡਜਸਟ ਕੀਤਾ ਜਾਣਾ ਸੀ। ਹਾਲਾਂਕਿ, ਰਾਜ ਦੀ ਸਬਸਿਡੀ ਨੂੰ ਓ ਟੀ ਐਸ ਰਾਸ਼ੀ ਦੇ ਵਿਰੁੱਧ ਐਡਜਸਟ ਕੀਤਾ ਗਿਆ ਸੀ। ਕਿਸੇ ਤਰ੍ਹਾਂ, ਇਕ ਹੋਰ ਯੂਨਿਟ[26] ਵਿੱਚ, ₹ 1.11 ਕਰੋੜ ਦੀ ਰਾਸ਼ੀ ਦੇ ਵਿਰੁੱਧ ₹ 0.50 ਕਰੋੜ ਦੀ ਰਾਜ ਸਬਸਿਡੀ ਨੂੰ ਐਡਜਸਟ ਕੀਤਾ ਗਿਆ (ਨਵੰਬਰ 2021)।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਿਟਡ (ਪੀ ਏ ਆਈ ਸੀ) ਦੀ ਬੇਨਤੀ ਦੇ ਅਨੁਸਾਰ, ਪੁਨਰਵਾਸ ਲਈ ਕੰਪਨੀ ਨੂੰ ਬਕਾਇਆ ਦੀ ਅਦਾਇਗੀ ਲਈ ਯੂਨਿਟ[27] ਨੂੰ ਸਮਾਂ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਕੰਪਨੀ ਨੇ ਓ ਟੀ ਐਸ ਦੀ ਚੋਣ ਕਰਨ ਲਈ ਯੂਨਿਟ ਤੇ ਦਬਾਅ ਪਾਉਣ ਲਈ ਐਸ ਏ ਆਰ ਐਫ ਏ ਈ ਐਸ ਆਈ ਐਕਟ ਅਧੀਨ ਨੋਟਿਸ ਜਾਰੀ ਕੀਤਾ ਅਤੇ ਓ ਟੀ ਐਸ ਸਕੀਮ ਅਧੀਨ ਰਾਜ ਦੀ ਸਬਸਿਡੀ ਦੇ ਵਿਰੁੱਧ ₹ 0.50 ਕਰੋੜ ਦੇ ਬ੍ਰਿਜ ਲੋਨ ਦੀ ਵਸੂਲੀ ਕੀਤੀ ਗਈ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੂੰ ਜੂਨ 2000 ਵਿੱਚ ਐਸ ਐਫ ਸੀਜ਼ ਐਕਟ ਦੇ ਅਧੀਨ ਵਸੂਲੀ ਦੀ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਸੀ ਕਿਉਂਕਿ ਕੋਲੈਟਰਲ ਸਕਿਓਰਿਟੀ ਦਾ ਪੀ ਏ ਆਈ ਸੀ ਦੇ ਇਕਊਟੀ ਨਿਵੇਸ਼ ਨਾਲ ਕੋਈ ਸਬੰਧ ਨਹੀਂ ਸੀ।ਇਸ ਤੋਂ ਇਲਾਵਾ, ਸਿਰਫ ਓ ਟੀ ਐਸ ਦੀ ਚੋਣ ਕਰਨ ਲਈ ਯੂਨਿਟ ਤੇ ਦਬਾਅ ਪਾਉਣ ਲਈ ਐਸ ਏ ਆਰ ਐਫ ਏ ਈ ਐਸ ਆਈ ਐਕਟ ਅਧੀਨ ਜਾਰੀ ਕੀਤਾ ਨੋਟਿਸ ਵੀ ਕੰਪਨੀ ਦੀ ਵਿੱਤੀ ਸੂਝ-ਬੂਝ ਦੇ ਵਿਰੁੱਧ ਸੀ।

### 5.4.2.3 *ਯੂਨਿਟ ਨੂੰ ਵਾਰ-ਵਾਰ ਮੌਕਿਆਂ ਦੀ ਆਗਿਆ ਦੇਣਾ*

ਇੱਕ ਸੰਯੁਕਤ ਤੌਰ ਤੇ ਵਿੱਤੀ ਯੂਨਿਟ[28] ਦੇ ਮਾਮਲੇ ਵਿੱਚ, ਯੂਨਿਟ ਨੇ ₹ 1.65 ਕਰੋੜ[29] ਦੇ ਕਰਜੇ ਦੀ ਅਦਾਇਗੀ ਨਹੀਂ ਕੀਤੀ ਅਤੇ (ਅਕਤੂਬਰ 1995) ਐਨ ਪੀ ਏ ਬਣ ਗਈ। ਪਰ ਕੰਪਨੀ ਨੇ ਯੂਨਿਟ ਵਿਰੁੱਧ ਕਰਜੇ ਦੀ ਵਸੂਲੀ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ। ਯੂਨਿਟ ਨੇ ਓ ਟੀ ਐਸ ਸਕੀਮ, 2009 ਦੇ ਅਧੀਨ ਨਿਪਟਾਰਾ ਕਰਨ ਦੀ ਚੋਣ ਕੀਤੀ ਸੀ ਪਰ ਭੁਗਤਾਨ ਕਰਨ ਵਿੱਚ ਡਿਫਾਲਟ ਹੋਣ ਕਾਰਨ ਇਸਨੂੰ ਰੱਦ ਕਰ ਦਿੱਤਾ ਗਿਆ ਸੀ (ਅਗਸਤ 2012)। ਕੰਪਨੀ ਨੇ ਐਸ ਏ ਆਰ ਐਫ ਏ ਈ ਐਸ ਆਈ ਐਕਟ, 2002 ਦੇ ਅਧੀਨ ਯੂਨਿਟ ਦੇ ਖਿਲਾਫ ਰਿਕਵਰੀ ਦੀ ਕਾਰਵਾਈ ਸ਼ੁਰੂ ਕਰਨ ਦਾ ਫੈਸਲਾ ਕੀਤਾ (ਮਈ 2014)। ਯੂਨਿਟ ਨੇ 2015/2017 ਦੀਆਂ ਅਗਲੀਆਂ ਓ ਟੀ ਐਸ ਸਕੀਮਾਂ ਦੇ ਅਧੀਨ ਚੋਣ ਨਹੀਂ ਕੀਤੀ ਅਤੇ ਯੂਨਿਟ ਦੀ ਬੇਨਤੀ ਦੇ ਅਨੁਸਾਰ ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਅਧੀਨ ਕਾਰਵਾਈ ਨੂੰ ਟਾਲ ਦਿੱਤਾ ਗਿਆ (ਮਈ 2015, ਮਈ 2016 ਅਤੇ ਨਵੰਬਰ 2017)।

---

25 ਕੋਲੈਟਰਲ ਸਕਿਓਰਿਟੀ ਦਾ ਮੁੱਲ: ₹ 0.86 ਕਰੋੜ *ਘੱਟ* ਰਾਜ ਸਬਸਿਡੀ: ₹ 0.50 ਕਰੋੜ ।

26 ਮੈਸ. ਪਰਸ਼ਿਅਨ ਕਾਰਪੇਟਜ਼ ਅਤੇ ਟੈਕਸਟਾਈਲ ਲਿਮਿਟਡ ।

27 ਮੈਸ. ਏ. ਜੀ. ਫੂਡਜ਼ ਲਿਮਿਟਡ ।

28 ਮੈਸ. ਪੰਜਾਬ ਟਿਸ਼ੂਜ਼ ਲਿਮਿਟਡ (ਪੀ ਐਫ ਸੀ: ₹ 0.90 ਕਰੋੜ ਅਤੇ ਕੰਪਨੀ: ₹ 1.65 ਕਰੋੜ )।

29 ਅਪ੍ਰੈਲ 1990 ਤੋਂ ਮਾਰਚ 1995 ਵਿੱਚ ਵੰਡਿਆ ਗਿਆ।

ਯੂਨਿਟ ਦੇ ਪ੍ਰਮੋਟਰ ਨੇ ₹ 5.49 ਕਰੋੜ (ਕੰਪਨੀ : ₹ 3.24 ਕਰੋੜ ਅਤੇ ਪੀ ਐਫ ਸੀ: ₹ 2.25 ਕਰੋੜ) ਦੀ ਓ ਟੀ ਐਸ ਰਾਸ਼ੀ ਦੇ ਵਿਰੁੱਧ ਕਰਜ਼ਿਆਂ ਦੇ ਭੁਗਤਾਨ ਲਈ ਨਿੱਜੀ ਸੰਪਤੀਆਂ ਦਾ ਨਿਪਟਾਰਾ ਕਰਕੇ ₹ 5.50 ਕਰੋੜ ਦੀ ਵਿਵਸਥਾ ਕੀਤੀ, ਜਿਸ ਵਿੱਚ ਸਮਾਪਤ ਓ ਟੀ ਐਸ ਸਕੀਮ 2015 ਦੇ ਅਧੀਨ ਓ ਟੀ ਐਸ ਲਈ ਬੇਨਤੀ ਕੀਤੀ ਗਈ (ਮਾਰਚ 2017) ਸੀ, ਹਾਲਾਂਕਿ, ਇਹ ਸਵੀਕਾਰ ਨਹੀਂ ਕੀਤਾ ਗਿਆ ਸੀ। ਅੰਤ ਵਿੱਚ, ਕੰਪਨੀ ਨੇ ₹ 85.14 ਕਰੋੜ ਦੀ ਵਸੂਲੀ ਲਈ ਯੂਨਿਟ ਨੂੰ ਐਸ ਏ ਆਰ ਐਫ ਏ ਈ ਐਸ ਆਈ ਐਕਟ ਅਧੀਨ ਨੋਟਿਸ (ਜਨਵਰੀ 2018 ਅਤੇ ਅਪ੍ਰੈਲ 2018) ਜਾਰੀ ਕੀਤਾ। ਪਰ ਕਾਰਵਾਈ ਨੂੰ ਫਿਰ ਤੋਂ ਟਾਲ ਦਿੱਤਾ ਗਿਆ (ਜੂਨ 2018) ਕਿਉਂਕਿ ਯੂਨਿਟ ਨੇ ਕੰਪਨੀ ਕੋਲ ₹ 0.10 ਕਰੋੜ ਜਮ੍ਹਾਂ ਕੀਤੇ (ਜੂਨ 2018) ਤੇ ਸੂਚਿਤ ਕੀਤਾ ਕਿ ਨਵੀਂ ਓ ਟੀ ਐਸ ਸਕੀਮ 2018 ਜੀ ਓ ਪੀ ਦੇ ਸਰਗਰਮ ਵਿਚਾਰ ਅਧੀਨ ਸੀ। ਪ੍ਰਮੋਟਰ ਕੋਲ ਫੰਡਾਂ/ਸੰਪਤੀਆਂ ਦੀ ਉਪਲਬਧਤਾ ਦੇ ਬਾਵਜੂਦ, ਐਸ ਏ ਆਰ ਐਫ ਏ ਈ ਐਸ ਆਈ ਐਕਟ ਅਧੀਨ ਸੰਪਤੀਆਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਅਤੇ ਨਾ ਹੀ ਕਰਜ਼ੇ ਦੇ ਪ੍ਰਮੋਟਰਾਂ/ਗਾਰੰਟਰਾਂ ਦੇ ਵਿਰੁੱਧ, ਸਗੋਂ ਕਰਜੇ ਦਾ ਨਿਪਟਾਰਾ (ਮਾਰਚ 2019-ਜਨਵਰੀ 2020) ₹ 1.65 ਕਰੋੜ[30] ਦੀ ਓ ਟੀ ਐਸ ਰਾਸ਼ੀ ਤੇ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਯੂਨਿਟ ਦਾ ਪੱਖ ਪੂਰਿਆ ਗਿਆ ਅਤੇ ਅੱਗੇ ਇਸ ਦੇ ਨਤੀਜੇ ਵਜੋਂ ₹ 111.88 ਕਰੋੜ ਦੇ ਵਿੱਤੀ ਤਿਆਗ ਦੇ ਨਾਲ ਕੰਪਨੀ ਨੂੰ ₹ 1.06 ਕਰੋੜ[31] ਦਾ ਨੁਕਸਾਨ ਹੋਇਆ। ਇਸ ਤੋ ਇਲਾਵਾ, ਪੀ ਐਫ ਸੀ ਨੂੰ ₹ 115.44 ਕਰੋੜ ਦਾ ਵਿੱਤੀ ਤਿਆਗ ਸਮੇਤ ₹ 1.70 ਕਰੋੜ ਦਾ ਨੁਕਸਾਨ ਹੋਇਆ।

ਮੈਨੇਜਮੈਂਟ ਨੇ ਤੱਥਾਂ ਨੂੰ ਸਵੀਕਾਰ ਕਰਦੇ ਹੋਏ ਕਿਹਾ (ਮਈ 2023) ਕਿ ਆਗਾਮੀ ਓ ਟੀ ਐਸ ਸਕੀਮ ਦੇ ਮੱਦੇਨਜ਼ਰ ਯੂਨਿਟ ਦੇ ਪ੍ਰਮੋਟਰ ਦੀ ਬੇਨਤੀ ਅਨੁਸਾਰ ਐਸ ਏ ਆਰ ਐਫ ਏ ਈ ਐਸ ਆਈ ਐਕਟ ਅਧੀਨ ਕਾਰਵਾਈ ਨੂੰ ਟਾਲ ਦਿੱਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੂੰ ਯੂਨਿਟ ਦੇ ਹੱਕ ਵਿੱਚ ਢੁੱਕਵੀਂ ਓ ਟੀ ਐਸ ਸਕੀਮ ਦੀ ਉਡੀਕ ਕੀਤੇ ਬਿਨਾਂ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਆਪਣੇ ਬਕਾਏ ਦੀ ਵਸੂਲੀ ਲਈ ਯੂਨਿਟ ਅਤੇ ਪ੍ਰਮੋਟਰਾਂ/ਗਾਰੰਟਰਾਂ ਵਿਰੁੱਧ ਸਮੇਂ ਸਿਰ ਕਾਰਵਾਈ ਕਰਨੀ ਚਾਹੀਦੀ ਸੀ।

### 5.4.2.4 *ਮਾਮਲਿਆਂ ਦਾ ਸਮਕਾਲਿਕ ਨਿਪਟਾਰਾ ਯਕੀਨੀ ਬਣਾਉਣ ਲਈ ਪ੍ਰਣਾਲੀ ਦਾ ਵਿਕਾਸ ਨਾ ਕਰਨਾ*

ਓ ਟੀ ਐਸ ਸਕੀਮ ਦੇ ਅਨੁਸਾਰ, ਸਰਕਾਰ/ਕੰਪਨੀ/ਪੀ ਐਫ ਸੀ ਦੁਆਰਾ ਦਿੱਤੇ ਕਈ ਕਰਜ਼ਿਆਂ ਦਾ ਸਮਕਾਲਿਕ ਨਿਪਟਾਰਾ ਕੀਤਾ ਜਾਣਾ ਸੀ। ਪਰ ਕੰਪਨੀ ਨੇ ਓ ਟੀ ਐਸ ਸਕੀਮ ਅਧੀਨ ਕਰਜ਼ਿਆਂ ਦੇ ਸਮਕਾਲਿਕ ਨਿਪਟਾਰੇ ਲਈ ਸਬੰਧਤ ਕਰਜ਼ਦਾਰ ਯੂਨਿਟ/ਸਰਕਾਰੀ ਵਿਭਾਗ ਤੋਂ ਸਰਕਾਰ ਦੁਆਰਾ ਵਸੂਲੀ ਯੋਗ ਕਰਜ਼ਿਆਂ ਦੀ ਸਥਿਤੀ ਬਾਰੇ ਪੁੱਛ ਗਿੱਛ ਕਰਨ ਲਈ ਕੋਈ ਪ੍ਰਣਾਲੀ ਵਿਕਸਤ ਨਹੀਂ ਕੀਤੀ ਹੈ। ਜਦੋਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਪਨੀ ਨੇ ਯੂਨਿਟ[32] ਨਾਲ ਓ ਟੀ ਐਸ ਸਕੀਮ 2018 ਅਧੀਨ ਆਪਣੇ ਕਰਜੇ ਦਾ ਨਿਪਟਾਰਾ ₹ 0.23 ਕਰੋੜ (₹ 82.27 ਕਰੋੜ ਦੀ ਵਸੂਲੀਯੋਗ ਰਾਸ਼ੀ ਦੇ ਵਿਰੁੱਧ) ਉੱਤੇ ਡਾਇਰੈਕਟਰ, ਉਦਯੋਗ ਅਤੇ ਵਣਜ (ਡੀ ਆਈ ਸੀ), ਪੰਜਾਬ ਦੇ

---

30 ਕਰਜੇ ਦੀ ਮੂਲ ਰਾਸ਼ੀ *ਜਮ੍ਹਾਂ* ਖਰਚੇ ।

31 ਓ ਟੀ ਐਸ ਸਕੀਮ 2015 ਅਤੇ ਓ ਟੀ ਐਸ ਸਕੀਮ 2018 ਵਿਚਕਾਰ ਓ ਟੀ ਐਸ ਦੀ ਅੰਤਰ ਰਾਸ਼ੀ (₹ 2.71 ਕਰੋੜ (₹ 5.50 ਕਰੋੜ ਦਾ 49.35 *ਪ੍ਰਤੀਸ਼ਤ*) - ₹ 1.65 ਕਰੋੜ = ₹ 1.06 ਕਰੋੜ) ਦੇ ਹਿਸਾਬ ਨਾਲ।

32 ਮੈਸ. ਆਰਗੈਨਿਕ ਕੈਮ ਆਇਲਜ਼ ਲਿਮਿਟਡ ।

₹ 2.33 ਕਰੋੜ[33] ਦੇ ਕਰਜੇ ਦਾ ਸਮਕਾਲਿਕ ਨਿਪਟਾਰਾ ਕੀਤੇ ਬਗੈਰ ਕਰ ਲਿਆ ਸੀ (ਸਤੰਬਰ 2021)।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਯੂਨਿਟ ਨੇ ਓ ਟੀ ਐਸ ਸਕੀਮ ਅਧੀਨ ਕੰਪਨੀ ਦੇ ਬਕਾਇਆ ਦੇਣਦਾਰੀਆਂ ਕਲੀਅਰ ਕਰ ਦਿੱਤੀਆਂ ਹਨ ਅਤੇ ਸਰਕਾਰ ਵੱਲ ਬਕਾਇਆ ਦੇਣਦਾਰੀਆਂ ਦੇ ਮੱਦੇਨਜ਼ਰ, ਯੂਨਿਟ/ਗਾਰੰਟਰ ਨੂੰ ਕੋਈ ਬਕਾਇਆ ਸਰਟੀਫਿਕੇਟ (ਐਨ ਡੀ ਸੀ) ਨਹੀਂ ਦਿੱਤਾ ਗਿਆ ਸੀ ਅਤੇ ਸਰਕਾਰ ਇਕਰਾਰਨਾਮਿਆਂ ਦੀਆਂ ਸ਼ਰਤਾਂ ਅਨੁਸਾਰ ਇਸ ਦੇ ਬਕਾਏ ਦੀ ਵਸੂਲੀ ਲਈ ਕਾਰਵਾਈ ਲਈ ਸੁਤੰਤਰ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੂੰ ਓ ਟੀ ਐਸ ਸਕੀਮ ਦੇ ਅਨੁਸਾਰ ਕਰਜ਼ਿਆਂ ਦਾ ਨਿਪਟਾਰਾ ਕਰਦੇ ਸਮੇਂ ਸਰਕਾਰ ਦੇ ਵਿੱਤੀ ਹਿੱਤਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਸੀ। ਸਿਰਫ਼ ₹ 0.23 ਕਰੋੜ ਦੀ ਪ੍ਰਾਪਤੀ ਤੋਂ ਬਾਅਦ ਐਨ ਡੀ ਸੀ ਨੂੰ ਰੋਕਣ ਨਾਲ ਸਮਕਾਲਿਕ ਨਿਪਟਾਰਾ ਕਰਨ ਦਾ ਉਦੇਸ਼ ਪੂਰਾ ਨਹੀਂ ਹੁੰਦਾ।

### *5.4.2.5 ਗਲਤ ਓ ਟੀ ਐਸ ਸਕੀਮ ਦੀ ਅਰਜ਼ੀ*

ਇੱਕ ਸੰਯੁਕਤ ਵਿੱਤ ਵਾਲੀ ਯੂਨਿਟ[34], ਡਿਫਾਲਟਰ ਹੋ ਗਈ ਅਤੇ ₹ 0.86 ਕਰੋੜ[35] ਦੇ ਮੁੱਲ (ਮਾਰਚ 1998) ਦੀਆਂ ਯੂਨਿਟ ਦੀਆਂ ਸੰਪਤੀਆਂ ਨੂੰ ਕਬਜ਼ੇ (ਮਾਰਚ 1998) ਵਿੱਚ ਲੈ ਲਿਆ ਗਿਆ । ਪਰ ਕੰਪਨੀ ਵੱਲੋਂ ਬਕਾਏ ਦੀ ਵਸੂਲੀ ਲਈ ਪ੍ਰਮੋਟਰਾਂ/ਗਾਰੰਟਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਕੰਪਨੀ ਕਈ ਇਸ਼ਤਿਹਾਰਾਂ ਦੇ ਬਾਵਜੂਦ ਯੂਨਿਟ ਦੀ ਜਾਇਦਾਦ ਦਾ ਨਿਪਟਾਰਾ ਨਹੀਂ ਕਰ ਸਕੀ। ਜ਼ਮੀਨ ਅਤੇ ਇਮਾਰਤ ਦਾ ₹ 2.18 ਕਰੋੜ ਅਤੇ ਪਲਾਂਟ ਅਤੇ ਮਸ਼ੀਨਰੀ ਦਾ ₹ 0.24 ਕਰੋੜ ਮੁੱਲ ਉੱਤੇ ਮੁੜ-ਮੁਲਾਂਕਣ ਕੀਤਾ ਗਿਆ ਸੀ (ਅਗਸਤ 2016)। ਮਸ਼ੀਨਰੀ ਦਾ ਨਿਪਟਾਰਾ (ਅਪ੍ਰੈਲ 2018) ₹ 0.18 ਕਰੋੜ ਵਿੱਚ ਕੀਤਾ ਗਿਆ ਸੀ ਪਰ ਜ਼ਮੀਨ ਦੀ ਵਿਕਰੀ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।

ਓ ਟੀ ਐਸ ਸਕੀਮ 2018 ਦੇ ਅਨੁਸਾਰ, ਸਾਂਝੇ ਤੌਰ ਤੇ ਫਾਈਨਾਂਸ ਕੀਤੇ ਮਾਮਲਿਆਂ ਵਿੱਚ, ਪ੍ਰਮੁੱਖ ਸੰਸਥਾ (ਜਿਸ ਕੋਲ ਗਿਰਵੀ ਜਾਇਦਾਦ ਦਾ ਮੂਲ ਟਾਈਟਲ ਡੀਡ ਹੈ) ਦੀ ਓ ਟੀ ਐਸ ਸਕੀਮ ਲਾਗੂ ਸੀ ਅਤੇ ਜਿੱਥੇ ਪੀ ਐਫ ਸੀ ਪ੍ਰਮੁੱਖ ਸੀ, ਉੱਥੇ ਓ ਟੀ ਐਸ ਦੀ ਰਾਸ਼ੀ ਕੁੱਲ ਬਕਾਇਆ ਰਾਸ਼ੀ, ਭਾਵ ਡਿਫਾਲਟ ਦੀ ਪਹਿਲੀ ਮਿਤੀ ਨੂੰ ਮੂਲ *ਜਮ੍ਹਾਂ* ਵਿਆਜ *ਜਮ੍ਹਾਂ* ਖਰਚੇ ਅਤੇ 5 *ਪ੍ਰਤੀਸ਼ਤ ਪ੍ਰਤੀ ਸਾਲ* ਦੀ ਦਰ ਨਾਲ ਸਧਾਰਨ ਵਿਆਜ ਹੋਣਾ ਸੀ। ਪੀ ਐਫ ਸੀ, ਪ੍ਰਮੁੱਖ ਵਿੱਤੀ ਸੰਸਥਾ ਹੋਣ ਦੇ ਨਾਤੇ ਯੂਨਿਟ ਨੇ ਓ ਟੀ ਐਸ ਅਧੀਨ ਨਿਪਟਾਰਾ ਕਰਨ ਲਈ (ਜੁਲਾਈ 2020) ਬੇਨਤੀ ਕੀਤੀ ਅਤੇ ਕਰਜ਼ ਖਾਤੇ ਦਾ ਨਿਪਟਾਰਾ (ਅਪ੍ਰੈਲ 2021) ਓ ਟੀ ਐਸ ਸਕੀਮ ਅਧੀਨ ਆਈ ਰਾਸ਼ੀ ਦੇ ਅਨੁਸਾਰ ₹ 3.02 ਕਰੋੜ ਦੀ ਬਜਾਏ ₹ 1.47 ਕਰੋੜ (ਪ੍ਰਾਈਮ ਸਕਿਓਰਿਟੀ ਦੇ ਮੁਲਾਂਕਣ ਦੇ ਆਧਾਰ ਤੇ)[36] ਵਿੱਚ ਕੀਤਾ ਗਿਆ। ਗਲਤ ਸਕੀਮ ਲਾਗੂ ਕਰਕੇ ਖਾਤੇ ਦਾ ਨਿਪਟਾਰਾ ਕਰਨ ਦਾ ਨਤੀਜਾ ਯੂਨਿਟ ਦੇ ਹੱਕ ਵਿੱਚ ਹੋਇਆ ਅਤੇ ਨਤੀਜੇ ਵੱਜੋਂ ₹ 1.26 ਕਰੋੜ ਦੀ ਘੱਟ ਵਸੂਲੀ ਹੋਈ ਜਿਸ ਵਿੱਚ ₹ 188.15 ਕਰੋੜ

---

33 ਮੂਲ: ₹ 0.54 ਕਰੋੜ ਅਤੇ ਵਿਆਜ: ₹ 1.79 ਕਰੋੜ ।

34 ਮੈਸ. ਫਾਈਟੋ ਕੈਮੀਕਲਜ਼ ਲਿਮਿਟਡ (ਪੀ ਐਫ ਸੀ: ₹ 0.49 ਕਰੋੜ ਅਤੇ ਕੰਪਨੀ: ₹ 1.20 ਕਰੋੜ)।

35 ਜ਼ਮੀਨ ਅਤੇ ਇਮਾਰਤ: ₹ 0.38 ਕਰੋੜ ਅਤੇ ਮਸ਼ੀਨਰੀ: ₹ 0.48 ਕਰੋੜ।

36 ਓ ਟੀ ਐਸ ਸਕੀਮ, 2018 ਦੀ ਧਾਰਾ II (i) ਦੇ ਅਨੁਸਾਰ, ਕਰਜੇ ਦੇ ਮਾਮਲਿਆਂ ਵਿੱਚ ਜਿਥੇ ਸਕਿਓਰਿਟੀ ਅਜੇ ਤੱਕ ਨਹੀਂ ਵੇਚੀ ਗਈ ਹੈ, ਓ ਟੀ ਐਸ ਦੀ ਰਾਸ਼ੀ ਦੀ ਆਂਕਣਾ ਇਹ ਹੋਵੇਗੀ – ਬਕਾਇਆ ਮੂਲ ਰਾਸ਼ੀ *ਜਮ੍ਹਾਂ* ਸੀ ਸੀ ਏ ਖਰਚੇ ਜਾਂ ਪ੍ਰਮੁੱਖ ਸਕਿਓਰਿਟੀ ਦੇ ਬਾਜ਼ਾਰ ਮੁੱਲ ਦੀ ਔਸਤ ਜਾਂ ਵਿੱਤੀ ਸੰਸਥਾ ਦੇ ਪੈਨਲ ਤੇ ਦੋ ਵੈਲਯੂਅਰਜ਼ ਦੁਆਰਾ ਅਨੁਮਾਨ ਲਗਾਏ ਗਏ ਹਾਸਲ ਕਰਨਯੋਗ ਮੁੱਲ ਜੋ ਵੀ ਦੋਵਾਂ ਵਿੱਚੋਂ ਵੱਧ ਹੋਵੇ।

ਦੇ ਵਸੂਲੀਯੋਗ ਬਕਾਏ ਦਾ ਤਿਆਗ ਕਰਨਾ ਸ਼ਾਮਲ ਸੀ। । ਇਸੇ ਤਰ੍ਹਾਂ, ਪੀ ਐਫ ਸੀ ਨੇ ਵੀ ₹ 20.88 ਕਰੋੜ ਦੇ ਵਿੱਤੀ ਤਿਆਗ ਸਮੇਤ ₹ 0.57 ਕਰੋੜ ਦੀ ਘੱਟ ਵਸੂਲੀ ਕੀਤੀ।

ਮੈਨੇਜਮੈਂਟ ਨੇ ਕਿਹਾ (ਮਈ 2023) ਕਿ ਗਿਰਵੀ ਰੱਖੀ ਜਾਇਦਾਦ ਦੇ ਅਸਲ ਇਕਰਾਰਨਾਮਾ ਦਸਤਾਵੇਜ ਕੰਪਨੀ ਕੋਲ ਪਏ ਸਨ ਕਿਉਂਕਿ ਉਹੀ ਪੀ ਐਫ ਸੀ ਤੋਂ ਪਹਿਲਾਂ ਕੰਪਨੀ ਕੋਲ ਗਿਰਵੀ (ਇਕਵਿਟੇਬਲ) ਸਨ ਅਤੇ ਇਸ ਅਨੁਸਾਰ, ਕੰਪਨੀ ਦੀ ਓ ਟੀ ਐਸ ਸਕੀਮ ਲਾਗੂ ਸੀ ਨਾ ਕਿ ਪੀ ਐਫ ਸੀ ਦੀ । ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਦੇ ਰਿਕਾਰਡ ਦਰਸਾਉਂਦੇ ਹਨ ਕਿ ਪੀ ਐਫ ਸੀ ਇਸ ਮਾਮਲੇ ਵਿੱਚ ਪ੍ਰਮੁੱਖ ਸੰਸਥਾ ਸੀ ਅਤੇ ਇਸ ਲਈ ਪੀ ਐਫ ਸੀ ਦੀ ਓ ਟੀ ਐਸ ਸਕੀਮ ਲਾਗੂ ਕੀਤੀ ਜਾਣੀ ਸੀ।

### *5.4.2.6 ਯੂਨਿਟ ਦੀਆਂ ਸੰਪਤੀਆਂ ਨੂੰ ਕਬਜ਼ੇ ਵਿੱਚ ਲੈਣ ਵਿੱਚ ਅਣਉਚਿਤ ਪੱਖ ਪੂਰਨਾ ਅਤੇ ਬੇਲੋੜੀ ਦੇਰੀ*

ਕੰਪਨੀ ਨੇ (ਮਾਰਚ 1991, ਅਕਤੂਬਰ 1993 ਅਤੇ ਅਕਤੂਬਰ 1994) ਇੱਕ ਕਰਜ਼ਾ ਲੈਣ ਵਾਲੀ ਯੂਨਿਟ[37] ਨੂੰ ਕ੍ਰਮਵਾਰ ₹ 0.70 ਕਰੋੜ, ₹ 1.05 ਕਰੋੜ ਅਤੇ ₹ 1.05 ਕਰੋੜ ਦੇ ਤਿੰਨ ਮਿਆਦੀ ਕਰਜ ਇਸਦੀ ਆਪਣੀ ਬਠਿੰਡਾ ਯੂਨਿਟ ਦੇ ਜ਼ਮੀਨ ਤੇ ਇਮਾਰਤ ਅਤੇ ਪਲਾਂਟ ਤੇ ਮਸ਼ੀਨਰੀ ਦੇ ਵਿਸ਼ੇਸ਼ ਚਾਰਜ ਦੇ ਵਿਰੁੱਧ ਵੰਡੇ। ਯੂਨਿਟ ਦੀ ਬੇਨਤੀ ਤੇ, ਕੰਪਨੀ ਨੇ ਅੱਗੇ (ਜਨਵਰੀ 1995) ₹ ਪੰਜ ਕਰੋੜ ਦਾ ਛੋਟੀ ਮਿਆਦ ਦਾ ਕਰਜਾ (ਐਸ ਟੀ ਐਲ) ਵੰਡਿਆ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਰਜਾ ਐਸ ਟੀ ਐਲਜ਼ ਲਈ ਕੋਈ ਨੀਤੀ ਤਿਆਰ ਕੀਤੇ ਬਿਨਾਂ, ਕੋਈ ਵਾਧੂ ਸਕਿਓਰਿਟੀ ਪ੍ਰਾਪਤ ਕੀਤੇ ਬਿਨ੍ਹਾਂ ਅਤੇਬੋਰਡ ਆਫ ਡਾਇਰੈਕਟਰਜ਼ (ਬੀ ਓ ਡੀ) ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਵੰਡਿਆ ਗਿਆ ਸੀ। ਬੀ ਓ ਡੀ ਨੇ *ਕੰਮ ਉਪਰੰਤ* ਮਨਜ਼ੂਰੀ ਦਿੰਦੇ ਹੋਏ, ਸਿਧਾਂਤਕ ਤੌਰ ਤੇ ਫੈਸਲਾ ਕੀਤਾ ਕਿ ਸਾਰੀਆਂ ਫੰਡ ਅਧਾਰਤ ਗਤੀਵਿਧੀਆਂ[38] ਦਾ ਐਕਸਪੋਜ਼ਰ ਭਵਿੱਖ ਵਿੱਚ ₹ 50 ਲੱਖ ਤੋਂ ਵੱਧ ਨਹੀਂ ਹੋਵੇਗਾ। ਯੂਨਿਟ ਮੁੜ ਅਦਾਇਗੀ ਵਿੱਚ ਡਿਫਾਲਟ ਹੋ ਗਈ ਅਤੇ ਐਨ ਪੀ ਏ ਬਣ ਗਈ ਪਰ ਅੰਤਰ-ਸੰਸਥਾਗਤ ਮੀਟਿੰਗ[39] ਵਿੱਚ ਜਿੰਨੀ ਜਲਦੀ ਹੋ ਸਕੇ ਬਕਾਏ ਦੀ ਵਸੂਲੀ ਕਰਨ ਦਾ ਫੈਸਲਾ ਕਰਨ (ਅਕਤੂਬਰ 1996) ਦੇ ਬਾਵਜੂਦ, ਕਿਉਂਜੋ ਇਸ ਨੂੰ ਬੀ ਆਈ ਐਫ ਆਰ ਨੂੰ ਰੈਫਰ ਕੀਤੇ ਜਾਣ ਦੀ ਸੰਭਾਵਨਾ ਸੀ, ਐਸ ਐਫ ਸੀ ਐਕਟ ਦੇ ਸੈਕਸ਼ਨ 29 ਦੇ ਅਧੀਨ ਸੰਪਤੀਆਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਸੀ। ਹਾਲਾਂਕਿ, ਯੂਨਿਟ ਦਾ ਟਰਨਓਵਰ ₹ 303.40 ਕਰੋੜ (1995-96) ਸੀ, ਫਿਰ ਵੀ ਚੱਕਰਵਾਤ (ਜੂਨ 1996) ਦੌਰਾਨ ਸ਼ਿਪਮੈਂਟ (₹ 32.83 ਕਰੋੜ) ਦੀ ਉਡੀਕ ਕਰ ਰਹੇ ਗੈਰ-ਬੀਮਾ ਨਿਰਯਾਤ ਸਟਾਕ ਦੇ ਨੁਕਸਾਨ ਕਾਰਨ ਹੋਏ ਨੁਕਸਾਨ (₹ 35.54 ਕਰੋੜ) ਦੇ ਮੱਦੇਨਜ਼ਰ, ਯੂਨਿਟ ਨੇ ਬੀ ਆਰ ਐਫ ਆਰ ਨਾਲ ਸੰਪਰਕ (1997) ਕੀਤਾ ਜਿਸ ਨੇ ਯੂਨਿਟ ਨੂੰ ਬੰਦ ਕਰਨ ਦੀ ਰਾਏ ਦਿੱਤੀ (ਅਪ੍ਰੈਲ 2004)। ਮਾਰਚ 2004 ਵਿੱਚ ₹ 6.43 ਕਰੋੜ ਦੀ ਮੂਲ ਰਾਸ਼ੀ ਸਮੇਤ ₹ 30.57 ਕਰੋੜ ਵਸੂਲੀਯੋਗ ਬਕਾਇਆ ਸਨ।

ਹਾਲਾਂਕਿ, ਕੰਪਨੀ ਨੇ 10 ਸਾਲਾਂ ਦੇ ਅੰਤਰਾਲ ਤੋਂ ਬਾਅਦ ਐਸ ਏ ਆਰ ਐਫ ਏ ਈ ਐਸ ਆਈ ਐਕਟ, 2002 ਦੇ ਅਧੀਨ ਯੂਨਿਟ ਦੀ ਜਾਇਦਾਦ (ਜਨਵਰੀ 2013) ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਕੰਪਨੀ ਨੇ (ਜੂਨ 2017) ਪਲਾਂਟ ਅਤੇ ਮਸ਼ੀਨਰੀ ਨੂੰ ₹ 2.80 ਕਰੋੜ ਵਿੱਚ ਵੇਚਿਆ। ਯੂਨਿਟ

37 ਮੈਸ. ਆਰ ਓ ਐਮ ਇੰਡਸਟਰੀਜ਼ ਲਿਮਿਟਡ ।

38 ਇਕਊਟੀ ਸ਼ੇਅਰਜ਼, ਬਾਂਡਜ਼, ਡਿਬੈਂਚਰਜ਼, ਸ਼ੇਅਰਜ਼ ਦੀ ਅੰਡਰਰਾਈਟਿੰਗ, ਬ੍ਰਿਜ ਲੋਨ ਅਤੇ ਛੋਟੀ ਮਿਆਦ ਦੇ ਕਰਜੇ ਦੀ ਸਬਸਕਰਿਪਸ਼ਨ ।

39 ਕਰਜ਼ਾ ਦੇਣ ਵਾਲੀਆਂ ਹੋਰ ਸੰਸਥਾਂਵਾਂ ਸਮੇਤ ।

ਨੇ ਓ ਟੀ ਐਸ ਦੇ ਅਧੀਨ ਕਰਜੇ ਦੇ ਨਿਪਟਾਰੇ ਲਈ ਪੇਸ਼ਕਸ਼ ਕੀਤੀ (ਫਰਵਰੀ 2019) ਅਤੇ ਕੰਪਨੀ ਨੇ ₹ 12.44 ਕਰੋੜ ਵਿੱਚ ਓ ਟੀ ਐਸ ਨੂੰ ਸਵੀਕਾਰ ਕੀਤਾ (ਮਾਰਚ 2019)। ਇਸ ਤੋਂ ਇਲਾਵਾ, ਯੂਨਿਟ ਦੀ ਸਕਿਓਰਿਟੀ ਨੂੰ ਅੰਸ਼ਕ ਤੌਰ ਤੇ (ਜ਼ਮੀਨ ਦਾ ਇੱਕ ਤਿਹਾਈ ਹਿੱਸਾ) ਜਾਰੀ ਕੀਤਾ ਗਿਆ ਸੀ ਤਾਂ ਜੋ ਯੂਨਿਟ ਨੂੰ ਓ ਟੀ ਐਸ ਅਧੀਨ ਭੁਗਤਾਨ ਕਰਨ ਦੀ ਸਹੂਲਤ ਦਿੱਤੀ ਜਾ ਸਕੇ, ਜੋ ਓ ਟੀ ਐਸ ਸਕੀਮ ਵਿੱਚ ਪ੍ਰਦਾਨ ਨਹੀਂ ਕੀਤੀ ਗਈ ਸੀ। ਅੰਤ ਵਿੱਚ, ਓ ਟੀ ਐਸ ਸਕੀਮ, 2018 ਦੇ ਅਧੀਨ ₹ 12.44 ਕਰੋੜ ਵਿੱਚ ਕਰਜੇ ਦਾ ਨਿਪਟਾਰਾ (ਸਤੰਬਰ 2020) ਕੀਤਾ ਗਿਆ।

ਐਸ ਟੀ ਐਲ ਨੂੰ ਵਧਾਉਣਾ ਅਤੇ ਐਸ ਐਫ ਸੀ ਐਕਟ/ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਅਧੀਨ ਸੰਪਤੀਆਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕਾਰਵਾਈ ਸ਼ੁਰੂ ਕਰਨ ਵਿੱਚ ਦੇਰੀ ਦੇ ਨਤੀਜੇ ਵੱਜੋਂ ਯੂਨਿਟ ਦਾ ਅਨੁਚਿਤ ਪੱਖ ਹੋਇਆ ਅਤੇ ਓ ਟੀ ਐਸ ਅਧੀਨ ਨਿਪਟਾਰਾ ਕਰਨ ਦੇ ਨਤੀਜੇ ਵੱਜੋਂ ਪ੍ਰਮੋਟਰਾਂ/ਗਾਰੰਟਰਾਂ ਨੂੰ ₹ 573.96 ਕਰੋੜ (₹ ਪੰਜ ਕਰੋੜ ਦੇ ਐਸ ਟੀ ਐਲ ਤੇ ₹ 444.79 ਕਰੋੜ ਦੇ ਟਾਲਣਯੋਗ ਘਾਟੇ ਸਮੇਤ) ਦੀ ਦੇਣਦਾਰੀ ਤੋਂ ਰਾਹਤ ਮਿਲੀ।

ਮੈਨੇਜਮੈਂਟ ਨੇ ਸਪਸ਼ਟ ਜਵਾਬ ਨਹੀਂ ਦਿੱਤਾ (ਮਈ 2023) ਪਰ ਮੰਨਿਆ ਕਿ ਸਕਿਓਰਿਟੀ ਦੀ ਅੰਸ਼ਕ ਰਿਲੀਜ਼ ਓ ਟੀ ਐਸ ਸਕੀਮ ਅਧੀਨ ਆਪਣੀ ਵਚਨਬੱਧਤਾ ਦਾ ਸਨਮਾਨ ਕਰਨ ਲਈ ਪ੍ਰਮੋਟਰਾਂ ਦੀ ਮਦਦ ਕਰਨ ਲਈ ਕੀਤੀ ਗਈ ਸੀ। ਹਾਲਾਂਕਿ, ਤੱਥ ਇਹ ਹੈ ਕਿ ਕੰਪਨੀ ਨੇ ਓ ਟੀ ਐਸ ਸਕੀਮ ਦੇ ਉਪਬੰਧਾਂ ਦੇ ਵਿਰੁੱਧ ਕੰਮ ਕੀਤਾ ਹੈ।

## 5.5 ਸਿੱਟਾ

ਐਸ ਐਫ ਸੀ ਐਕਟ/ਐਸ ਏ ਆਰ ਐਫ ਏ ਈ ਐਸ ਆਈ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਅਤੇ ਡਿਫਾਲਟ ਯੂਨਿਟਾਂ ਦੀਆਂ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕਾਰਵਾਈ ਸ਼ੁਰੂ ਕਰਨ ਵਿੱਚ ਬਹੁਤ ਜ਼ਿਆਦਾਂ ਦੇਰੀ ਹੋਈ। ਵਸੂਲੀਯੋਗ ਬਕਾਏ ਦੀ ਵਸੂਲੀ ਲਈ ਸਮੇਂ ਸਿਰ ਕਾਰਵਾਈ ਕਰਨ ਲਈ ਪ੍ਰਮੋਟਰਾਂ/ਗਾਰੰਟਰਾਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦਾ ਪਤਾ ਲਗਾਉਣ ਲਈ ਕੋਈ ਪ੍ਰਣਾਲੀ ਨਹੀਂ ਸੀ। ਕੰਪਨੀ ਵੱਲੋਂ ਕਾਰਵਾਈ ਦੀ ਘਾਟ/ਦੇਰੀ ਕਾਰਨ ₹ 17,214.53 ਕਰੋੜ ਦੀਆਂ ਗੈਰ-ਪ੍ਰਫਾਰਮਿੰਗ ਸੰਪਤੀਆਂ ਇਕੱਠੀਆਂ ਹੋਈਆਂ। ਵੱਖ-ਵੱਖ ਓ ਟੀ ਐਸ ਸਕੀਮਾਂ ਅਧੀਨ ਕੀਤੀ ਗਈ ਵਸੂਲੀ ਮਾਮੂਲੀ ਸੀ ਅਤੇ ਇਸ ਤਰ੍ਹਾਂ ਰਾਜ ਸਰਕਾਰ ਤੇ ਗਾਰੰਟੀਸ਼ੁਦਾ ਬਾਂਡਾਂ ਦੇ ਭੁਗਤਾਨ ਦਾ ਬੋਝ ਸੀ (₹ 113.38 ਕਰੋੜ ਦਾ ਭੁਗਤਾਨ ਕੀਤਾ ਅਤੇ ਮਾਰਚ 2022 ਤੱਕ ਭੁਗਤਾਨ ਲਈ ₹ 366.44 ਕਰੋੜ ਬਕਾਇਆ)।

## 5.6 ਸਿਫਾਰਸ਼ਾਂ

ਕੰਪਨੀ ਕਰ ਸਕਦੀ ਹੈ:

- *ਡਿਫਾਲਟ ਕਰਨ ਵਾਲੀਆਂ ਯੂਨਿਟਾਂ ਦੀਆਂ ਜਾਇਦਾਦਾਂ ਨੂੰ ਕਬਜ਼ੇ ਵਿੱਚ ਕਰਨ/ਜਾਇਦਾਦਾਂ ਦੀ ਵਿਕਰੀ ਲਈ ਸਮੇਂ ਸਿਰ ਕਾਰਵਾਈ ਕਰਕੇ ਵਸੂਲੀ ਦੀ ਵਿਧੀ ਨੂੰ ਮਜ਼ਬੂਤ ਕਰਨਾ;*
- *ਵਸੂਲਣਯੋਗ ਬਕਾਏ ਦੀ ਵਸੂਲੀ ਲਈ ਸਮੇਂ ਸਿਰ ਕਾਰਵਾਈ ਕਰਨ ਲਈ ਪ੍ਰਮੋਟਰਾਂ/ਗਾਰੰਟਰਾਂ ਦੇ ਠਿਕਾਣਿਆਂ ਦਾ ਪਤਾ ਲਗਾਉਣਾ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦਾ ਪਤਾ ਲਗਾਉਣ ਲਈ ਪ੍ਰਣਾਲੀ ਨੂੰ ਵਿਕਸਤ ਕਰਨ ਲਈ ਕਦਮ ਚੁੱਕਣੇ; ਅਤੇ*

- *ਓ ਟੀ ਐਸ ਸਕੀਮਾਂ ਦੇ ਅਨੁਸਾਰ ਐਨ ਪੀ ਏਜ਼ ਦੇ ਮਾਮਲਿਆਂ ਦਾ ਨਿਪਟਾਰਾ ਯਕੀਨੀ ਬਣਾਉਣਾ ਅਤੇ ਡਿਫਾਲਟਰਾਂ ਨੂੰ ਰਾਹਤ ਪ੍ਰਦਾਨ ਕਰਦੇ ਹੋਏ ਕੰਪਨੀ ਦੇ ਵਿੱਤੀ ਹਿੱਤਾਂ ਦੀ ਰਾਖੀ ਕਰਨਾ।*

ਇਹ ਮਾਮਲਾ ਸਰਕਾਰ ਨੂੰ ਭੇਜਿਆ (ਨਵੰਬਰ 2022) ਗਿਆ ਸੀ, ਉਹਨਾਂ ਦੇ ਜਵਾਬ ਦੀ ਉਡੀਕ ਸੀ (ਫਰਵਰੀ 2024)।

# ਅਧਿਆਇ-VI

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

## (ਵਿਭਾਗ)

# ਅਧਿਆਇ-VI

# ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)

ਇਸ ਅਧਿਆਇ ਵਿੱਚ ₹ 39.19 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ ਸਰਕਾਰ ਦੇ ਵਿਭਾਗਾਂ ਵਿੱਚ ਵੇਖੇ ਗਏ ਪਾਲਣਾ ਮੁੱਦਿਆਂ ਨੂੰ ਕਵਰ ਕਰਦੀਆਂ ਹੋਈਆਂ 10 ਟਿੱਪਣੀਆਂ ਸ਼ਾਮਲ ਹਨ। ਵਿਭਾਗਾਂ ਅਤੇ ਸਰਕਾਰ ਦੇ ਉੱਤਰ ਟਿੱਪਣੀਆਂ ਵਿੱਚ ਢੁਕਵੇ ਰੂਪ ਵਿੱਚ ਸ਼ਾਮਲ ਕੀਤੇ ਗਏ ਹਨ।

## ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ

## ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਪੰਜਾਬ ਪਸ਼ੂ ਧਨ ਵਿਕਾਸ ਬੋਰਡ

### 6.1 ਵਿਆਜ ਦੀ ਬਚਣਯੋਗ ਅਦਾਇਗੀ

**ਪੰਜਾਬ ਪਸ਼ੂ ਧਨ ਵਿਕਾਸ ਬੋਰਡ ਨੇ ਮੁਲਾਂਕਣ ਸਾਲ 2014-15 ਲਈ ਆਪਣੀ ਆਮਦਨ ਕਰ ਰਿਟਰਨ ਭਰਨ ਵਿੱਚ 16 ਮਹੀਨਿਆਂ ਦੀ ਦੇਰੀ ਕੀਤੀ ਅਤੇ ਬਾਅਦ ਵਿੱਚ ਕਰ ਦੇਣਦਾਰੀ ਦੀ ਅਦਾਇਗੀ ਵਿੱਚ ਸੱਤ ਮਹੀਨਿਆਂ ਤੱਕ ਦੇਰੀ ਕੀਤੀ। ਬੋਰਡ ਨੇ ₹ 1.26 ਕਰੋੜ ਦੇ ਵਿਆਜ ਦੀ ਬਚਣਯੋਗ ਅਦਾਇਗੀ ਕੀਤੀ।**

ਆਮਦਨ ਕਰ ਐਕਟ, 1961 (ਐਕਟ), ਧਾਰਾ 139(1) ਵਿਵਸਥਾ ਕਰਦੀ ਹੈ ਕਿ ਹਰ ਇੱਕ ਵਿਅਕਤੀ (ੳ) ਕੰਪਨੀ ਜਾਂ ਫਰਮ ਹੋਣ ਦੇ ਨਾਤੇ; ਜਾਂ (ਅ) ਕੰਪਨੀ ਜਾਂ ਫਰਮ ਤੋਂ ਇਲਾਵਾ ਵਿਅਕਤੀ ਹੋਣ ਦੇ ਨਾਤੇ, ਜੇਕਰ ਪਿਛਲੇ ਸਾਲ ਦੌਰਾਨ ਉਸਦੀ ਕੁੱਲ ਆਮਦਨ, ਵੱਧ ਤੋਂ ਵੱਧ ਰਾਸ਼ੀ ਜੋ ਆਮਦਨ ਕਰ ਵਿੱਚ ਵਸੂਲੀਯੋਗ ਨਹੀਂ ਹੈ, ਤੋਂ ਵੱਧ ਜਾਂਦੀ ਹੈ ਤਾਂ ਉਹ ਨਿਰਧਾਰਤ ਫਾਰਮ ਵਿੱਚ ਨਿਯਤ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਆਪਣੀ ਆਮਦਨ ਦੀ ਰਿਟਰਨ ਜਮ੍ਹਾ ਕਰੇਗਾ। ਐਕਟ ਦੀ ਧਾਰਾ 139(4ੲ) ਵਿਵਸਥਾ ਕਰਦੀ ਹੈ ਹਰ ਇੱਕ ਵਿਅਕਤੀ ਟਰੱਸਟ ਅਧੀਨ ਰੱਖੀ ਗਈ ਜਾਇਦਾਦ ਜਾਂ ਚੈਰੀਟੇਬਲ ਲਈ ਪੂਰੀ ਤਰ੍ਹਾਂ ਨਾਲ ਹੋਰ ਕਨੂੰਨੀ ਜਾਂ ਧਾਰਮਿਕ ਉਦੇਸ਼ ਜਾਂ ਅਜਿਹੇ ਉਦੇਸ਼ਾਂ ਲਈ ਸਿਰਫ ਹਿੱਸੇ ਵਿੱਚ ਆਮਦਨ ਪ੍ਰਾਪਤ ਕਰਦਾ ਹੈ, ਜੇਕਰ ਵੱਧ ਤੋਂ ਵੱਧ ਰਾਸ਼ੀ ਜੋ ਆਮਦਨ ਕਰ ਨੂੰ ਵਸੂਲਣਯੋਗ ਨਹੀਂ ਹੈ, ਤੋਂ ਕੁੱਲ ਆਮਦਨ ਵੱਧ ਜਾਂਦੀ ਹੈ ਤਾਂ ਉਹ ਨਿਰਧਾਰਤ ਫਾਰਮ ਵਿੱਚ ਪਿਛਲੇ ਸਾਲ ਦੀ ਇਸ ਆਮਦਨ ਦੀ ਰਿਟਰਨ ਪੇਸ਼ ਕਰੇਗਾ।

ਐਕਟ ਦੀ ਧਾਰਾ 234 ਵਿਵਸਥਾ ਕਰਦੀ ਹੈ ਕਿ (i) ਆਮਦਨ ਦੀ ਰਿਟਰਨ ਦਾਖਲ ਕਰਨ ਵਿੱਚ ਦੇਰੀ; (ii) ਪੇਸ਼ਗੀ ਕਰ ਦੀ ਅਦਾਇਗੀ ਵਿੱਚ ਤਰੁੱਟੀ ਲਈ ਦੇਰੀ; ਅਤੇ (iii) ਪੇਸ਼ਗੀ ਕਰ ਦੀਆਂ ਕਿਸ਼ਤਾਂ ਦੀ ਅਦਾਇਗੀ ਵਿੱਚ ਤਰੁੱਟੀ ਕਰਨ ਲਈ ਕਰਦਾਤਾ ਪ੍ਰਤੀ ਮਹੀਨੇ ਜਾਂ ਮਹੀਨੇ ਦੇ ਹਿੱਸੇ ਲਈ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਧਾਰਣ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2020) ਕਿ ਪੰਜਾਬ ਪਸ਼ੂ ਧਨ ਵਿਕਾਸ ਬੋਰਡ[1] (ਪੀ ਐਲ ਡੀ ਬੀ) ਸੁਸਾਇਟੀਜ਼ ਰਜਿਸ਼ਟ੍ਰੇਸ਼ਨ ਐਕਟ 1860, ਅਧੀਨ ਰਜਿਸਟਰ ਹੋਈ ਇਕ ਸੁਸਾਇਟੀ (ਜੂਨ 2001) ਨੇ ਮੁਲਾਂਕਣ ਸਾਲ (ਏ ਵਾਈ) 2014-15 ਲਈ ਸੂਚੀਬੱਧ ਮਿਤੀ 30.11.2014 ਤੱਕ ਆਪਣੀ ਆਮਦਨ ਕਰ ਰਿਟਰਨ (ਆਈ ਟੀ ਆਰ) ਦਾਖਲ ਨਹੀਂ ਕੀਤੀ ਸੀ। ਰਿਟਰਨ 29.03.2016 ਨੂੰ ਦਾਖਲ ਕੀਤੀ ਗਈ ਸੀ। ਪੀ ਐਲ ਡੀ ਬੀ ਵੱਲੋ ਕੋਈ ਪੇਸ਼ਗੀ ਕਰ ਵੀ ਜਮ੍ਹਾ ਨਹੀਂ ਕਰਵਾਇਆ ਗਿਆ ਸੀ। ਮੁਲਾਂਕਣ ਸਾਲ 2014-15 ਲਈ 16 ਮਹੀਨਿਆਂ ਤੱਕ ਦੇਰੀ ਨਾਲ ਦਾਖਲ ਕੀਤੀ ਆਈ ਟੀ ਆਰ ਦੇ ਕਾਰਣ, ਆਮਦਨ ਕਰ ਵਿਭਾਗ ਨੇ ਐਕਟ ਦੀ ਧਾਰਾ 234 ਏ, ਬੀ ਅਤੇ ਸੀ ਅਧੀਨ ₹ 1.05 ਕਰੋੜ ਦੇ ਵਿਆਜ਼ ਸਮੇਤ ₹ 2.98 ਕਰੋੜ[2] ਦਾ ਡਿਮਾਂਡ ਨੋਟਿਸ ਜਾਰੀ ਕੀਤਾ (ਦਸੰਬਰ 2016)। ਇਸ ਡਿਮਾਂਡ ਨੋਟਿਸ ਦੇ ਵਿਰੁੱਧ ਪੀ ਐਲ ਡੀ ਬੀ ਨੇ ₹ 2.98 ਕਰੋੜ ਜਮ੍ਹਾ ਕਰਵਾਏ (ਅਗਸਤ 2017) ਜਿਸ ਨਾਲ ਵਿਆਜ ਦੇ ₹ 1.05 ਕਰੋੜ ਦੀ ਬਚਣਯੋਗ ਅਦਾਇਗੀ ਹੋਈ। ਕਿਉਂਕਿ ਕਰ ਦੇਣਦਾਰੀ ਦੀ ਅਦਾਇਗੀ ਸੱਤ ਮਹੀਨਿਆਂ ਦੀ ਦੇਰੀ ਨਾਲ ਕੀਤੀ ਗਈ ਸੀ ਤਾਂ ਆਮਦਨ ਕਰ ਵਿਭਾਗ ਵੱਲੋਂ ਮੁਲਾਂਕਣ ਸਾਲ 2017-18 ਅਤੇ 2018-19 ਦੌਰਾਨ ਪੀ ਐਲ ਡੀ ਬੀ ਦੇ ਰਿਫੰਡ ਤੋਂ ₹ 0.21 ਕਰੋੜ ਦੇ ਵਿਆਜ ਦਾ ਵੀ ਸਮਾਯੋਜਨ ਕੀਤਾ ਗਿਆ ਸੀ।

ਇਹ ਵੀ ਵੇਖਿਆ ਗਿਆ ਸੀ ਕਿ ਚਾਰਟਡ ਅਕਾਊਟੈਂਟ ਵੱਲੋਂ ਪਹਿਲਾਂ ਹੀ ਪੀ ਐਲ ਡੀ ਬੀ ਨੂੰ ਐਕਟ ਦੇ ਅਨੁਸਾਰ ਆਈ ਟੀ ਆਰ ਦਾਖਲ ਕਰਨ ਦੀ ਸਲਾਹ ਦਿੱਤੀ ਸੀ (ਫਰਵਰੀ 2014)। ਪੰਜਾਬ ਸਰਕਾਰ (ਵਿੱਤੀ ਵਿਭਾਗ) ਨੇ ਵੀ ਪੀ ਐਲ ਡੀ ਬੀ ਨੂੰ ਆਈ ਟੀ ਆਰ ਦਾਖਲ ਕਰਨ ਦੀ ਸਲਾਹ ਦਿੱਤੀ ਸੀ (ਮਾਰਚ 2015) ਤਾਂ ਕਿ ਵਿਆਜ ਅਤੇ ਦੰਡ ਲੱਗਣ ਤੋਂ ਬਚਿਆ ਜਾ ਸਕੇ, ਪ੍ਰੰਤੂ ਪੀ ਐਲ ਡੀ ਬੀ ਨੇ ਸਲਾਹ ਦਾ ਧਿਆਨ ਨਹੀਂ ਰੱਖਿਆ। ਇਸ ਤਰ੍ਹਾ, ਪੀ ਐਲ ਡੀ ਬੀ ਦੀ ਮੁਲਾਂਕਣ ਸਾਲ 2014-15 ਲਈ ਆਈ ਟੀ ਆਰ ਸਮੇਂ ਸਿਰ ਦਾਖਲ ਕਰਨ ਦੀ ਅਸਫਲਤਾ ਅਤੇ ਬਾਅਦ ਵਿੱਚ ਕਰ ਦੇਣਦਾਰੀ ਦੀ ਦੇਰੀ ਨਾਲ ਹੋਈ ਅਦਾਇਗੀ ਨਾਲ ਵਿਆਜ ਦੀ ₹ 1.26 ਕਰੋੜ ਦੀ ਬਚਣਯੋਗ ਅਦਾਇਗੀ ਹੋਈ ਸੀ।

ਰਾਜ ਸਰਕਾਰ ਨੇ ਉੱਤਰ ਦਿੱਤਾ (ਜੂਨ 2023) ਕਿ ਮੁਲਾਂਕਣ ਸਾਲ 2014-15 ਦੇ ਬਾਅਦ ਆਮਦਨ ਕਰ ਰਿਟਰਨਾਂ ਸਮੇਂ ਸਿਰ ਦਾਖਲ ਕੀਤੀਆਂ ਗਈਆਂ ਹਨ।

**ਸਿਫਾਰਸ਼: ਵਿਭਾਗ ਨੂੰ ਆਈ ਟੀ ਆਰਜ਼ ਦੇਰੀ ਨਾਲ ਦਾਖਲ ਕਰਨ ਵਾਲੇ ਸਬੰਧਤ ਕਰਮਚਾਰੀਆਂ/ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ ਜਿਸ ਦੇ ਸਿੱਟੇ ਵਜੋਂ ਵਿਆਜ ਦਾ ਵਾਧੂ ਬੋਝ ਪਿਆ।**

---

1 ਪਸ਼ੂ ਪਾਲਣ ਵਿਭਾਗ, ਪੰਜਾਬ ਦੇ ਨਿਯਤੰਰਣ ਅਧੀਨ ਕੰਮ ਕਰ ਰਿਹਾ ਹੈ।

2

| | |
|---|---|
| ਬਣਦਾ ਆਮਦਨ ਕਰ | ₹ 2.51 ਕਰੋੜ। |
| ਬਣਦਾ ਵਿਆਜ਼ | ₹ 1.05 ਕਰੋੜ। |
| ਕੁੱਲ | ₹ 3.56 ਕਰੋੜ। |
| ਟੀ ਡੀ ਐਸ ਦਾ ਸਮਾਯੋਜਨ | ₹ 0.58 ਕਰੋੜ। |
| ਡਿਮਾਂਡ ਨੋਟਿਸ | ₹ 2.98 ਕਰੋੜ। |

## ਜੰਗਲਾਤ ਤੇ ਜੰਗਲੀ ਜੀਵ ਸੰਭਾਲ ਅਤੇ ਲੋਕ ਨਿਰਮਾਣ ਵਿਭਾਗ

### 6.2 ਕੰਮ ਨੂੰ ਅੱਧ ਵਿਚਕਾਰ ਛੱਡਣ ਦੇ ਕਾਰਣ ਫਜ਼ੂਲ ਖਰਚਾ

**ਜੰਗਲਾਤ ਤੇ ਜੰਗਲੀ ਜੀਵ ਸੰਭਾਲ ਵਿਭਾਗ/ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ ਕੰਮ ਦੀ ਮੁਕੰਮਲਤਾ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਵਿੱਚ ਅਸਫਲਤਾ ਅਤੇ ਇਸਦੇ ਨਾਲ ਨਾਲ ਲੋੜੀਂਦੇ ਫੰਡ ਜਮ੍ਹਾਂ ਹੋਣ ਨੂੰ ਯਕੀਨੀ ਬਣਾਏ ਬਿਨਾਂ ਕੰਮ ਸ਼ੁਰੂ ਕਰਨ ਦੀ ਪੀ ਡਬਲਯੂ ਡੀ ਦੀ ਗਲਤੀ ਕਰਕੇ ਸ਼ੇਰ ਸਫਾਰੀ ਦੇ ਕੰਮ ਨੂੰ ਅੱਧ ਵਿਚਕਾਰ ਛੱਡ ਦਿੱਤਾ ਗਿਆ ਜਿਸ ਨਾਲ ਕੰਮ ਤੇ ਕੀਤਾ ਗਿਆ ₹ 2.31 ਕਰੋੜ ਦਾ ਖਰਚਾ ਫਜ਼ੂਲ ਹੋ ਗਿਆ।**

ਪੰਜਾਬ ਲੋਕ ਨਿਰਮਾਣ ਵਿਭਾਗ ਕੋਡ (ਕੋਡ) ਦਾ ਨਿਯਮ 2.5 ਇਹ ਵਿਵਸਥਾ ਕਰਦਾ ਹੈ ਕਿ ਕਿਸੇ ਹੋਰ ਵਿਭਾਗ ਦੁਆਰਾ ਸ਼ੁਰੂ ਕੀਤੇ ਜਾਂ ਉਸ ਨਾਲ ਜੁੜੇ ਹਰੇਕ ਕੰਮ ਲਈ, ਕੰਮ ਨੂੰ ਲੋਕ ਨਿਰਮਾਣ ਵਿਭਾਗ ਵਿੱਚ (ਪੀ ਡਬਲਯੂ ਡੀ) ਤਕਨੀਕੀ ਮਨਜ਼ੂਰੀ ਦੇਣ ਤੋਂ ਪਹਿਲਾਂ ਪ੍ਰਸਤਾਵਾਂ ਨੂੰ ਸਬੰਧਤ ਵਿਭਾਗ ਦੀ ਸਹਿਮਤੀ ਪ੍ਰਾਪਤ ਕਰਨੀ ਜ਼ਰੂਰੀ ਹੈ। ਅਜਿਹੇ ਪ੍ਰਸ਼ਾਸ਼ਕੀ ਵਿਭਾਗ ਦੁਆਰਾ ਸ਼ੁਰੂ ਕੀਤੇ ਗਏ ਜਾਂ ਉਨ੍ਹਾਂ ਦੀਆਂ ਜ਼ਰੂਰਤਾਂ ਨਾਲ ਜੁੜੇ ਕਿਸੇ ਕੰਮ 'ਤੇ ਖਰਚ ਕਰਨ ਦੀ ਤਜਵੀਜ਼ ਦੀ ਸਬੰਧਤ ਵਿਭਾਗ ਦੁਆਰਾ ਰਸਮੀ ਮਨਜ਼ੂਰੀ ਨੂੰ ਕੰਮ ਦੀ ਪ੍ਰਬੰਧਕੀ ਮਨਜ਼ੂਰੀ (ਏ ਏ) ਕਿਹਾ ਜਾਂਦਾ ਹੈ ਅਤੇ ਅਸਲ ਵਿੱਚ ਇਹ ਕੰਮ ਦੀ ਲੋੜ ਵਾਲੇ ਵਿਭਾਗ ਦੀਆਂ ਪ੍ਰਬੰਧਕੀ ਲੋੜਾਂ ਨੂੰ ਪੂਰਾ ਕਰਨ ਲਈ ਦੱਸੀ ਰਕਮ 'ਤੇ ਇਹ ਪੀ ਡਬਲਯੂ ਡੀ ਨੂੰ ਕੁੱਝ ਨਿਸ਼ਚਿਤ ਕਾਰਜਾਂ ਨੂੰ ਪੂਰਾ ਕਰਨ ਦਾ ਆਦੇਸ਼ ਹੈ। ਅੱਗੇ ਉਕਤ ਕੋਡ ਦਾ ਹੋਰ ਨਿਯਮ 2.89 ਇਹ ਵਿਵਸਥਾ ਕਰਦਾ ਹੈ ਕਿ ਕੋਈ ਵੀ ਕੰਮ ਉਦੋਂ ਤੱਕ ਸ਼ੁਰੂ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਸਹੀ ਵਿਸਤ੍ਰਿਤ ਡਿਜ਼ਾਇਨ ਅਤੇ ਅਨੁਮਾਨ ਨੂੰ ਮਨਜ਼ੂਰੀ ਨਹੀਂ ਦਿੱਤੀ ਜਾਂਦੀ, ਕੀਤੀ ਗਈ ਫੰਡਾਂ ਦੀ ਅਲਾਟਮੈਂਟ ਅਤੇ ਸਮਰੱਥ ਅਥਾਰਟੀ ਵੱਲੋਂ ਇਸ ਦੇ ਸ਼ੁਰੂ ਹੋਣ ਦੇ ਆਦੇਸ਼ ਜਾਰੀ ਨਹੀਂ ਕੀਤੇ ਜਾਂਦੇ।

ਪੰਜਾਬ ਸਰਕਾਰ ਦੇ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨੇ ਜ਼ਿਲ੍ਹਾ ਲੁਧਿਆਣਾ ਦੇ ਮੱਤੇਵਾੜਾ ਜੰਗਲ ਵਿੱਚ ₹ 4.14 **ਕਰੋੜ ਲਈ ਸ਼ੇਰ ਸਫਾਰੀ ਦੀ ਉਸਾਰੀ ਦੇ ਕੰਮ ਲਈ** ਪ੍ਰਬੰਧਕੀ ਮਨਜ਼ੂਰੀ **ਪ੍ਰਦਾਨ ਕੀਤੀ** (ਜੁਲਾਈ 2016)**। ਪੀ ਡਬਲਯੂ ਡੀ ਵੱਲੋਂ** ਕੰਮ ਅਮਲ **ਵਿੱਚ ਲਿਆਂਦਾ ਜਾਣਾ ਸੀ ਅਤੇ ਇਹ ਫੈਸਲਾ**[3] **ਕੀਤਾ ਗਿਆ ਸੀ ਕਿ ਪੰਜਾਬ ਬੁਨਿਆਦੀ ਢਾਂਚਾ ਅਤੇ ਵਿਕਾਸ ਬੋਰਡ (ਪੀ ਆਈ ਡੀ ਬੀ) ਵੱਲੋਂ ਕੰਮ ਲਈ ਫੰਡ ਮੁਹੱਈਆ ਕੀਤੇ ਜਾਣਗੇ।**

ਕਾਰਜਕਾਰੀ ਇੰਜੀਨੀਅਰ (ਈ ਈ), ਨਿਰਮਾਣ ਮੰਡਲ-1, ਪੀ ਡਬਲਯੂ ਡੀ (ਭਵਨ ਅਤੇ ਸੜਕਾਂ), ਲੁਧਿਆਣਾ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਦਸੰਬਰ 2021) ਕਿ ਮੁੱਖ ਇੰਜੀਨੀਅਰ (ਕੇਂਦਰੀ), ਪੀ ਡਬਲਯੂ ਡੀ ਪੰਜਾਬ ਨੇ ₹ 4.03 ਕਰੋੜ[4] ਲਈ ਕੰਮ ਦੇ ਅਨੁਮਾਨ ਨੂੰ ਤਕਨੀਕੀ ਮਨਜ਼ੂਰੀ ਦਿੱਤੀ (ਜੁਲਾਈ 2016)। ਕੰਮ ਵਿੱਚ ਸਿਵਲ ਕੰਮ (ਇੰਟਰਪ੍ਰੇਟੇਸ਼ਨ ਕੇਂਦਰ ਭਵਨ, ਰਸੋਈ ਬਲਾਕ, ਜਨਤਕ ਪਖਾਨੇ ਬਲਾਕ, ਟਿਕਟ ਕਾਂਊਟਰਾਂ ਅਤੇ ਮੁੱਖ ਦਰਵਾਜੇ ਦੀ ਉਸਾਰੀ); ਜਲ ਸਪਲਾਈ, ਸੀਵਰੇਜ ਅਤੇ ਸੈਨੀਟਰੀ ਸੇਵਾਵਾਂ; ਅਤੇ ਇਲੈਕਟਰੀਕਲ ਸੇਵਾਵਾਂ ਸ਼ਾਮਲ ਸਨ। **ਸੀ ਈ ਵੱਲੋਂ ਕੰਮ ਤਕਨੀਕੀ ਤੌਰ ਤੇ** ਮਨਜ਼ੂਰ **ਕੀਤਾ ਗਿਆ ਸੀ** (ਜੁਲਾਈ 2016) **ਅਤੇ ₹ 3.78 ਕਰੋੜ ਦੀ ਲਾਗਤ 'ਤੇ ਛੇ ਮਹੀਨਿਆਂ ਭਾਵ 01 ਮਈ 2017 ਤੱਕ ਮੁਕੰਮਲ ਕਰਨ**

---

3 ਪੀ ਆਈ ਡੀ ਬੀ ਦੀ ਸਟੀਅਰਿੰਗ ਕਮੇਟੀ ਦੀ 116ਵੀਂ ਮੀਟਿੰਗ ਵਿੱਚ।

4 ਸਿਵਲ ਕੰਮ- ₹ 3.54 ਕਰੋੜ; ਜਨਤਕ ਸਿਹਤ ਸੇਵਾਵਾਂ- ₹ 0.28 ਕਰੋੜ; ਇਲੈਕਟ੍ਰੀਕਲ ਸੇਵਾਵਾਂ- ₹ 0.19 ਕਰੋੜ; ਅਤੇ ਗੁਣੱਵਤਾ ਨਿਯੰਤਰਣ ₹ 0.02 ਕਰੋੜ।

ਲਈ ਇਕ ਨਿਰਮਾਣ ਕੰਪਨੀ (ਠੇਕੇਦਾਰ) ਨੂੰ ਅਲਾਟ ਕੀਤਾ (ਨਵੰਬਰ 2016)। ਪੀ ਆਈ ਡੀ ਬੀ ਵੱਲੋਂ ਲੋੜੀਂਦੇ ਫੰਡਾਂ ਦੀ ਵਿਵਸਥਾ ਨਾ ਹੋਣ ਦੇ ਕਾਰਣ ਕੰਮ ਦੀ ਪ੍ਰਗਤੀ ਬਹੁਤ ਸੁਸਤ ਸੀ। ਜਨਵਰੀ 2018 ਤੱਕ ₹ 2.31 ਕਰੋੜ[5] ਮੁੱਲ ਦੇ ਕੰਮ[6] ਨੂੰ ਪੂਰਾ ਕਰਨ ਦੇ ਵਿਰੁੱਧ ਪੀ ਆਈ ਡੀ ਬੀ ਨੇ ਸਿਰਫ ₹ 1.01 ਕਰੋੜ ਮੁਹੱਈਆ/ਜਾਰੀ ਕੀਤੇ (ਨਵੰਬਰ 2016) ਜਿਸ ਲਈ ਈ ਈ ਨੇ ਮਾਰਚ 2017 ਵਿੱਚ ਵਰਤੋਂ ਸਰਟੀਫਿਕੇਟ ਪੇਸ਼ ਕੀਤੇ। ਈ ਈ ਨੇ ਪੀ ਆਈ ਡੀ ਬੀ ਅਤੇ ਮੰਡਲ ਜੰਗਲਾਤ ਅਧਿਕਾਰੀ, ਲੁਧਿਆਣਾ (ਡੀ ਐਫ ਓ) ਤੋਂ ਹੋਰ ਫੰਡਾਂ ਦੀ ਮੰਗ ਕੀਤੀ ਪ੍ਰੰਤੂ ਕੋਈ ਫੰਡ ਮੁਹੱਈਆ/ਜਾਰੀ ਨਹੀਂ ਕੀਤੇ ਗਏ ਸਨ। ਜੂਨ 2017 ਵਿੱਚ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਪੀ ਆਈ ਡੀ ਬੀ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਸੀ ਕਿ ਪੀ ਆਈ ਡੀ ਬੀ ਕੋਲ ਫੰਡਾਂ ਦੀ ਘਾਟ ਦੇ ਕਾਰਣ ਪ੍ਰਬੰਧਕੀ ਵਿਭਾਗ (ਵਿਭਾਗਾਂ) ਉਨ੍ਹਾਂ ਦੇ ਪ੍ਰੋਜੈਕਟਾਂ ਦੀਆਂ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਫੰਡਾਂ ਦੇ ਹੋਰ ਸ੍ਰੋਤ ਅਤੇ ਵਿਭਾਗੀ ਸਕੀਮਾਂ ਦੀ ਸ਼ਨਾਖਤ ਕਰ ਸਕਦਾ ਹੈ। ਪ੍ਰੰਤੂ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ, ਪੰਜਾਬ ਨੇ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਕਿਸੇ ਅਜਿਹੇ ਸ੍ਰੋਤ ਦੀ ਸ਼ਨਾਖਤ ਨਹੀਂ ਕੀਤੀ ਸੀ। ਗੈਰ-ਅਦਾਇਗੀ ਦੇ ਕਾਰਣ ਠੇਕੇਦਾਰ ਨੇ ਕੀਤੇ ਗਏ ਕੰਮ ਦੇ ਵਿਰੁੱਧ ਉਸਦੀਆਂ ਬਕਾਇਆ ਅਦਾਇਗੀਆਂ ਦਾ ਦਾਅਵਾ ਕਰਦੀ ਹੋਈ ਇੱਕ ਸਿਵਲ ਰਿੱਟ ਪਟੀਸ਼ਨ (ਸੀ ਡਬਲਯੂ ਪੀ)[7] ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਖਲ ਕੀਤੀ ਅਤੇ ਅਦਾਲਤ ਨੇ ਅਪ੍ਰੈਲ 2018 ਵਿੱਚ ਠੇਕੇਦਾਰ ਨੂੰ ਅਦਾਇਗੀ ਕਰਨ ਲਈ ਆਦੇਸ਼ ਦਿੱਤਾ। ਇਸ ਦੇ ਵਿਰੁੱਧ, ਈ ਈ ਨੇ ਜਨਵਰੀ 2019 ਵਿੱਚ ₹ 1.30 ਕਰੋੜ ਦੀ ਅਦਾਇਗੀ ਕੀਤੀ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਜਨਵਰੀ 2018 ਤੋਂ ਕੰਮ ਰੁਕਿਆ ਰਿਹਾ। ਸਾਢੇ ਤਿੰਨ ਸਾਲਾਂ ਤੋਂ ਵੱਧ ਉਡੀਕ ਕਰਨ ਤੋਂ ਬਾਅਦ, ਮੁੱਖ ਇੰਜੀਨੀਅਰ (ਅਗਸਤ 2021) ਨੇ ਨਿਗਰਾਨ ਇੰਜੀਨੀਅਰ ਦੀ ਸਿਫਾਰਸ਼ 'ਤੇ ਫੰਡਾਂ ਦੀ ਗੈਰ-ਉਪਲਬਧਤਾ ਜਾਂ ਫੰਡਿੰਗ ਏਜੰਸੀ ਵੱਲੋਂ ਫੰਡ ਮੁਹੱਈਆ ਨਾ ਕਰਵਾਏ ਜਾਣ ਕਾਰਨ ਇਕਰਾਰਨਾਮੇ ਨੂੰ ਸਮਾਪਤ ਕਰਨ ਦੇ ਆਦੇਸ਼ ਦਿੱਤੇ। ਇਕਰਾਰਨਾਮੇ ਦੀ ਸਮਾਪਤੀ ਦੇ ਸਮੇਂ ₹ 2.31 ਕਰੋੜ ਦੇ ਖਰਚੇ 'ਤੇ 58 *ਪ੍ਰਤੀਸ਼ਤ* ਤੱਕ ਕੰਮ ਮੁਕੰਮਲ ਹੋ ਗਿਆ ਸੀ। ਜਨ ਸਿਹਤ ਅਤੇ ਇਲੈਕਟ੍ਰੀਕਲ ਸੇਵਾਵਾ ਨਾਲ ਸਬੰਧਤ ਕੰਮ ਦੀ ਕੋਈ ਮੱਦ ਅਮਲ ਵਿੱਚ ਨਹੀਂ ਲਿਆਂਦੀ ਗਈ ਸੀ। ਕਿਉਕਿ ਕੰਮ ਅਧੂਰਾ ਪਿਆ ਸੀ, ਇਸ ਸ਼ੇਰ ਸਫਾਰੀ ਨੂੰ ਕਾਰਜ਼ਸੀਲ ਨਹੀਂ ਬਣਾਇਆ ਜਾ ਸਕਿਆ ਸੀ (ਅਗਸਤ 2022)।

---

5 ਚੌਥੇ ਰਨਿੰਗ ਬਿਲ ਅਨੁਸਾਰ ਕੀਤੇ ਗਏ ਕੰਮ ਦੀ ਕੀਮਤ- ₹ 2.27 ਕਰੋੜ ਅਤੇ ਕੰਟੀਜੈਂਸੀ ਆਦਿ ₹ 0.04 ਕਰੋੜ।

6

| ਲੜੀ | ਕੰਪੋਨੈਂਟ | ਕੰਮ ਦੀ ਸਥਿਤੀ |
|---|---|---|
| 1 | ਵਿਆਖਿਆ ਕੇਂਦਰ ਇਮਾਰਤ | ਢਾਂਚਾਗਤ ਕੰਮ ਮੁਕੰਮਲ ਹੋਇਆ ਜਦੋਂਕਿ ਫਲੋਰਿੰਗ, ਪੇਂਟਿੰਗ ਅਤੇ ਆਡਿਓ-ਵਿਜ਼ੂਅਲ ਕਮਰੇ ਦੀ ਸਟੀਲ ਦੀ ਛੱਤ ਦਾ ਕੰਮ ਛੱਡਿਆ ਗਿਆ। |
| 2 | ਰਸੋਈ ਬਲਾਕ/ਕੈਫੇਟੇਰੀਆ | ਸਟੀਲ ਦੀ ਛੱਤ ਨੂੰ ਛੱਡ ਕੇ ਢਾਂਚਾਗਤ ਕੰਮ ਮੁਕੰਮਲ ਹੋਇਆ/ਫਨਿਸ਼ਿੰਗ ਬਾਕੀ। |
| 3 | ਜਨਤਕ ਪਖਾਨੇ ਬਲਾਕ | ਛੱਤ ਤੱਕ ਢਾਂਚੇ ਦਾ ਕੰਮ ਮੁਕੰਮਲ ਹੈ। |
| 4 | ਟਿਕਟ ਕਾਊਂਟਰ | ਅਜੇ ਸ਼ੁਰੂ ਨਹੀ ਹੋਇਆ। |
| 5 | ਮੁੱਖ ਦਰਵਾਜ਼ਾ | ਅਜੇ ਸ਼ੁਰੂ ਨਹੀ ਹੋਇਆ। |

7 2018 ਦੀ ਸੀ ਡਬਲਯੂ ਪੀ ਨੰਬਰ 7826 ।

ਈ ਈ ਨੇ ਕਿਹਾ (ਦਸੰਬਰ 2021) ਕਿ ਕੰਮ ਫੰਡਾਂ ਦੀ ਪ੍ਰਾਪਤੀ ਨਾ ਹੋਣ ਕਾਰਣ ਰੋਕਿਆ ਗਿਆ ਸੀ ਅਤੇ ਅੱਗੇ ਪੁਸ਼ਟੀ ਕੀਤੀ (ਅਗਸਤ 2022) ਕਿ ਕੰਮ ਨੂੰ ਮੁਕੰਮਲ ਕਰਨ ਲਈ ਕੋਈ ਫੰਡ ਪ੍ਰਾਪਤ ਨਹੀ ਹੋਏ ਸਨ। ਮੰਡਲ ਜੰਗਲਾਤ ਅਧਿਕਾਰੀ, ਲੁਧਿਆਣਾ ਨੇ ਕਿਹਾ (ਨਵੰਬਰ 2022) ਕਿ ਇਹ ਮਾਮਲਾ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਨਹੀਂ ਅਤੇ ਕਿਹਾ ਕਿ ਪੀ ਆਈ ਡੀ ਬੀ ਵੱਲੋਂ ₹ 1.01 ਕਰੋੜ ਦੇ ਫੰਡ ਸਿੱਧੇ ਈ ਈ, ਪੀ ਡਬਲਯੂ ਡੀ ਨਿਰਮਾਣ ਮੰਡਲ ਨੰ.1 ਲੁਧਿਆਣਾ ਨੂੰ ਟਰਾਂਸਫਰ ਕੀਤੇ ਗਏ ਸਨ। ਡੀ ਐਫ ਓ ਦਾ ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਐਗਜੀਕਿਊਟਿੰਗ ਵਿਭਾਗ ਨੂੰ ਲੋੜੀਂਦੇ ਫੰਡ ਮੁਹੱਈਆ ਕਰਨਾ ਪ੍ਰਬੰਧਕੀ ਵਿਭਾਗ/ਫੰਡਿੰਗ ਏਜੰਸੀ ਦੀ ਜ਼ਿੰਮੇਵਾਰੀ ਹੈ ਜੋ ਇਹ ਕਰਨ ਵਿੱਚ ਅਸਫਲ ਰਿਹਾ। ਇਸ ਦੇ ਇਲਾਵਾ, ਜਿਵੇਂ ਕਿ ਉਪਰ ਚਰਚਾ ਕੀਤੀ ਗਈ ਹੈ ਜੰਗਲਾਤ ਵਿਭਾਗ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਫੰਡਾਂ ਦੇ ਕਿਸੇ ਹੋਰ ਸ੍ਰੋਤ ਦੀ ਸ਼ਨਾਖਤ ਕਰਨ ਵਿੱਚ ਅਸਫਲ ਰਿਹਾ। ਅੱਗੇ, ਪੀ ਡਬਲਯੂ ਡੀ ਨੇ ਕੰਮ ਸ਼ੁਰੂ ਕਰਨ ਤੋਂ ਪਹਿਲਾ ਕੰਮ ਦੀ ਮੁਕੰਮਲਤਾ ਲਈ ਲੋੜੀਂਦੇ ਫੰਡ ਪ੍ਰਾਪਤ ਕਰਨ ਨੂੰ ਯਕੀਨੀ ਨਹੀਂ ਬਣਾਇਆ।

ਇਸ ਤਰ੍ਹਾ, ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ/ਪੀ ਆਈ ਡੀ ਬੀ ਦੀ ਕੰਮ ਦੀ ਮੁਕੰਮਲਤਾ ਲਈ ਲੋੜੀਦੇ ਫੰਡ ਮੁਹੱਈਆ ਕਰਵਾਉਣ ਦੀ ਅਸਫਲਤਾ ਦੇ ਨਾਲ ਨਾਲ ਪੇਸ਼ਗੀ ਵਿੱਚ ਲੋੜੀਂਦੇ ਫੰਡ ਜਮ੍ਹਾ ਕਰਨ ਨੂੰ ਯਕੀਨੀ ਬਣਾਏ ਬਿਨ੍ਹਾਂ ਜਿਵੇਂ ਕਿ ਉਕਤ ਨਿਯਮਾਂ ਵਿੱਚ ਵਿਵਸਥਾ ਕੀਤੀ ਗਈ ਹੈ, ਪੀ ਡਬਲਯੂ ਡੀ ਦੀ ਕੰਮ ਸ਼ੁਰੂ ਕਰਨ ਦੀ ਗਲਤੀ ਨਾਲ ਸ਼ੇਰ ਸਫਾਰੀ ਕੰਮ ਅੱਧ ਵਿਚਕਾਰ ਛੱਡਣਾ ਪਿਆ ਜਿਸ ਨਾਲ ਕੰਮ ਤੇ ਕੀਤਾ ਗਿਆ ₹ 2.31 ਕਰੋੜ ਦਾ ਖਰਚਾ ਫਜ਼ੂਲ ਬਣ ਗਿਆ।

**ਸਿਫਾਰਸ਼: ਵਿਭਾਗ ਨੂੰ ਕੰਮ ਅੱਧ ਵਿਚਕਾਰ ਛੱਡਣ ਤੋਂ ਬਚਣ ਲਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕੰਮ ਦੀ ਮੁਕੰਮਲਤਾ ਲਈ ਲੋੜੀਂਦੇ ਫੰਡ ਮੁਹੱਈਆ/ਪ੍ਰਾਪਤ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।**

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਅਕਤੂਬਰ 2022); ਉਨ੍ਹਾਂ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

## ਉੱਚ ਸਿੱਖਿਆ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ

## 6.3 ਵਸਤਾਂ ਅਤੇ ਸੇਵਾਵਾਂ ਕਰ ਦੀ ਅਦਾਇਗੀ ਨਾ ਕਰਨਾ

**1 ਜੁਲਾਈ 2017 ਤੋਂ 31 ਮਾਰਚ 2022 ਤੱਕ ਦੇ ਸਮੇਂ ਦੌਰਾਨ ਦੋ ਵਿਦਿਅਕ ਸੰਸਥਾਵਾਂ ਵੱਲੋਂ ਪ੍ਰਾਪਤ ਕੀਤੀਆਂ ਕਰਯੋਗ ਸੇਵਾਵਾ ਦੇ ਵਿਰੁੱਧ ₹ 5.31 ਕਰੋੜ ਦੇ ਵਸਤਾਂ ਅਤੇ ਸੇਵਾਵਾਂ ਕਰ ਦੀ ਅਦਾਇਗੀ ਨਹੀਂ ਕੀਤੀ ਗਈ ਸੀ।**

ਕੇਂਦਰ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨ ਨੰਬਰ 12/2017-ਕੇਂਦਰੀ ਕਰ (ਦਰ) ਮਿਤੀ 28 ਜੂਨ 2017 ਦੇ ਲੜੀ ਨੰਬਰ 66 ਅਤੇ ਪੰਜਾਬ ਸਰਕਾਰ ਦੁਆਰਾ 30 ਜੂਨ 2017 ਨੂੰ ਜਾਰੀ ਸਬੰਧਤ ਨੋਟੀਫਿਕੇਸ਼ਨ ਨੰਬਰ ਐਸ ਓ 37/ਪੀ. ਏ. 5/2017/ਐਸ. 11/2017 ਦੇ ਹੇਠਾਂ ਦਿੱਤੀ ਸ਼ਰਤ ਅਨੁਸਾਰ ਵਿਦਿਅਕ ਸੰਸਥਾਵਾਂ ਨੂੰ ਸੰਭਾਲ ਜਾਂ ਸਫਾਈ ਜਾਂ ਘਰ ਦੀ ਸਾਭ ਸੰਭਾਲ ਦੀਆਂ ਸੇਵਾਵਾਂ ਨੂੰ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਤੋਂ ਛੋਟ ਨਹੀਂ ਦਿੱਤੀ ਗਈ ਸੀ, ਜਿਥੇ ਵਿਦਿਅਕ ਸੰਸਥਾਵਾਂ ਪ੍ਰੀ-ਸਕੂਲ ਸਿੱਖਿਆ ਅਤੇ ਉੱਚ ਸੈਕੰਡਰੀ ਸਕੂਲ ਜਾਂ ਇਸ ਦੇ ਬਰਾਬਰ ਦੀ

ਸਿੱਖਿਆ ਤੋਂ ਇਲਾਵਾ ਹੋਰ ਸੇਵਾਵਾਂ ਪ੍ਰਦਾਨ ਕਰ ਰਹੀਆਂ ਸਨ। ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ ਦੇ ਸਬੰਧ ਵਿੱਚ ਇਸੇ ਤਰ੍ਹਾ ਦੀਆਂ ਵਿਵਸਥਾਵਾਂ ਨੋਟੀਫਿਕੇਸ਼ਨ ਨੰਬਰ 09/2017- ਏਕੀਕ੍ਰਿਤ ਕਰ (ਦਰ) ਮਿਤੀ 28 ਜੂਨ 2017 ਦੇ ਲੜੀ ਨੰਬਰ 69 ਦੇ ਅਧੀਨ ਕੀਤੀਆਂ ਗਈਆਂ ਸਨ। ਉਪਰੋਕਤ ਸੇਵਾਵਾਂ ਤੇ 18 *ਪ੍ਰਤੀਸ਼ਤ* ਦੀ ਦਰ ਨਾਲ ਜੀ ਐਸ ਟੀ ਲਾਗੂ ਸੀ।

'ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ ਐਕਟ' ਦੇ ਧਾਰਾ 9 ਦੇ ਉਪ ਧਾਰਾ (3) ਅਤੇ 'ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ' ਨੇ ਕ੍ਰਮਵਾਰ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸੇਵਾਵਾਂ ਦੀਆਂ ਵਿਸ਼ੇਸ ਸ਼੍ਰੇਣੀਆ ਨੂੰ ਨੋਟੀਫਾਈ ਕਰਨ ਦਾ ਅਧਿਕਾਰ ਦਿੱਤਾ ਹੈ, ਜਿਸ ਤੇ ਸੇਵਾਵਾਂ ਪ੍ਰਾਪਤਕਰਤਾ ਵੱਲੋਂ ਕਰ ਰਿਵਰਸ ਚਾਰਜ਼ ਦੇ ਅਧਾਰ ਤੇ ਅਦਾ ਕੀਤਾ ਜਾਣਾ ਚਾਹੀਦਾ ਹੈ। ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਨੰਬਰ 29/2018- ਕੇਂਦਰੀ ਕਰ (ਦਰ) ਮਿਤੀ 31 ਦਸੰਬਰ 2018 ਦੁਆਰਾ 'ਕੇਂਦਰੀ ਵਸਤਾਂ ਅਤੇ ਸੇਵਾਵਾ ਕਰ' ਲਈ ਰਿਵਰਸ ਚਾਰਜ ਵਿਧੀ ਅਧੀਨ 'ਸੰਭਾਲ ਸੇਵਾਵਾ' ਨੂੰ ਅਧਿਸੂਚਿਤ ਕੀਤਾ ਹੈ, ਜੇਕਰ ਸੇਵਾਵਾਂ ਕਿਸੇ ਕਾਰਪੋਰੇਟ ਸੰਸਥਾ ਤੋਂ ਇਲਾਵਾ ਕਿਸੇ ਵਿਅਕਤੀ ਦੁਆਰਾ ਰਜਿਸਟਰਡ ਵਿਅਕਤੀ ਨੂੰ ਪ੍ਰਦਾਨ ਕੀਤੀਆਂ ਗਈਆ ਸਨ ਅਤੇ ਰਜਿਸਟਰਡ ਵਿਅਕਤੀ ਕਰਯੋਗ ਇਲਾਕੇ ਵਿੱਚ ਸਥਿਤ ਸੀ। ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ ਦੇ ਸੰਬਧ ਵਿੱਚ 'ਸੁਰਖਿਆ ਸੇਵਾਵਾਂ' 'ਤੇ ਜੀ ਐਸ ਟੀ ਦੇ ਰਿਵਰਸ ਚਾਰਜ਼ ਲਈ 31 ਦਸਬੰਰ 2018 ਨੂੰ ਕੇਂਦਰ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨ ਨੰਬਰ 30/2018 - ਏਕੀਕ੍ਰਿਤ ਕਰ (ਦਰ) ਵਿੱਚ ਸਮਾਨ ਵਿਵਸਥਾਵਾਂ ਸ਼ਾਮਲ ਸਨ। ਪੰਜਾਬ ਸਰਕਾਰ ਨੇ 28 ਫਰਵਰੀ 2019 ਨੂੰ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਲਈ ਸਬੰਧਤ ਨੋਟੀਫਿਕੇਸ਼ਨ [8] ਵੀ ਜਾਰੀ ਕੀਤਾ ਸੀ। 'ਸੰਭਾਲ ਸੇਵਾਵਾਂ' ਤੇ ਰਿਵਰਸ ਚਾਰਜ਼ ਵਿਧੀ 1 ਜਨਵਰੀ 2019 ਤੋਂ ਲਾਗੂ ਹੋ ਗਈ ਸੀ।

ਉੱਚ ਸੈਕੰਡਰੀ ਪੱਧਰ ਤੋਂ ਉੱਪਰ ਦੀਆਂ ਸਿੱਖਿਆ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਦੋ[9] ਵਿਦਿਅਕ ਸੰਸਥਾਵਾਂ ਦੇ ਰਿਕਾਰਡ (ਨਵੰਬਰ 2021 ਅਤੇ ਅਗਸਤ 2022 ਦੇ ਦਰਮਿਆਨ) ਦੀ ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ ਕਿ ਇਨ੍ਹਾਂ ਸੰਸਥਾਵਾਂ ਨੇ ਛੇ[10] ਸੇਵਾ ਪ੍ਰਦਾਤਾਵਾਂ ਤੋਂ 1 ਜੁਲਾਈ 2017 ਤੋਂ 31 ਮਾਰਚ 2022 ਦੌਰਾਨ ₹ 30.55 ਕਰੋੜ ਦੀਆਂ ਸੰਭਾਲ ਸੇਵਾਵਾਂ ਅਤੇ ਰੁਜ਼ਗਾਰ/ਕਿਰਤ ਸੇਵਾਵਾਂ ਪ੍ਰਾਪਤ ਕੀਤੀਆਂ ਸਨ। ਇਸ ਵਿੱਚੋਂ, ਇੱਕ [11] ਵਿਦਿਅਕ ਸੰਸਥਾ ਵੱਲੋਂ ₹ 8.58 ਕਰੋੜ ਦੀਆਂ 31 ਦਸੰਬਰ 2018 ਤੋਂ ਬਾਅਦ ਪ੍ਰਾਪਤ ਕੀਤੀਆਂ 'ਸੰਭਾਲ ਸੇਵਾਵਾਂ' ਰਿਵਰਸ ਚਾਰਜ਼ ਮੈਕਾਨਿਜ਼ਮ ਅਧੀਨ ਕਰਯੋਗ ਸਨ, ਜਿਸ ਤੇ 18 *ਪ੍ਰਤੀਸ਼ਤ* ਦੀ ਦਰ ਨਾਲ ₹ 1.54 ਕਰੋੜ ਦਾ ਜੀ ਐਸ ਟੀ ਖੁਦ ਵਿਦਿਅਕ ਸੰਸਥਾ ਵੱਲੋਂ ਅਦਾਇਗੀ ਯੋਗ ਸੀ। ₹ 21.97 ਕਰੋੜ ਦੀਆਂ ਬਾਕੀ ਸੇਵਾਵਾਂ ਤੇ ਫਾਰਵਰਡ ਚਾਰਜ ਮੈਕਾਨਿਜ਼ਮ ਅਧੀਨ ਸੇਵਾ ਪ੍ਰਦਾਤਾ ਵੱਲੋਂ ਵਿਦਿਅਕ ਸੰਸਥਾਵਾਂ ਤੋਂ ਉਨ੍ਹਾਂ ਦੀਆਂ ਇਨਵਾਇਸਜ਼ ਤੇ ਕਰ ਚਾਰਜ਼ ਕਰਨ ਤੋਂ ਬਾਅਦ 18 *ਪ੍ਰਤੀਸ਼ਤ* ਦੀ ਦਰ ਨਾਲ ₹ 3.96 ਕਰੋੜ ਦਾ ਜੀ ਐਸ ਟੀ ਅਦਾਇਗੀਯੋਗ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਫਾਰਵਰਡ ਚਾਰਜ਼ ਮੈਕਾਨਿਜ਼ਮ ਅਧੀਨ ਸਿਰਫ ਇੱਕ[12] ਵਿਦਿਅਕ ਸੰਸਥਾ ਨੇ ਇੱਕ

---

8 ਨੋਟੀਫਿਕੇਸ਼ਨ ਨੰਬਰ ਐਸ.ਓ. 23/ਪੀ.ਏ.5/2017/ਐਸ.9/ਏ ਐਮ ਡੀ/2019 ਮਿਤੀ 28 ਫਰਵਰੀ 2019 ਰਾਹੀਂ ।

9 (i) ਪੰਜਾਬੀ ਯੂਨੀਵਰਸਿਟੀ, ਪਟਿਆਲਾ (ii) ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਗੁਰਦਾਸਪੁਰ।

10 ਸੇਵਾ ਪ੍ਰਦਾਤਾਵਾਂ ਦਾ ਜੀ ਐਸ ਟੀ ਆਈ ਐਨ: (i) 07xxxxxxxxxx1Z0; (ii) 04xxxxxxxxxx4ZD; (iii) 03xxxxxxxxxx1ZB; (iv) 27xxxxxxxxxx1ZJ; (v) 07xxxxxxxxxx1Z4; ਅਤੇ (vi) 04 xxxxxxxxxx1ZF ।

11 ਪੰਜਾਬੀ ਯੂਨੀਵਰਸਿਟੀ, ਪਟਿਆਲਾ ।

12 ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ: ਜੀ ਐਸ ਟੀ ਆਈ ਐਨ-27xxxxxxxxxx1ZJ ਨਾਲ ਸੇਵਾ ਪ੍ਰਦਾਤਾ ਨੂੰ ₹ 0.19 ਕਰੋੜ ।

ਸੇਵਾ ਪ੍ਰਦਾਤਾ ਨੂੰ ₹ 0.19 ਕਰੋੜ ਦੇ ਜੀ ਐਸ ਟੀ ਦੀ ਅਦਾਇਗੀ ਕੀਤੀ। ਰਿਵਰਸ ਚਾਰਜ਼ (₹ 1.54 ਕਰੋੜ) ਅਤੇ ਫਾਰਵਰਡ ਚਾਰਜ਼ (₹ 3.77 ਕਰੋੜ) ਅਧੀਨ ₹ 5.31 ਕਰੋੜ ***(ਅੰਤਿਕਾ 6.1)*** ਦਾ ਬਾਕੀ ਰਹਿੰਦਾ ਜੀ ਐਸ ਟੀ ਅਦਾ ਨਹੀਂ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ ਪੰਜਾਬੀ ਯੂਨੀਵਰਸਿਟੀ ਨੇ ਉੱਤਰ ਦਿੱਤਾ (ਦਸੰਬਰ 2022) ਕਿ ਸਬੰਧਤ ਸੇਵਾ ਪ੍ਰਦਾਤਾ ਨੇ ਕਦੇ ਵੀ ਜੀ ਐਸ ਟੀ ਚਾਰਜ਼ ਨਹੀਂ ਕੀਤਾ। ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਨੇ ਉੱਤਰ ਦਿੱਤਾ (ਅਗਸਤ 2022) ਕਿ ਸਿਰਫ ਇਕ ਸੇਵਾ ਪ੍ਰਦਾਤਾ ਨੇ ਉਸਦੀਆਂ ਇਨਵਾਇਸਜ਼ ਤੇ ਜੀ ਐਸ ਟੀ[13] ਚਾਰਜ਼ ਕੀਤਾ ਸੀ ਅਤੇ ਸੰਸਥਾ ਵੱਲੋਂ ਉਸ ਦੀ ਅਦਾਇਗੀ ਕੀਤੀ ਗਈ ਸੀ।

ਵਿਦਿਅਕ ਸੰਸਥਾਵਾਂ ਦੇ ਉੱਤਰ ਸਵੀਕਾਰਯੋਗ ਨਹੀਂ ਸਨ ਕਿਉਂਕਿ ਇਹਨਾਂ ਵਿੱਦਿਅਕ ਸੰਸਥਾਵਾਂ ਤੋਂ, ਕਰ ਯੋਗ ਸੇਵਾਵਾ ਪ੍ਰਾਪਤ ਕਰਦੇ ਹੋਏ, ਭਾਵੇ ਉਹ ਸੇਵਾਵਾਂ ਰਿਵਰਸ ਚਾਰਜ਼ ਮੈਕਾਨਿਜ਼ਮ ਜਾਂ ਫਾਰਵਰਡ ਚਾਰਜ਼ ਮੈਕਾਨਿਜ਼ਮ ਅਧੀਨ ਸਨ, ਜੀ ਐਸ ਟੀ ਕਾਨੂੰਨ ਅਧੀਨ ਉਨ੍ਹਾਂ ਦੀਆਂ ਦੇਣਦਾਰੀਆਂ ਬਾਰੇ ਜਾਗਰੂਕ ਹੋਣ ਦੀ ਉਮੀਦ ਕੀਤੀ ਜਾਂਦੀ ਸੀ ਕਿਉਂਕਿ ਅਪ੍ਰਤੱਖ ਕਰ ਹੋਣ ਕਰਕੇ ਜੀ ਐਸ ਟੀ ਦਾ ਵਿੱਤੀ ਬੋਝ ਇਨ੍ਹਾਂ ਵਿੱਦਿਅਕ ਸੰਸਥਾਵਾਂ ਵੱਲੋਂ ਹੀ ਸਹਿਣ ਕਰਨਾ ਸੀ। ਇਸ ਲਈ, ਵਿੱਦਿਅਕ ਸੰਸਥਾਵਾਂ ਨੂੰ ਸੰਭਾਲ ਸੇਵਾਵਾਂ ਲਈ ਰਿਵਰਸ ਚਾਰਜ਼ ਮੈਕਾਨਿਜ਼ਮ ਅਧੀਨ ਲਾਗੂ ਕਰ ਦੀ ਅਦਾਇਗੀ ਕਰਨ ਅਤੇ ਹੋਰ ਸੇਵਾਵਾਂ ਲਈ ਸੋਧਮਈ ਉਪਾਅ ਕਰਨੇ ਚਾਹੀਦੇ ਸਨ, ਜਿਥੇ ਫਾਰਵਰਡ ਮੈਕਾਨਿਜ਼ਮ ਅਧੀਨ ਕਰ ਅਦਾਇਗੀਯੋਗ ਸੀ ਪ੍ਰੰਤੂ ਸੇਵਾ ਪ੍ਰਦਾਤਾ ਵੱਲੋਂ ਉਨ੍ਹਾਂ ਦੀਆਂ ਇਨਵਾਇਸਜ਼ ਵਿੱਚ ਚਾਰਜ਼ ਨਹੀਂ ਕੀਤਾ ਗਿਆ ਸੀ।

ਮਾਮਲਾ ਸਰਕਾਰ ਅਤੇ ਵਿੱਦਿਅਕ ਸੰਸਥਾਵਾਂ ਨੂੰ ਸੂਚਿਤ ਕੀਤਾ ਗਿਆ ਸੀ (ਨਵੰਬਰ 2022 ਅਤੇ ਮਾਰਚ 2023)। ਇਨ੍ਹਾਂ ਦੋਵਾਂ ਵਿੱਦਿਅਕ ਸੰਸਥਾਵਾਂ ਨੇ ਲੇਖਾ ਪ੍ਰੀਖਿਆ ਟਿੱਪਣੀ ਵਿੱਚ ਲਿਆਂਦੇ ਗਏ ਤੱਥਾਂ ਅਤੇ ਅੰਕੜਿਆਂ ਨੂੰ ਸਵੀਕਾਰ ਕੀਤਾ (ਮਾਰਚ 2023)। ਇੱਕ[14] ਵਿੱਦਿਅਕ ਸੰਸਥਾ ਨੇ ਅੱਗੇ ਕਿਹਾ ਕਿ ਪਾਲਣਾ ਸ਼ੁਰੂ ਕਰ ਦਿੱਤੀ ਗਈ ਸੀ ਕਿਉਂਕਿ ਮੌਜੂਦਾ ਸੇਵਾ ਪ੍ਰਦਾਤਾ ਨੇ ਫਰਵਰੀ 2023 ਤੋਂ ਬਿੱਲਾਂ ਵਿੱਚ ਜੀ ਐਸ ਟੀ ਚਾਰਜ਼ ਕਰ ਲਿਆ ਸੀ। ਸਰਕਾਰ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

**ਸਿਫਾਰਸ਼: ਸਰਕਾਰ ਉਕਤ ਪੈਰ੍ਹੇ ਵਿੱਚ ਦੱਸੀਆਂ ਵਿੱਦਿਅਕ ਸੰਸਥਾਵਾਂ ਨੂੰ ਇਨ੍ਹਾਂ ਸੰਸਥਾਵਾਂ ਵੱਲੋਂ ਪ੍ਰਾਪਤ ਕੀਤੀਆਂ ਕਰ ਯੋਗ ਸੇਵਾਵਾਂ ਦੇ ਵਿਰੁੱਧ ₹ 5.31 ਕਰੋੜ ਦੇ ਜੀ ਐਸ ਟੀ ਦੀ ਅਦਾਇਗੀ ਕੀਤੇ ਜਾਣ ਅਤੇ ਭਵਿੱਖ ਵਿੱਚ ਜੀ ਐਸ ਟੀ ਉਪਬੰਧਾਂ ਦੀ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਏ ਜਾਣ ਦੇ ਨਿਰਦੇਸ਼ ਦੇ ਸਕਦੀ ਹੈ।**

---

13 ਸੇਵਾ ਪ੍ਰਦਾਤਾ (ਜੀ ਐਸ ਟੀ ਆਈ ਐਨ-27xxxxxxxxxx1ZJ) ਨੂੰ ਅਦਾ ਕੀਤੀ ਗਈ ਜੀ ਐਸ ਟੀ ਦੀ ਰਾਸ਼ੀ ₹ 1.05 ਕਰੋੜ ਦੇ ਸੇਵਾ ਮੁੱਲ 'ਤੇ 18 *ਪ੍ਰਤੀਸ਼ਤ* ਦੀ ਦਰ ਨਾਲ ₹ 0.19 ਕਰੋੜ ਆਂਕੀ ਗਈ ।

14 ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ।

## ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

## 6.4 ਸਰਕਾਰੀ ਜ਼ਮੀਨ ਦੇ ਪੱਟਾ ਕਿਰਾਏ ਦੀ ਵਸੂਲੀ ਨਾ ਕਰਨਾ

**ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦਾ ਕੰਪਨੀ ਤੋਂ ਸਰਕਾਰੀ ਬਕਾਏ ਦੀ ਵਸੂਲੀ ਕਰਨ ਲਈ ਸਮੇਂ ਸਿਰ ਕਾਰਵਾਈ ਕਰਨ ਦੀ ਅਸਫਲਤਾ ਦੇ ਸਿੱਟੇ ਵਜੋਂ ₹ 2.33 ਕਰੋੜ ਦੇ ਦੰਡਕ ਵਿਆਜ ਸਮੇਤ ਪੱਟਾ ਕਿਰਾਏ ਦੇ ₹ 5.54 ਕਰੋੜ ਬਲਾਕ ਹੋ ਗਏ।**

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 4.1 ਵਿਵਸਥਾ ਕਰਦਾ ਹੈ ਕਿ ਇਹ ਵੇਖਣਾ ਸਬੰਧਤ ਰੈਵੀਨਿਊ ਜਾਂ ਪ੍ਰਬੰਧਕੀ ਵਿਭਾਗ ਦੀ ਜ਼ਿੰਮੇਵਾਰੀ ਹੈ ਕਿ ਸਰਕਾਰ ਦੇ ਬਕਾਏ ਸਹੀ ਢੰਗ ਨਾਲ ਮੁਲਾਂਕਣ ਕੀਤੇ, ਇਕੱਠੇ ਕੀਤੇ ਅਤੇ ਖਜ਼ਾਨੇ ਵਿੱਚ ਜਮ੍ਹਾ ਕੀਤੇ ਗਏ ਹਨ।

ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ (ਵਿਭਾਗ) ਨੇ 32 ਏਕੜ ਜਮੀਨ ਪੰਜਾਬ ਡਾਇਰਜ਼ ਐਸੋਸੀਏਸ਼ਨ (ਪੀ ਡੀ ਏ) ਇਕ ਗੈਰ-ਸਰਕਾਰੀ, ਗੈਰ-ਲਾਭਕਾਰੀ ਕੰਪਨੀ ਨੂੰ 33 ਸਾਲਾਂ ਲਈ ₹ 1.44 ਕਰੋੜ ਦੇ ਸਲਾਨਾ ਪੱਟਾ ਕਿਰਾਏ 'ਤੇ ₹ 36.00 ਲੱਖ ਦੀਆਂ ਤਿਮਾਹੀ ਕਿਸ਼ਤਾਂ ਵਿੱਚ ਅਦਾਇਗੀਯੋਗ ਕਾਮਨ ਅਫਲੂਐਂਟ ਟਰੀਟਮੈਂਟ ਪਲਾਂਟ (ਸੀ ਈ ਟੀ ਪੀ) ਦੀ ਸਥਾਪਨਾ ਲਈ ਪੱਟੇ ਤੇ ਦਿੱਤੀ ਸੀ (ਅਗਸਤ 2011)। ਇਸ ਪ੍ਰਭਾਵ ਲਈ 26 ਅਗਸਤ 2011 ਨੂੰ ਪੀ ਡੀ ਏ ਅਤੇ ਵਿਭਾਗ ਦਰਮਿਆਨ 25 ਅਗਸਤ 2044 ਤੱਕ ਵੱਧ ਪੱਟਾਨਾਮੇ ਦੇ ਦਸਤਖਤ ਕੀਤੇ ਗਏ ਸਨ। ਜ਼ਮੀਨ ਦਾ ਕਬਜਾ 26 ਅਸਗਤ 2011 ਨੂੰ ਪੀ ਡੀ ਏ ਨੂੰ ਸੌਂਪਿਆ ਗਿਆ ਸੀ।

ਬਾਅਦ ਵਿੱਚ, ਪੰਜਾਬ ਸਰਕਾਰ (ਜੀ ਓ ਪੀ) ਨੇ ਜਮੀਨ ਦੀ ਘਟਦੀ ਲੋੜ ਅਤੇ ਉਨ੍ਹਾਂ ਦੀ ਬੇਨਤੀ ਅਨੁਸਾਰ ਪੀ ਡੀ ਏ ਵੱਲੋਂ ਸਤੰਬਰ 2012 ਤੋਂ ਅਦਾਇਗੀਯੋਗ ₹ 1.92 ਕਰੋੜ ਦੇ ਪੱਟਾ ਕਿਰਾਏ ਦੀ ਛੋਟ ਦੇ ਮੱਦੇਨਜਰ ਪੱਟੇ ਦੇ ਦਿੱਤੀ ਜਮੀਨ ਦਾ ਰਕਬਾ 32 ਏਕੜ ਤੋਂ ਘਟਾ ਕੇ 18 ਏਕੜ, 01 ਕਨਾਲ ਅਤੇ 19 ਮਰਲੇ ਕਰਨ ਦੇ ਵਿਭਾਗੀ ਪ੍ਰਸਤਾਵ ਨੂੰ ਆਪਣੀ ਮਨਜ਼ੂਰੀ ਦਿੱਤੀ (24 ਫਰਵਰੀ 2014)। ਹਰ ਤਿਮਾਹੀ ਦੇ ਸ਼ੁਰੂ ਹੋਣ ਦੇ 7 ਵੇਂ ਦਿਨ ਤੱਕ ਤਿਮਾਹੀ ਅਦਾਇਗੀਯੋਗ ਦਾ ਸਲਾਨਾ ਪੱਟਾ ਕਿਰਾਇਆ ਹੁਣ ₹ 82.13 ਲੱਖ ਸੋਧਿਆ ਗਿਆ ਸੀ। ਅਦਾਇਗੀ ਵਿੱਚ ਦੇਰੀ ਲਈ 12 *ਪ੍ਰਤੀਸ਼ਤ* ਦੀ ਦਰ ਨਾਲ ਦੰਡਕ ਵਿਆਜ ਵਸੂਲਣਯੋਗ ਸੀ।

ਵਧੀਕ ਡਇਰੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ) ਪੰਜਾਬ (ਏ ਡੀ ਜੀ ਪੀ) ਦੇ ਦਫਤਰ ਵਿਖੇ ਰਿਕਾਰਡ ਦੀ ਪੜਤਾਲ (ਜਨਵਰੀ 2021) ਨੇ ਦਰਸਾਇਆ ਕਿ ਪੀ ਡੀ ਏ ਨੇ ਦਸੰਬਰ 2015 ਤੱਕ ਪੱਟਾ ਕਿਰਾਇਆ ਅਦਾ ਕੀਤਾ ਅਤੇ ਉਸ ਤੋਂ ਬਾਅਦ ਕੋਈ ਪੱਟਾ ਕਿਰਾਇਆ ਅਦਾ ਨਹੀਂ ਕੀਤਾ ਗਿਆ ਸੀ। ਸਤੰਬਰ 2022 ਤੱਕ ਪੀ ਡੀ ਏ ਦੇ ਵਿਰੁੱਧ ਪੱਟਾਨਾਮਾ ਦੀਆਂ ਸ਼ਰਤਾਂ ਦੇ ਹਿਸਾਬ ਨਾਲ ਦੰਡਕ ਵਿਆਜ ਦੇ ₹ 2.33 ਕਰੋੜ ਸਮੇਤ ₹ 5.54 ਕਰੋੜ ਦਾ ਪੱਟਾ ਕਿਰਾਇਆ ਬਕਾਇਆ ਸੀ। ਲੇਖਾ ਪ੍ਰੀਖਿਆ ਦੇ ਮਾਮਲੇ ਨੂੰ ਫਲੈਗ ਕਰਨ (ਜਨਵਰੀ 2021) ਤੋਂ ਬਾਅਦ ਏ ਡੀ ਜੀ ਪੀ ਨੇ ਬਣਦੇ ਬਕਾਏ ਦੀ ਵਸੂਲੀ ਲਈ ਕਾਨੂੰਨੀ ਨੋਟਿਸ ਜਾਰੀ ਕੀਤਾ (ਅਗਸਤ 2021)।

ਏ ਡੀ ਜੀ ਪੀ ਨੇ ਉੱਤਰ ਦਿੱਤਾ (ਨਵੰਬਰ 2022) ਕਿ ਬਾਰ-ਬਾਰ ਪੱਤਰਵਿਹਾਰ ਦੇ ਬਾਵਜੂਦ ਪੀ ਡੀ ਏ ਨੇ 01 ਜਨਵਰੀ 2016 ਤੋਂ ਪੱਟਾ ਕਿਰਾਇਆ ਅਤੇ ਦੰਡਕ ਵਿਆਜ਼ ਦਾ ਬਕਾਇਆ ਜਮ੍ਹਾਂ ਨਹੀਂ ਕਰਵਾਇਆ। ਇਸ ਤਰ੍ਹਾਂ, ਸਰਕਾਰੀ ਬਕਾਏ ਨੂੰ ਵਸੂਲ ਕਰਨ ਲਈ ਵਿਭਾਗ ਦੀ ਸਮੇਂ

ਸਿਰ/ਠੋਸ ਕਾਰਵਾਈ ਕਰਨ ਦੀ ਅਸਫਲਤਾ ਦੇ ਨਤੀਜੇ ਵਜੋਂ ਸਤੰਬਰ 2022 ਤੱਕ ਪੱਟਾ ਕਿਰਾਇਆ ਅਤੇ ਵਿਆਜ ਦੇ ਕਾਰਣ ₹ 7.87 ਕਰੋੜ ਦਾ ਸਰਕਾਰੀ ਪੈਸਾ ਬਲਾਕ ਹੋ ਗਿਆ।

ਮਾਮਲਾ ਸਰਕਾਰ ਨੂੰ ਭੇਜਿਆ ਗਿਆ ਸੀ (ਜਨਵਰੀ 2022); ਉਨ੍ਹਾਂ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

**ਸਿਫਾਰਸ਼: ਵਿਭਾਗ ਨੂੰ ਆਪਣੇ ਬਣਦੇ ਬਕਾਇਆਂ ਦੀ ਵਸੂਲੀ ਲਈ ਠੋਸ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਰਕਾਰ ਦੇ ਸਾਰੇ ਵਿਭਾਗਾਂ ਨੂੰ ਅਜਿਹੇ ਮਾਮਲਿਆਂ ਦੀ ਜਾਂਚ ਕਰਨੀ ਚਾਹੀਦੀ ਹੈ, ਜਿਥੇ ਸਰਕਾਰੀ ਰੈਵੀਨਿਊ ਬਕਾਇਆ ਅਤੇ ਵਸੂਲੀ ਅਤੇ ਸਰਕਾਰੀ ਹਿੱਤਾਂ ਦੀ ਰੱਖਿਆ ਲਈ ਕਾਰਵਾਈ ਕਰਨੀ ਚਾਹੀਦੀ ਹੈ।**

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ

### 6.5 ਵਿਆਜ/ਦੰਡਕ ਵਿਆਜ ਦਾ ਨੁਕਸਾਨ

**ਅਸਟੇਟ ਆਫਿਸ, ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਜਮੀਨ ਅਲਾਟਮੈਂਟ ਨੀਤੀ ਦੇ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਕਰਨ ਦੀ ਅਸਫਲਤਾ ਕਾਰਣ ₹ 0.71 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ ਅਤੇ ਇਕ ਅਲਾਟੀ ਦਾ ₹ 0.34 ਕਰੋੜ ਨਾਲ ਵਿੱਤੀ ਪੱਖ ਵੀ ਪੂਰਿਆ ਗਿਆ।**

ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਨੇ ਰਾਜ ਵਿੱਚ ਪੁੱਡਾ ਅਤੇ ਹੋਰ ਵਿਕਾਸ ਅਥਾਰਟੀਆਂ ਦੇ ਖੇਤਰ ਅਧੀਨ ਆਉਂਦੀਆਂ ਪੈਟਰੋਲ, ਡੀਜ਼ਲ ਅਤੇ ਤਰਲ ਪੈਟਰੋਲੀਅਮ ਗੈਸ/ਕੰਪਰੈਸਡ ਕੁਦਰਤੀ ਗੈਸ ਦੀਆਂ ਪ੍ਰਚੂਨ ਆਊਟਲੈਟਸ ਸਾਈਟਾਂ ਦੇ ਨਿਪਟਾਰੇ ਲਈ ਇਕ ਨੀਤੀ ਤਿਆਰ ਕੀਤੀ (ਮਾਰਚ 2019)। ਇਸ ਨੀਤੀ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਇਹ ਸਾਈਟਾਂ ਈ-ਨਿਲਾਮੀ ਦੇ ਤਰੀਕੇ ਨਾਲ ਵੇਚੀਆਂ ਜਾਣਗੀਆਂ। ਇਸ ਨੀਤੀ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਸਫਲ ਬੋਲੀਕਾਰ ਵੱਲੋ ਬੋਲੀ ਸਵੀਕਾਰ ਕਰਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਬੋਲੀ ਦੀ ਰਾਸ਼ੀ ਦਾ 15 *ਪ੍ਰਤੀਸ਼ਤ* ਅਦਾ (ਬੋਲੀ ਸਵੀਕਾਰ ਕਰਨ ਦੇ 3 ਦਿਨਾਂ ਦੇ ਅੰਦਰ ਪਹਿਲਾਂ ਹੀ ਜਮ੍ਹਾ ਕਰਵਾਏ ਗਏ 10 *ਪ੍ਰਤੀਸ਼ਤ* ਤੋਂ ਇਲਾਵਾ) ਕਰਨਾ ਹੋਵੇਗਾ। ਬੋਲੀ ਦੀ ਰਾਸ਼ੀ ਦੇ 15 *ਪ੍ਰਤੀਸ਼ਤ* ਪ੍ਰਾਪਤ ਹੋਣ ਤੋਂ ਬਾਅਦ 30 ਦਿਨਾਂ ਦੇ ਅੰਦਰ ਅਲਾਟਮੈਂਟ ਪੱਤਰ ਜਾਰੀ ਕੀਤਾ ਜਾਣਾ ਸੀ। ਬੋਲੀ ਦੀ ਕੀਮਤ ਦਾ ਬਾਕੀ 75 *ਪ੍ਰਤੀਸ਼ਤ* ਅਲਾਟੀ ਵੱਲੋਂ ਅੱਠ ਛਿਮਾਹੀ ਕਿਸ਼ਤਾਂ ਵਿੱਚ ਅਦਾਇਗੀਯੋਗ ਸੀ। ਅਲਾਟੀ ਬਕਾਇਆ ਮੂਲ ਰਾਸ਼ੀ ਤੇ 7.50 *ਪ੍ਰਤੀਸ਼ਤ* ਦੀ ਛੋਟ ਲੈਣ ਲਈ ਅਲਾਟਮੈਂਟ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅੰਦਰ 75 *ਪ੍ਰਤੀਸ਼ਤ* ਬਕਾਏ ਦੀ ਯਕਮੁਸ਼ਤ ਅਦਾਇਗੀ ਵੀ ਕਰ ਸਕਦਾ ਸੀ। ਨੀਤੀ ਵਿੱਚ ਇਹ ਵੀ ਵਿਵਸਥਾ ਕੀਤੀ ਹੈ ਕਿ ਜੇਕਰ ਸਫਲ ਬੋਲੀਕਾਰ ਨੇ ਬੋਲੀ ਰਾਸ਼ੀ ਦਾ 25 *ਪ੍ਰਤੀਸ਼ਤ* ਪੂਰਾ ਕਰਨ ਲਈ 30 ਦਿਨਾਂ ਦੇ ਅੰਦਰ 15 *ਪ੍ਰਤੀਸ਼ਤ* ਰਾਸ਼ੀ ਜਮ੍ਹਾਂ ਨਹੀਂ ਕੀਤੀ ਤਾਂ ਦੇਰੀ ਦੇ ਸਮੇਂ ਲਈ ਬਕਾਇਆ ਰਾਸ਼ੀ ਤੇ 1.5 *ਪ੍ਰਤੀਸ਼ਤ* ਸਰਚਾਰਜ ਅਤੇ ਪਲਾਟ ਦੀ ਕੁੱਲ ਕੀਮਤ (ਪਹਿਲਾਂ ਹੀ ਅਦਾ ਕੀਤੇ 10 *ਪ੍ਰਤੀਸ਼ਤ* ਤੋਂ ਇਲਾਵਾ) ਤੇ 15 *ਪ੍ਰਤੀਸ਼ਤ* ਵਿਆਜ ਦੀ ਅਦਾਇਗੀ 'ਤੇ ਲਿਖਤੀ ਬੇਨਤੀ ਉਪਰ ਵਾਧਾ ਪ੍ਰਦਾਨ ਕੀਤਾ ਜਾ ਸਕਦਾ ਸੀ।

ਲੇਖਾ ਪ੍ਰੀਖਿਆ ਨੇ ਅਸਟੇਟ ਅਫਸਰ, ਮਕਾਨ ਉਸਾਰੀ ਅਤੇ ਪਲਾਟ, ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਦਫਤਰ ਵਿਖੇ ਵੇਖਿਆ (ਨਵੰਬਰ 2021) ਕਿ ਏਅਰੋ ਸਿਟੀ, ਐਸ ਏ ਐਸ ਨਗਰ ਵਿੱਚ ₹ 18.66 ਕਰੋੜ ਵਿੱਚ ਇਕ ਪੈਟਰੋਲ ਪੰਪ ਦੀ ਸਾਈਟ ਦੀ ਨਿਲਾਮੀ

ਕੀਤੀ ਗਈ ਸੀ (ਅਕਤੂਬਰ 2019)। ਸਫਲ ਬੋਲੀਕਾਰ[15] ਨੇ ਤਿੰਨ ਦਿਨਾਂ ਦੇ ਅੰਦਰ 10 *ਪ੍ਰਤੀਸ਼ਤ* ਬੋਲੀ ਦੀ ਰਾਸ਼ੀ (₹ 1.87 ਕਰੋੜ) ਜਮ੍ਹਾ ਕਰਵਾਈ ਪ੍ਰੰਤੂ ਬੋਲੀ ਦੀ ਰਾਸ਼ੀ ਦਾ 15 *ਪ੍ਰਤੀਸ਼ਤ* ਭਾਵ ₹ 2.80 ਕਰੋੜ ਨਿਯਤ ਮਿਤੀ 29 ਨਵੰਬਰ 2019 ਦੇ ਵਿਰੁੱਧ 27 ਜਨਵਰੀ 2020 ਨੂੰ ਭਾਵ 59 ਦਿਨਾਂ ਦੀ ਦੇਰੀ ਦੇ ਬਾਅਦ ਜਮ੍ਹਾ ਕਰਵਾਏ ਗਏ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਵੇਂ ਗਮਾਡਾ ਨੇ ₹ 4.20 ਲੱਖ ਦੇ ਸਰਚਾਰਜ ਦੀ ਵਸੂਲੀ ਕੀਤੀ ਪ੍ਰੰਤੂ ₹ 0.41 ਕਰੋੜ[16] ਦੇ ਬਣਦੇ ਦੰਡਕ ਵਿਆਜ ਵਿੱਚੋਂ ਸਿਰਫ ਬੋਲੀਕਾਰ ਤੋਂ ₹ 0.07 ਕਰੋੜ ਹੀ ਵਸੂਲ ਕੀਤੇ ਸੀ ਜਿਸ ਰਾਹੀਂ ₹ 0.34 ਕਰੋੜ ਨਾਲ ਬੋਲੀਕਾਰ ਦਾ ਪੱਖ ਪੂਰਿਆ ਗਿਆ।

ਅੱਗੇ ਇਹ ਵੀ ਵੇਖਿਆ ਗਿਆ ਸੀ ਕਿ ਬੋਲੀ ਦੀ 25 *ਪ੍ਰਤੀਸ਼ਤ* ਰਾਸ਼ੀ ਪ੍ਰਾਪਤ ਕਰਨ ਤੋਂ ਬਾਅਦ, ਗਮਾਡਾ ਨੇ 21 ਫਰਵਰੀ 2020 ਨੂੰ ਸਿਰਫ ਖਰੜਾ ਅਲਾਟਮੈਂਟ ਪੱਤਰ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਅਤੇ 18 ਨਵੰਬਰ 2020 ਤੱਕ ਵੱਖ-ਵੱਖ ਪ੍ਰਬੰਧਕੀ ਮੰਡਲਾਂ ਵਿੱਚ ਪੱਤਰ ਵਿਹਾਰ ਅਧੀਨ ਰਿਹਾ। ਅਲਾਟਮੈਂਟ ਪੱਤਰ ਮਿਤੀ 26 ਫਰਵਰੀ 2020 ਤੱਕ ਦੀ ਨਿਯਤ ਮਿਤੀ ਦੇ ਵਿਰੁੱਧ, ਅੱਠ ਮਹੀਨੇ ਅਤੇ 26 ਦਿਨਾਂ ਦੀ ਦੇਰੀ ਦੇ ਬਾਅਦ, 23 ਨਵੰਬਰ 2020 ਨੂੰ ਅੰਤਮ ਰੂਪ ਵਿੱਚ ਜਾਰੀ ਕੀਤਾ ਗਿਆ ਸੀ। ਬੋਲੀਕਾਰ ਨੇ 7.5 *ਪ੍ਰਤੀਸ਼ਤ* ਦੀ ਛੋਟ ਦਾ ਲਾਭ ਲੈਣ ਲਈ ਅਲਾਟਮੈਂਟ ਪੱਤਰ ਜਾਰੀ ਹੋਣ ਦੇ 60 ਦਿਨਾਂ ਦੇ ਅੰਦਰ ₹ 12.81 ਕਰੋੜ[17] ਦੀ ਬਕਾਇਆ ਅਦਾਇਗੀ 21 ਜਨਵਰੀ 2021 ਨੂੰ ਜਮ੍ਹਾ ਕਰਵਾ ਦਿੱਤੀ।

ਇਸ ਤਰ੍ਹਾਂ, ਬਕਾਇਆ ਰਾਸ਼ੀ ਜੋ 27 ਅਪ੍ਰੈਲ 2020 ਤੱਕ ਪ੍ਰਾਪਤ ਕੀਤੀ ਜਾ ਸਕਦੀ ਸੀ 21 ਜਨਵਰੀ 2021 ਭਾਵ 8 ਮਹੀਨੇ 26 ਦਿਨਾਂ ਦੀ ਦੇਰੀ ਬਾਅਦ ਪ੍ਰਾਪਤ ਹੋਈ ਸੀ। ਸਿੱਟੇ ਵਜੋਂ, ਗਮਾਡਾ ਨੂੰ 269 ਦਿਨਾਂ[18] ਲਈ ਭਾਵ 28 ਅਪ੍ਰੈਲ 2020 ਤੋਂ 21 ਜਨਵਰੀ 2021 ਤੱਕ ₹ 0.71 ਕਰੋੜ[19] ਦੇ ਵਿਆਜ ਦਾ ਨੁਕਸਾਨ ਸਹਿਣਾ ਪਿਆ। ਇਸਦੇ ਇਲਾਵਾ, ਬੋਲੀਕਾਰ ਤੋਂ ₹ 0.34 ਕਰੋੜ ਦਾ ਦੰਡਕ ਵਿਆਜ ਘੱਟ ਵਸੂਲਿਆ ਗਿਆ ਸੀ।

ਗਮਾਡਾ ਨੇ ਕਿਹਾ (ਨਵੰਬਰ 2021) ਕਿ ਅਲਾਟਮੈਂਟ ਪੱਤਰ ਸਮੇਂ ਸਿਰ ਜਾਰੀ ਕਰਨ ਲਈ ਉਪਰਾਲੇ ਕੀਤੇ ਜਾਣਗੇ ਪ੍ਰੰਤੂ ਉਨ੍ਹਾਂ ਵੱਲੋਂ ਦੰਡਕ ਵਿਆਜ ਚਾਰਜ ਨਾ ਕਰਨ ਦੇ ਮਾਮਲੇ ਵਿੱਚ ਕੁੱਝ ਨਹੀਂ ਕਿਹਾ ਗਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਨੀਤੀ ਅਨੁਸਾਰ ਸਮੇਂ ਸਿਰ ਅਲਾਟਮੈਂਟ ਪੱਤਰ ਜਾਰੀ ਕਰਨ ਅਤੇ ਦੰਡਕ ਵਿਆਜ ਦੀ ਵਸੂਲੀ ਕਰਨ ਨੂੰ ਯਕੀਨੀ ਬਣਾਉਣ ਦੀ ਅਸਫਲਤਾ ਦੇ ਸਿੱਟੇ ਵਜੋਂ ਗਮਾਡਾ ਨੂੰ ₹ 1.05 ਕਰੋੜ ਦਾ ਨੁਕਸਾਨ ਹੋਇਆ।

---

15 ਇੰਡੀਅਨ ਆਇਲ ਕਾਰਪੋਰੇਸ਼ਨ ।

16 ਬਕਾਏ ਤੇ ਦੰਡਕ ਵਿਆਜ ₹ 16.79 ਕਰੋੜ (₹ 18.66 ਕਰੋੜ- ₹ 1.87 ਕਰੋੜ) 59 ਦਿਨਾਂ ਲਈ 15 *ਪ੍ਰਤੀਸ਼ਤ* ਦੀ ਦਰ ਤੇ।

| | | |
|---|---|---|
| 17 | ਬਕਾਇਆ ਅਦਾਇਗੀ | ₹ 13.99 ਕਰੋੜ । |
| | ਘਟਾਈ ਗਈ ਛੋਟ (7.5 *ਪ੍ਰਤੀਸ਼ਤ*) | ₹ 1.05 ਕਰੋੜ । |
| | ਘਟਾਈ ਗਈ ਟੀ ਡੀ ਐਸ ਕਟੌਤੀ | ₹ 0.13 ਕਰੋੜ । |
| 18 | ਬੋਲੀ ਦੀ 25 *ਪ੍ਰਤੀਸ਼ਤ* ਰਾਸ਼ੀ ਪ੍ਰਾਪਤ ਕਰਨ ਦੀ ਮਿਤੀ | 27.01.2020 । |
| | ਅਲਾਟਮੈਂਟ ਪੱਤਰ ਜਾਰੀ ਕਰਨ ਦੀ ਨਿਯਤ ਮਿਤੀ | 26.02.2020 । |
| | ਅਲਾਟਮੈਂਟ ਪੱਤਰ ਜਾਰੀ ਕਰਨ ਦੀ ਅਸਲ ਮਿਤੀ | 23.11.2020 । |
| | ਦੇਰੀ (ਗਿਣਤੀ ਦਿਨਾਂ ਵਿੱਚ) | 269 ਦਿਨ। |

19 7.55 *ਪ੍ਰਤੀਸ਼ਤ* ਦੀ ਦਰ ਨਾਲ ₹ 12.81 ਕਰੋੜ (ਗਮਾਡਾ ਦੇ ਬੈਂਕ ਵਿਆਜ ਦੀ ਪ੍ਰਚਲਿਤ ਔਸਤ ਉਧਾਰ ਦਰ)।

**ਸਿਫਾਰਸ਼: ਵਿਭਾਗ ਨੂੰ ਵਿਆਜ ਦੇ ਨੁਕਸਾਨ ਤੋਂ ਬਚਣ ਲਈ ਵਿਕਾਸਮਈ ਸਾਈਟਾਂ ਦੀ ਨਿਲਾਮੀ ਕਰਦੇ ਸਮੇਂ ਨੀਤੀ ਦੇ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਗਮਾਡਾ ਇਸੇ ਤਰ੍ਹਾਂ ਦੇ ਮਾਮਲਿਆਂ ਅਤੇ ਅਲਾਟੀਆਂ ਤੋਂ ਚਾਰਜ ਕੀਤੇ ਗਏ ਦੰਡਕ ਵਿਆਜ ਦੀ ਮਾਤਰਾ ਦੀ ਸਮੀਖਿਆ ਕਰ ਸਕਦਾ ਹੈ।**

ਮਾਮਲਾ ਸਰਕਾਰ ਨੂੰ ਭੇਜਿਆ ਗਿਆ ਸੀ (ਫਰਵਰੀ 2023); ਉਨ੍ਹਾਂ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

## ਸਥਾਨਕ ਸਰਕਾਰ ਵਿਭਾਗ

## 6.6 ਉਪਲਬਧ ਕੇਂਦਰੀ ਸਹਾਇਤਾ ਨਾ ਮਿਲਣਾ

**ਬੀ ਆਰ ਟੀ ਐਸ ਲਈ ਬੱਸਾਂ ਖਰੀਦਣ ਲਈ ਪ੍ਰਸਤਾਵ ਭੇਜਣ ਦੀ ਸਮਾਂ ਸੀਮਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਦੇ ਨਤੀਜੇ ਵਜੋਂ ਪ੍ਰਸਤਾਵ ਰੱਦ ਹੋਇਆ ਅਤੇ ₹ 11.00 ਕਰੋੜ ਦੀ ਉਪਲਬਧ ਕੇਂਦਰੀ ਸਹਾਇਤਾ ਨਹੀਂ ਮਿਲੀ।**

ਸ਼ਹਿਰੀ ਵਿਕਾਸ ਮੰਤਰਾਲਾ, (ਐਮ ਓ ਯੂ ਡੀ) ਭਾਰਤ ਸਰਕਾਰ (ਜੀ ਓ ਆਈ) ਨੇ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵਿਆਉਣ ਮਿਸ਼ਨ (ਮਿਸ਼ਨ) ਅਧੀਨ ਸ਼ਹਿਰੀ ਆਵਾਜਾਈ ਪ੍ਰਣਾਲੀ ਲਈ ਬੱਸਾਂ ਦੀ ਫਾਇਨਾਸਿੰਗ ਵਾਸਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ (ਅਗਸਤ 2013)। ਰਾਜ ਸਰਕਾਰਾਂ ਨੂੰ ਕੇਂਦਰੀ ਮਨਜ਼ੂਰੀ ਅਤੇ ਨਿਗਰਾਨ ਕਮੇਟੀ (ਸੀ ਐਸ ਐਮ ਸੀ) ਤੋਂ ਤਰਜੀਹੀ ਅਧਾਰ ਤੇ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਵਿਸਥਾਰਤ ਪ੍ਰੋਜੈਕਟ ਰਿਪੋਰਟਾਂ (ਡੀ ਪੀ ਆਰ) ਤਿਆਰ ਕਰਨ ਲਈ ਨਿਰਦੇਸ਼ ਦਿੱਤੇ ਗਏ ਸਨ। ਰਾਜ ਸਰਕਾਰ/ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਨੂੰ ਪਹਿਲੀ ਕਿਸ਼ਤ ਜਾਰੀ ਕਰਨ ਲਈ ਮਨਜ਼ੂਰੀ ਦੇ ਦੋ ਮਹੀਨਿਆਂ ਦੇ ਅੰਦਰ ਸ਼ਰਤਾਂ[20] ਨੂੰ ਪੂਰਾ ਕਰਨਾ ਲੋੜੀਂਦਾ ਸੀ। ਮਿਸ਼ਨ ਅਧੀਨ ਦੱਸ ਤੋਂ ਚਾਲੀ ਲੱਖ ਦੀ ਅਬਾਦੀ ਵਾਲੇ ਸ਼ਹਿਰਾ ਲਈ ਬੱਸਾਂ ਦੀ ਖਰੀਦ ਦੀ ਅਸਲ ਲਾਗਤ ਦੀ ਪੰਜਾਹ *ਪ੍ਰਤੀਸ਼ਤ* ਪ੍ਰਤੀਪੂਰਤੀ ਉਪਲਬਧ ਸੀ।

ਪੰਜਾਬ ਸਰਕਾਰ (ਜੀ ਓ ਪੀ) ਨੇ ਰਾਜ ਦੇ ਸ਼ਹਿਰੀ ਖੇਤਰਾਂ ਵਿੱਚ ਜਨਤਕ ਆਵਾਜਾਈ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਲਈ ਸਾਲ 2013 ਵਿੱਚ ਪੰਜਾਬ ਬੱਸ ਮੈਟਰੋ ਸੁਸਾਇਟੀ (ਸੁਸਾਇਟੀ) ਦੇ ਨਾਂਅ ਵਾਲੀ ਇਕ ਸੁਸਾਇਟੀ ਸਥਾਪਤ ਕੀਤੀ (ਮਈ 2013)। ਸੁਸਾਇਟੀ ਦੇ ਨਿਯਮ ਵਿਵਸਥਾ ਕਰਦੇ ਹਨ ਕਿ ਗਵਰਨਰਾਂ ਦਾ ਬੋਰਡ (ਬੀ ਓ ਜੀ) ਬੱਸਾਂ ਦੀ ਖਰੀਦ ਲਈ ਚੁਣੇ ਗਏ ਬੋਲੀਕਾਰ ਨੂੰ ਅਵਾਰਡ ਪੱਤਰ (ਐਲ ਓ ਏ) ਜਾਰੀ ਕਰਨ ਲਈ ਸਮਰੱਥ ਅਥਾਰਟੀ ਸੀ, ਹਾਲਾਂਕਿ ਕਾਰਜਕਾਰੀ ਕਮੇਟੀ (ਈ ਸੀ) ਜਾਂ ਚੇਅਰਮੈਨ ਫੈਸਲੇ ਲੈ ਸਕਦਾ ਸੀ ਅਤੇ ਬੀ ਓ ਜੀ ਤੋਂ ਉਨ੍ਹਾਂ ਦੀ ਅਗਲੀ ਮੀਟਿੰਗ ਵਿੱਚ ਇਸ ਦੀ ਤਸਦੀਕ ਕਰਵਾ ਸਕਦਾ ਸੀ।

ਸੁਸਾਇਟੀ ਦੇ ਰਿਕਾਰਡ ਦੀ ਨਮੂਨਾ ਜਾਂਚ (ਦਸੰਬਰ 2021) ਨੇ ਦਰਸਾਇਆ ਕਿ 93 ਬੱਸਾਂ ਦੀ ਖਰੀਦ ਲਈ ਬੱਸ ਰੈਪਿਡ ਟਰਾਂਜ਼ਿਟ ਸਿਸਟਮ (ਬੀ ਆਰ ਟੀ ਐਸ) ਅੰਮ੍ਰਿਤਸਰ ਲਈ

20 ਸ਼ਹਿਰ ਵਿਸ਼ੇਸ਼ ਐਸ ਪੀ ਵੀ ਦੀ ਸਥਾਪਨਾ, ਬੱਸਾਂ ਲਈ ਖਰੀਦ ਦਾ ਆਦੇਸ਼ ਦੇਣਾ, ਡਿਪੂ ਜਮੀਨ/ ਐਸ ਪੀ ਵੀ ਨੂੰ ਟਰਾਂਸਫਰ ਹੋਣ ਵਾਲੀਆਂ ਵਰਕਸ਼ਾਪ ਸਹੂਲਤਾਂ ਲਈ ਡਿਪੂ, ਜਿਵੇਂ ਕਿ ਦਿਸ਼ਾ-ਨਿਰਦੇਸ਼ਾ ਦੇ ਪੈਰ੍ਹਾ 13 ਵਿੱਚ ਕਿਹਾ ਗਿਆ ਹੈ, ਬੱਸਾਂ ਦੀ ਲਾਗਤ ਲਈ ਵਿੱਤੀ ਵਿਚੋਲਿਆ ਨਾਲ ਟਾਈ-ਅਪ ਦੇ ਸਬੂਤ ਪੇਸ਼ ਕਰਨਾ ਅਤੇ ਵੱਖ-ਵੱਖ ਸੁਧਾਰਾਂ ਦੀ ਪ੍ਰਾਪਤੀ ਲਈ ਮੀਲ ਪੱਥਰ ਪੇਸ਼ ਕਰਨੇ।

27 ਸਤੰਬਰ 2013 ਨੂੰ ਈ ਸੀ ਵੱਲੋਂ ਡੀ ਪੀ ਆਰ ਮਨਜ਼ੂਰ ਕੀਤਾ ਗਿਆ ਸੀ, ਪ੍ਰੰਤੂ ਇਸ ਨੂੰ ਸੁਸਾਇਟੀ ਵੱਲੋਂ, ਲਗਭੱਗ ਤਿੰਨ ਮਹੀਨਿਆਂ ਦੇ ਅੰਤਰਾਲ ਦੇ ਬਾਅਦ ਦਸੰਬਰ 2013 ਨੂੰ ਭਾਰਤ ਸਰਕਾਰ (ਜੀ ਓ ਆਈ) ਨੂੰ ਭੇਜਿਆ ਗਿਆ ਸੀ।

ਸੀ ਐਸ ਐਮ ਸੀ ਨੇ ਬੀ ਆਰ ਟੀ ਐਸ ਲਈ 93 ਬੱਸਾਂ ( ₹ 22.00 ਕਰੋੜ ਦੀ ਅਨੁਮਾਨਤ ਲਾਗਤ ਨਾਲ 50 ਬੱਸਾਂ ਅਤੇ 43 ਬੱਸਾਂ ਇਸ ਸ਼ਰਤ ਤੇ ਕਿ ਇਸ ਖਰੀਦ ਲਈ ਫੰਡਿੰਗ ਹੋਰ ਰਾਜਾਂ ਵੱਲੋਂ ਬੱਸਾਂ ਦੀ ਸਪੁਰਦਗੀ 'ਤੇ ਕੀਤੀ ਜਾਵੇਗੀ) ਦੀ ਖਰੀਦ ਲਈ ਮਨਜ਼ੂਰੀ ਦਿੱਤੀ (ਫਰਵਰੀ 2014)। ਸੀ ਐਸ ਐਮ ਸੀ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਖਰੀਦ ਦੇ ਆਦੇਸ਼ਾਂ ਦੀ ਪ੍ਰਾਪਤੀ ਦੇ ਅਧਾਰ ਤੇ ਰਿਲੀਜ਼ ਕੀਤੀ ਜਾਵੇਗੀ ਅਤੇ ਇਸ ਦੀ ਜੀ ਓ ਪੀ ਵੱਲੋਂ ਸਹਿਮਤੀ ਦਿੱਤੀ ਗਈ ਸੀ।

ਰਾਜ ਸਰਕਾਰ/ਵਿਭਾਗ ਵੱਲੋਂ ਬੱਸਾਂ ਦੀ ਖਰੀਦ ਦੀ ਮਨਜ਼ੂਰੀ (ਅਗਸਤ 2014) ਜੀ ਓ ਆਈ ਵੱਲੋਂ ਡੀ ਪੀ ਆਰ ਦੀ ਮਨਜ਼ੂਰੀ ਤੋਂ ਛੇ ਮਹੀਨੇ ਬੀਤ ਜਾਣ ਦੇ ਬਾਅਦ ਦਿੱਤੀ ਗਈ ਸੀ। ਸੀ ਐਸ ਐਮ ਸੀ ਨੇ ਆਪਣੀ ਮੀਟਿੰਗ (06 ਜਨਵਰੀ 2015) ਵਿੱਚ ਐਮ ਓ ਯੂ ਡੀ ਨੂੰ ਬੱਸਾਂ ਦੀ ਖਰੀਦ ਆਦੇਸ਼ ਭੇਜਣ ਲਈ 10 ਫਰਵਰੀ 2015 ਆਖਰੀ ਮਿਤੀ ਵਜੋਂ ਨਿਰਧਾਰਤ ਕੀਤੀ। ਜਦੋਂਕਿ 93 ਬੱਸਾਂ ਦੀ ਖਰੀਦ ਲਈ ਸੁਸਾਇਟੀ ਵੱਲੋਂ 31.03.2015 ਨੂੰ ਖਰੀਦ ਆਦੇਸ਼ ਜਾਰੀ ਕੀਤਾ ਗਿਆ ਸੀ।

ਇਸ ਦੇ ਬਾਅਦ, ਵਾਧੂ ਕੇਂਦਰੀ ਸਹਾਇਤਾ ਜਾਰੀ ਕਰਨ ਲਈ ਮਾਮਲਾ ਐਮ ਓ ਯੂ ਡੀ ਨਾਲ 10 ਅਪ੍ਰੈਲ 2015 ਨੂੰ ਉਠਾਇਆ ਗਿਆ ਸੀ। ਐਮ ਓ ਯੂ ਡੀ ਨੇ ਸੂਚਿਤ ਕੀਤਾ (ਮਈ 2015) ਕਿ ਖਰੀਦ ਦਾ ਆਦੇਸ਼ ਨਿਯਤ ਮਿਤੀ ਤੋਂ ਬਾਅਦ ਦਿੱਤਾ ਗਿਆ ਸੀ ਅਤੇ ਹੁਣ ਮੰਤਰਾਲੇ ਕੋਲ ਮਿਸ਼ਨ ਅਧੀਨ ਕੋਈ ਬਜਟ ਉਪਬੰਧ ਨਹੀਂ ਸੀ, ਇਸ ਲਈ ਕੋਈ ਫੰਡ ਜਾਰੀ ਨਹੀਂ ਹੋ ਸਕਦੇ ਸਨ। ਪੰਜਾਬ ਸਰਕਾਰ ਨੇ ਫੈਸਲਾ ਕੀਤਾ (ਅਕਤੂਬਰ 2016) ਕਿ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਬੱਸਾਂ ਦੀ ਖਰੀਦ ਲਈ ਫੰਡ ਪ੍ਰਦਾਨ ਕਰੇਗਾ। ਇਸ ਅਨੁਸਾਰ 93 ਬੱਸਾਂ ਦਸੰਬਰ 2016 ਅਤੇ ਦਸੰਬਰ 2018 ਦੇ ਵਿਚਕਾਰ ₹ 41.45 ਕਰੋੜ ਦੀਆਂ ਖਰੀਦੀਆਂ ਗਈਆ ਸਨ।

ਇਸ ਤਰ੍ਹਾ, ਸੁਸਾਇਟੀ ਵਲੋਂ ਬੀ ਆਰ ਟੀ ਐਸ ਲਈ ਬੱਸਾਂ ਦੀ ਖਰੀਦ ਲਈ ਪ੍ਰਸਤਾਵ ਭੇਜਣ ਦੀ ਸਮਾਂ ਸੀਮਾ ਦੀ ਪਾਲਣਾ ਕਰਨ ਵਿੱਚ ਅਸਫਲਤਾ ਦੇ ਸਿੱਟੇ ਵਜੋਂ ਪ੍ਰਸਤਾਵ ਰੱਦ ਹੋਇਆ ਅਤੇ ₹ 11.00 ਕਰੋੜ ਦੀ ਉਪਲਬਧ ਕੇਂਦਰੀ ਸਹਾਇਤਾ ਨਹੀਂ ਮਿਲੀ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਜਨਵਰੀ 2023); ਉਨ੍ਹਾਂ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

## ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ

## 6.7 ਫੰਡਾਂ ਦੀ ਸ਼ੱਕੀ ਦੁਰਵਰਤੋਂ

**ਕਾਰਜਕਾਰੀ ਅਧਿਕਾਰੀ ਪੰਚਾਇਤ ਸੰਮਤੀ (ਈ ਓ ਪੀ ਐਸ) ਬਟਾਲਾ ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਜਿਲ੍ਹਾ ਪ੍ਰੀਸ਼ਦ ਮੋਗਾ ਦੇ ਦਫਤਰ ਵਿਖੇ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ ਵੱਲੋਂ ਕੋਡਲ ਉਪਬੰਧਾਂ ਦੀ ਗੈਰ-ਪਾਲਣਾ ਦੇ ਸਿੱਟੇ ਵਜੋਂ ₹ 39.04 ਲੱਖ ਦੀ ਸ਼ੱਕੀ ਦੁਰਵਰਤੋਂ ਹੋਈ।**

ਪੰਜਾਬ ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਵਿੱਤ, ਬਜਟ ਅਤੇ ਲੇਖਾ ਨਿਯਮਾਵਲੀ, 2014 (ਨਿਯਮਾਵਲੀ) ਦੀ ਧਾਰਾ 193 ਨਿਯਮ 46 ਅਤੇ ਪੈਰ੍ਹਾ 47 (1) ਕਾਰਜਕਾਰੀ ਅਧਿਕਾਰੀ

(ਈ ਓ)/ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਨੂੰ ਇਹ ਦੇਖਣ ਲਈ ਜਿੰਮੇਵਾਰ ਬਣਾਉਂਦੇ ਹਨ ਕਿ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦਾ ਬਕਾਇਆ ਸਾਰਾ ਰੈਵੀਨਿਊ ਜਾਂ ਹੋਰ ਕਰਜ਼ੇ ਜੋ ਲੇਖੇ ਵਿੱਚ ਲਿਆਂਉਣੇ ਹਨ, ਸਹੀ, ਤੁਰੰਤ ਅਤੇ ਨਿਯਮਤ ਤੌਰ ਤੇ ਮੁਲਾਂਕਣ ਕੀਤੇ ਗਏ ਹਨ, ਪ੍ਰਾਪਤ ਕੀਤੇ ਗਏ ਹਨ ਅਤੇ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਫੰਡ ਦੇ ਲੇਖੇ ਵਿੱਚ ਜਮ੍ਹਾ ਕੀਤੇ ਗਏ ਹਨ। ਨਿਯਮਾਵਲੀ ਦਾ ਨਿਯਮ 47 (1) ਇਹ ਵਿਵਸਥਾ ਕਰਦਾ ਹੈ ਕਿ ਇਹ ਈ ਓ ਦਾ ਫਰਜ਼ ਹੈ ਕਿ ਇਹ ਦੇਖਣ ਕਿ ਇਕੱਤਰ ਕੀਤੇ ਰੈਵੀਨਿਊ ਨੂੰ ਸਹੀ ਅਤੇ ਤੁਰੰਤ ਲੇਖੇ ਵਿੱਚ ਲਿਆਂਦਾ ਗਿਆ ਹੈ ਅਤੇ ਕੋਈ ਲੀਕੇਜ਼ ਨਹੀਂ ਹੈ। ਈ ਓ/ਸੀ ਈ ਓ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਸਾਰੇ ਢੁਕਵੇ ਉਪਾਅ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਪ੍ਰਾਪਤ ਹੋਈਆਂ ਪ੍ਰਾਪਤੀਆ ਦੇ ਲੇਖਿਆਂ ਦੀ ਨਮੂਨਾ ਜਾਂਚ ਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ) ਭਾਗ-I ਦਾ ਨਿਯਮ 2.2 ਵਿਵਸਥਾ ਕਰਦਾ ਹੈ ਕਿ (i) ਸਰਕਾਰ ਦੀ ਤਰਫੋਂ ਪੈਸਾ ਪ੍ਰਾਪਤ ਕਰਨ ਵਾਲੇ ਹਰੇਕ ਅਧਿਕਾਰੀ ਨੂੰ ਇਕ ਕੈਸ਼ ਬੁੱਕ ਰੱਖਣੀ ਚਾਹੀਦੀ ਹੈ ਅਤੇ (ii) ਸਾਰੇ ਵਿੱਤੀ ਲੈਣ ਦੇਣ ਜਦੋਂ ਹੁੰਦੇ ਹਨ ਉਦੋਂ ਜਲਦੀ ਤੋਂ ਜਲਦੀ ਕੈਸ਼ ਬੁੱਕ ਵਿੱਚ ਦਰਜ ਕੀਤੇ ਜਾਣੇ ਚਾਹੀਦੇ ਹਨ ਜਿਹੜੇ ਕਿ ਜਾਂਚ ਦੇ ਚਿੰਨ ਵਜੋਂ ਦਫਤਰ ਦੇ ਮੁਖੀ ਵੱਲੋਂ ਤਸਦੀਕ ਕੀਤੇ ਜਾਣੇ ਚਾਹੀਦੇ ਹਨ। ਪੀ ਐਫ ਆਰ ਭਾਗ-I ਦਾ ਨਿਯਮ 2.4 ਵਿਵਸਥਾ ਕਰਦਾ ਹੈ ਕਿ ਕੈਸ਼ਬੁਕ 'ਤੇ ਦਸਤਖਤ ਕਰਨ ਵੇਲੇ ਦਿਨ ਦੇ ਅੰਤ ਵਿੱਚ, ਦਫਤਰ ਦੇ ਮੁਖੀ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਦਿਨ ਦੇ ਦੌਰਾਨ ਇਕੱਠੀਆ ਕੀਤੀਆਂ ਗਈਆ ਵਿਭਾਗੀ ਪ੍ਰਾਪਤੀਆਂ ਉਸ ਦਿਨ ਜਾਂ ਅਗਲੇ ਦਿਨ ਦੀ ਸਵੇਰ ਨੂੰ ਸਰਕਾਰੀ ਲੇਖੇ ਵਿੱਚ ਜਮਾਂ ਹੋ ਜਾਂਦੀਆ ਹਨ। ਅੱਗੇ, ਪੀ ਐਫ ਆਰ ਦਾ ਨਿਯਮ 4.1 ਵਿਵਸਥਾ ਕਰਦਾ ਹੈ ਕਿ ਸਰਕਾਰੀ ਕੰਟਰੋਲਿੰਗ ਅਧਿਕਾਰੀਆਂ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਸਰਕਾਰ ਦੀਆਂ ਬਣਦੀਆਂ ਸਾਰੀਆਂ ਰਾਸ਼ੀਆਂ ਨੂੰ ਤੁਰੰਤ ਅਤੇ ਨਿਯਮਤਤਾ ਨਾਲ ਨਿਰਧਾਰਣ, ਪ੍ਰਾਪਤ ਕਰਕੇ ਖਜ਼ਾਨੇ/ਬੈਂਕ ਵਿਚ ਜਮ੍ਹਾਂ ਕੀਤਾ ਗਿਆ ਹੈ। ਪੰਜਾਬ ਸਰਕਾਰ (ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ) ਤਨਖਾਹਾਂ /ਕੰਟਰੀਬਿਊਟਰੀ ਪ੍ਰਾਈਵੇਟ ਫੰਡ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਸ਼ਰਾਬ ਸੈੱਸ ਦੀ ਉਗਰਾਹੀ ਵਿੱਚੋਂ ਪੰਚਾਇਤ ਸੰਮਤੀਆ ਨੂੰ ਉਸ ਹੱਦ ਤੱਕ ਫੰਡ[21] ਅਲਾਟ ਕਰ ਰਹੀ ਸੀ, ਜਿਸ ਹੱਦ ਤੱਕ ਪੰਚਾਇਤ ਸੰਮਤੀਆਂ ਦੀ ਇਕੱਠੀ ਕੀਤੀ ਰੈਵੀਨਿਊ ਤਨਖਾਹਾਂ ਤੇ ਹੋਣ ਵਾਲੇ ਸੰਭਾਵਿਤ ਖਰਚਿਆਂ ਤੋਂ ਘੱਟ ਰਹੀ ਸੀ।

**(ੳ)** ਕਾਰਜਕਾਰੀ ਅਧਿਕਾਰੀ ਪੰਚਾਇਤ ਸੰਮਤੀ (ਈ ਓ ਪੀ ਐਸ) ਬਟਾਲਾ ਨੇ 93 ਦੁਕਾਨਾਂ[22] ਦੁਕਾਨਦਾਰਾਂ ਨੂੰ ਕਿਰਾਏ ਤੇ ਦਿੱਤੀਆ ਸਨ। ਸੰਮਤੀ ਦੇ ਰਿਕਾਰਡ ਦੀ ਨਮੂਨਾ ਜਾਂਚ (ਅਕਤੂਬਰ 2021) ਨੇ ਦਰਸਾਇਆ ਕਿ ਦੁਕਾਨਦਾਰਾਂ ਨਾਲ ਕੋਈ ਲੀਜ਼ ਡੀਡ ਜਾਂ ਕਿਰਾਇਆ ਇਕਰਾਰਨਾਮਾ ਨਹੀਂ ਬਣਾਇਆ ਗਿਆ ਸੀ। ਪੰਚਾਇਤ ਸੰਮਤੀ ਨੂੰ ਕਿਰਾਏ 'ਤੇ ਦਿੱਤੀ ਗਈ ਹਰੇਕ ਦੁਕਾਨ ਦੇ ਕਵਰ ਖੇਤਰ ਦਾ ਪਤਾ ਨਹੀਂ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪੰਚਾਇਤ ਸੰਮਤੀ ਨੇ ਜੂਨ 2013 ਤੋਂ ਜੂਨ 2014 ਅਤੇ 21.05.2016 ਤੋਂ 21.04.2017 ਦੇ ਸਮੇਂ ਲਈ ਕੈਸ਼ ਬੁੱਕ ਤਿਆਰ ਨਹੀਂ ਕੀਤੀ। ਇਸ ਦੇ ਇਲਾਵਾ, ਅਪ੍ਰੈਲ 2012 ਤੋਂ ਅਗਸਤ 2017 ਦੇ ਸਮੇਂ ਲਈ ਕਿਰਾਇਆ ਇਕੱਠਾ ਕਰਨ ਦਾ ਰਜਿਸਟਰ (ਐਸ), ਰਸੀਦ ਬੁੱਕਸ ਦੇ ਕਾਊਂਟਰਫਾਈਲਜ਼, ਇਕੱਠਾ ਕੀਤੇ ਗਏ ਕਿਰਾਏ ਦੇ ਵੇਰਵੇ ਅਤੇ ਰਸੀਦ ਬੁੱਕਸ[23] ਦਾ ਸਟਾਕ ਰਜਿਸਟਰ ਵੀ ਪੰਚਾਇਤ ਕੋਲ ਰੱਖਿਆ/ ਉਪਲਬਧ ਨਹੀਂ ਸੀ ਅਤੇ ਲੇਖਾ ਪ੍ਰੀਖਿਆ ਤਸਦੀਕ ਲਈ ਪੇਸ਼ ਨਹੀਂ ਕੀਤਾ ਗਿਆ ਸੀ।

21 ਪੰਚਾਇਤੀ ਸੰਮਤੀਆਂ ਵੱਲੋਂ ਕੀਤੀ ਗਈ ਮੰਗ ਦੇ ਅਧਾਰ ਤੇ।

22 ਜੇਲ੍ਹ ਘਰ ਮਾਰਕੀਟ ਵਿੱਚ 48 ਦੁਕਾਨਾਂ, ਦਫਤਰ ਕੰਪਲੈਕਸ ਬਟਾਲਾ ਵਿੱਚ ਨੌ ਦੁਕਾਨਾਂ, ਡੇਰਾ ਰੋਡ ਬਟਾਲਾ ਅਤੇ ਬਟਾਲਾ ਕਲੱਬ ਵਿੱਚ 35 ਦੁਕਾਨਾਂ।

23 ਗ੍ਰਾਮ ਪੰਚਾਇਤ ਐਕਟ, 1994 ਵਿੱਚ ਪ੍ਰਦਾਨ ਕੀਤੇ ਅਨੁਸਾਰ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਕਿਰਾਏ ਤੇ ਦਿੱਤੀਆ ਗਈਆ ਦੁਕਾਨਾਂ ਨਿਯਤ ਮਹੀਨਾਵਾਰ ਕਿਰਾਏ ਤੇ ਦਿੱਤੀਆਂ ਗਈਆਂ ਸਨ ਅਤੇ ਬਟਾਲਾ ਕਲੱਬ ਵਿਖੇ ਦੁਕਾਨਾਂ ਨੂੰ ਛੱਡ ਕੇ 2012 ਤੋਂ ਕੋਈ ਕਿਰਾਇਆ ਸੋਧ ਨਹੀਂ ਕੀਤੀ ਗਈ ਸੀ। ਜਿਵੇਂ ਕਿ ਦੁਕਾਨਦਾਰਾਂ ਤੋਂ ਇਕੱਠਾ ਕੀਤੇ ਗਏ ਕਿਰਾਏ ਦੇ ਪੱਖ ਵਿੱਚ ਬੁਨਿਆਦੀ ਰਿਕਾਰਡ ਰੱਖਿਆ/ਉਪਲਬਧ ਨਹੀਂ ਸੀ ਲੇਖਾ ਪ੍ਰੀਖਿਆ ਨੇ ਈ ਓ ਪੀ ਐਸ ਤੋਂ ਇਸ ਬਾਰੇ ਪੁਛਗਿੱਛ ਕੀਤੀ (ਅਕਤੂਬਰ 2021)। ਜਵਾਬ ਵਿੱਚ ਈ ਓ ਪੀ ਐਸ ਨੇ ਦੁਕਾਨਦਾਰਾਂ ਤੋਂ ਅਸਲ ਰਸੀਦਾਂ ਪ੍ਰਾਪਤ ਕਰਕੇ ਦੁਕਾਨਦਾਰਾਂ ਨੂੰ ਜਾਰੀ ਕੀਤੀਆਂ ₹ 46.71 ਲੱਖ ਦੀ ਰਾਸ਼ੀ ਦੀਆਂ ਰਸੀਦਾਂ ਮੁਹੱਈਆ ਕਰਵਾਈਆਂ। ਇਹ ਵਿਭਾਗ ਦੀ ਸਰਕਾਰੀ ਰਿਕਾਰਡ ਦੇ ਰੱਖ-ਰਖਾਅ ਵਿੱਚ ਢਿੱਲ ਮੱਠ ਦੀ ਪਹੁੰਚ ਨੂੰ ਦਰਸਾਉਂਦਾ ਹੈ।

ਲੇਖਾ ਪ੍ਰੀਖਿਆ ਨੇ ਹਿਸਾਬ ਲਗਾਇਆ ਕਿ ਸੰਮਤੀ ਵੱਲੋਂ ਅਪ੍ਰੈਲ 2012 ਤੋਂ ਅਗਸਤ 2017 ਦੌਰਾਨ ਕਿਰਾਏ ਦੇ ਇਕੱਠੇ ਕੀਤੇ ₹ 46.71 ਲੱਖ ਵਿੱਚੋ ਕੈਸ਼ ਬੁੱਕ ਵਿੱਚ ਸਿਰਫ ₹ 8.86 ਲੱਖ ਦਰਜ ਕੀਤੇ ਗਏ ਸਨ। ਸੰਮਤੀ ਨੇ ਲੇਖਾ ਪ੍ਰੀਖਿਆ ਨੂੰ ₹ 37.85 ਲੱਖ ਦੇ ਬਕਾਏ ਦੇ ਲੇਖੇ ਜੋਖੇ ਦਾ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਨਾਂ ਹੀ ਸੰਮਤੀ ਦੇ ਬੈਂਕ ਖਾਤੇ ਵਿੱਚ ਜਮ੍ਹਾ ਕੀਤੀ ਜਾ ਰਹੀ ਰਾਸ਼ੀ ਦਾ ਕੋਈ ਸਬੂਤ ਪੇਸ਼ ਕੀਤਾ। ਇਹ ਸ਼ੱਕ ਹੈ ਕਿ ਇਸ ਸਰਕਾਰੀ ਪੈਸੇ ਦੀ ਦੁਰਵਰਤੋਂ ਕੀਤੀ ਗਈ ਹੈ।

ਤੱਥਾਂ ਨੂੰ ਸਵੀਕਾਰ ਕਰਦੇ ਹੋਏ ਈ ਓ ਪੀ ਐਸ ਨੇ ਕਿਹਾ (ਜਨਵਰੀ 2023) ਕਿ ਵਧੀਕ ਡਿਪਟੀ ਕਮਿਸ਼ਨਰ (ਡੀ)-ਕਮ-ਮੁੱਖ ਕਾਰਜਕਾਰੀ ਅਧਿਕਾਰੀ ਜਿਲ੍ਹਾ ਪ੍ਰੀਸ਼ਦ ਗੁਰਦਾਸਪੁਰ ਦੀ ਪ੍ਰਵਾਨਗੀ ਪ੍ਰਾਪਤ ਹੋਣ ਤੇ ਗੁੰਮ ਹੋਏ ਰਿਕਾਰਡ ਦੀ ਪਹਿਲੀ ਜਾਣਕਾਰੀ ਰਿਪੋਰਟ (ਐਫ ਆਈ ਆਰ) ਦਰਜ ਕਾਰਵਾਈ ਜਾਵੇਗੀ। ਉਸਨੇ ਜੋੜਿਆ ਕਿ ਸਮਰੱਥ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਦੋਸ਼ੀ ਕਰਮਚਾਰੀਆਂ ਤੋਂ ਵਸੂਲੀ ਕੀਤੀ ਜਾਵੇਗੀ। ਲੇਖਾ ਪ੍ਰੀਖਿਆ ਵਿੱਚ ਉੱਤਰ ਸਵੀਕਾਰਯੋਗ ਨਹੀਂ ਹੈ ਕਿਉਂਕਿ ਘੱਟੋ ਘੱਟ ਸਤੰਬਰ 2017 ਤੋਂ ਮਾਮਲਾ ਧਿਆਨ ਵਿੱਚ ਹੋਣ ਦੇ ਬਾਵਜੂਦ ਮਾਮਲੇ ਵਿੱਚ ਕਾਰਵਾਈ ਅਜੇ ਸ਼ੁਰੂ ਹੋਣੀ ਹੈ। ਇਹ ਹੇਰਾ ਫੇਰੀ ਵਾਪਰੀ ਕਿਉਂਕਿ ਡੀ ਡੀ ਓ/ਈ ਓ ਪੀ ਐਸ ਨੇ ਨਿਰਧਾਰਤ ਰਿਕਾਰਡ ਦੇ ਰੱਖ ਰਖਾਅ ਨੂੰ ਯਕੀਨੀ ਨਹੀਂ ਬਣਾਇਆ ਕੈਸ਼ ਬੁੱਕ, ਕਿਰਾਇਆ ਉਗਰਾਹੀ ਰਜਿਸਟਰ, ਰਸੀਦ ਬੁਕਸ ਦੇ ਕਾਊਟਰਫਾਇਲਜ਼, ਇਕੱਠਾ ਕੀਤੇ ਗਏ ਕਿਰਾਏ ਦੇ ਵੇਰਵੇ ਅਤੇ ਰਸੀਦ ਬੁੱਕਸ ਦਾ ਸਟਾਕ ਰਜਿਸਟਰ ਅਤੇ ਨਿਰਧਾਰਤ ਨਿਗਰਾਨੀ/ਜਾਂਚਾਂ ਨੂੰ ਅਪਣਾਉਣ ਵਿੱਚ ਅਸਫਲ ਹੋਣ ਦੇ ਕਾਰਣ ₹ 37.85 ਲੱਖ ਦੀ ਸ਼ੱਕੀ ਦੁਰਵਰਤੋਂ ਹੋਈ।

**(ਅ)** ਮੁੱਖ ਕਾਰਜਕਾਰੀ ਅਧਿਕਾਰੀ, ਜਿਲ੍ਹਾ ਪ੍ਰੀਸ਼ਦ ਮੋਗਾ ਦੇ ਦਫਤਰ ਵਿੱਚ ਰਿਕਾਰਡ ਦੀ ਨਮੂਨਾ ਜਾਂਚ (ਅਪ੍ਰੈਲ 2022) ਨੇ ਦਰਸਾਇਆ ਕਿ ਕੈਸ਼ ਬੁੱਕ ਵਿੱਚ ਮਿਤੀ 27.08.2019 ਨੂੰ ₹ 97,980/- ਅਤੇ 24.02.2020 ਨੂੰ 20,984/- ਦੇ ਪਏ ਬਕਾਏ ਨੂੰ ਕੈਸ਼ ਬੁੱਕ ਦੇ ਸਬੰਧਤ ਡੀਲਿੰਗ ਕਲਰਕ/ਲੇਖਕ ਵੱਲੋਂ ਅਗੇ ਨਹੀਂ ਲਿਜਾਇਆ ਗਿਆ ਸੀ। ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਨਾ ਹੀ ਇਹ ਰਾਸ਼ੀ ਜਿਲ੍ਹਾ ਪ੍ਰੀਸ਼ਦ ਦੇ ਦਫਤਰ ਦੇ ਬੈਂਕ ਖਾਤੇ ਵਿੱਚ ਜਮ੍ਹਾ ਕਰਵਾਈ ਗਈ ਸੀ ਨਾ ਹੀ ਰਿਕਾਰਡ ਵਿੱਚ ਇਸ ਰਾਸ਼ੀ ਦੇ ਜਮ੍ਹਾ ਕਰਨ ਸਬੰਧੀ ਕੋਈ ਕਾਊਂਟਰਫਾਈਲ ਮਿਲਿਆ ਸੀ। ਇਸ ਦੇ ਇਲਾਵਾ, ਡਰਾਇੰਗ ਅਤੇ ਡਿਸਬਰਸਿੰਗ ਅਫਸਰ (ਡੀ ਡੀ ਓ) ਨੇ ਸਬੰਧਤ ਮਹੀਨਿਆਂ ਦੇ ਸਮਾਪਤ ਹੋਣ ਤੇ ਕੈਸ਼ ਬੁੱਕ ਦਸਤਖਤ ਕਰਦੇ ਸਮੇਂ ਇਸ ਗਲਤੀ ਨੂੰ ਨਹੀਂ ਵੇਖਿਆ ਜਾਂ ਧਿਆਨ ਵਿੱਚ ਨਹੀਂ ਲਿਆਂਦਾ, ਜੋ ਕਿ ਉਕਤ ਨਿਯਮਾਂ ਵਿੱਚ ਪ੍ਰਦਾਨ ਕੀਤੇ ਅਨੁਸਾਰ

ਡੀ ਡੀ ਓ ਵੱਲੋਂ ਨਿਰਧਾਰਤ ਜਾਂਚਾਂ ਨੂੰ ਅਪਣਾਉਣ ਵਿੱਚ ਅਸਫਲਤਾ ਨੂੰ ਦਰਸਾਉਂਦਾ ਹੈ। ਸਿੱਟੇ ਵਜੋਂ ₹ 1.19 ਲੱਖ ਦੀ ਸ਼ੱਕੀ ਦੁਰਵਰਤੋਂ ਹੋਈ ਸੀ।

ਤੱਥਾਂ ਨੂੰ ਸਵੀਕਾਰ ਕਰਦੇ ਹੋਏ ਡਿਪਟੀ ਮੁੱਖ ਕਾਰਜਕਾਰੀ ਅਧਿਕਾਰੀ (ਡੀ ਸੀ ਈ ਓ) ਨੇ ਕਿਹਾ (ਜਨਵਰੀ ਅਤੇ ਅਪ੍ਰੈਲ 2023) ਕਿ ਸਬੰਧਤ ਕਰਮਚਾਰੀ ਕੈਸ਼ ਬੁੱਕ/ਸਬੰਧਤ ਰਿਕਾਰਡ ਦਾ ਚਾਰਜ ਸੌਂਪੇ ਬਿਨਾਂ ਜਿਲ੍ਹਾ ਪ੍ਰੀਸ਼ਦ, ਮਲੇਰਕੋਟਲਾ ਟਰਾਂਸਫਰ ਹੋ ਗਿਆ ਸੀ। ਸਬੰਧਤ ਕਰਮਚਾਰੀ ਵਿਰੁੱਧ ਜਰੂਰੀ ਕਾਰਵਾਈ ਕਰਨ ਲਈ ਮਾਮਲਾ ਸਕੱਤਰ, ਜਿਲ੍ਹਾ ਪ੍ਰੀਸ਼ਦ ਕੋਲ ਉਠਾਇਆ ਗਿਆ ਸੀ। ਇਹ ਵੀ ਦੱਸਿਆ ਗਿਆ ਸੀ ਕਿ ਕਰਮਚਾਰੀ ਨੇ ਮਿਤੀ 25.01.2023 ਨੂੰ ₹ 20,984/- ਅਤੇ ਮਿਤੀ 01.02.2023 ਨੂੰ ਬਕਾਇਆ ₹ 97,980/- ਜਮ੍ਹਾਂ ਕਰਵਾਏ ਸੀ। ਹਾਲਾਂਕਿ, ਤੱਥ ਇਹ ਰਿਹਾ ਕਿ ਡੀ ਡੀ ਓ ਵੱਲੋਂ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀ ਅਸਫਲਤਾ ਨੇ ₹ 1.19 ਲੱਖ ਦੀ ਸ਼ੱਕੀ ਦੁਰਵਰਤੋਂ ਨੂੰ ਆਸਾਨ ਕੀਤਾ ਸੀ ਭਾਵੇਂ ਲੇਖਾ ਪ੍ਰੀਖਿਆ ਵੱਲੋਂ ਧਿਆਨ ਵਿੱਚ ਲਿਆਂਦੇ ਜਾਣ ਦੇ ਬਾਅਦ ਸਬੰਧਤ ਕਰਮਚਾਰੀ ਤੋਂ ਬਣਦੀ ਰਾਸ਼ੀ ਦੀ ਵਸੂਲੀ ਕਰ ਲਈ ਗਈ ਸੀ।

ਇਸ ਤਰ੍ਹਾ, ਡੀ ਡੀ ਓਜ਼ ਵੱਲੋਂ ਕੋਡਲ ਉਪਬੰਧਾਂ ਦੀ ਪਾਲਣਾ ਨਾ ਕਰਨ ਦੇ ਸਿੱਟੇ ਵਜੋਂ ₹ 39.04 ਲੱਖ ਦੀ ਸ਼ੱਕੀ ਦੁਰਵਰਤੋਂ ਹੋਈ ਜਿਸ ਨਾਲ ਰਾਜ ਦੇ ਵਿੱਤਾਂ ਤੇ ਅਣਉਚਿਤ ਬੋਝ ਪਿਆ ਕਿਉਂਕਿ ਪੰਚਾਇਤ ਸੰਮਤੀ/ਜਿਲ੍ਹਾ ਪ੍ਰੀਸ਼ਦ ਨੂੰ ਰਾਜ ਸਰਕਾਰ ਤੋਂ ਵਾਧੂ ਮੰਗ ਕਰਨੀ ਹੋਵੇਗੀ।

**ਸਿਫਾਰਸ਼: ਵਿਭਾਗ ਨੂੰ ਰਾਜ ਦੇ ਫੰਡਾਂ ਦੀ ਦੁਰਵਰਤੋਂ ਦੇ ਮੁੜ ਵਾਪਰਨ ਤੋਂ ਬਚਣ ਲਈ ਨਿਯਮਾਂ ਵਿੱਚ ਪ੍ਰਦਾਨ ਕੀਤੇ ਅਨੁਸਾਰ, ਈ ਓ ਪੀ ਐਸ/ਸੀ ਈ ਓ ਜਿਲ੍ਹਾ ਪ੍ਰੀਸ਼ਦ ਰਾਹੀਂ ਜਾਂਚਾਂ/ਨਿਗਰਾਨੀ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਦੋਸ਼ੀ ਅਧਿਕਾਰੀਆਂ/ਕਰਮਚਾਰੀ (ਕਰਮਚਾਰੀਆਂ) ਵਿਰੁੱਧ ਢੁਕਵੀ ਕਨੂੰਨੀ ਕਾਰਵਾਈ ਆਰੰਭ ਕਰਨੀ ਚਾਹੀਦੀ ਹੈ।**

ਮਾਮਲਾ ਸਰਕਾਰ ਨੂੰ ਭੇਜਿਆ ਗਿਆ ਸੀ (ਫਰਵਰੀ 2023); ਉਨ੍ਹਾ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

## ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ

### 6.8 ਕਨਸੈਸ਼ਨੇਅਰ ਦਾ ਅਣਉਚਿਤ ਪੱਖ ਪੂਰਨਾ

**ਵਿਭਾਗ ਇੱਕ ਪੀ ਪੀ ਪੀ ਕਨਸੈਸ਼ਨੇਅਰ ਦਾ ਕਨਸੈਸ਼ਨ ਇਕਰਾਰਨਾਮਾ ਰੱਦ ਕਰਨ ਅਤੇ ਉਪਲਬਧ ਕਾਰਗੁਜ਼ਾਰੀ ਸਕਿਓਰਟੀ ਜਬਤ ਕਰਨ ਵਿੱਚ ਅਸਫਲ ਰਿਹਾ। ਕਨਸੈਸ਼ਨੇਅਰ ਨੇ ਅਪ੍ਰੈਲ 2022 ਤੱਕ ਇੱਕਠੇ ਹੋ ਚੁੱਕੀ ₹ 7.07 ਕਰੋੜ ਦੀ ਕਨਸੈਸ਼ਨ ਫੀਸ ਅਤੇ ਵਿਆਜ ਦੀ ਅਦਾਇਗੀ ਕੀਤੇ ਬਿਨ੍ਹਾਂ ਪੋਲੀਟੈਕਨਿਕ ਕਾਲਜ ਚਲਾਉਣਾ ਜਾਰੀ ਰੱਖਿਆ।**

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ (ਵਿਭਾਗ) ਵਿਭਾਗ, ਪੰਜਾਬ ਸਰਕਾਰ ਨੇ ਗੁਰੂ ਤੇਗ ਬਹਾਦਰ ਚੈਰੀਟੇਬਲ ਸਿਹਤ ਅਤੇ ਸਿੱਖਿਆ ਜਾਗਰੂਕਤਾ ਸੁਸਾਇਟੀ[24] ਅਤੇ ਇੱਕ ਹੋਰ ਵਿਅਕਤੀ, ਜਿਸਨੇ ਅਕਾਦਮਿਕ ਆਪਰੇਸ਼ਨਾਂ ਦੀ ਮਿਤੀ ਤੋਂ ਪ੍ਰਭਾਵੀ 33 ਸਾਲਾਂ ਦੇ ਸਮੇਂ ਲਈ

24 ਸੁਸਾਇਟੀ ਰਜਿਸਟ੍ਰੇਸ਼ਨ ਐਕਟ, 1860 ਦੇ ਅਧੀਨ ਸੁਸਾਇਟੀ ਰਜਿਸਟਰ ਕੀਤੀ ਗਈ।

ਪਬਲਿਕ-ਪ੍ਰਾਈਵੇਟ-ਪਾਰਟਨਰਸ਼ਿਪ (ਪੀ ਪੀ ਪੀ) ਮੋਡ[25] ਤੇ ਆਨੰਦਪੁਰ ਸਾਹਿਬ ਵਿਖੇ ਪੋਲੀਟੈਕਨਿਕ ਕਾਲਜ ਦੇ ਵਿਕਾਸ, ਉਨਤੀਕਰਣ ਅਤੇ ਪ੍ਰਬੰਧਨ ਲਈ ਇਕ ਸੰਯੁਕਤ ਉਦਮ (ਕਨਸੈਸ਼ਨੇਅਰ) ਤਿਆਰ ਕੀਤਾ, ਨਾਲ ਇਕ ਕਨਸੈਸ਼ਨ ਇਕਰਾਰਨਾਮਾ ਕੀਤਾ (ਮਈ 2007)। ਕਨਸੈਸ਼ਨੇਅਰ ਨੇ ਇਹ ਕਰਨਾ ਸੀ ਕਿ:

- ₹ 20.00 ਲੱਖ ਦੀ ਕਾਰਗੁਜ਼ਾਰੀ ਸਕਿਓਰਟੀ ਜਾਂ ਸਲਾਨਾ ਰਿਆਇਤ ਫੀਸ (₹ 25.00 ਲੱਖ) ਦੇ ਬਰਾਬਰ ਰਾਸ਼ੀ ਜੋ ਵੀ ਵੱਧ ਸੀ, ਬੈਂਕ ਗਾਰੰਟੀ ਦੇ ਰੂਪ ਵਿੱਚ ਪ੍ਰਦਾਨ ਕਰਨਾ; ਅਤੇ

- ਆਪਰੇਸ਼ਨ ਦੀ ਮਿਤੀ ਤੋਂ ₹ 25 ਲੱਖ ਦੀ ਸਲਾਨਾ ਰਿਆਇਤ ਫੀਸ ਅਦਾ ਕਰਨਾ। ਜੇਕਰ ਵਿਦਿਅਕ ਫੀਸ ਵਧ ਜਾਦੀ ਹੈ ਤਾਂ ਰਿਆਇਤ ਫੀਸ 300 ਵਿਦਿਆਰਥੀਆਂ (ਤੱਕ) ਤੋਂ ਵਧੀ ਹੋਈ ਵਿਦਿਅਕ ਫੀਸ ਪ੍ਰਾਪਤੀਆਂ ਦਾ 10 *ਪ੍ਰਤੀਸ਼ਤ* ਤੱਕ ਵਾਧਾ ਕੀਤਾ ਜਾਣਾ ਸੀ। ਜੇਕਰ ਵਿਦਿਆਰਥੀਆਂ ਦੀ ਗਿਣਤੀ 300 ਤੋਂ ਵੱਧ ਗਈ ਹੈ ਤਾਂ ਕਨਸੈਸ਼ਨੇਅਰ ਨੂੰ ਵਾਧੇ ਵਾਲੀ 10 *ਪ੍ਰਤੀਸ਼ਤ* ਵਿਦਿਅਕ ਫੀਸ ਨੂੰ ਕਨਸੈਸ਼ਨਿੰਗ ਅਥਾਰਟੀ (ਵਿਭਾਗ) ਨਾਲ ਸਾਂਝਾ ਕਰਨਾ ਸੀ।

ਇਸ ਤੋਂ ਇਲਾਵਾ, ਕਨਸੈਸ਼ਨੇਅਰ ਵੱਲੋਂ ਕਨਸੈਸ਼ਨ ਫੀਸ ਵਿਦਿਅਕ ਅਪਰੇਸ਼ਨਾਂ ਦੇ ਹਰੇਕ ਸਾਲ ਦੀ 15 ਅਪ੍ਰੈਲ ਤੱਕ ਪੇਸ਼ਗੀ ਵਜੋਂ ਵਿਭਾਗ ਨੂੰ ਅਦਾਇਗੀਯੋਗ ਸੀ। ਚਾਰ ਹਫਤਿਆਂ ਤੱਕ ਦੀ ਦੇਰੀ ਦੇ ਮਾਮਲੇ ਵਿੱਚ ਕਨਸੈਸ਼ਨੇਅਰ ਐਸ ਬੀ ਆਈ ਮੀਡੀਅਮ ਟਰਮ ਪ੍ਰਾਈਮ ਉਧਾਰ ਦਰ ਜਮ੍ਹਾਂ ਚਾਰ *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਤੇ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ ਅਤੇ ਇਨ੍ਹਾਂ ਚਾਰ ਹਫਤਿਆਂ ਦੇ ਸਮੇਂ ਤੋਂ ਬਾਅਦ ਇਹ "ਕਨਸੈਸ਼ਨੇਅਰ ਈਵੇਂਟ ਆਫ ਡਿਫਾਲਟ" ਹੋਵੇਗੀ ਜਿਸ ਤੋਂ ਕਿ ਵਿਭਾਗ ਨੂੰ ਕਾਰਗੁਜ਼ਾਰੀ ਸਕਿਓਰਟੀ ਜਬਤ ਕਰਨ ਅਤੇ ਇਕਰਾਰਨਾਮਾ ਰੱਦ ਕਰਨ ਦਾ ਅਧਿਕਾਰ ਮਿਲੇਗਾ ।

ਲੇਖਾ ਪ੍ਰੀਖਿਆ ਨੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਦੇ ਦਫਤਰ ਦੇ ਰਿਕਾਰਡ ਅਤੇ ਬਾਅਦ ਦੀ ਇਕੱਠੀ ਕੀਤੀ ਜਾਣਕਾਰੀ (ਜਨਵਰੀ 2023 ਤੱਕ) ਤੋਂ ਵੇਖਿਆ (ਜੁਲਾਈ 2020) ਕਿ ਕਨਸੈਸ਼ਨੇਅਰ ਨੇ ਅਪ੍ਰੈਲ 2009 ਤੋਂ ਕਾਲਜ ਦੇ ਵਿਦਿਅਕ ਅਪਰੇਸ਼ਨ ਸ਼ੁਰੂ ਕੀਤੇ। ਹਾਲਾਂਕਿ, ਅਪ੍ਰੈਲ 2009 ਤੋਂ ਅਪ੍ਰੈਲ 2022 ਦੇ ਸਮੇਂ ਲਈ ₹ 3.25 ਕਰੋੜ[26] ਦੀ ਬਣਦੀ ਰਿਆਇਤ ਫੀਸ ਦੇ ਵਿਰੁੱਧ ਕੰਸੈਸ਼ਨੇਅਰ ਨੇ ਅਪ੍ਰੈਲ 2010 ਅਤੇ ਅਪ੍ਰੈਲ 2015 ਦੇ ਵਿਚਕਾਰ ਰੁਕ-ਰੁਕ ਕੇ ਸਿਰਫ ₹ 1.15 ਕਰੋੜ ਜਮ੍ਹਾ ਕਰਵਾਏ। ਇਹ ਅੱਗੇ ਵੇਖਿਆ ਗਿਆ ਸੀ ਕਿ ਭਾਵੇ ਕੰਸੈਸ਼ਨੇਅਰ ਨੇ ਖੁਦ ਸਾਲ 2009-10 ਵਿੱਚ ਲੋੜੀਂਦੀ ਰਿਆਇਤ ਫੀਸ ਅਦਾ ਕਰਨ ਵਿੱਚ ਅਣਗਹਿਲੀ ਕੀਤੀ, ਵਿਭਾਗ ਨੇ ਇਸ ਨੂੰ "ਕੰਸੈਸ਼ਨੇਅਰ ਈਵੇਂਟ ਆਫ ਡਿਫਾਲਟ" ਵਜੋਂ ਨਹੀਂ ਲਿਆ ਅਤੇ ਇਕਰਾਰਨਾਮਾ ਵੀ ਰੱਦ ਨਹੀਂ ਕੀਤਾ। ₹ 20.00 ਲੱਖ ਦੀ ਕਾਰਗੁਜ਼ਾਰੀ ਸਕਿਓਰਟੀ (9 ਦਸੰਬਰ 2006 ਨੂੰ ਜਮ੍ਹਾ ਕੀਤੀ ਗਈ) ਨੂੰ ਇਕਰਾਰਨਾਮੇ ਦੀ ਉਲੰਘਣਾ ਲਈ ਕੈਸ਼ ਨਹੀਂ

---

25 ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ)- ਰਾਜ ਵਿੱਚ ਪਬਲਿਕ-ਪ੍ਰਾਈਵੇਟ-ਪਾਰਟਨਰਸ਼ਿਪ (ਪੀ ਪੀ ਪੀ) ਪ੍ਰੋਜੈਕਟਾਂ ਦੇ ਲਾਗੂਕਰਣ ਲਈ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਰੈਗੂਲੇਸ਼ਨ) ਐਕਟ, 2002 ਦੇ ਅਧੀਨ ਇੱਕ ਨੋਡਲ ਏਜੰਸੀ ਸਥਾਪਤ ਕੀਤੀ ਗਈ।

26 ਵਿਭਾਗ ਨੇ ਅਪ੍ਰੈਲ 2010 ਤੋਂ ਬਾਅਦ ਵਿਦਿਅਕ ਫੀਸ ਵਿੱਚ ਵਾਧੇ ਬਾਰ ਜਾਣਕਾਰੀ, ਜੇਕਰ ਕੋਈ ਹੋਵੇ ਮੁਹੱਈਆ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਦੱਸਿਆ ਸੀ ਕਿ ਅਪ੍ਰੈਲ 2009-10 ਤੋਂ ਕਿਸੇ ਵੀ ਵਿਦਿਅਕ ਸਾਲ ਵਿੱਚ ਵਿਦਿਆਰਥੀਆਂ ਦੀ ਗਿਣਤੀ 300 ਤੋਂ ਵੱਧ ਨਹੀਂ ਸੀ।

ਕਰਵਾਇਆ ਸੀ ਅਤੇ ਇਸ ਦੇ ਉਲਟ, 10 ਦਸੰਬਰ 2011 ਨੂੰ ਇਸਦੀ ਮਿਆਦ ਪੁੱਗਣ ਦਿੱਤੀ ਗਈ।

ਵਿਭਾਗ ਨੇ ਆਖਰਕਾਰ ਫਰਵਰੀ 2018 ਵਿੱਚ ਰਿਆਇਤ ਇਕਰਾਰਨਾਮਾ ਰੱਦ ਕਰ ਦਿੱਤਾ ਅਤੇ ਸੰਸਥਾ ਨੂੰ ਦਾਖਲਾ ਨਹੀਂ ਜੋਨ ਵਿੱਚ ਰੱਖ ਦਿਤਾ ਭਾਵੇ ਦੂਜੇ ਅਤੇ ਤੀਜੇ ਸਾਲਾਂ ਦੀਆ ਕਲਾਸਾਂ (ਭਾਵ ਵਿਦਿਅਕ ਸ਼ੈਸ਼ਨ 2019-20 ਤੱਕ) ਚਲਾਉਣ/ਪੂਰਾ ਕਰਨ ਲਈ ਰਿਆਇਤ ਇਕਰਾਰਨਾਮਾ ਰੱਦ ਕਰਨ ਦੀ ਮਿਤੀ ਤੋਂ ਬਾਅਦ ਕ੍ਰਿਆਸ਼ੀਲ ਰਿਹਾ। ਵਿਭਾਗ ਨੇ ਕਨਸ਼ੈਸਨੇਅਰ ਤੋਂ ਬਾਅਦ ਵਿੱਚ ਮਾਰਚ 2023 ਵਿੱਚ ਪੋਲੀਟੈਕਨਿਕ ਇਮਾਰਤ ਦਾ ਕਬਜ਼ਾ ਲਿਆ। ਅਪ੍ਰੈਲ 2022 ਤੱਕ (***ਅੰਤਿਕਾ 6.2***) ₹ 7.07 ਕਰੋੜ (ਰਿਆਇਤ ਫੀਸ: ₹ 2.10 ਕਰੋੜ ਅਤੇ ਵਿਆਜ: ₹ 4.97 ਕਰੋੜ) ਦੀ ਰਾਸ਼ੀ ਇਕੱਠੀ ਹੋ ਗਈ ਸੀ ਜਿਸਦੀ ਵਸੂਲੀ ਅਨਿਸ਼ਚਤ ਹੈ ਅਤੇ ਸਰਕਾਰ ਦਾ ਨੁਕਸਾਨ ਹੈ।

ਵਿਭਾਗ ਨੇ ਸੂਚਿਤ ਕੀਤਾ (ਮਈ 2023) ਕਿ ਪੌਲੀਟੈਕਨਿਕ ਇਮਾਰਤ ਦਾ ਕਬਜ਼ਾ ਮਾਰਚ 2023 ਵਿੱਚ ਲੈ ਲਿਆ ਗਿਆ ਸੀ, ਪ੍ਰੰਤੂ ਕਨਸੈਸ਼ਨੇਅਰ ਵੱਲੋਂ ਬਕਾਇਆ ਰਾਸ਼ੀ ਦੀ ਵਸੂਲੀ ਸਬੰਧੀ ਸਥਿਤੀ/ ਉੱਤਰ ਪੇਸ਼ ਨਹੀਂ ਕੀਤਾ।

**ਸਿਫਾਰਸ਼: ਰਾਜ ਸਰਕਾਰ ਕਨਸੈਸ਼ਨੇਅਰ ਤੋਂ ਵਿਆਜ ਸਮੇਤ ਕਨਸੈਸ਼ਨ ਫੀਸ ਦੀ ਬਕਾਇਆ ਰਾਸ਼ੀ ਦੀ ਵਸੂਲੀ ਲਈ ਕਦਮ ਚੁੱਕ ਸਕਦੀ ਹੈ; ਅਤੇ ਅਜਿਹੇ ਮਾਮਲਿਆਂ ਦੇ ਮੁੜ ਵਾਪਰਨ ਤੋਂ ਰੋਕਣ ਲਈ ਕਨਸੈਸ਼ਨ ਇਕਰਾਰਨਾਮਿਆਂ ਦੇ ਉਪਬੰਧਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾ ਸਕਦੀ ਹੈ। ਸਰਕਾਰ ਕਾਰਗੁਜ਼ਾਰੀ ਸਕਿਓਰਟੀ ਲਈ ਪ੍ਰਾਪਤ ਹੋਈ ₹ 20 ਲੱਖ ਬੈਂਕ ਗਰੰਟੀ ਲੈਪਸ ਹੋਣ ਦਿੱਤੇ ਜਾਣ ਲਈ ਆਪਣੇ ਕਰਮਚਾਰੀਆਂ/ਅਧਿਕਾਰੀਆਂ ਦੀ, 2009-10 ਤੋਂ ਬਕਾਇਆ ਰਿਆਇਤ ਚਾਰਜ਼ਿਜ ਦੀ ਗੈਰ-ਅਦਾਇਗੀ/ਦੇਰੀ ਨਾਲ ਅਦਾਇਗੀ ਦੇ ਬਾਵਜੂਦ ਕਨਸੈਸ਼ਨੇਅਰ ਨੂੰ ਕਾਲਜ ਚਲਾਉਣ ਲਈ ਆਗਿਆ ਦੇਣ ਲਈ; "ਕਨਸੈਸ਼ਨੇਅਰ ਈਵੈਂਟ ਆਫ ਡਿਫਾਲਟ" ਕਲਾਜ ਰਾਹੀ ਰਿਆਇਤ ਇਕਰਾਰਨਾਮੇ ਨੂੰ ਰੱਦ ਨਾ ਕਰਨ ਅਤੇ ਸਰਕਾਰੀ ਸੰਪਤੀ ਦਾ ਸਮੇਂ ਸਿਰ ਕਬਜ਼ਾ ਨਾ ਲੈਣ ਲਈ ਜ਼ਿੰਮੇਵਾਰੀ ਤੈਅ ਕਰ ਸਕਦੀ ਹੈ।**

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਫਰਵਰੀ 2022); ਉਨ੍ਹਾਂ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

## 6.9 ਲਾਇਸੰਸ ਫੀਸ ਦੀ ਕਟੌਤੀ ਨਾ ਕਰਨਾ

**ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ, ਫਿਰੋਜ਼ਪੁਰ ਨੇ ਰਿਹਾਇਸ਼ ਦੇ ਅਲਾਟੀਆਂ ਦੀਆਂ ਤਨਖਾਹਾਂ ਤੋਂ ਅਪ੍ਰੈਲ 2016 ਤੋਂ ਮਾਰਚ 2022 ਤੱਕ ਦੇ ਸਮੇਂ ਲਈ ₹ 1.09 ਕਰੋੜ ਦੀ ਰਾਸ਼ੀ ਦੀ ਲਾਇਸੰਸ ਫੀਸ ਦੀ ਕਟੌਤੀ ਨਹੀਂ ਕੀਤੀ।**

ਪੰਜਾਬ ਸਰਕਾਰ (ਜੀ ਓ ਪੀ) ਨੇ ਫੈਸਲਾ ਕੀਤਾ (ਅਗਸਤ 2009) ਕਿ ਜਿਥੇ ਕਿਤੇ ਲਾਗੂ ਹੋਵੇ, ਸੋਧੇ ਹੋਏ ਤਨਖਾਹ ਢਾਂਚੇ ਵਿੱਚ ਸਰਕਾਰੀ ਰਿਹਾਇਸ਼ ਅਲਾਟ ਕੀਤੇ ਗਏ ਆਪਣੇ ਕਰਮਚਾਰੀਆਂ ਤੋਂ ਵਸੂਲੀ ਜਾਣ ਵਾਲੀ ਲਾਇਸੰਸ ਫੀਸ ਦੀ ਦਰ, ਪੰਜਾਬ ਸਿਵਲ ਸੇਵਾਵਾਂ (ਸੋਧਿਤ ਤਨਖਾਹ) ਨਿਯਮ 2009 ਅਨੁਸਾਰ ਮਿਲਣਯੋਗ ਮੁਢਲੀ ਤਨਖਾਹ ਅਤੇ ਨਾਨ-ਪ੍ਰੈਕਟਿਸਿੰਗ ਭੱਤੇ ਦਾ, ਪੰਜ *ਪ੍ਰਤੀਸ਼ਤ* ਜਾਂ ਮਿਆਰੀ ਕਿਰਾਏ ਵਿੱਚੋਂ ਜੋ ਵੀ ਘੱਟ ਹੋਵੇ, ਜਾਰੀ ਰਹੇਗੀ।

ਸੁਸਾਇਟੀ ਵਜੋਂ ਸਥਾਪਤ ਕੀਤੇ ਗਏ (1995) ਸ਼ਹੀਦ ਭਗਤ ਸਿੰਘ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਕਾਲਜ ਫਿਰੋਜ਼ਪੁਰ ਨੂੰ ਟੈਕਨੀਕਲ ਕੈਂਪਸ ਦੇ ਦਰਜੇ ਨਾਲ ਉਨਤੀਕਰਣ ਕੀਤਾ ਗਿਆ ਸੀ ਅਤੇ ਸ਼ਹੀਦ ਭਗਤ ਸਿੰਘ ਰਾਜ ਟੈਕਨੀਕਲ ਕੈਂਪਸ (ਐਸ ਬੀ ਐਸ ਟੀ ਸੀ) ਵਜੋਂ ਨਾਮ ਬਦਲਿਆ ਗਿਆ (2011-12)। ਬਾਅਦ ਵਿੱਚ, ਸੰਸਥਾ ਨੂੰ ਪੰਜਾਬ ਸਰਕਾਰ ਵੱਲੋਂ ਰਾਜ ਯੂਨੀਵਰਸਿਟੀ ਦਾ ਦਰਜਾ ਪ੍ਰਦਾਨ ਕੀਤਾ ਗਿਆ (ਅਪ੍ਰੈਲ 2021[27]) ਅਤੇ ਨਾਮ ਬਦਲ ਕੇ ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ (ਐਸ ਬੀ ਐਸ ਐਸ ਯੂ) ਰੱਖਿਆ ਗਿਆ। ਐਸ ਬੀ ਐਸ ਐਸ ਯੂ ਨੇ ਆਪਣੇ ਉਪ ਨਿਯਮ ਨਹੀਂ ਬਣਾਏ, ਸਗੋਂ ਇਸ ਨੇ ਸੁਸਾਇਟੀ ਦੇ ਉਪ ਨਿਯਮਾਂ ਨਾਲ ਚਲਨਾ ਜਾਰੀ ਰੱਖਿਆ (ਨਵੰਬਰ 2022)। ਉਪ ਨਿਯਮਾਂ ਦੇ ਨਿਯਮ 12.8 ਅਨੁਸਾਰ, ਹਰੇਕ ਮਾਮਲੇ ਵਿੱਚ, ਅਲਾਟੀ[28] ਨੂੰ ਇਕ ਲਾਇਸੰਸ ਧਾਰਕ ਮੰਨਿਆ ਜਾਵੇਗਾ। ਉਪ ਨਿਯਮਾਂ ਦਾ ਨਿਯਮ 12.10 ਵਿੱਚ ਅਲਾਟੀ ਨੂੰ ਸੁਸਾਇਟੀ ਵੱਲੋਂ ਸਮੇਂ ਸਮੇਂ ਤੈਅ ਕੀਤੀਆ ਦਰਾਂ 'ਤੇ ਕਿਰਾਇਆ ਅਦਾ ਕਰਨਾ ਲੋੜੀਂਦਾ ਹੈ ਜਿਹੜਾ ਕਿ ਅਲਾਟੀ ਦੀ ਤਨਖਾਹ ਵਿੱਚੋਂ ਕੱਟਿਆ ਜਾਵੇਗਾ। ਇਸ ਦੇ ਇਲਾਵਾ, ਐਸ ਬੀ ਐਸ ਟੀ ਸੀ (ਹੁਣ ਐਸ ਬੀ ਐਸ ਐਸ ਯੂ) ਦੇ ਗਵਰਨਰਾਂ ਦੇ ਬੋਰਡ ਨੇ ਆਪਣੀ 21ਵੀਂ ਮੀਟਿੰਗ ਵਿੱਚ ਰਾਜ ਸਰਕਾਰ ਦੀ ਨੀਤੀ ਅਨੁਸਾਰ ਲਾਇਸੰਸ ਫੀਸ ਵਸੂਲਣ ਦਾ ਫੈਸਲਾ ਲਿਆ ਸੀ (ਜੁਲਾਈ 2015)।

ਐਸ ਬੀ ਐਸ ਐਸ ਯੂ ਦੇ ਅਪ੍ਰੈਲ 2016 ਤੋਂ ਮਾਰਚ 2021 ਦੇ ਸਮੇਂ ਲਈ ਰਿਕਾਰਡ ਦੀ ਨਮੂਨਾ ਜਾਂਚ (ਸਤੰਬਰ 2021) ਅਤੇ ਬਾਅਦ ਵਿੱਚ ਸਾਲ 2021-22 ਦੀ ਪ੍ਰਾਪਤ ਕੀਤੀ ਜਾਣਕਾਰੀ ਨੇ ਦਰਸਾਇਆ ਕਿ ਭਾਵੇ ਐਸ ਬੀ ਐਸ ਐਸ ਯੂ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਨਹੀਂ ਦੇ ਰਹੀ ਸੀ ਜਿਨ੍ਹਾਂ ਨੂੰ ਯੂਨੀਵਰਸਿਟੀ ਵੱਲੋਂ ਰਿਹਾਇਸ਼ ਅਲਾਟ ਕੀਤੀ ਗਈ ਸੀ, ਮੌਜੂਦਾ ਹੁਕਮਾਂ ਦੀ ਗੈਰ-ਪਾਲਣਾ ਵਿੱਚ ਅਲਾਟੀਆਂ ਦੀ ਤਨਖਾਹ ਵਿੱਚੋਂ ਪੰਜ *ਪ੍ਰਤੀਸ਼ਤ*[29] ਦੀ ਦਰ ਨਾਲ ਲਾਇਸੰਸ ਫੀਸ ਦੀ ਕਟੌਤੀ ਨਹੀਂ ਕਰ ਰਹੀ ਸੀ। ਇਸ ਦੇ ਸਿੱਟੇ ਵਜੋਂ 2016-2022[30] ਦੇ ਸਮੇਂ ਦੌਰਾਨ 103-105 ਅਲਾਟੀਆਂ ਤੋਂ ₹ 1.09 ਕਰੋੜ[31] ਦੀ ਰਾਸ਼ੀ ਦੀ ਲਾਇਸੰਸ ਫੀਸ ਦੀ ਕਟੌਤੀ ਨਹੀਂ ਹੋਈ।

ਰਜਿਸਟਰਾਰ, ਐਸ ਬੀ ਐਸ ਐਸ ਯੂ ਨੇ ਕਿਹਾ (ਅਪ੍ਰੈਲ 2023) ਕਿ ਜੁਲਾਈ 2022 ਤੋਂ ਮੁਢਲੀ ਤਨਖਾਹ ਦੇ ਪੰਜ *ਪ੍ਰਤੀਸ਼ਤ* ਦੀ ਦਰ ਤੇ ਲਾਇਸੰਸ ਫੀਸ ਦੀ ਕਟੌਤੀ ਅਤੇ ਗਵਰਨਰਾਂ ਦੇ ਬੋਰਡ ਦੀ ਪ੍ਰਵਾਨਗੀ ਨਾਲ ਅਕਤੂਬਰ 2022 ਤੋਂ ਬਾਅਦ ਪਿਛਲੇ ਸਮੇਂ ਦੀ ਵਸੂਲੀ ਤਨਖਾਹ ਵਿੱਚੋਂ ₹ 1,000/- ਪ੍ਰਤੀ ਮਹੀਨਾ ਦੀ ਦਰ ਨਾਲ ਸ਼ੁਰੂ ਕਰ ਦਿੱਤੀ ਗਈ ਸੀ।

**ਸਿਫਾਰਸ਼: ਰਾਜ ਸਰਕਾਰ ਸਾਰੇ ਸਬੰਧਤ ਵਿਭਾਗਾਂ/ਖੁਦਮੁਖਤਿਆਰ ਸੰਸਥਾਵਾਂ ਤੇ ਅਜਿਹੇ ਮਾਮਲਿਆਂ ਦੇ ਮੁੜ ਵਾਪਰਨ ਤੋਂ ਰੋਕਣ ਲਈ ਹਦਾਇਤਾਂ/ਕੋਡਲ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ੋਰ ਪਾ ਸਕਦੀ ਹੈ।**

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਦਸੰਬਰ 2022); ਉਨ੍ਹਾ ਦੇ ਉੱਤਰ ਦੀ ਉਡੀਕ ਸੀ (ਫਰਵਰੀ 2024)।

---

27 ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 (2021 ਦਾ ਪੰਜਾਬ ਐਕਟ ਨੰਬਰ 10) ਰਾਹੀਂ।

28 ਕਰਮਚਾਰੀ ਜਿਸ ਨੂੰ ਰਿਹਾਇਸ਼ ਅਲਾਟ ਹੋ ਚੁੱਕੀ ਹੈ।

29 ਐਸ ਬੀ ਐਸ ਐਸ ਯੂ ਵੱਲੋਂ ਮਿਆਰੀ ਕਿਰਾਇਆ ਨਿਰਧਾਰਤ ਨਹੀਂ ਕੀਤਾ ਗਿਆ ਹੈ।

30 ਨਵੰਬਰ 2020 ਤੋਂ ਮਾਰਚ 2021 ਦੇ ਸਮੇਂ ਲਈ ਸਟਾਫ ਤਨਖਾਹ ਨੂੰ ਵੰਡੀ ਨਹੀਂ ਗਈ ਸੀ ਸਿਵਾਏ ਪੰਜ ਕਰਮਚਾਰੀਆਂ ਦੇ ਜਿਹੜੇ ਸੇਵਾ ਮੁਕਤ ਹੋ ਚੁੱਕੇ ਸਨ।

31 ਐਸ ਬੀ ਐਸ ਐਸ ਯੂ ਆਪਣੇ ਪੱਧਰ ਤੇ ਅਪ੍ਰੈਲ 2016 ਤੋਂ ਪਹਿਲਾਂ ਦੇ ਮਾਮਲਿਆਂ ਦੀ ਜਾਂਚ ਕਰ ਸਕਦਾ ਹੈ।

## ਜਲ ਸਰੋਤ ਵਿਭਾਗ

## 6.10 ਗੈਰ ਲਾਭਦਾਇਕ ਖਰਚਾ

**ਕੰਮ ਦੇ ਸ਼ੁਰੂ ਕਰਨ ਤੋਂ ਪਹਿਲਾਂ ਰੁਕਾਵਟ-ਮੁਕਤ ਸਾਈਟ ਨੂੰ ਯਕੀਨੀ ਬਣਾਉਣ ਲਈ ਵਿਭਾਗ ਦੀ ਅਸਫਲਤਾ ਅਤੇ ਕੋਡਲ ਉਪਬੰਧਾਂ ਦੀ ਪਾਲਣਾ ਨਾ ਕਰਨ ਦੇ ਸਿੱਟੇ ਵਜੋਂ ਅਧੂਰੇ ਕੰਮ ਤੇ ₹ 1.84 ਕਰੋੜ ਦਾ ਗੈਰ ਲਾਭਦਾਇਕ ਖਰਚਾ ਹੋਇਆ।**

ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਕੋਡ ਦਾ ਪੈਰ੍ਹਾ 2.92 ਵਿਵਸਥਾ ਕਰਦਾ ਹੈ ਕਿ ਅਜਿਹੀ ਜਮੀਨ ਤੇ ਕੋਈ ਕੰਮ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜਿਸਨੂੰ ਜ਼ਿੰਮੇਵਾਰ ਸਿਵਲ ਅਧਿਕਾਰੀਆਂ ਵੱਲੋਂ ਬਕਾਇਦਾ ਸੌਂਪਿਆ ਨਾ ਗਿਆ ਹੋਵੇ। ਰੋਪੜ ਹੈਡਵਰਕਸ ਤੋਂ ਨਿਕਲਦੀ ਸਰਹਿੰਦ ਨਹਿਰ ਹੋਰਨਾਂ ਦੇ ਨਾਲ ਨਾਲ, ਜ਼ਿਲ੍ਹਾ ਰੋਪੜ ਦੇ ਪਿੰਡ ਖੇੜੀ ਸਲਾਬਤਪੁਰ ਐਟ ਆਰ ਡੀ 37000-39500 ਦੇ ਨੇੜਿਓਂ ਵੀ ਲੰਘਦੀ ਹੈ। ਸਰਹਿੰਦ ਨਹਿਰ ਦੀ ਅਲਾਈਨਮੈਂਟ (1963) ਨੂੰ ਆਰ ਡੀ 37500 ਤੇ ਪਿੰਡ ਖੇੜੀ ਸਲਾਬਤਪੁਰ ਵੱਲ ਸੱਜੇ ਪਾਸੇ ਵੱਲ ਮੋੜ ਦਿੱਤਾ ਗਿਆ ਸੀ ਤਾਂ ਜੋ ਸਰਹਿੰਦ ਨਹਿਰ ਦੇ ਬੈਡ ਵਿੱਚ ਇਕ ਸੁਪਰ-ਲਾਂਘੇ[32] ਲਈ ਖੰਭਿਆ ਦਾ ਨਿਰਮਾਣ ਕੀਤਾ ਜਾ ਸਕੇ। ਇਹ ਕੰਮ ਅੱਧ ਵਿਚਕਾਰ[33] ਹੀ ਬੰਦ ਕਰ ਦਿੱਤਾ ਗਿਆ ਸੀ ਅਤੇ ਸਰਹਿੰਦ ਨਹਿਰ ਮੋੜੇ ਗਏ ਰਸਤੇ ਵਿੱਚੋਂ ਲੰਘਦੀ ਰਹੀ ਅਤੇ ਮੋੜ ਵਾਲੇ ਸਥਾਨ 'ਤੇ ਨਹਿਰ ਦਾ ਸੱਜਾ ਕੰਢਾ ਖੁਰ ਗਿਆ।

ਕਾਰਜਕਾਰੀ ਇੰਜੀਨੀਅਰ, ਰੋਪੜ ਹੈਡਵਰਕਸ ਮੰਡਲ, ਰੋਪੜ (ਈ ਈ) ਦੇ ਦਫਤਰ ਦੇ ਰਿਕਾਰਡ ਦੀ ਲੇਖਾ ਪ੍ਰੀਖਿਆ (ਅਗਸਤ 2022) ਅਤੇ ਇਕੱਠੀ ਕੀਤੀ ਗਈ ਅਗਲੀ ਜਾਣਕਾਰੀ (ਫਰਵਰੀ 2023) ਨੇ ਦਰਸਾਇਆ ਕਿ ਡਿਪਟੀ ਕਮਿਸ਼ਨਰ, ਰੋਪੜ ਨੇ ਪੰਚਾਇਤ ਅਤੇ ਪਿੰਡ ਖੇੜੀ ਸਲਾਬਤਪੁਰ ਦੇ ਨਿਵਾਸੀਆਂ ਦੀ ਬੇਨਤੀ (ਅਪ੍ਰੈਲ 2019) ਉਪਰ ਮਗਨਰੇਗਸ ਅਧੀਨ ਰੋਪੜ ਬਲਾਕ ਵਿੱਚ "ਖੇੜੀ ਸਲਾਬਤਪੁਰ ਪਿੰਡ ਨੇੜੇ ਕੰਢਿਆ ਨੂੰ ਸਿੱਧਾ ਅਤੇ ਮਜਬੂਤ ਕਰਕੇ ਆਰ ਡੀ 37000-39500 ਦਰਮਿਆਨ ਸਰਹਿੰਦ ਨਹਿਰ ਦਾ ਰੱਖ ਰਖਾਅ" ਦੇ ਕੰਮ ਦੇ ਅਨੁਮਾਨ ਨੂੰ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ (ਦਸੰਬਰ 2019) ਅਤੇ ਮੁੱਖ ਇੰਜੀਨੀਅਰ, ਨਹਿਰਾਂ ਨੇ ₹ 3.66 ਕਰੋੜ ਲਈ ਕੰਮ ਨੂੰ ਤਕਨੀਕੀ ਮਨਜ਼ੂਰੀ (ਮਾਰਚ 2020) ਦਿੱਤੀ।

|  |  |
| --- | --- |
| **ਕੰਮ ਕਰਨ ਤੋਂ ਪਹਿਲਾ (ਅਪ੍ਰੈਲ 2020)** | **ਕੰਮ ਕਰਨ ਦੇ ਬਾਅਦ (ਅਗਸਤ 2022)** |

32 ਹੜ੍ਹ ਰੋਕਥਾਮ ਉਪਾਅ ਵਜੋਂ ਸਰਹਿੰਦ ਨਹਿਰ ਦੇ ਸੱਜੇ ਵਹਿੰਦੇ ਸਤਲੁਜ ਦਰਿਆ ਵਿੱਚ 'ਪਟਿਆਲਾ ਕੀ ਰਾਓ' ਅਤੇ 'ਜੈਯੰਤੀ ਕੀ ਰਾਓ' ਨਾਂਅ ਦੇ ਦਰਿਆਵਾਂ ਦਾ ਡਿਸਚਾਰਜ ਪਾਸ ਕਰਨ ਲਈ ਪ੍ਰਸਤਾਵ ਦਿੱਤਾ।

33 ਕੰਡੀ ਖੇਤਰ ਵਿਕਾਸ ਸਕੀਮ ਅਧੀਨ ਪਟਿਆਲਾ ਕੀ ਰਾਓ ਅਤੇ ਜੈਯੰਤੀ ਕੀ ਰਾਓ ਨਦੀਆਂ ਉੱਤੇ ਛੋਟੇ ਡੈਮਾਂ ਦਾ ਨਿਰਮਾਣ ਕਰਨ ਦੇ ਪ੍ਰਸਤਾਵ ਕਾਰਣ ਕੰਮ ਅੱਧ-ਵਿਚਾਲੇ ਰੋਕ ਦਿੱਤਾ ਗਿਆ ਸੀ। ਸਾਲ 1963 ਵਿੱਚ ਕੰਮ ਸ਼ੁਰੂ ਕੀਤਾ ਗਿਆ ਸੀ।

ਸ੍ਰੋਤ: ਕੋਆਰਡੀਨੇਟਸ 'ਤੇ ਗੂਗਲ ਅਰਥ ਪ੍ਰੋ: ਉੱਤਰ 30o54'40.57" ਅਤੇ ਪੂਰਬ 76o27'54.53"

ਨਹਿਰ ਦੀ ਅਲਾਈਨਮੈਂਟ ਦੀ ਸਾਈਟ ਤੇ 230 ਦਰੱਖਤਾਂ ਨੂੰ ਹਟਾਉਣ ਲਈ ਈ ਈ ਦੀ ਬੇਨਤੀ (ਜੂਨ 2019) ਦੇ ਜਵਾਬ ਵਿੱਚ, ਜ਼ਿਲਾ ਜੰਗਲਾਤ ਮੰਡਲ ਅਧਿਕਾਰੀ, ਰੋਪੜ ਨੇ ਮਾਰਚ 2020 ਵਿੱਚ ਦਰੱਖਤਾਂ ਦੀ ਰਾਖਵੀ ਕੀਮਤ ₹ 2.53 ਲੱਖ ਦੱਸੀ ਅਤੇ ਨਹਿਰੀ ਪ੍ਰਸ਼ਾਸ਼ਨ ਦੀ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਇਨ੍ਹਾਂ ਵਿਚਾਰ ਅਧੀਨ ਦਰੱਖਤਾਂ ਨੂੰ ਹਟਾਉਣ ਦੀ ਆਗਿਆ ਦਿੱਤੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਈ ਈ ਨੇ, ਦਰਖਤ ਨੂੰ ਹਟਾਉਣ ਲਈ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਮਿਲਣ ਤੋਂ ਪਹਿਲਾਂ ਹੀ ਮਈ 2020 ਵਿੱਚ ਕੰਮ ਸ਼ੁਰੂ ਕਰ ਦਿੱਤਾ। ₹ 1.84 ਕਰੋੜ[34] (ਲੇਬਰ ਉੱਤੇ ₹ 1.31 ਕਰੋੜ ਅਤੇ ਮੀਟੀਰਿਅਲ 'ਤੇ ₹ 0.53 ਕਰੋੜ) ਦੀ ਲਾਗਤ ਨਾਲ ਕੰਮ ਦੇ 80 *ਪ੍ਰਤੀਸ਼ਤ* ਮੁਕੰਮਲ ਹੋਣ ਤੋਂ ਬਾਅਦ ਇਸ ਦਲੀਲ/ਅਧਾਰ 'ਤੇ ਕੰਮ ਅੱਧ ਵਿਚਕਾਰ ਬੰਦ ਕਰਨਾ ਪਿਆ (ਫਰਵਰੀ 2021) ਕਿ ਨਹਿਰ ਦੀ ਤਜਵੀਜ ਕੀਤੀ ਅਲਾਈਨਮੈਂਟ ਦੇ ਰਸਤੇ ਵਿੱਚ ਆਉਂਦੇ ਦਰਖਤਾਂ ਨੂੰ ਹਟਾਉਣ ਲਈ ਐਨ ਓ ਸੀ ਦੀ ਉਡੀਕ ਸੀ। ਈ ਈ ਨੇ ਜੂਨ 2021 ਵਿੱਚ ਉਸਦੇ ਪਹਿਲੇ ਮੁਲਾਂਕਣ ਨੂੰ ਠੀਕ ਕੀਤਾ ਅਤੇ ਜੰਗਲਾਤ ਵਿਭਾਗ ਨੂੰ ਹੁਣ 92 ਦਰੱਖਤ ਹਟਾਉਣ ਲਈ ਬੇਨਤੀ ਕੀਤੀ ਜਿਹੜੇ ਸਰਹਿੰਦ ਨਹਿਰ ਦੀ ਅਲਾਇਨਮੈਂਟ ਵਿੱਚ ਰੁਕਾਵਟ ਬਣ ਰਹੇ ਸਨ, ਜਿਸ ਦੀ ਅਜੇ ਉਡੀਕ ਸੀ (ਅਪ੍ਰੈਲ 2023)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਇਹ ਈ ਈ ਦੇ ਧਿਆਨ ਵਿੱਚ ਸੀ ਕਿ ਦਰਖਤ ਨਹਿਰ ਦੀ ਅਲਾਈਨਮੈਂਟ ਵਿੱਚ ਰੁਕਾਵਟ ਪਾ ਰਹੇ ਸਨ ਅਤੇ ਹਟਾਏ ਜਾਣੇ ਲੋੜੀਂਦੇ ਸਨ, ਫਿਰ ਵੀ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ₹ 1.84 ਕਰੋੜ ਦਾ ਖਰਚਾ ਕਰਨ ਤੋਂ ਬਾਅਦ ਦੋ ਸਾਲਾਂ ਲਈ ਇਸ ਨੂੰ ਰੋਕਣਾ ਪਿਆ ਸੀ ਭਾਵੇਂ ਕਿ ਈ ਈ ਵਿਚਾਰ ਅਧੀਨ ਦਰੱਖਤਾਂ ਨੂੰ ਹਟਾਉਣ ਲਈ ਨਹਿਰੀ ਪ੍ਰਸ਼ਾਸ਼ਨ ਦੀ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਪ੍ਰਾਪਤ ਕਰਨ ਲਈ ਖੁਦ ਜ਼ਿੰਮੇਵਾਰ ਸੀ।

ਵਿਭਾਗ ਨੇ ਕਿਹਾ (ਮਈ 2023) ਕਿ ਮਾਰਚ 2023 ਵਿੱਚ 92 ਦਰੱਖਤਾਂ ਦੀ ਕਟਾਈ ਨੂੰ ਅੰਤਮ ਰੂਪ ਦੇਣ ਲਈ ਜੰਗਲਾਤ ਵਿਭਾਗ ਨਾਲ ਇੱਕ ਸੰਯੁਕਤ ਨਿਰੀਖਣ ਕੀਤਾ ਗਿਆ ਸੀ ਅਤੇ ਮਾਮਲਾ ਪ੍ਰਵਾਨਗੀ ਲਈ ਉੱਚ ਅਥਾਰਟੀਆਂ ਨੂੰ ਭੇਜਿਆ ਗਿਆ ਸੀ ਜਿਸ ਦੀ ਅਜੇ ਉਡੀਕ ਸੀ (ਅਪ੍ਰੈਲ 2023)। ਉੱਤਰ ਸਵੀਕਾਰਯੋਗ ਨਹੀਂ ਸੀ ਕਿਉਂਕਿ ਈ ਈ ਦੁਆਰਾ ਜ਼ਮੀਨ ਨੂੰ ਸਾਰੀਆਂ ਰੁਕਾਵਟਾਂ ਤੋਂ ਮੁਕਤ ਕੀਤੇ ਬਿਨਾਂ ਕੰਮ ਸ਼ੁਰੂ ਕਰਨ ਦੀ ਕਾਰਵਾਈ ਨਾ ਸਿਰਫ ਕੋਡਲ ਉਪਬੰਧਾਂ ਦੀ ਉਲੰਘਣਾ ਸੀ ਬਲਕਿ ਪਿਛਲੇ ਦੋ ਸਾਲਾਂ ਤੋਂ ₹ 1.84 ਕਰੋੜ ਦਾ ਗੈਰ-ਲਾਭਦਾਇਕ ਖਰਚਾ ਹੋਇਆ ਕਿਉਂਕਿ ਜਿਵੇ ਚਿਤਵਿਆ ਗਿਆ ਸੀ, ਆਰ ਡੀ 37500 'ਤੇ ਸਰਹਿੰਦ ਨਹਿਰ ਦੀ ਅਲਾਇਨਮੈਂਟ, ਨੂੰ ਸਿੱਧਾ ਨਹੀਂ ਕੀਤਾ ਜਾ ਸਕਿਆ। ਰਾਜ ਸਰਕਾਰ ਨੇ ਵਿਭਾਗ ਦੇ ਉਪਰੋਕਤ ਉੱਤਰ ਦਾ ਸਮਰਥਨ ਕੀਤਾ (ਜੂਨ 2023)।

**ਸਿਫਾਰਸ਼ਃ ਵਿਭਾਗ ਨੂੰ ਕੋਡਲ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।**

34 ਪ੍ਰੋਜੈਕਟ ਅਧਿਕਾਰੀ ਮਗਨਰੇਗਸ ਵੱਲੋਂ ਅਦਾਇਗੀ ਮਈ 2020 ਅਤੇ ਫਰਵਰੀ 2021 ਦਰਮਿਆਨ ਮਸਟਰ ਰੋਲਜ 'ਤੇ ਕੀਤੀ ਗਈ ਸੀ।

# ਅਧਿਆਇ-VII

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

## (ਰਾਜ ਜਨਤਕ ਖੇਤਰ ਦੇ ਅਦਾਰੇ)

# ਅਧਿਆਇ-VII

# ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ
# (ਰਾਜ ਜਨਤਕ ਖੇਤਰ ਦੇ ਅਦਾਰੇ)

ਇਸ ਅਧਿਆਇ ਵਿੱਚ ਰਾਜ ਸਰਕਾਰ ਦੀਆਂ ਕੰਪਨੀਆਂ ਅਤੇ ਵਿਧਾਨਿਕ ਕਾਰਪੋਰੇਸ਼ਨਾਂ ਦੇ ਲੈਣ-ਦੇਣ ਦੀ ਨਮੂਨਾ ਜਾਂਚ ਤੋਂ ਉੱਭਰੀਆਂ ਮਹੱਤਵਪੂਰਨ ਲੇਖਾ ਪ੍ਰੀਖਿਆ ਲੱਭਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ₹ 95.95 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ 12 ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ।

## ਪਾਵਰ ਵਿਭਾਗ

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ

### 7.1 ਬੰਦ ਹੋਏ ਪ੍ਰੋਜੈਕਟਾਂ 'ਤੇ ਪੂੰਜੀਗਤ ਖਰਚੇ ਨੂੰ ਚਾਰਜ ਕਰਨ ਵਿੱਚ ਦੇਰੀ

**ਬੰਦ ਹੋਏ ਪ੍ਰੋਜੈਕਟਾਂ ਉੱਤੇ ₹ 3.37 ਕਰੋੜ ਦੇ ਪੂੰਜੀਗਤ ਖਰਚੇ ਨੂੰ ਟੈਰਿਫ ਵਿੱਚ ਚਾਰਜ ਕਰਨ ਵਿੱਚ ਦੇਰੀ ਕਰਕੇ ₹ 2.31 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਦੇ ਪੂੰਜੀਗਤ ਖਰਚਿਆਂ ਅਤੇ ਸਥਿਰ ਸੰਪਤੀਆਂ ਦੇ ਮੈਨੂਅਲ ਦਾ ਅਧਿਆਇ X ਇਹ ਵਿਵਸਥਾ ਕਰਦਾ ਹੈ ਕਿ ਕਿਸੇ ਪ੍ਰੋਜੈਕਟ ਤੇ ਕੀਤੇ ਗਏ ਖਰਚੇ ਜੋ ਕਿ ਅਸਵੀਕਾਰ ਕੀਤੇ ਗਏ ਹਨ, ਨੂੰ ਜਦੋਂ ਪ੍ਰੋਜੈਕਟ ਨੂੰ ਰੱਦ ਕੀਤਾ ਜਾਂਦਾ ਹੈ, ਉਸੀ ਵੇਲੇ ਰੈਵੀਨਿਊ ਖਰਚੇ ਵਜੋਂ ਚਾਰਜ ਕੀਤਾ ਜਾਵੇਗਾ।

ਪਹਿਲਾਂ ਰਹੇ ਪੰਜਾਬ ਰਾਜ ਬਿਜਲੀ ਬੋਰਡ (ਹੁਣ ਕੰਪਨੀ) ਨੇ ਗੁਰੂ ਨਾਨਕ ਦੇਵ ਥਰਮਲ ਪਲਾਂਟ (ਜੀ ਐਨ ਡੀ ਟੀ ਪੀ), ਬਠਿੰਡਾ ਅਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ (ਜੀ ਐਚ ਟੀ ਪੀ), ਲਹਿਰਾ ਮੁਹੱਬਤ ਹਰ ਇੱਕ ਵਿੱਚ 2x250 ਮੈਗਾਵਾਟ ਪਾਵਰ ਪਲਾਂਟ ਵਿਕਸਤ ਕਰਨ ਦਾ ਫੈਸਲਾ (ਜੂਨ 2008) ਕੀਤਾ ਸੀ। ਦੋਵੇਂ ਥਰਮਲ ਪਲਾਂਟਾਂ ਦੇ ਵਿਕਾਸ ਲਈ ਸਲਾਹਕਾਰੀ ਕੰਮ ਇੱਕ ਫਰਮ ਨੂੰ, ਹਰੇਕ ਲਈ ₹ 7.50 ਕਰੋੜ *ਜਮ੍ਹਾਂ* ਟੈਕਸ, ਲਈ ਦਿੱਤੇ (ਸਤੰਬਰ 2008) ਗਏ ਸਨ। ਕੰਪਨੀ ਨੇ ਅਵਾਰਡ ਪੱਤਰ ਜਾਰੀ ਕਰਨ 'ਤੇ ₹ 3.37 ਕਰੋੜ ਦਾ ਭੁਗਤਾਨ ਵੀ ਕੀਤਾ ਸੀ। ਇਸ ਤੋਂ ਬਾਅਦ, ਜੀ ਐਨ ਡੀ ਟੀ ਪੀ ਬਠਿੰਡਾ ਲਈ ਵਾਤਾਵਰਣ ਕਲੀਅਰੈਂਸ ਅਤੇ ਜੀ ਐਚ ਟੀ ਪੀ ਲਹਿਰਾ ਮੁਹੱਬਤ ਲਈ ਜ਼ਮੀਨ ਗ੍ਰਹਿਣ ਕਰਨ ਵਿੱਚ ਮੁਸ਼ਕਲਾਂ ਦੇ ਕਾਰਨ, ਸਲਾਹਕਾਰੀ ਕੰਮਾਂ ਨੂੰ ਪਹਿਲਾਂ ਤਾਂ ਹੋਲਡ ਤੇ ਰੱਖਿਆ (ਨਵੰਬਰ 2008) ਅਤੇ ਫਿਰ ਅੰਤ ਵਿੱਚ 'ਡ੍ਰੌਪ ਡੈੱਡ ਫੀਸ' ਦੀ ਧਾਰਾ ਅਧੀਨ, ਬਗੈਰ ਕਿਸੇ ਹੋਰ ਅਦਾਇਗੀ ਦੇ ਸਮਾਪਤ ਕਰ ਦਿੱਤਾ (ਅਗਸਤ 2012) ਗਿਆ।

ਜਦੋਂਕਿ, ਦੋ ਪ੍ਰੋਜੈਕਟਾਂ ਨੂੰ ਰੱਦ ਕਰਨ ਅਤੇ ਸਲਾਹਕਾਰੀ ਦੇ ਕੰਮਾਂ ਨੂੰ ਸਮਾਪਤ ਕਰਨ ਦੇ ਬਾਵਜੂਦ, ₹ 3.37 ਕਰੋੜ ਦੇ ਖਰਚੇ ਨੂੰ ਨਿਯਮਾਂ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਰੈਵੀਨਿਊ ਨੂੰ ਚਾਰਜ ਨਹੀਂ ਕੀਤਾ ਗਿਆ ਸੀ। ਇਹ ਅਖੀਰ ਵਿੱਚ ਫਰਵਰੀ 2021 ਅਰਥਾਤ ਪ੍ਰੋਜੈਕਟ ਦੇ ਰੱਦ/ਬੰਦ ਹੋਣ ਤੋਂ ਅੱਠ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਰੈਵੀਨਿਊ ਨੂੰ ਚਾਰਜ ਕੀਤਾ ਗਿਆ ਸੀ ਅਤੇ

ਕੰਪਨੀ ਦੁਆਰਾ ਇਸ ਅਨੁਸਾਰ ਦਾਅਵਾ ਕੀਤਾ ਗਿਆ ਸੀ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਸਾਲ 2022-23[1] ਲਈ ਟੈਰਿਫ ਵਿੱਚ ਇਸ ਨੂੰ ਅਲਾਉ ਕਰ ਦਿੱਤਾ ਸੀ।

ਬੰਦ ਹੋਏ ਪ੍ਰੋਜੈਕਟਾਂ ਤੇ ਹੋਏ ਪੂੰਜੀਗਤ ਖਰਚੇ ਨੂੰ ਰੈਵੀਨਿਊ ਨੂੰ ਚਾਰਜ ਕਰਨ ਵਿੱਚ ਅੱਠ ਸਾਲਾਂ ਤੋਂ ਵੱਧ ਦੀ ਦੇਰੀ ਅਤੇ ਨਤੀਜੇ ਵਜੋਂ ਟੈਰਿਫ ਰਾਹੀਂ ਲਾਗਤ ਵਸੂਲੀ ਵਿੱਚ ਦੇਰੀ ਕਾਰਨ ₹ 2.31 ਕਰੋੜ[2] ਦੇ ਵਿਆਜ ਦਾ ਨੁਕਸਾਨ ਹੋਇਆ।

ਸਰਕਾਰ ਨੇ ਜਵਾਬ (ਮਾਰਚ 2023) ਦਿੱਤਾ ਕਿ ਬੰਦ ਹੋਏ ਸਲਾਹਕਾਰੀ ਕੰਮਾਂ ਤੇ ਹੋਏ ਖਰਚੇ ਬਾਰੇ ਫੈਸਲਾ ਕਰਨ ਲਈ ਮਾਮਲਾ 2018-19 ਦੌਰਾਨ ਟੇਕਅਪ ਕੀਤਾ ਗਿਆ ਸੀ ਅਤੇ ਬੀ ਓ ਡੀ ਦੀ ਪ੍ਰਵਾਨਗੀ (ਫਰਵਰੀ 2021) ਪ੍ਰਾਪਤ ਕਰਨ ਤੋਂ ਬਾਅਦ ਖਰਚੇ ਨੂੰ ਨੁਕਸਾਨ ਵਿੱਚ ਬੁੱਕ ਕੀਤਾ (ਫਰਵਰੀ 2021) ਗਿਆ ਸੀ ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਬੰਦ ਹੋਏ ਸਲਾਹਕਾਰੀ ਕੰਮਾਂ ਤੇ ਹੋਏ ਖਰਚੇ ਨੂੰ ਰਾਈਟ ਆਫ ਕਰਨ ਦਾ ਫੈਸਲਾ ਇਸ ਵਿਸ਼ੇ ਤੇ ਕੰਪਨੀ ਦੀਆਂ ਖੁਦ ਦੀਆਂ ਮੈਨੂਅਲ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਦੇ ਹੋਏ ਅੱਠ ਸਾਲਾਂ ਤੋਂ ਵੱਧ ਦੀ ਦੇਰੀ ਤੋਂ ਬਾਅਦ ਲਿਆ ਗਿਆ ਸੀ।

**ਸਿਫਾਰਸ਼: ਕੰਪਨੀ ਨੂੰ ਸਮੇਂ ਸਿਰ ਆਮਦਨੀ ਅਤੇ ਖਰਚੇ ਦੇ ਲੇਖੇ-ਜੋਖੇ ਦੇ ਸਬੰਧ ਵਿੱਚ ਆਪਣੇ ਮੈਨੂਅਲ ਦੀਆਂ ਹਦਾਇਤਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ।**

## 7.2 ਗ੍ਰਾਂਟ ਲੈਪਸ ਹੋਣਾ

**ਕੰਪਨੀ ਨੇ ਜੰਗਲਾਤ ਕਲੀਅਰੈਂਸ ਪ੍ਰਾਪਤ ਕਰਨ ਲਈ ਕਾਰਵਾਈ ਸ਼ੁਰੂ ਕਰਨ ਵਿੱਚ ਦੇਰੀ ਕੀਤੀ ਜਿਸ ਕਾਰਨ ਡੀ ਡੀ ਯੂ ਜੀ ਜੇ ਵਾਈ ਪ੍ਰੋਜੈਕਟ ਅਧੂਰੇ ਰਹਿ ਗਏ ਅਤੇ ₹ 2.44 ਕਰੋੜ ਦੀ ਗ੍ਰਾਂਟ ਲੈਪਸ ਹੋ ਗਈ। ਕੰਪਨੀ ਨੇ ਇਨ੍ਹਾਂ ਪ੍ਰੋਜੈਕਟਾਂ ਵਿੱਚ ₹ 1.57 ਕਰੋੜ ਦੀ ਗ੍ਰਾਂਟ ਦਾ ਗਲਤ ਦਾਅਵਾ ਵੀ ਕੀਤਾ।**

ਭਾਰਤ ਸਰਕਾਰ ਨੇ (i) ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ਅਤੇ ਗੈਰ-ਖੇਤੀਬਾੜੀ ਖਪਤਕਾਰਾਂ ਨੂੰ ਸਪਲਾਈ ਦੀ ਉਚਿਤ ਰੋਸਟ੍ਰਿੰਗ ਨੂੰ ਸੁਖਾਲਾ ਕਰਨ ਵਾਸਤੇ ਖੇਤੀਬਾੜੀ ਅਤੇ ਗੈਰ-ਖੇਤੀਬਾੜੀ ਫੀਡਰਾਂ ਨੂੰ ਵੱਖ-ਵੱਖ ਕਰਨ ਲਈ ਅਤੇ (ii) ਪੇਂਡੂ ਖੇਤਰਾਂ ਵਿੱਚ ਵੰਡ ਟਰਾਂਸਫਾਰਮਰਾਂ/ਫੀਡਰਾਂ/ਖਪਤਕਾਰਾਂ ਦੇ ਪੱਧਰ ਤੇ ਮੀਟਰਿੰਗ ਕਰਨ ਸਮੇਤ ਸਬ-ਟਰਾਂਸਮਿਸ਼ਨ ਅਤੇ ਵੰਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਧਾਉਣ ਲਈ, ਦੀਨਦਿਆਲ ਉਪਾਧਿਆਏ ਗ੍ਰਾਮ ਜੋਤੀ ਯੋਜਨਾ (ਡੀ ਡੀ ਯੂ ਜੀ ਜੇ ਵਾਈ) ਦੀ ਸ਼ੁਰੂਆਤ (ਦਸੰਬਰ 2014) ਕੀਤੀ ।

ਭਾਰਤ ਸਰਕਾਰ ਦਾ ਜਨਤਕ ਖੇਤਰ ਦਾ ਇੱਕ ਅਦਾਰਾ, ਗ੍ਰਾਮੀਣ ਇਲੈਕਟ੍ਰੀਫਿਕੇਸ਼ਨ ਕਾਰਪੋਰੇਸ਼ਨ ਲਿਮਿਟਡ (ਆਰ ਈ ਸੀ), ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦੀ ਸਮੁੱਚੀ ਅਗਵਾਈ ਹੇਠ ਯੋਜਨਾ ਦੇ ਸੰਚਾਲਨ ਅਤੇ ਲਾਗੂ ਕਰਨ ਲਈ ਨੋਡਲ ਏਜੰਸੀ ਸੀ। ਕੰਪਨੀ ਰਾਜ ਪ੍ਰੋਜੈਕਟ ਲਾਗੂ ਕਰਨ ਵਾਲੀ ਏਜੰਸੀ ਸੀ, ਜੋ ਯੋਜਨਾ ਨੂੰ ਮੁਕੰਮਲ ਹੋਣ ਦੀ ਨਿਰਧਾਰਤ ਮਿਆਦ ਦੇ ਅੰਦਰ ਲਾਗੂ ਕਰਨ

1 ਲੇਖਾ ਪ੍ਰੀਖਿਆ ਕੀਤੀਆਂ ਵਿੱਤੀ ਵਿਵਰਣੀਆਂ ਦੇ ਅਧਾਰ 'ਤੇ 2022-23 ਦੇ ਟੈਰਿਫ ਆਦੇਸ਼ਾਂ ਵਿੱਚ ਸਾਲ 2020-21 ਲਈ ਕੀਤਾ ਗਿਆ ਟਰੂ-ਅਪ।

2 ਪੀ ਐਸ ਈ ਆਰ ਸੀ ਦੁਆਰਾ ਸਾਲ 2016-17 ਤੋਂ 2021-22 ਲਈ ਟੈਰਿਫ ਆਦੇਸ਼ਾਂ ਵਿੱਚ ਮਨਜ਼ੂਰ ਕਾਰਜਸ਼ੀਲ ਪੂੰਜੀ ਉੱਤੇ ਵਿਆਜ ਦੀ ਦਰ 'ਤੇ ਗਣਨਾ ਕੀਤੀ ਗਈ।

ਲਈ ਜ਼ਿੰਮੇਵਾਰ ਸੀ। ਪੰਜਾਬ ਸਰਕਾਰ ਨੇ ਸਬ-ਸਟੇਸ਼ਨਾਂ ਲਈ ਲੋੜੀਂਦੀ ਜ਼ਮੀਨ ਮੁਹੱਈਆ ਕਰਵਾਉਣੀ ਸੀ ਅਤੇ ਹੋਰ ਕਾਨੂੰਨੀ ਪ੍ਰਵਾਨਗੀਆਂ ਜਿਵੇਂ ਕਿ ਰਾਹ ਦਾ ਅਧਿਕਾਰ, ਜੰਗਲਾਤ ਆਦਿ ਪ੍ਰਾਪਤ ਕਰਨ ਨੂੰ ਸੁਖਾਲਾ ਕਰਨਾ ਸੀ। ਡੀ ਡੀ ਯੂ ਜੀ ਜੇ ਵਾਈ ਲਈ ਫੰਡਿੰਗ ਵਿਧੀ ਇਹ ਸੀ ਕਿ ਭਾਰਤ ਸਰਕਾਰ ਦੁਆਰਾ ਗ੍ਰਾਂਟ ਦੀ ਸ਼ਕਲ ਵਿੱਚ ਪ੍ਰੋਜੈਕਟ ਲਾਗਤ ਦਾ ਸੱਠ *ਪ੍ਰਤੀਸ਼ਤ* ਵਿੱਤੀ ਸਹਾਇਤਾ ਵਜੋਂ ਅਤੇ ਬਾਕੀ ਰਹਿੰਦਾ ਅੰਦਰੂਨੀ ਸਰੋਤਾਂ ਤੋਂ ਮੁਹੱਈਆ ਕਰਵਾਇਆ ਜਾਣਾ ਸੀ।

ਆਰ ਈ ਸੀ ਨੇ ਪੰਜਾਬ ਦੇ ਕੰਡੀ ਖੇਤਰ ਵਿੱਚ ਪੰਜ ਜ਼ਿਲ੍ਹਿਆਂ ਜਿਵੇਂ ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ, ਐਸ ਏ ਐਸ ਨਗਰ ਅਤੇ ਐਸ ਬੀ ਐਸ ਨਗਰ ਵਿੱਚ ਫੀਡਰ/ਖੇਤੀ ਖਪਤਕਾਰ ਮੀਟਰਿੰਗ ਨੂੰ ਵੱਖ-ਵੱਖ ਕਰਨ ਲਈ ₹ 191.19 ਕਰੋੜ ਦੀ ਕੀਮਤ ਵਾਲੇ ਪ੍ਰੋਜੈਕਟਾਂ ਨੂੰ ਮਨਜ਼ੂਰੀ (ਫਰਵਰੀ 2018) ਦਿੱਤੀ। ਇਸ ਅਨੁਸਾਰ, ਰੋਪੜ ਅਤੇ ਐਸ ਏ ਐਸ ਨਗਰ ਜ਼ਿਲ੍ਹਿਆਂ ਲਈ ₹ 72.20 ਕਰੋੜ ਦੇ ਕੰਮ ਦੇ ਠੇਕੇ ਦਿੱਤੇ (ਮਾਰਚ/ਅਪ੍ਰੈਲ 2018) ਗਏ ਸਨ। ਇਨ੍ਹਾਂ ਠੇਕਿਆਂ ਵਿੱਚ ਬੜਵਾ (ਅਨੰਦਪੁਰ ਸਾਹਿਬ) ਅਤੇ ਸਾਹੋ ਮਾਜਰਾ (ਰੂਪਨਗਰ) ਵਿਖੇ ਨਵੇਂ ਪ੍ਰਸਤਾਵਿਤ ਫੀਡਰਾਂ ਦੀ ਉਸਾਰੀ/ਨਿਰਮਾਣ ਦੇ ਨਾਲ ਕ੍ਰਮਵਾਰ ਬੱਸੀ (ਅਨੰਦਪੁਰ ਸਾਹਿਬ) ਅਤੇ ਘਨੌਲੀ (ਰੂਪਨਗਰ) ਵਿਖੇ ਮੌਜੂਦਾ ਮਿਕਸਡ ਲੋਡ 11 ਕੇ ਵੀ ਫੀਡਰਾਂ ਦੇ ਲੋਡ ਨੂੰ ਵੱਖ ਕਰਨ ਦਾ ਕੰਮ ਸ਼ਾਮਲ ਸੀ। ਇਨ੍ਹਾਂ ਫੀਡਰਾਂ ਦਾ ਨਿਰਮਾਣ ਕੰਮ ਮੁੱਖ ਤੌਰ ਤੇ 31 ਮਾਰਚ 2022 ਦੀ ਵਧਾਈ ਗਈ ਸਮਾਂ ਸੀਮਾ ਤੱਕ ਵੀ ਜੰਗਲਾਤ ਦੀਆਂ ਬਕਾਇਆ ਮਨਜ਼ੂਰੀਆਂ ਕਾਰਨ ਪੂਰਾ ਨਹੀਂ ਹੋ ਸਕਿਆ ਸੀ, ਜਿਸ ਸਮੇਂ ਤੱਕ ₹ 2.61 ਕਰੋੜ ਦਾ ਖਰਚਾ ਹੋ ਚੁੱਕਿਆ ਸੀ। ਕੰਪਨੀ ਨੇ ਇਹਨਾਂ ਅਧੂਰੇ ਕੰਮਾਂ ਨੂੰ ਪਹਿਲਾ ਹੀ ਬੰਦ ਕਰਨ ਦਾ ਫੈਸਲਾ (ਮਾਰਚ 2022) ਕੀਤਾ ਅਤੇ ₹ 4.07 ਕਰੋੜ ਦੇ ਬਕਾਇਆ ਕੰਮਾਂ ਨੂੰ ਆਪਣੇ ਸਰੋਤਾਂ ਤੋਂ ਪੂਰਾ ਕਰਨ ਦਾ ਫੈਸਲਾ (ਅਪ੍ਰੈਲ 2022) ਵੀ ਕੀਤਾ।

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2022) ਕਿ:

- ਇਕਰਾਰਨਾਮੇ ਦੇ ਅਨੁਸਾਰ ਕੰਪਨੀ ਸਾਈਟ ਦੇ ਕਾਨੂੰਨੀ ਅਤੇ ਭੌਤਿਕ ਕਬਜੇ ਨੂੰ ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਅਤੇ ਰਸਤੇ ਦੇ ਸਾਰੇ ਲੋੜੀਂਦੇ ਅਧਿਕਾਰਾਂ ਸਮੇਤ ਇਸ ਤੱਕ ਪਹੁੰਚ ਦੇਣ ਲਈ ਜਿੰਮੇਵਾਰ ਸੀ। ਜਦੋਂਕਿ, ਕੰਪਨੀ ਨੇ ਇਨ੍ਹਾਂ ਲਾਈਨਾਂ ਦੇ ਨਿਰਮਾਣ ਲਈ ਮਨਜ਼ੂਰੀ ਦੇ ਸਾਢੇ ਤਿੰਨ ਸਾਲ (ਸਤੰਬਰ 2021) ਤੋਂ ਵੱਧ ਸਮੇਂ ਬਾਅਦ ਜੰਗਲਾਤ ਦੀ ਜ਼ਮੀਨ ਨੂੰ ਆਪਣੇ ਹੱਕ ਵਿੱਚ ਬਦਲਣ ਲਈ ਪ੍ਰਸਤਾਵ ਪੇਸ਼ ਕੀਤੇ।

- ਆਰ ਈ ਸੀ ਨੇ ਸਪੱਸ਼ਟ ਕੀਤਾ (ਦਸੰਬਰ 2020) ਸੀ ਕਿ ਸਿਰਫ ਪ੍ਰੋਜੈਕਟ ਵਿੱਚ ਸਥਾਪਿਤ ਅਤੇ ਚਾਲੂ ਕੀਤੀਆਂ ਆਈਟਮਾਂ ਨੂੰ ਕਲੋਜ਼ਰ ਵਿੱਚ ਸ਼ਾਮਲ ਕੀਤਾ ਜਾਵੇਗਾ। ਜਦੋਂਕਿ, ਕੰਪਨੀ ਦੁਆਰਾ ਆਰ ਈ ਸੀ ਨੂੰ ਭੇਜੇ ਗਏ ਕਲੋਜ਼ਰ ਪ੍ਰਸਤਾਵਾਂ (ਮਾਰਚ 2022) ਵਿੱਚ ਉਨ੍ਹਾਂ ਫੀਡਰਾਂ, ਜੋ ਅਜੇ ਚਾਲੂ ਹੋਣੇ ਬਾਕੀ ਸਨ, ਉੱਤੇ ਕੀਤੇ ਮਾਰਚ 2022 ਤੱਕ ਦੇ ₹ 2.61 ਕਰੋੜ ਦੇ ਖਰਚੇ ਵੀ ਸ਼ਾਮਲ ਸਨ। ਇਹ ਰਕਮ ਆਰ ਈ ਸੀ ਤੋਂ ਇਹ ਗਲਤ ਪ੍ਰਮਾਣਿਤ ਕਰਕੇ ਮਨਜ਼ੂਰ (ਮਾਰਚ 2022) ਕਰਵਾ ਲਈ ਗਈ ਸੀ ਕਿ ਸਕੀਮ ਅਧੀਨ ਬਣਾਈਆਂ ਗਈਆਂ ਸੰਪਤੀਆਂ ਨੂੰ ਸਥਾਪਿਤ ਕੀਤਾ, ਜਾਂਚਿਆ, ਚਾਲੂ ਅਤੇ ਸਰਗਰਮ ਕਰ ਦਿੱਤਾ ਗਿਆ ਸੀ। ਇਨ੍ਹਾਂ ਅਧੂਰੇ, ਗੈਰ-ਸਰਗਰਮ ਅਤੇ ਚਾਲੂ ਨਾ ਹੋਏ ਕੰਮਾਂ ਨੂੰ ਕੰਪਨੀ ਦੁਆਰਾ ਸਿਰਫ ਆਰ ਈ ਸੀ ਤੋਂ ਗ੍ਰਾਂਟ ਪ੍ਰਾਪਤ ਕਰਨ ਦੇ ਉਦੇਸ਼ ਲਈ ਕਲੋਜ਼ਰ ਪ੍ਰਸਤਾਵਾਂ ਵਿੱਚ ਸ਼ਾਮਲ ਕੀਤਾ ਗਿਆ ਸੀ।

ਇੰਞ, ਜੰਗਲਾਤ ਦੀ ਮਨਜ਼ੂਰੀ ਪ੍ਰਾਪਤ ਕਰਨ ਲਈ ਕਾਰਵਾਈ ਸ਼ੁਰੂ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ਨਾ ਸਿਰਫ ₹ 2.44 ਕਰੋੜ (₹ 4.07 ਕਰੋੜ ਦਾ 60 *ਪ੍ਰਤੀਸ਼ਤ*) ਦੀ ਰਾਸ਼ੀ ਦੀ ਗ੍ਰਾਂਟ ਲੈਪਸ ਹੋ

ਗਈ, ਸਗੋ ਡੀ ਡੀ ਯੂ ਜੀ ਜੇ ਵਾਈ ਅਧੀਨ ₹ 1.57 ਕਰੋੜ (₹ 2.61 ਕਰੋੜ ਦਾ 60 *ਪ੍ਰਤੀਸ਼ਤ*) ਦੀ ਗ੍ਰਾਂਟ ਦਾ ਗਲਤ ਦਾਅਵਾ ਵੀ ਕੀਤਾ ਗਿਆ ਸੀ।

ਸਰਕਾਰ ਨੇ ਜਵਾਬ ਦਿੱਤਾ (ਜੂਨ 2023) ਕਿ ਡੀ ਡੀ ਯੂ ਜੀ ਜੇ ਵਾਈ ਪ੍ਰੋਜੈਕਟ ਅਧੀਨ ਖਰਚੇ ਅਤੇ ਦੇਰੀ ਨੂੰ ਘੱਟ ਤੋਂ ਘੱਟ ਕਰਨ ਲਈ ਕੰਪਨੀ ਨੇ ਜੰਗਲਾਤ ਵਿਭਾਗ ਨਾਲ ਟਕਰਾਅ ਤੋਂ ਬਚਣ ਲਈ ਜਿਥੇ ਵੀ ਸੰਭਵ ਸੀ ਫੀਡਰਾਂ ਦੀ ਰੀਰੂਟਿੰਗ/ਰੀ-ਇੰਜੀਨੀਅਰਿੰਗ ਅਤੇ ਕੰਪੋਜ਼ਿਟ ਲਾਈਨਾਂ ਦੇ ਨਿਰਮਾਣ ਦੀ ਪਹੁੰਚ ਅਪਣਾਈ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਇਨ੍ਹਾਂ ਲਾਈਨਾਂ ਦੇ ਨਿਰਮਾਣ ਲਈ ਮਨਜ਼ੂਰੀ ਮਿਲਣ ਤੋਂ ਸਾਢੇ ਤਿੰਨ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਬਾਅਦ ਜੰਗਲਾਤ ਦੀ ਮਨਜ਼ੂਰੀ ਲਈ ਪ੍ਰਸਤਾਵ ਪੇਸ਼ ਕੀਤੇ ਜਾਣ ਕਾਰਨ, ਕੰਪਨੀ ਇਹ ਕੰਮ ਨਿਰਧਾਰਤ ਸਮੇਂ ਵਿੱਚ ਪੂਰਾ ਨਹੀਂ ਕਰ ਸਕੀ।

**ਸਿਫਾਰਸ਼ਃ ਕੰਪਨੀ ਕਾਨੂੰਨੀ ਮਨਜ਼ੂਰੀਆਂ ਪ੍ਰਾਪਤ ਕਰਨ ਲਈ ਸਮੇਂ ਸਿਰ ਕਾਰਵਾਈ ਸ਼ੁਰੂ ਕਰ ਸਕਦੀ ਹੈ ਅਤੇ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਨਿਯਮਤ ਪਾਲਣਾ ਨੂੰ ਯਕੀਨੀ ਬਣਾ ਸਕਦੀ ਹੈ।**

## 7.3 ਫਿਕਸਡ ਚਾਰਜਜ਼ ਦੇ ਵੱਜੋਂ ਮਾਲੀਏ ਦਾ ਨੁਕਸਾਨ

**ਇੱਕ ਖਪਤਕਾਰ ਨੂੰ ਲੋਡ ਦੀ ਐਕਸਟੈਨਸ਼ਨ ਜਾਰੀ ਕਰਨ ਲਈ ਕੰਪਨੀ ਵਲੋਂ ਫੈਸਲਾ ਨਾ ਲਏ ਜਾਣ ਦੇ ਨਤੀਜੇ ਵਜੋਂ ਫਿਕਸਡ ਚਾਰਜਜ਼ ਵਜੋਂ ₹ 1.87 ਕਰੋੜ ਦਾ ਮਾਲੀਆ ਕਮਾਉਣ ਦਾ ਮੌਕਾ ਗੁਆ ਦਿੱਤਾ ਗਿਆ।**

ਸਪਲਾਈ ਕੋਡ, 2014 ਦਾ ਰੈਗੂਲੇਸ਼ਨ 9.3.1 ਵਿਵਸਥਾ ਕਰਦਾ ਹੈ ਕਿ ਡਿਸਟ੍ਰੀਬਿਊਸ਼ਨ ਲਾਇਸੰਸ ਧਾਰਕ ਅਰਥਾਤ ਕੰਪਨੀ, ਬਿਨੈਕਾਰ ਤੋਂ ਇਲੈਕਟ੍ਰਿਕ ਲਾਈਨ ਜਾਂ ਇਲੈਕਟ੍ਰੀਕਲ ਪਲਾਂਟ ਪ੍ਰਦਾਨ ਕਰਨ ਦੇ ਅਨੁਮਾਨਿਤ ਖਰਚੇ ਦੇ ਵਿਰੁੱਧ, ਜੋ ਵੀ ਹੋਵੇ, ਸਟੈਂਡਰਡ ਲਾਗਤ ਡਾਟਾ ਦੇ ਅਧਾਰ ਤੇ ਆਂਕੀ ਗਈ ਅਤੇ ਡਿਮਾਂਡ ਨੋਟਿਸ ਰਾਹੀਂ ਸੂਚਿਤ ਕੀਤੀ ਗਈ, ਸਕਿਓਰਟੀ (ਵਰਕਸ) ਜਮ੍ਹਾਂ ਕਰਵਾਉਣ ਦੀ ਹੱਕਦਾਰ ਹੋਵੇਗੀ। ਹਾਲਾਂਕਿ, ਜਿੱਥੇ ਬਿਨੈਕਾਰ ਲਈ ਸਿੰਗਲ ਸਰਕਟ (ਐਸ ਸੀ) ਲਾਈਨ/ਫੀਡਰ ਬਣਾਉਣ ਲਈ ਮਲਟੀ-ਸਰਕਟ ਟਾਵਰਾਂ/ਸਪੋਰਟਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉੱਥੇ ਸਿਰਫ ਐਸ ਸੀ ਟਾਵਰਾਂ/ਸਪੋਰਟਾਂ ਦੀ ਲਾਗਤ ਵਸੂਲੀਯੋਗ ਹੋਵੇਗੀ।

ਲਾਰਜ ਸਪਲਾਈ (ਐਲ ਐਸ) ਸ਼੍ਰੇਣੀ ਦੇ ਅਧੀਨ ਇੱਕ ਮੌਜੂਦਾ ਉਦਯੋਗਿਕ ਖਪਤਕਾਰ[3] ਨੇ ਲੋਡ ਵਿੱਚ ਵਾਧੇ[4] ਲਈ ਅਰਜ਼ੀ (ਫਰਵਰੀ 2020) ਦਿੱਤੀ। ਕੇਂਦਰੀ ਜ਼ੋਨ, ਪੀ ਐਸ ਪੀ ਸੀ ਐਲ, ਲੁਧਿਆਣਾ ਨੇ ਮੌਜੂਦਾ ਡਬਲ ਸਰਕਟ (ਡੀ ਸੀ) ਟਾਵਰਾਂ ਤੇ ਨਵਾਂ ਸਰਕਟ ਲਗਾ ਕੇ ਮੌਜੂਦਾ ਲਾਈਨ ਤੋਂ ਕੁਨੈਕਸ਼ਨ ਜਾਰੀ ਕਰਨ ਦੀ ਤਜਵੀਜ਼ (ਅਪ੍ਰੈਲ 2020) ਦਿੱਤੀ। ਹਾਲਾਂਕਿ, ਕੰਪਨੀ ਦੀ ਫਿਜ਼ੀਬਿਲਟੀ ਕਲੀਅਰੈਂਸ ਕਮੇਟੀ (ਐਫ ਸੀ ਸੀ) ਨੇ ਮੌਜੂਦਾ ਪੰਜ ਡੀ ਸੀ ਟਾਵਰਾਂ ਦੀ ਥਾਂ ਤੇ ਛੇ ਨਵੇਂ ਮਲਟੀ-ਸਰਕਟ ਟਾਵਰ ਲਗਾ ਕੇ ਅਤੇ ਇਹਨਾਂ ਮਲਟੀ ਸਰਕਟ ਟਾਵਰਾਂ ਤੇ ਨਵੀਂ 66 ਕੇ ਵੀ ਬੇਅ ਅਤੇ 66 ਕੇ ਵੀ ਲਾਈਨ ਖੜ੍ਹੀ ਕਰਕੇ ਲੋਡ ਨੂੰ ਵਧਾਉਣ ਦੀ ਇਜਾਜ਼ਤ ਦੇਣ ਦਾ ਫੈਸਲਾ (ਸਤੰਬਰ 2020) ਕੀਤਾ। ਫਿਜ਼ੀਬਿਲਟੀ ਕਲੀਅਰੈਂਸ (ਸਤੰਬਰ 2020) ਦੇ ਅਨੁਸਾਰ, ਉਪਭੋਗਤਾ ਨੂੰ ਪੰਜ ਮੌਜੂਦਾ ਡੀ ਸੀ ਟਾਵਰਾਂ ਅਤੇ ਐਸ ਸੀ ਲਾਈਨ ਨੂੰ ਤੋੜਨ ਅਤੇ ਛੇ ਨਵੇਂ ਮਲਟੀ-ਸਰਕਟ

3 ਮੈਸਰਜ਼ ਜੀ ਓ ਸਟੀਲਜ਼ ਪ੍ਰਾਈਵੇਟ ਲਿਮਿਟਡ।

4 2197 ਕਿਲੋਵਾਟ ਦਾ ਮੌਜੂਦਾ ਮਨਜ਼ੂਰਸ਼ੁਦਾ ਲੋਡ ਤੇ 2000 ਕੇ ਵੀ ਏ ਦੀ ਕੰਟਰੈਕਟ ਡਿਮਾਂਡ ਅਤੇ 5054 ਕਿਲੋਵਾਟ ਦੇ ਲੋਡ ਵਿੱਚ ਵਾਧੇ ਤੇ 4252 ਕੇ ਵੀ ਏ ਦੀ ਕੰਟਰੈਕਟ ਡਿਮਾਂਡ ਲਈ ਅਰਜ਼ੀ ਦਿੱਤੀ ਗਈ ।

ਟਾਵਰਾਂ ਅਤੇ ਡੀਸੀ ਲਾਈਨ ਦੇ ਨਿਰਮਾਣ ਦੀ ਅਸਲ ਲਾਗਤ ਨੂੰ ਸਹਿਣ ਕਰਨ ਲਈ ਕਿਹਾ (ਅਕਤੂਬਰ 2020) ਗਿਆ ਸੀ। ਇਸ ਅਨੁਸਾਰ, ਖਪਤਕਾਰ ਨੂੰ ₹ 2.03 ਕਰੋੜ ਦੀ ਰਕਮ ਦਾ ਇੱਕ ਡਿਮਾਂਡ ਨੋਟਿਸ ਜਾਰੀ (01 ਮਾਰਚ 2021) ਕੀਤਾ ਗਿਆ ਸੀ।

ਇਸ ਤੋਂ ਅਸੰਤੁਸ਼ਟ ਹੋ ਕੇ, ਖਪਤਕਾਰ ਨੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਵਿੱਚ ਇੱਕ ਪਟੀਸ਼ਨ ਦਾਇਰ (ਫਰਵਰੀ 2021) ਕੀਤੀ, ਜਿਸ ਨੇ ਸਪਲਾਈ ਕੋਡ, 2014 ਦੇ ਉਪਬੰਧਾਂ ਅਨੁਸਾਰ ਲੋਡ/ਡਿਮਾਂਡ ਵਿੱਚ ਵਾਧਾ ਜਾਰੀ ਕਰਨ ਲਈ ਵਸੂਲੀ ਯੋਗ ਖਰਚਿਆਂ ਦੀ ਮੁੜ ਗਣਨਾ ਕਰਨ ਲਈ ਨਿਰਦੇਸ਼ (ਜੁਲਾਈ 2021) ਦਿੱਤਾ ਸੀ। ਕੰਪਨੀ ਨੇ ₹ 1.44 ਕਰੋੜ ਦੇ ਕੰਮਾਂ ਲਈ ਜਮ੍ਹਾਂ ਕਰਨ ਲਈ ਇੱਕ ਸੋਧਿਆ ਡਿਮਾਂਡ ਨੋਟਿਸ ਜਾਰੀ (13 ਸਤੰਬਰ 2021) ਕੀਤਾ ਜੋ ਕਿ ਖਪਤਕਾਰ ਦੁਆਰਾ ਜਮ੍ਹਾਂ (17 ਸਤੰਬਰ 2021) ਕਰਵਾ ਦਿੱਤਾ ਗਿਆ ਸੀ।

ਕੰਪਨੀ ਨੇ, ਹਾਲਾਂਕਿ ਨਵੇਂ ਮਲਟੀ-ਸਰਕਟ ਟਾਵਰਾਂ ਰਾਹੀਂ ਕੁਨੈਕਸ਼ਨ ਜਾਰੀ ਕਰਨ ਦੀਆਂ ਆਪਣੀਆਂ ਯੋਜਨਾਵਾਂ ਨੂੰ ਟਾਲ ਦਿੱਤਾ ਅਤੇ ਇਸ ਦੇ ਬਜਾਏ ਡੀ ਸੀ ਟਾਵਰਾਂ ਤੇ ਪਹਿਲਾਂ ਤੋਂ ਮੌਜੂਦ ਅਕ੍ਰਿਆਸ਼ੀਲ ਸਰਕਟ ਤੋਂ ਉਪਭੋਗਤਾ ਨੂੰ ਕੁਨੈਕਸ਼ਨ ਪ੍ਰਦਾਨ ਕਰਨ ਦਾ ਫੈਸਲਾ (ਮਈ 2022) ਕੀਤਾ । ਇਸਦੇ ਲਈ, ਕੰਪਨੀ ਨੇ ਇੱਕ ਸੋਧਿਤ ਫਿਜ਼ੀਬਿਲਟੀ ਕਲੀਅਰੈਂਸ ਜਾਰੀ (ਸਤੰਬਰ 2022) ਕੀਤਾ ਅਤੇ 11 ਜਨਵਰੀ 2023 ਤੋਂ ਲੋਡ ਵਿੱਚ ਵਾਧਾ ਕੀਤਾ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2022) ਕਿ ਕੰਪਨੀ ਜੋ ਕਿ ਪਿਛਲੇ 15 ਸਾਲਾਂ ਤੋਂ ਅਣਵਰਤੇ ਪਏ ਅਕ੍ਰਿਆਸ਼ੀਲ ਸਰਕਟ ਤੋਂ ਜਾਣੂ ਸੀ ਨੇ ਲੋਡ ਨੂੰ ਵਧਾਉਣ ਲਈ ਛੇਂ ਨਵੇਂ ਮਲਟੀ-ਸਰਕਟ ਟਾਵਰ ਲਗਾਉਣ ਦਾ ਫੈਸਲਾ ਕੀਤਾ। ਇਹ ਕੰਪਨੀ ਦੇ ਟਰਾਂਸਮਿਸ਼ਨ ਪਲੈਨਿੰਗ ਵਿੰਗ ਦੁਆਰਾ ਇਹ ਪੁਸ਼ਟੀ (ਦਸੰਬਰ 2020) ਕੀਤੇ ਜਾਣ ਦੇ ਬਾਵਜੂਦ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਭਵਿੱਖ ਵਿੱਚ ਅਕ੍ਰਿਆਸ਼ੀਲ ਸਰਕਟ ਦੀ ਵਰਤੋਂ ਕਰਨ ਦੀ ਕੋਈ ਯੋਜਨਾ ਨਹੀਂ ਸੀ, ਫਿਰ ਵੀ ਕੰਪਨੀ ਇਸ ਬਾਰੇ ਇਹ ਫੈਸਲਾ ਨਹੀਂ ਲੈ ਸਕੀ ਕਿ ਇਹ ਖਪਤਕਾਰ ਦੀ ਲੰਬਿਤ ਲੋਡ ਐਕਸਟੈਸ਼ਨ ਬੇਨਤੀ ਨੂੰ ਕਿਵੇਂ ਪੂਰਾ ਕਰੇਗੀ।

ਖਪਤਕਾਰ ਨੂੰ ਲੋਡ ਵਧਾਉਣ ਲਈ ਫਿਜ਼ੀਬਿਲਟੀ ਕਲੀਅਰੈਂਸ ਦੇਣ ਵਿੱਚ 20 ਮਹੀਨਿਆਂ ਅਰਥਾਤ ਪਹਿਲੀ ਫਿਜ਼ੀਬਿਲਟੀ ਕਲੀਅਰੈਂਸ (01 ਅਕਤੂਬਰ 2020) ਅਤੇ ਸੋਧਿਤ ਫਿਜ਼ੀਬਿਲਟੀ ਕਲੀਅਰੈਂਸ (23 ਮਈ 2022) ਦੇ ਵਿਚਕਾਰ ਦੀ ਮਿਆਦ ਦੀ ਦੇਰੀ ਦੇ ਨਤੀਜੇ ਵਜੋਂ ਕੰਪਨੀ ਨੇ ਫਿਕਸਡ ਚਾਰਜ਼ਿਜ਼[5] ਵਜੋਂ ₹ 1.87 ਕਰੋੜ[6] ਦਾ ਮਾਲੀਆ ਕਮਾਉਣ ਦਾ ਮੌਕਾ ਗੁਆ ਦਿੱਤਾ।

ਸਰਕਾਰ ਨੇ ਕਿਹਾ (ਜੂਨ 2023) ਕਿ ਫਿਕਸਡ ਚਾਰਜ਼ ਦੇ ਨੁਕਸਾਨ ਦੀ ਗਣਨਾ 01 ਅਕਤੂਬਰ 2020 ਤੋਂ 23 ਮਈ 2022 ਦੀ ਮਿਆਦ ਲਈ ਕੀਤੀ ਗਈ ਹੈ ਜਿਸ ਦੌਰਾਨ ਇਹ ਕੇਸ ਕੰਪਨੀ ਕੋਲ ਲੰਬਿਤ ਵੀ ਨਹੀਂ ਸੀ ਕਿਉਂਕਿ ਖਪਤਕਾਰ ਨੂੰ ਫਿਜ਼ੀਬਿਲਟੀ ਪਹਿਲਾਂ ਹੀ ਦਿੱਤੀ ਜਾ ਚੁੱਕੀ ਸੀ। ਉਨ੍ਹਾਂ ਨੇ ਕਿਹਾ ਕਿ ਜੇਕਰ ਖਪਤਕਾਰ ਨੇ ਸਮੇਂ ਸਿਰ ਫਿਜ਼ੀਬਿਲਟੀ ਪੱਤਰ ਅਤੇ ਡਿਮਾਂਡ ਨੋਟਿਸ ਦੀ ਪਾਲਣਾ ਕੀਤੀ ਹੁੰਦੀ ਤਾਂ ਕੁਨੈਕਸ਼ਨ ਸਮੇਂ ਸਿਰ ਜਾਰੀ ਕੀਤਾ ਜਾ ਸਕਦਾ ਸੀ। ਜਵਾਬ ਸਵੀਕਾਰਯੋਗ

---

5 ਫਿਕਸਡ ਚਾਰਜਿਜ਼ ਕੰਟਰੈਕਟ ਡਿਮਾਂਡ ਜਾਂ ਬਿਲਿੰਗ ਸਾਈਕਲ/ਮਹੀਨੇ ਦੌਰਾਨ ਰਿਕਾਰਡ ਕੀਤੀ ਅਸਲ ਮੰਗ (ਮਨਜ਼ੂਰ ਇਕਰਾਰਨਾਮੇ ਦੀ ਮੰਗ ਤੱਕ ਸੀਮਤ) ਜੋ ਵੀ ਵੱਧ ਹੋਵੇ, ਦੇ 80 *ਪ੍ਰਤੀਸ਼ਤ* ਵਜੋਂ ਚਾਰਜ ਕੀਤੇ ਜਾਂਦੇ ਹਨ।

6 4252 ਕੇ ਵੀ ਏ x 80 *ਪ੍ਰਤੀਸ਼ਤ* x ₹ 260 ਪ੍ਰਤੀ ਕੇ ਵੀ ਏ ਪ੍ਰਤੀ ਮਹੀਨਾ x 8 ਮਹੀਨੇ *ਜਮ੍ਹਾਂ* 4252 ਕੇ ਵੀ ਏ x 80 *ਪ੍ਰਤੀਸ਼ਤ* x ₹ 285 ਪ੍ਰਤੀ ਕੇ ਵੀ ਏ ਪ੍ਰਤੀ ਮਹੀਨਾ x 12 ਮਹੀਨੇ।

ਨਹੀਂ ਸੀ ਕਿਉਂਕਿ ਕੰਪਨੀ ਨੇ ਉਪਭੋਗਤਾ ਨੂੰ ਪੰਜ ਮੌਜੂਦਾ ਡੀ ਸੀ ਟਾਵਰਾਂ ਅਤੇ ਐਸ ਸੀ ਲਾਈਨ ਨੂੰ ਤੋੜਨ ਅਤੇ ਛੇ ਨਵੇਂ ਮਲਟੀ-ਸਰਕਟ ਟਾਵਰਾਂ ਨੂੰ ਬਣਾਉਣ ਦੀ ਲਾਗਤ ਝੱਲਣ ਲਈ ਕਿਹਾ ਸੀ। ਇਸ ਮੰਗ ਤੋਂ ਅਸੰਤੁਸ਼ਟ ਹੋ ਕੇ ਖਪਤਕਾਰ ਨੇ ਕਮੀਸ਼ਨ ਕੋਲ ਪਹੁੰਚ ਕੀਤੀ, ਜਿਸ ਨੇ ਮੌਜੂਦਾ ਨਿਯਮਾਂ ਅਤੇ ਆਦੇਸ਼ਾਂ ਅਨੁਸਾਰ ਸਥਿਤੀ ਦਾ ਮੁੜ ਮੁਲਾਂਕਣ ਕਰਨ ਦੇ ਆਦੇਸ਼ ਦਿੱਤੇ। ਇਸ ਤਰ੍ਹਾਂ, ਜੇਕਰ ਕੰਪਨੀ ਨੇ ਆਪਣੇ ਹੀ ਸਪਲਾਈ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਹੁੰਦੀ ਤਾਂ ਕੁਨੈਕਸ਼ਨ ਪਹਿਲਾਂ ਜਾਰੀ ਕੀਤਾ ਜਾ ਸਕਦਾ ਸੀ ਅਤੇ ਫਿਕਸਡ ਚਾਰਜਿਜ਼ ਵਜੋਂ ₹ 1.87 ਕਰੋੜ ਦਾ ਮਾਲੀਆ ਪ੍ਰਾਪਤ ਕੀਤਾ ਜਾ ਸਕਦਾ ਸੀ।

**ਸਿਫਾਰਸ਼: ਖਪਤਕਾਰਾਂ ਨੂੰ ਕੋਈ ਵੀ ਸੇਵਾ ਪ੍ਰਦਾਨ ਕਰਨ ਲਈ ਕੰਪਨੀ ਨੂੰ ਸਪਲਾਈ ਕੋਡ ਦੀ ਪਾਲਣਾ ਕਰਨੀ ਚਾਹੀਦੀ ਹੈ।**

## 7.4 ਵਿਕਰੀ ਪੁਸ਼ਟੀ ਆਦੇਸ਼ ਜਾਰੀ ਕਰਨ ਵਿੱਚ ਦੇਰੀ

**ਕੰਪਨੀ ਦੁਆਰਾ ਵਿਕਰੀ ਪੁਸ਼ਟੀ ਆਦੇਸ਼ ਜਾਰੀ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 1.55 ਕਰੋੜ ਦੇ ਬਚਣਯੋਗ ਵਿਆਜ ਦਾ ਬੋਝ ਪਿਆ।**

ਪੰਜਾਬ ਸਰਕਾਰ ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਦੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਾਵਰ ਪਲਾਂਟ (ਜੀ ਜੀ ਐਸ ਐਸ ਟੀ ਪੀ) ਦੀਆਂ ਪੜਾਅ-I ਯੂਨਿਟਾਂ ਨੂੰ ਖਤਮ ਕਰਨ ਦਾ ਫੈਸਲਾ (ਦਸੰਬਰ 2017) ਕੀਤਾ। ਇਸ ਅਨੁਸਾਰ ਜੀ ਜੀ ਐਸ ਐਸ ਟੀ ਪੀ, ਰੋਪੜ ਦੇ ਪੜਾਅ-I ਦੀਆਂ ਹਰ ਇੱਕ 210 ਮੈਗਾਵਾਟ ਦੀਆਂ ਦੋ ਯੂਨਿਟਾਂ 01 ਜਨਵਰੀ 2018 ਤੋਂ ਸਥਾਈ ਤੌਰ ਤੇ ਬੰਦ ਕਰ ਦਿੱਤੀਆਂ ਗਈਆ ਸਨ। ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ (ਬੀ ਓ ਡੀ) ਨੇ ਬੰਦ ਯੂਨਿਟਾਂ ਦੇ ਨਿਪਟਾਰੇ ਦੀ ਨਿਗਰਾਨੀ ਕਰਨ ਲਈ ਇੱਕ ਕਮੇਟੀ ਦਾ ਗਠਨ (ਜਨਵਰੀ 2018) ਕੀਤਾ ਸੀ । ਬੀ ਓ ਡੀ ਨੇ ₹ 135 ਕਰੋੜ ਦੀ ਰਿਜ਼ਰਵ ਕੀਮਤ (ਸਲਾਹਕਾਰ ਦੀ ਰਿਪੋਰਟ ਦੇ ਅਧਾਰ ਤੇ) "ਜਿਵੇਂ ਹੈ ਜਿੱਥੇ ਹੈ ਅਧਾਰ ਤੇ" ਇਕੋ ਲਾਟ ਵਿੱਚ ਸਰਪਲਸ ਸਪੇਅਰਜ਼ ਸਮੇਤ ਦੋਵੇਂ ਉਕਤ ਯੂਨਿਟਾਂ ਦੀਆਂ ਸੰਪਤੀਆਂ ਦੀ ਈ-ਨਿਲਾਮੀ ਲਈ ਫੈਸਲਾ (ਫਰਵਰੀ 2021) ਕੀਤਾ ਅਤੇ ਈ-ਨਿਲਾਮੀ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਅਤੇ ਵਿਕਰੀ ਆਦੇਸ਼ ਦੇਣ ਲਈ ਕੰਪਨੀ ਦੇ ਮੁੱਖ ਇੰਜੀਨੀਅਰ/ਸਟੋਰਜ਼ ਅਤੇ ਵਰਕਸ਼ਾਪ ਨੂੰ ਅਧਿਕਾਰ ਦਿੱਤਾ।

ਈ-ਨਿਲਾਮੀ ਲਈ ਟੈਂਡਰ ਜਾਰੀ (ਸਤੰਬਰ 2021) ਕੀਤਾ ਗਿਆ ਅਤੇ ₹ 150.45 ਕਰੋੜ *ਜਮ੍ਹਾਂ* ਜੀ ਐਸ ਟੀ ਦੀ ਕੀਮਤ ਦੀ ਬੋਲੀ ਵਾਲੀ ਇੱਕ ਫਰਮ ਨੂੰ ਸਰਵਉੱਚ ਬੋਲੀਕਰਤਾ ਵਜੋਂ ਘੋਸ਼ਿਤ (28 ਅਕਤੂਬਰ 2021) ਕੀਤਾ ਗਿਆ ਸੀ। ਬੋਲੀ ਦਸਤਾਵੇਜ਼ ਦੇ ਨਿਯਮਾਂ ਅਤੇ ਸ਼ਰਤਾਂ ਦੇ ਅਨੁਸਾਰ, ਜੇਕਰ ਖਰੀਦਦਾਰ ਵੱਲੋਂ ਪਹਿਲੀ ਕਿਸ਼ਤ ਦਾ ਭੁਗਤਾਨ ਕਰਨ ਵੇਲੇ ਇੱਕ ਕਿਸ਼ਤ (ਸਾਰੇ ਟੈਕਸਾਂ ਸਮੇਤ) ਵਿੱਚ ਪੂਰੀ ਰਕਮ ਜਮ੍ਹਾਂ ਕਰਵਾਈ ਜਾਂਦੀ ਹੈ ਤਾਂ ਕੁੱਲ ਵਿਕਰੀ ਆਦੇਸ਼ ਦੇ ਮੁੱਲ (ਟੈਕਸ ਤੋਂ ਬਿਨਾਂ) ਤੇ ਪੰਜ *ਪ੍ਰਤੀਸ਼ਤ* ਦੀ ਦਰ ਨਾਲ ਛੋਟ ਦਿੱਤੀ ਜਾਣੀ ਸੀ। ਕੰਪਨੀ ਨੇ ਬੋਲੀ ਪੂਰੀ ਹੋਣ ਦੀ ਮਿਤੀ ਤੋਂ 69 ਦਿਨਾਂ ਬਾਅਦ ਵਿਕਰੀ ਪੁਸ਼ਟੀ ਆਦੇਸ਼ ਜਾਰੀ (06 ਜਨਵਰੀ 2022) ਕੀਤਾ ਅਤੇ ਫਰਮ ਨੇ ਜੀ ਐਸ ਟੀ ਸਮੇਤ ₹ 170.34 ਕਰੋੜ ਦਾ ਪੂਰਾ ਭੁਗਤਾਨ (19 ਜਨਵਰੀ 2022) ਕੀਤਾ।

ਲੇਖਾ ਪ੍ਰੀਖਿਆ ਨੇ ਵੇਖਿਆ (ਮਈ 2022) ਕਿ ਕੰਪਨੀ ਜੋ ਵੱਖ-ਵੱਖ ਬੈਂਕਾ/ਵਿੱਤੀ ਸੰਸਥਾਵਾਂ ਤੋਂ ਕਾਰਜਸ਼ੀਲ ਪੂੰਜੀ ਕਰਜਾ ਲੈ ਕੇ ਇਸ ਉੱਤੇ ਵਿਆਜ 'ਤੇ ਵੱਡੀ ਰਕਮ ਖਰਚ ਕੇ ਆਪਣੀਆਂ ਰੋਜ਼ਾਨਾ

ਦੀਆਂ ਗਤੀਵਿਧੀਆਂ ਦਾ ਪ੍ਰਬੰਧਨ ਕਰਦੀ ਹੈ ਨੇ ਵਿਕਰੀ ਪੁਸ਼ਟੀ ਆਦੇਸ਼ ਜਾਰੀ ਕਰਨ ਲਈ 69 ਦਿਨ ਲਏ। ਵਿਆਜ ਦੀ ਲਾਗਤ ਨੂੰ ਬਚਾਉਣ ਲਈ ਛੇਤੀ ਤੋਂ ਛੇਤੀ ਵਿਕਰੀ ਦੀ ਕਮਾਈ ਪ੍ਰਾਪਤ ਕਰਨਾ ਬਹੁਤ ਮਹੱਤਵਪੂਰਨ ਸੀ। ਭਾਵੇ ਕਿ ₹ 142.93 ਕਰੋੜ (ਛੋਟ ਤੋਂ ਬਾਅਦ) ਦੇ ਫੰਡਾਂ ਦੀ ਪ੍ਰਾਪਤੀ ਸ਼ਾਮਲ ਸੀ ਫਿਰ ਵੀ ਕੰਪਨੀ ਨੂੰ ਵਿਕਰੀ ਆਦੇਸ਼ ਜਾਰੀ ਕਰਨ ਅਤੇ ਯਕੀਨੀ ਮਾਲੀਆ ਪ੍ਰਾਪਤ ਕਰਨ ਵਿੱਚ ਦੋ ਮਹੀਨਿਆਂ ਤੋਂ ਵੱਧ ਦਾ ਸਮਾਂ ਲੱਗਿਆ। ਗੁਰੂ ਨਾਨਕ ਦੇਵ ਥਰਮਲ ਪਲਾਂਟ (ਜੀ ਐਨ ਡੀ ਟੀ ਪੀ), ਬਠਿੰਡਾ ਦੇ ਚਾਰ ਸਕ੍ਰੈਪ ਕੀਤੇ ਯੂਨਿਟਾਂ ਦੇ ਨਿਪਟਾਰੇ (ਸਤੰਬਰ 2020) ਦੇ ਇਸੇ ਤਰਾਂ ਦੇ ਮਾਮਲੇ ਵਿੱਚ ਕੰਪਨੀ ਨੇ ₹ 164.10 ਕਰੋੜ ਦੀ ਸ਼ਮੂਲੀਅਤ ਵਾਲਾ ਵਿਕਰੀ ਪੁਸ਼ਟੀ ਆਦੇਸ਼ ਜਾਰੀ ਕਰਨ ਲਈ ਬੋਲੀ ਪੂਰੀ ਹੋਣ ਦੀ ਮਿਤੀ ਤੋਂ 28 ਦਿਨ ਲਏ।

ਇਸ ਤਰ੍ਹਾਂ ਰਸਮੀ ਵਿਕਰੀ ਆਦੇਸ਼ ਜਾਰੀ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 1.55 ਕਰੋੜ[7] ਦਾ ਵਿਆਜ ਦਾ ਬਚਣਯੋਗ ਬੋਝ ਪਿਆ।

ਸਰਕਾਰ ਨੇ ਕਿਹਾ (ਮਈ 2023) ਕਿ ਵਿਕਰੀ ਆਦੇਸ਼ ਲਈ ਏਜੰਡੇ ਨੂੰ ਬੀ ਓ ਡੀ ਦੁਆਰਾ ਪ੍ਰਵਾਨਗੀ ਦੀ ਲੋੜ ਸੀ ਪਰ ਕਿਉਂਕਿ ਬੀ ਓ ਡੀ ਦੀ ਮੀਟਿੰਗ ਤਹਿ ਨਹੀਂ ਕੀਤੀ ਗਈ ਸੀ, ਵਿਕਰੀ ਆਦੇਸ਼ ਲਈ ਏਜੰਡਾ ਹੋਲ ਟਾਈਮ ਡਾਇਰੈਕਟਰਾਂ ਦੁਆਰਾ ਪ੍ਰਵਾਨ ਕੀਤਾ ਗਿਆ ਸੀ ਜਿਸ ਦੀ ਪੁਸ਼ਟੀ ਬੀ ਓ ਡੀ ਦੁਆਰਾ ਕੀਤੀ ਜਾਣੀ ਸੀ। ਹਾਲਾਂਕਿ, ਤੱਥ ਇਹ ਰਿਹਾ ਕਿ ਇਸ ਕੇਸ ਵਿੱਚ ਦੇਰੀ ਦੇ ਨਤੀਜੇ ਵਜੋਂ ਕੰਪਨੀ ਨੂੰ ਵਿਆਜ ਦੀ ਬਚਣਯੋਗ ਲਾਗਤ ਦਾ ਭੁਗਤਾਨ ਕਰਨਾ ਪਿਆ।

**ਸਿਫਾਰਸ਼: ਕੰਪਨੀ ਨੂੰ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਮਾਲੀਆ ਪ੍ਰਾਪਤੀ ਦੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ।**

## 7.5 ਮਲਟੀਪਲ ਕੁਨੈਕਸ਼ਨਾਂ ਦੀ ਕਲੱਬਿੰਗ ਨਾ ਕਰਨਾ

**ਕੰਪਨੀ ਨੇ ਇੱਕੋ ਜੀ ਐਸ ਟੀ ਨੰਬਰ ਵਾਲੀਆਂ ਫਰਮਾਂ ਨੂੰ ਇੱਕੋ ਪਤੇ ਤੇ ਮਲਟੀਪਲ ਕੁਨੈਕਸ਼ਨ ਜਾਰੀ ਕੀਤੇ ਅਤੇ ਕੁਨੈਕਸ਼ਨਾਂ ਦੀ ਕਲੱਬਿੰਗ ਨਾ ਕਰਨ ਕਰਕੇ ਇਸ ਪ੍ਰਕਿਰਿਆ ਵਿੱਚ ₹ 0.82 ਕਰੋੜ ਦਾ ਮਾਲੀਆ ਗੁਆ ਦਿੱਤਾ।**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਦਾ ਸਪਲਾਈ ਕੋਡ 2014 ਵਿਵਸਥਾ ਕਰਦਾ ਹੈ ਕਿ ਇੱਕ ਪਰਿਸਰ ਵਿੱਚ ਸਿਰਫ ਇੱਕ ਬਿਜਲੀ ਕੁਨੈਕਸ਼ਨ ਹੋਣਾ ਚਾਹੀਦਾ ਹੈ। ਕੰਪਨੀ ਦਾ ਬਿਜਲੀ ਸਪਲਾਈ ਹਦਾਇਤ ਮੈਨੂਅਲ, 2018 ਵੀ ਇਹ ਵਿਵਸਥਾ ਕਰਦਾ ਹੈ ਕਿ ਖਪਤਕਾਰਾਂ ਨੂੰ ਸਪਲਾਈ ਨੂੰ ਉੱਚ ਵੋਲਟੇਜ ਵਿੱਚ ਬਦਲਣ ਅਤੇ ਟੈਰਿਫ ਦੀ ਵੱਖ-ਵੱਖ ਅਨੁਸੂਚੀ ਲਾਗੂ ਹੋਣ ਤੋਂ ਬਚਣ ਲਈ ਇੱਕੋ ਪਰਿਸਰ ਵਿੱਚ ਮਲਟੀਪਲ ਕੁਨੈਕਸ਼ਨ ਨਹੀਂ ਲੈਣੇ ਚਾਹੀਦੇ ਹਨ। ਹਾਲਾਂਕਿ ਉਸੇ ਪਰਿਸਰ ਵਿੱਚ ਇੱਕ ਹੋਰ ਬਿਜਲੀ ਕੁਨੈਕਸ਼ਨ ਦੀ ਇਜਾਜ਼ਤ ਇੱਕ ਵੱਖਰੀ ਇਕਾਈ ਨੂੰ ਦਿੱਤੀ ਜਾ ਸਕਦੀ ਹੈ ਜੇਕਰ ਇਹ ਹੇਠ ਲਿਖੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ:

(ੳ) ਇਹ ਬਕਾਇਦਾ ਤੌਰ 'ਤੇ ਵੰਡੀ ਗਈ ਜਗ੍ਹਾ ਵਿੱਚ ਮਲਕੀਅਤ ਵਾਲੀ ਜਾਂ ਲੀਜ਼/ਕਿਰਾਏ 'ਤੇ ਲਈ ਗਈ ਇਕ ਵੱਖਰੀ ਇਕਾਈ ਹੈ;

---

7 ਸਾਲ 2021-22 ਦੇ ਟੈਰਿਫ ਆਦੇਸ਼ਾਂ ਵਿੱਚ ਪੀ ਐਸ ਈ ਆਰ ਸੀ ਦੁਆਰਾ ਮਨਜ਼ੂਰ ਕਾਰਜਸ਼ੀਲ ਪੂੰਜੀ ਉੱਤੇ ਵਿਆਜ ਹੋਣ ਦੇ ਨਾਤੇ 10.13 *ਪ੍ਰਤੀਸ਼ਤ* ਸਲਾਨਾ ਦੀ ਦਰ ਨਾਲ 39 ਦਿਨਾਂ ਲਈ (ਸਾਰੀਆਂ ਉਪਚਾਰਕਤਾਵਾਂ ਪੂਰੀਆਂ ਕਰਨ ਤੋਂ ਬਾਅਦ ਵਿਕਰੀ ਪੁਸ਼ਟੀ ਆਦੇਸ਼ ਦੇਣ ਲਈ 30 ਦਿਨਾਂ ਦਾ ਸਮਾਂ ਦੇਣ ਤੋਂ ਬਾਅਦ) ਗਣਨਾ ਕੀਤੀ ਗਈ।

(ਅ) ਇਹ ਸਬੰਧਤ ਕਾਨੂੰਨ ਦੇ ਅਧੀਨ ਇੱਕ ਵੱਖਰੀ ਇਕਾਈ/ਫਰਮ ਵਜੋਂ ਰਜਿਸਟਰ ਹੈ;

(ੲ) ਇਸ ਕੋਲ ਇੱਕ ਵੱਖਰਾ ਜੀ ਐਸ ਟੀ ਨੰਬਰ ਹੈ ਅਤੇ ਆਮਦਨ ਕਰ ਲਈ ਜਿਵੇਂ ਲਾਗੂ ਹੋਵੇ ਇਸਦਾ ਵੱਖਰੇ ਤੌਰ ਤੇ ਮੁਲਾਂਕਣ ਕੀਤਾ ਜਾਂਦਾ ਹੈ।

ਜਦੋਂ ਇੱਕ ਹੀ ਪਰਿਸਰ ਵਿੱਚ ਕਿਸੇ ਖਪਤਕਾਰ ਕੋਲ ਇੱਕ ਤੋਂ ਜ਼ਿਆਦਾ ਕੁਨੈਕਸ਼ਨ ਪਾਏ ਜਾਂਦੇ ਹਨ (ਇੱਕ ਹੀ ਜਾਂ ਵੱਖਰੇ ਨਾਵਾਂ ਵਿੱਚ) ਅਤੇ ਉਸ ਮਾਮਲੇ ਵਿੱਚ ਜਦੋਂ ਪਰਿਸਰ ਵਿੱਚ ਸਥਿਤ ਖਪਤਕਾਰ ਸਿਰਫ ਇੱਕ ਕੁਨੈਕਸ਼ਨ ਦੇ ਹੱਕਦਾਰ ਹਨ, ਤਾਂ ਵੰਡ ਲਾਇਸੰਸਧਾਰਕ ਘੱਟੋ ਘੱਟ 15 ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ ਜਾਂ ਉਪਭੋਗਤਾ ਦੁਆਰਾ ਕੁਨੈਕਸ਼ਨਾਂ ਨੂੰ ਕਲੱਬ ਕਰਨ ਦੀ ਬੇਨਤੀ ਤੇ ਇੱਕ ਪੁਆਇੰਟ ਤੇ ਸਪਲਾਈ ਦੇਵੇਗਾ ਅਤੇ ਜੇਕਰ ਉਸੇ ਪਰਿਸਰ ਵਿੱਚ ਅਜਿਹੀਆਂ ਸਾਰੀਆਂ ਇਕਾਈਆਂ ਦਾ ਜੁੜਿਆ ਲੋਡ 100 ਕੇ ਡਬਲਯੂ/ਕੇ ਵੀ ਏ ਤੋਂ ਵੱਧ ਹੈ ਤਾਂ ਖਪਤਕਾਰਾਂ ਦੀ ਲਾਗਤ ਤੇ ਐਚ ਟੀ ਸਪਲਾਈ ਵੱਲ ਸਵਿੱਚ ਕੀਤਾ ਜਾ ਸਕਦਾ ਹੈ। ਅਜਿਹੇ ਸਾਰੇ ਖਪਤਕਾਰਾਂ ਨੂੰ ਨੋਟਿਸ ਦੀ ਮਿਆਦ ਡਿਮਾਂਡ ਪੁੱਗਣ ਦੀ ਮਿਤੀ ਤੋਂ ਕੁੱਲ ਜੁੜੇ ਲੋਡ/ਕੰਟਰੈਕਟ ਡਿਮਾਂਡ ਤੇ ਲਾਗੂ ਸਬੰਧਤ ਟੈਰਿਫ ਸ਼੍ਰੇਣੀ ਅਧੀਨ ਬਿਲ ਭੇਜਿਆ ਜਾਵੇਗਾ। ਇਸ ਤੋਂ ਇਲਾਵਾ, ਨਿਰਧਾਰਤ ਮਿਆਦ ਦੇ ਅੰਦਰ ਸਪਲਾਈ ਨੂੰ ਵੋਲਟੇਜ ਪੱਧਰਾਂ ਵਿੱਚ ਤਬਦੀਲ ਨਾ ਕੀਤੇ ਜਾਣ ਦੀ ਸਥਿਤੀ ਵਿੱਚ, ਟੈਰਿਫ ਦੀਆਂ ਆਮ ਸ਼ਰਤਾਂ ਦੇ ਅਨੁਸਾਰ ਵੋਲਟੇਜ ਸਰਚਾਰਜ ਲਗਾਇਆ ਜਾਵੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ (ਮਾਰਚ 2022) ਕਿ 399 ਕੇ ਵੀ ਏ ਦੇ ਸਮੂਹਿਕ ਲੋਡ ਵਾਲੇ ਚਾਰ ਮੀਡੀਅਮ ਸਪਲਾਈ (ਐਮ ਐਸ) ਉਦਯੋਗਿਕ ਕੁਨੈਕਸ਼ਨ ਉਸੇ ਪਰਿਸਰ ਵਿੱਚ 400-ਵੋਲਟ ਸਪਲਾਈ ਪੱਧਰ ਤੇ ਚੱਲ ਰਹੇ ਸਨ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ ਵੱਖਰੇ ਤੌਰ ਤੇ ਬਿਲ ਭੇਜੇ ਜਾ ਰਹੇ ਹਨ:

| ਲੜੀ ਨੰ. | ਖਪਤਕਾਰ ਦਾ ਨਾਂਅ | ਫਰਮ ਦਾ ਨਾਅ | ਜੀ ਐਸ ਟੀ ਨੰ. | ਖਾਤਾ ਨੰਬਰ | ਕੰਟਰੈਕਟ ਡਿਮਾਂਡ (ਕੇ ਵੀ ਏ) | ਕੁਨੈਕਸ਼ਨ ਜਾਰੀ ਕਰਨ ਦੀ ਮਿਤੀ |
|---|---|---|---|---|---|---|
| 1. | ਸ਼੍ਰੀ ਲੇਖ ਰਾਜ ਪੁੱਤਰ ਸ਼੍ਰੀ ਰਾਮ ਚੰਦ | ਜੋਤੀ ਪਲਾਸਟਿਕ | 03xxxxxxxxxx1Z3 | 3002802382 | 100 | 30-04-2005 |
| 2. | ਸ਼੍ਰੀ ਵਿਜੇ ਕੁਮਾਰ ਪੁੱਤਰ ਸ਼੍ਰੀ ਰਾਮ ਚੰਦ | ਜੋਤੀ ਪਲਾਸਟਿਕ | 03xxxxxxxxxx1Z3 | 3002802387 | 100 | 25-04-2006 |
| 3. | ਸ਼੍ਰੀ ਰੋਹਿਤ ਅਰੋੜਾ ਪੁੱਤਰ ਸ਼੍ਰੀ ਲੇਖ ਰਾਜ | ਸ਼ਿਵਮ ਪਲਾਸਟਿਕ | 03yyyyyyyyyy1ZT | 3002802407 | 100 | 25-06-2012 |
| 4. | ਸ਼੍ਰੀ ਵਿਜੇ ਕੁਮਾਰ ਪੁੱਤਰ ਸ਼੍ਰੀ ਰਾਮ ਚੰਦ | ਜੋਤੀ ਪਲਾਸਟਿਕ | 03xxxxxxxxxx1Z3 | 3015075297 | 99 | 07-02-2018 |
| **ਜੋੜ** | | | | | **399** | |

*ਸ੍ਰੋਤ: ਕੰਪਨੀ ਦੁਆਰਾ ਦਿੱਤੀ ਗਈ ਜਾਣਕਾਰੀ*

ਵਿਅਕਤੀਗਤ ਨਾਵਾਂ ਤੇ ਲਏ ਗਏ ਉਪਰੋਕਤ ਸਾਰੇ ਚਾਰ ਕੁਨੈਕਸ਼ਨ ਇੱਕੋ ਪਰਿਵਾਰ ਦੇ ਮੈਂਬਰਾਂ ਦੇ ਜਾਪਦੇ ਸਨ। ਲੇਖਾ ਪ੍ਰੀਖਿਆ ਨੂੰ ਪ੍ਰਦਾਨ ਕੀਤੇ ਗਏ ਲੀਜ਼ ਦਸਤਾਵੇਜ਼ਾਂ ਦੀ ਪੜਤਾਲ ਨੇ ਦਰਸਾਇਆ ਕਿ ਸਾਰੇ ਕੁਨੈਕਸ਼ਨ ਇੱਕੋ ਪਰਿਸਰ/ਪਤੇ ਤੇ ਚਲ ਰਹੇ ਸਨ। ਇਹਨਾਂ ਵਿੱਚੋਂ ਤਿੰਨ ਕੁਨੈਕਸ਼ਨ ਉਸੇ ਹੀ ਜੀ ਐਸ ਟੀ ਨੰਬਰ ਵਾਲੀ ਇੱਕ ਹੀ ਫਰਮ ਦੇ ਸਨ। ਇਸ ਤਰ੍ਹਾਂ, ਕੰਪਨੀ ਨੂੰ ਮੌਜੂਦਾ ਨਿਯਮਾਂ ਦੇ ਅਨੁਸਾਰ ਇਹਨਾਂ ਚਾਰ ਵੱਖ-ਵੱਖ ਕੁਨੈਕਸ਼ਨਾਂ ਨੂੰ ਇੱਕ ਦੇ ਰੂਪ ਵਿੱਚ ਕਲੱਬ ਕਰਨਾ ਅਤੇ ਬਿਲ ਭੇਜਣਾ ਚਾਹੀਦਾ ਸੀ।

ਇਸ ਤਰ੍ਹਾਂ, ਕੰਪਨੀ ਨੇ ਲੋਡ ਦੇ ਕਲੱਬਿੰਗ ਸੰਬੰਧੀ ਮੌਜੂਦਾ ਨਿਯਮਾਂ ਦੀ ਪਾਲਣਾ ਨਾ ਕਰਨ ਕਰਕੇ ₹ 0.82 ਕਰੋੜ[8] ਦਾ ਮਾਲੀਆ ਗੁਆ ਦਿੱਤਾ ਅਤੇ ਮਾਲੀਆ ਗੁਆਉਣਾ ਜਾਰੀ ਰਹੇਗਾ ਕਿਉਂਕਿ ਇਹਨਾ ਕੁਨੈਕਸ਼ਨਾਂ ਨੂੰ ਇਕੱਠੇ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ (ਜੂਨ 2023) ਗਈ।

ਮਾਮਲਾ ਕੰਪਨੀ ਅਤੇ ਸਰਕਾਰ ਨੂੰ ਭੇਜਿਆ (ਮਾਰਚ 2023) ਗਿਆ ਸੀ ; ਉਹਨਾ ਦੇ ਜਵਾਬ ਦੀ ਉਡੀਕ (ਫਰਵਰੀ 2024) ਸੀ।

**ਸਿਫਾਰਸ਼: ਕੰਪਨੀ ਨੂੰ ਕੁਨੈਕਸ਼ਨ ਜਾਰੀ ਕਰਦੇ ਸਮੇਂ ਸਪਲਾਈ ਕੋਡ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਆਪਣੇ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ।**

## 7.6 ਮਾਲੀਏ ਦੀ ਵਸੂਲੀ ਨਾ ਕਰਨਾ

**ਇੱਕ ਸਿੰਗਲ ਪੁਆਇੰਟ ਖਪਤਕਾਰ ਨੂੰ ਬਿੱਲ ਭੇਜਣ ਵਿੱਚ ਤਿੰਨ ਸਾਲਾਂ ਤੋਂ ਵੱਧ ਦੀ ਦੇਰੀ ਅਤੇ ਨਤੀਜੇ ਵਜੋਂ ਮੁਕੱਦਮੇਬਾਜ਼ੀ ਕਰਕੇ ₹ 3.09 ਕਰੋੜ ਦੇ ਮਾਲੀਏ ਅਤੇ ਇਸ ਨਾਲ ਸਬੰਧਤ ₹ 2.03 ਕਰੋੜ ਦੀ ਵਿਆਜ ਲਾਗਤ ਦੀ ਵਸੂਲੀ ਨਹੀਂ ਹੋਈ।**

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਰੈਗੂਲੇਸ਼ਨਜ਼, 2014 ਦਾ ਰੈਗੂਲੇਸ਼ਨ 30, 50 ਕਿਲੋਵਾਟ ਤੋਂ ਘੱਟ ਕਨੈਕਟਿਡ ਲੋਡ ਵਾਲੇ ਘਰੇਲੂ ਅਤੇ ਗੈਰ-ਰਿਹਾਇਸ਼ੀ ਸਪਲਾਈ ਖਪਤਕਾਰਾਂ ਨੂੰ ਦੋ-ਮਾਸਿਕ ਅਤੇ ਖਪਤਕਾਰਾਂ ਦੀਆਂ ਹੋਰ ਸਾਰੀਆਂ ਸ਼੍ਰੇਣੀਆਂ ਨੂੰ ਮਹੀਨਾਵਾਰ ਬਿੱਲ ਭੇਜਣ ਦੀ ਵਿਵਸਥਾ ਕਰਦਾ ਹੈ। ਊਰਜਾ ਖਰਚਿਆਂ ਦੀ ਸਮੇਂ ਸਿਰ ਵਸੂਲੀ ਲਈ ਬਿਲ ਭੇਜਣ ਦੀ ਨਿਰਧਾਰਤ ਮਿਆਦ ਦੀ ਪਾਲਣਾ ਕਰਨਾ ਜ਼ਰੂਰੀ ਹੈ।

ਕੰਪਨੀ ਨੇ ਖਰੜ ਮੰਡਲ ਅਧੀਨ ਇੱਕ ਖਪਤਕਾਰ[9] ਨੂੰ ਉਸਦੀ ਕਲੋਨੀ ਲਈ ਇਕ ਸਿੰਗਲ ਪੁਆਇੰਟ ਬਿਜਲੀ ਸਪਲਾਈ ਕੁਨੈਕਸ਼ਨ ਜਾਰੀ (ਜੁਲਾਈ 2004) ਕੀਤਾ। ਪ੍ਰਚੱਲਿਤ ਹਦਾਇਤਾਂ ਦੇ ਅਨੁਸਾਰ, ਕੰਪਨੀ ਦੁਆਰਾ ਕਲੋਨੀ ਦੇ ਵਸਨੀਕਾਂ ਨੂੰ ਵਿਅਕਤੀਗਤ ਬਿਜਲੀ ਕੁਨੈਕਸ਼ਨ ਪ੍ਰਦਾਨ ਕੀਤੇ ਗਏ ਸਨ ਅਤੇ ਖਪਤਕਾਰ ਨੂੰ ਸਿੰਗਲ ਪੁਆਇੰਟ ਕੁਨੈਕਸ਼ਨ ਸਪਲਾਈ ਮੀਟਰ ਦੁਆਰਾ ਅਤੇ ਕਲੋਨੀ ਵਿੱਚ ਲਗਾਏ ਗਏ ਸਾਰੇ ਵਿਅਕਤੀਗਤ ਖਪਤਕਾਰਾਂ ਦੇ ਮੀਟਰਾਂ ਦੁਆਰਾ ਖਪਤ ਕੀਤੀ ਊਰਜਾ ਦੇ ਜੋੜ ਦੇ ਅੰਤਰ ਲਈ ਬਿਲ ਭੇਜਿਆ ਗਿਆ ਸੀ। ਖਪਤਕਾਰ ਨੇ ਅਕਤੂਬਰ 2014 ਤੱਕ ਨਿਯਮਤ ਤੌਰ ਤੇ ਬਿਲਾਂ ਦਾ ਭੁਗਤਾਨ ਕੀਤਾ। ਪ੍ਰੰਤੂ, ਕੰਪਨੀ ਦੁਆਰਾ ਨਵੇਂ ਐਸ ਏ ਪੀ ਅਧਾਰਤ

8 ਅਪ੍ਰੈਲ 2018 ਤੋਂ ਜੂਨ 2023 ਦੀ ਮਿਆਦ ਲਈ।

9 ਮੈਸਰਜ਼ ਬਾਜਵਾ ਡਿਵੈਲਪਰਜ਼ ਪ੍ਰਾਈਵੇਟ ਲਿਮਿਟਡ।

ਬਿਲਿੰਗ ਪ੍ਰਣਾਲੀ ਦੀ ਸ਼ੁਰੂਆਤ ਤੋਂ ਬਾਅਦ, ਨਵੰਬਰ 2014 ਤੋਂ ਬਾਅਦ ਵਿਅਕਤੀਗਤ ਖਪਤਕਾਰਾਂ ਲਈ ਡਾਟਾ ਉਪਲਬਧ ਨਾ ਹੋਣ ਕਾਰਨ ਖਪਤਕਾਰ ਨੂੰ ਮਹੀਨਾਵਾਰ ਬਿਲ ਨਹੀਂ ਦਿੱਤੇ ਜਾ ਸਕੇ। ਬਿਲਿੰਗ ਦਾ ਮਸਲਾ ਤਿੰਨ ਸਾਲਾਂ ਤੋਂ ਵੱਧ ਸਮੇਂ ਬਾਅਦ ਹੱਲ ਹੋ ਗਿਆ ਜਦੋਂ ਕੰਪਨੀ ਨੇ ਨਵੰਬਰ 2014 ਤੋਂ ਅਕਤੂਬਰ 2017 ਦੀ ਮਿਆਦ ਲਈ ਖਪਤਕਾਰ ਨੂੰ ₹ 1.06 ਕਰੋੜ ਦਾ ਬਿੱਲ ਜਾਰੀ (ਮਾਰਚ 2018) ਕੀਤਾ।

ਖਪਤਕਾਰ ਨੇ ਬਿੱਲ ਦਾ ਭੁਗਤਾਨ ਨਹੀਂ ਕੀਤਾ ਅਤੇ ਖਪਤਕਾਰ ਸ਼ਿਕਾਇਤ ਨਿਪਟਾਰਾ ਫੋਰਮ (ਸੀ ਜੀ ਆਰ ਐਫ) ਪਟਿਆਲਾ ਕੋਲ ਪਹੁੰਚ ਕੀਤੀ, ਜਿਸ ਨੇ ਫੈਸਲਾ (ਮਈ 2019) ਕੀਤਾ ਕਿ ਰਕਮ ਨੂੰ ਬਿਨਾਂ ਕਿਸੇ ਵਿਆਜ/ਸਰਚਾਰਜ ਦੇ 18 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਵਸੂਲ ਕੀਤਾ ਜਾਵੇਗਾ। ਕੰਪਨੀ ਨੇ ਇਸ ਤੋਂ ਅੱਗੇ ਨਵੰਬਰ 2017 ਤੋਂ ਅਪ੍ਰੈਲ 2019 ਦੇ ਮਿਆਦ ਲਈ ਖਪਤਕਾਰ ਨੂੰ ₹ 2.04 ਕਰੋੜ ਦਾ ਬਿੱਲ ਜਾਰੀ (ਜੂਨ 2019) ਕੀਤਾ। ਹਾਲਾਂਕਿ, ਖਪਤਕਾਰ ਨੇ ਲੋਕਪਾਲ (ਓਮਬਡਸਮੈਨ), ਬਿਜਲੀ ਪੰਜਾਬ ਦੀ ਅਦਾਲਤ ਵਿੱਚ ਇੱਕ ਅਪੀਲ ਦਾਇਰ ਕੀਤੀ, ਜਿਸ ਨੇ ਕੰਪਨੀ ਦੇ ਖਿਲਾਫ ਕੇਸ ਦਾ ਫੈਸਲਾ (ਨਵੰਬਰ 2019) ਕੀਤਾ। ਇਸ ਤੋਂ ਅਸੰਤੁਸ਼ਟ ਹੋ ਕੇ ਕੰਪਨੀ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾਇਰ ਕੀਤੀ। ਹਾਈਕੋਰਟ ਨੇ ਸਿੱਟਾ ਕੱਢਿਆ ਕਿ ਕੰਪਨੀ ਦੇ ਕਰਮਚਾਰੀਆਂ ਨੇ ਤੁਰੰਤ ਬਿਲ ਜਾਰੀ ਨਹੀਂ ਕੀਤੇ ਅਤੇ ਨਵੇਂ ਸਿਰੇ ਤੋਂ ਫੈਸਲਾ ਲੈਣ ਲਈ ਮਾਮਲਾ ਲੋਕਪਾਲ ਨੂੰ ਵਾਪਸ (ਅਗਸਤ 2020) ਭੇਜ ਦਿੱਤਾ। ਲੋਕਪਾਲ ਨੇ ₹ 1.06 ਕਰੋੜ ਦੀ ਮੰਗ ਨੂੰ ਪਾਸੇ ਕਰ ਦਿੱਤਾ (ਦਸੰਬਰ 2020) ਅਤੇ ਕੰਪਨੀ ਦੇ ਲਾਗੂ ਨਿਯਮਾਂ ਅਨੁਸਾਰ ਬਿਲ ਦੀ ਮੁੜ ਗਣਨਾ ਕਰਨ ਦਾ ਨਿਰਦੇਸ਼ ਦਿੱਤਾ। ਇਸ ਅਨੁਸਾਰ ਨਵੰਬਰ 2014 ਤੋਂ ਅਪ੍ਰੈਲ 2019 ਦੀ ਮਿਆਦ ਲਈ ₹ 3.09 ਕਰੋੜ[10] ਦਾ ਨਵਾਂ ਬਿੱਲ ਭੇਜਿਆ ਗਿਆ (ਅਕਤੂਬਰ 2021), ਹਾਲਾਂਕਿ ਜਿਸਦੀ ਉਗਰਾਹੀ ਨਹੀਂ ਹੋਈ (ਜੂਨ 2023)।

ਲੇਖਾ ਪ੍ਰੀਖਿਆ ਨੇ ਵੇਖਿਆ (ਜਨਵਰੀ 2021) ਕਿ ਖਪਤਕਾਰਾਂ ਨੂੰ ਮਹੀਨਾਵਾਰ ਬਿੱਲ ਜਾਰੀ ਕਰਨ ਵਿੱਚ ਕੰਪਨੀ ਦੀ ਅਸਫਲਤਾ ਦੇ ਕਾਰਨ, ਇਹ ਤਿੰਨ ਤੋਂ ਅੱਠ ਸਾਲ ਬੀਤ ਜਾਣ ਦੇ ਬਾਅਦ ਵੀ ₹ 3.09 ਕਰੋੜ ਦੀ ਵਸੂਲੀ ਨਹੀਂ ਕਰ ਸਕੀ। ਇਸ ਤੋਂ ਇਲਾਵਾ, ਮਈ 2019 ਤੋਂ ਸਤੰਬਰ 2021[11] ਦੀ ਮਿਆਦ ਲਈ ਬਿਲਿੰਗ ਅਜੇ ਤੱਕ ਕੀਤੀ ਜਾਣੀ ਬਾਕੀ ਸੀ ਜਿਸ ਕਾਰਨ ਹੋਰ ਨੁਕਸਾਨ ਹੋਇਆ।

ਇਸ ਤਰਾਂ, ਖਪਤਕਾਰ ਦੀ ਬਿਲਿੰਗ ਵਿੱਚ ਤਿੰਨ ਸਾਲਾਂ ਤੋਂ ਵੱਧ ਦੇਰੀ ਅਤੇ ਇਸ ਦੇ ਨਤੀਜੇ ਵਜੋਂ ਮੁਕੱਦਮੇਬਾਜ਼ੀ ਦੇ ਫਲਸਰੂਪ ਤਿੰਨ ਤੋਂ ਅੱਠ ਸਾਲ ਬੀਤ ਜਾਣ ਦੇ ਬਾਅਦ ਵੀ ਘੱਟੋ ਘੱਟ ₹ 3.09 ਕਰੋੜ ਅਤੇ ਬਕਾਇਆ ਰਕਮ ਨਾਲ ਸਬੰਧਤ ₹ 2.03 ਕਰੋੜ ਦੀ ਵਿਆਜ[12] ਲਾਗਤ ਦੀ ਵਸੂਲੀ ਨਹੀਂ ਹੋਈ, ਕਿਉਂਕਿ ਕੰਪਨੀ ਆਪਣੀਆਂ ਕਾਰਜਸ਼ੀਲ ਪੂੰਜੀ ਲੋੜਾਂ ਲਈ ਬੈਂਕਾ ਦੇ ਕਰਜ਼ਿਆਂ ਤੇ ਨਿਰਭਰ ਹੈ। ਗਲਤੀ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਸ਼ੁਰੂ ਕੀਤੀ ਗਈ ਅਨੁਸ਼ਾਸਨਿਕ ਕਾਰਵਾਈ ਨੂੰ ਅਜੇ ਅੰਤਿਮ ਰੂਪ ਦਿੱਤਾ (ਜੂਨ 2023) ਜਾਣਾ ਹੈ।

ਮਾਮਲਾ ਕੰਪਨੀ ਅਤੇ ਸਰਕਾਰ ਨੂੰ ਭੇਜਿਆ (ਫਰਵਰੀ 2023) ਗਿਆ ਸੀ ; ਉਨ੍ਹਾਂ ਦੇ ਜਵਾਬ ਦੀ ਉਡੀਕ (ਫਰਵਰੀ 2024) ਸੀ।

---

10 ਅਦਾਲਤੀ ਕਾਰਵਾਈ ਦੌਰਾਨ ਖਪਤਕਾਰ ਦੁਆਰਾ ਜਮ੍ਹਾਂ ਕਰਵਾਏ ਗਏ ₹ 42.61 ਲੱਖ ਦਾ ਸਮਾਯੋਜਨ ਕਰਨ ਤੋਂ ਬਾਅਦ।

11 ਕੰਪਨੀ ਦੁਆਰਾ ਖਪਤਕਾਰ ਤੋਂ ਸਿਸਟਮ ਨੂੰ ਲੈਣ ਦੀ ਮਿਤੀ।

12 ਸਾਲ 2014-15 ਤੋਂ 2022-23 ਦੇ ਟੈਰਿਫ ਆਦੇਸ਼ਾਂ ਵਿੱਚ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਮਨਜ਼ੂਰ ਕਾਰਜਸ਼ੀਲ ਪੂੰਜੀ ਤੇ ਵਿਆਜ ਦੀ ਦਰ ਤੇ ਗਣਨਾ ਕੀਤੀ ਗਈ।

**ਸਿਫਾਰਸ਼: ਕੰਪਨੀ ਨੂੰ ਆਪਣੇ ਸਾਰੇ ਸਰਕਲਾਂ ਵਿੱਚ ਸਮੇਂ ਸਿਰ ਆਪਣੀ ਆਮਦਨ ਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਗਲਤੀ ਜਾਂ ਕਿਸੇ ਖਪਤਕਾਰ ਨੂੰ ਬਿੱਲ ਨਾ ਭੇਜਣ ਦਾ ਤੁਰੰਤ ਪਤਾ ਲਗਾਉਣ ਲਈ ਬਿਲਿੰਗ ਅਤੇ ਨਿਗਰਾਨੀ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।**

## ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ

## 7.7 ਦੇਰੀ ਨਾਲ ਕੀਤੇ ਭੁਗਤਾਨ ਦੇ ਸਰਚਾਰਜ ਦੀ ਅਣਉਚਿਤ ਛੋਟ

**2014-20 ਲਈ ਵਸੂਲੀ ਯੋਗ ₹ 67.32 ਕਰੋੜ ਦੇ ਦੇਰੀ ਨਾਲ ਕੀਤੇ ਭੁਗਤਾਨ ਦੇ ਸਰਚਾਰਜ ਦੀ ਛੋਟ ਦੇ ਨਤੀਜੇ ਵਜੋਂ ਵਿੱਤੀ ਲਾਗਤ ਕਰਕੇ ₹ 37.46 ਕਰੋੜ ਦਾ ਨੁਕਸਾਨ ਹੋਇਆ।**

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ (ਕੰਪਨੀ), ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਤੋਂ ਲਾਗੂ ਟੈਰਿਫ ਨਿਯਮਾਂ[13] ਦੇ ਅਨੁਸਾਰ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਦੁਆਰਾ ਅੰਤਿਮ ਰੂਪ ਦਿੱਤੇ ਗਏ ਸਲਾਨਾ ਟਰਾਂਸਮਿਸ਼ਨ ਟੈਰਿਫ ਮੁਤਾਬਿਕ, ਟਰਾਂਸਮਿਸ਼ਨ ਖਰਚੇ ਵਸੂਲਣ ਦੀ ਹੱਕਦਾਰ ਹੈ। ਇਹ ਨਿਯਮ ਅਤੇ ਕੰਪਨੀ ਤੇ ਪੀ ਐਸ ਪੀ ਸੀ ਐਲ ਵਿਚਕਾਰ ਟਰਾਂਸਮਿਸ਼ਨ ਸਮਝੌਤੇ (ਫਰਵਰੀ 2014) ਵਿੱਚ ਵਿਵਸਥਾ ਹੈ ਕਿ ਜੇਕਰ ਪੀ ਐਸ ਪੀ ਸੀ ਐਲ ਦੁਆਰਾ ਬਿਲਿੰਗ ਦੀ ਮਿਤੀ ਤੋਂ ਨਿਰਧਾਰਤ ਸਮੇਂ ਤੋਂ ਬਾਅਦ ਟਰਾਂਸਮਿਸ਼ਨ ਚਾਰਜਜ਼ ਲਈ ਬਿਲਾਂ ਦੇ ਭੁਗਤਾਨ ਵਿੱਚ ਦੇਰੀ ਹੁੰਦੀ ਹੈ, ਤਾਂ ਅਦਾਇਗੀ ਨਾ ਕੀਤੀ ਗਈ ਰਕਮ ਤੇ 1.25 *ਪ੍ਰਤੀਸ਼ਤ* ਪ੍ਰਤੀ ਮਹੀਨਾ ਜਾਂ ਇਸ ਦੇ ਕੁੱਝ ਹਿੱਸੇ ਦੀ ਦਰ ਨਾਲ ਲੇਟ ਪੇਮੈਂਟ ਸਰਚਾਰਜ (ਐਲ ਪੀ ਐਸ) ਲਗਾਇਆ ਜਾਵੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ (ਨਵੰਬਰ 2021) ਕਿ 2014-20 ਦੀ ਮਿਆਦ ਦੇ ਦੌਰਾਨ ਪੀ ਐਸ ਪੀ ਸੀ ਐਲ ਨੇ ₹ 3,548.95 ਕਰੋੜ ਦੇ ਟਰਾਂਸਮਿਸ਼ਨ ਚਾਰਜਜ਼ ਦਾ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਦੇਰੀ ਨਾਲ ਭੁਗਤਾਨ ਕੀਤਾ। ਦੇਰੀ ਦੀ ਮਿਆਦ 124 ਦਿਨਾਂ ਤੱਕ ਦੀ ਰੇਂਜ ਵਿੱਚ ਸੀ। ਕੰਪਨੀ ਨੇ, ਸਮੇਂ ਸਮੇਂ ਤੇ ਦੇਰੀ ਨਾਲ ਭੁਗਤਾਨ ਕਰਨ ਦੇ ਵਿਰੁੱਧ ਮਾਰਚ 2020 ਤੱਕ ਐਲ ਪੀ ਐਸ ਲਈ ₹ 67.32 ਕਰੋੜ ਦੇ ਬਿੱਲ ਭੇਜੇ। ਇਸ ਤੋਂ ਬਾਅਦ ਕੰਪਨੀ ਨੇ ਇਸ ਰਕਮ ਨੂੰ ਮੁਆਫ (ਜੂਨ 2021) ਕਰ ਦਿੱਤਾ ਅਤੇ ਅੱਗੇ ਬਿਲਾਂ ਵਿੱਚ ਚਾਰਜ ਕੀਤੇ ਜਾਣ ਵਾਲੇ ਐਲ ਪੀ ਐਸ ਦੀ ਦਰ ਨੂੰ ਦੇਰੀ ਦੇ ਦਿਨਾਂ ਲਈ 1.25 *ਪ੍ਰਤੀਸ਼ਤ* ਪ੍ਰਤੀ ਮਹੀਨਾ ਜਾਂ ਇਸ ਦੇ ਕੁੱਝ ਹਿੱਸੇ ਦੀ ਪ੍ਰਚਲਿਤ ਦਰ ਦੇ ਮੁਕਾਬਲੇ ਅਪ੍ਰੈਲ 2020 ਤੋਂ ਇੱਕ *ਪ੍ਰਤੀਸ਼ਤ* ਪ੍ਰਤੀ ਮਹੀਨਾ ਜਾਂ ਇਸਦੇ ਕੁਝ ਹਿੱਸੇ ਤੱਕ ਘਟਾਉਣ ਦਾ ਫੈਸਲਾ ਕੀਤਾ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਕੰਪਨੀ ਦਾ ਪੀ ਐਸ ਪੀ ਸੀ ਐਲ ਤੋਂ ਵਸੂਲੀ ਯੋਗ ਐਲ ਪੀ ਐਸ ਨੂੰ ਪੂਰੀ ਤਰ੍ਹਾਂ ਮੁਆਫ ਕਰਨ ਅਤੇ ਐਲ ਪੀ ਐਸ ਦੀ ਦਰ ਵਿੱਚ ਕਟੌਤੀ ਕਰਨ ਦਾ ਫੈਸਲਾ ਵਿਵੇਕਪੂਰਨ ਨਹੀਂ ਸੀ ਕਿਉਂਕਿ ਕੰਪਨੀ ਟੈਰਿਫ ਨਿਯਮਾਂ ਅਤੇ ਉਕਤ ਟਰਾਂਸਮਿਸ਼ਨ ਸਮਝੌਤੇ ਅਨੁਸਾਰ ਪੀ ਐਸ ਪੀ ਸੀ ਐਲ ਤੋਂ ਇਸਦੀ ਵਸੂਲੀ ਕਰਨ ਦੀ ਕਾਨੂੰਨੀ ਤੌਰ ਤੇ ਹੱਕਦਾਰ ਸੀ।

13 "ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜਨਰੇਸ਼ਨ, ਟਰਾਂਸਮਿਸ਼ਨ, ਵ੍ਹੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਨਿਯਮ ਅਤੇ ਸ਼ਰਤਾਂ) ਨਿਯਮ, 2014" ਅਤੇ "ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜਨਰੇਸ਼ਨ, ਟਰਾਂਸਮਿਸ਼ਨ, ਵ੍ਹੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਨਿਯਮ ਅਤੇ ਸ਼ਰਤਾਂ) ਨਿਯਮ, 2019"।

ਇਸ ਤੋਂ ਇਲਾਵਾ, ਐਲ ਪੀ ਐਸ ਦੀ ਛੋਟ ਮੁੱਖ ਤੌਰ ਤੇ ਇਸ ਗੱਲ ਤੇ ਆਧਾਰਿਤ ਸੀ ਕਿ ਕੰਪਨੀ ਨੂੰ ਕੋਈ ਲਾਭ ਨਹੀਂ ਹੋਵੇਗਾ ਕਿਉਕਿ ਟੈਰਿਫ ਦੇ ਨਿਰਧਾਰਨ ਦੇ ਉਦੇਸ਼ ਲਈ ਐਲ ਪੀ ਐਸ ਤੋਂ ਸਾਰੀ ਆਮਦਨ ਨੂੰ ਗੈਰ-ਟੈਰਿਫ ਆਮਦਨ ਮੰਨਿਆ ਜਾਣਾ ਸੀ। ਦੂਜੇ ਪਾਸੇ ਪੀ ਐਸ ਪੀ ਸੀ ਐਲ ਨੂੰ ਨੁਕਸਾਨ ਝੱਲਣਾ ਪੈਣਾ ਸੀ ਕਿਉਂਕਿ ਇਸ ਦੇ ਟੈਰਿਫ ਨਿਰਧਾਰਨ ਵਿੱਚ ਐਲ ਪੀ ਐਸ ਦੀਆਂ ਅਦਾਇਗੀਆਂ ਨੂੰ ਅਸਵੀਕਾਰ ਕੀਤਾ ਜਾਣਾ ਸੀ।

ਕੰਪਨੀ ਦਾ ਇਹ ਸਪੱਸ਼ਟੀਕਰਣ/ਤਰਕ ਸਹੀ ਨਹੀਂ ਸੀ ਕਿਉਂਕਿ ਮੌਜੂਦਾ ਟੈਰਿਫ ਨਿਯਮਾਂ ਦੇ ਅਨੁਸਾਰ ਸਿਰਫ ਐਲ ਪੀ ਐਸ (₹ 67.32 ਕਰੋੜ ਦੀ ਐਲ ਪੀ ਐਸ ਘਟਾਓ ₹ 37.46 ਕਰੋੜ ਦੀ ਐਲ ਪੀ ਐਸ ਦੀ ਵਿੱਤੀ ਲਾਗਤ) ਤੋਂ ਸ਼ੁੱਧ ਆਮਦਨ ਨੂੰ ਗੈਰ-ਟੈਰਿਫ ਆਮਦਨ ਮੰਨਿਆ ਜਾਣਾ ਸੀ। ਇਸ ਲਈ, ₹ 37.46 ਕਰੋੜ ਦੀ ਵਿੱਤੀ ਲਾਗਤ ਕੰਪਨੀ ਦੁਆਰਾ ਸਹਿਣ ਕੀਤਾ ਗਿਆ ਇੱਕ ਸਪੱਸ਼ਟ ਅਤੇ ਪ੍ਰਤੱਖ ਨੁਕਸਾਨ ਸੀ।

ਇਸ ਤਰ੍ਹਾਂ, ਪੀ ਐਸ ਪੀ ਸੀ ਐਲ ਤੋਂ ਐਲ ਪੀ ਐਸ ਬਿੱਲਾਂ ਨੂੰ ਮੁਆਫ ਕਰਨ ਦੇ ਕੰਪਨੀ ਦੇ ਅਣਉਚਿਤ ਅਤੇ ਅਵਿਵੇਕਪੂਰਨ ਫੈਸਲੇ ਦੇ ਨਤੀਜੇ ਵਜੋਂ ਵਿੱਤੀ ਲਾਗਤ ਵਜੋਂ ₹ 37.46 ਕਰੋੜ ਦਾ ਨੁਕਸਾਨ ਹੋਇਆ।

ਸਰਕਾਰ ਨੇ ਦੱਸਿਆ (ਫਰਵਰੀ 2024) ਕਿ ਪੀ ਐਸ ਪੀ ਸੀ ਐਲ ਨੇ ਐਲ ਪੀ ਐਸ ਬਿਲਾਂ ਨੂੰ ਵਾਪਸ ਲੈਣ ਲਈ ਬੇਨਤੀ (ਜੂਨ 2017) ਕੀਤੀ ਸੀ ਅਤੇ ਇਸ ਦੇ ਨਾਲ-ਨਾਲ ਮਾਰਚ 2016 ਤੱਕ ਇੰਟਰ ਕਾਰਪੋਰੇਸ਼ਨ ਟ੍ਰਾਂਜ਼ੈਕਸ਼ਨ (ਆਈ ਸੀ ਟੀ) ਦੇ ਲੇਖਿਆਂ ਦੇ ਬਕਾਏ ਉੱਤੇ ਵਿਆਜ ਦਾ ਦਾਅਵਾ ਵੀ ਕੀਤਾ ਸੀ। ਇਸ ਮਸਲੇ ਨੂੰ ਹੱਲ ਕਰਨ ਲਈ ਦੋਵਾਂ ਕੰਪਨੀਆਂ ਦੇ ਚੋਟੀ ਦੇ ਪ੍ਰਬੰਧਨ ਵਿਚਕਾਰ ਇੱਕ ਮੀਟਿੰਗ (ਅਪ੍ਰੈਲ 2021) ਕੀਤੀ ਗਈ ਸੀ ਅਤੇ ਮਾਰਚ 2020 ਤੱਕ ਪੀ ਐਸ ਪੀ ਸੀ ਐਲ ਤੋਂ ਪ੍ਰਾਪਤ ਹੋਣ ਯੋਗ ਐਲ ਪੀ ਐਸ ਨੂੰ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਆਈ ਸੀ ਟੀ ਲੇਖਿਆ ਉੱਤੇ ਵਿਆਜ ਦੀਆਂ ਜ਼ਿੰਮੇਵਾਰੀਆਂ ਬਾਰੇ ਕੋਈ ਨਿਯਮ/ਠੇਕਾ ਇਕਰਾਰਨਾਮੇ ਦੇ ਪ੍ਰਬੰਧ ਨਹੀਂ ਸਨ ਅਤੇ ਟਰਾਂਸਮਿਸ਼ਨ ਸਮਝੌਤੇ ਅਤੇ ਟੈਰਿਫ ਨਿਯਮਾਂ ਅਧੀਨ ਕਨੂੰਨੀ ਅਤੇ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਅਧੀਨ ਇਹ ਗੈਰ-ਲਾਗੂਕਰਨਯੋਗ, ਗੈਰ-ਸਬੰਧਤ ਅਤੇ ਅਪ੍ਰਸੰਗਿਕ ਸਨ।

**ਸਿਫਾਰਸ਼ਃ ਕੰਪਨੀ ਨੂੰ ਕਮਿਸ਼ਨ ਦੁਆਰਾ ਜਾਰੀ ਮੌਜੂਦਾ ਦਿਸ਼ਾ-ਨਿਰਦੇਸ਼ਾਂ/ਨਿਯਮਾਂ ਅਨੁਸਾਰ ਸਖਤੀ ਨਾਲ ਕੰਮ ਕਰਕੇ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ।**

## ਉਦਯੋਗ ਅਤੇ ਵਣਜ ਵਿਭਾਗ

## ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ

### 7.8 ਗਰੈਚੁਟੀ ਦਾ ਅਨਿਯਮਿਤ ਭੁਗਤਾਨ

**ਕੰਪਨੀ ਨੇ ਮੁਲਾਜ਼ਮਾਂ ਦੀ ਸੇਵਾਮੁਕਤੀ ਤੇ ਗਰੈਚੁਟੀ ਦੇ ਭੁਗਤਾਨ ਲਈ ਪੰਜਾਬ ਸਿਵਲ ਸਰਵਿਸਿਜ਼ ਰੂਲਜ਼, 2016 ਦੀ ਪਾਲਣਾ ਨਹੀਂ ਕੀਤੀ ਜਿਸ ਕਾਰਨ ਜੁਲਾਈ 2019 ਤੋਂ ਦਸੰਬਰ 2021 ਦੀ ਮਿਆਦ ਦੌਰਾਨ ₹ 86.26 ਲੱਖ ਦੀ ਗਰੈਚੁਟੀ ਦੀ ਵਾਧੂ/ਅਨਿਯਮਿਤ ਅਦਾਇਗੀ ਹੋਈ।**

ਪੰਜਾਬ ਸਰਕਾਰ (ਜੀ ਓ ਪੀ) ਦੇ ਪੰਜਾਬ ਸਿਵਲ ਸਰਵਿਸਿਜ਼ ਰੂਲਜ਼, 2016 (ਭਾਗ-2) ਦੀ ਧਾਰਾ 6.16- ਏ ਏ (3) ਵਿਵਸਥਾ ਕਰਦੀ ਹੈ ਕਿ ਸਰਕਾਰੀ ਕਰਮਚਾਰੀਆਂ ਦੇ ਜਨਵਰੀ 2006 ਦੇ ਪਹਿਲੇ ਦਿਨ ਜਾਂ ਇਸ ਤੋਂ ਬਾਅਦ ਸੇਵਾਮੁਕਤ ਹੋਣ ਦੇ ਮਾਮਲੇ ਵਿੱਚ ਗਰੈਚੁਟੀ ਦੀ ਰਕਮ ਯੋਗ ਸੇਵਾ ਮੁਕੰਮਲ ਕੀਤੀ ਹਰ ਛਿਮਾਹੀ ਲਈ ਕਰਮਚਾਰੀ ਦੀ ਮਹੀਨਾਵਾਰ ਤਨਖਾਹ[14] ਦਾ ਚੌਥਾ ਹਿੱਸਾ ਹੋਵੇਗੀ ਬਸ਼ਰਤੇ ਕਿ ਗਰੁੱਪ-ਏ, ਗਰੁੱਪ-ਬੀ ਅਤੇ ਗਰੁੱਪ-ਸੀ ਕਰਮਚਾਰੀਆਂ ਦੇ ਮਾਮਲੇ ਵਿੱਚ ਤਨਖਾਹ ਦਾ 16.5 ਗੁਣਾ (ਅਰਥਾਤ ਵੱਧ ਤੋਂ ਵੱਧ 33 ਸਾਲਾਂ ਲਈ) ਅਤੇ ਗਰੁੱਪ ਡੀ ਦੇ ਕਰਮਚਾਰੀਆਂ ਲਈ 17.5 ਗੁਣਾ (ਅਰਥਾਤ ਵੱਧ ਤੋਂ ਵੱਧ 35 ਸਾਲਾਂ ਲਈ) ਹੋਵੇਗੀ ਬਸ਼ਰਤੇ ਕਿ ਕਿਸੇ ਵੀ ਹਾਲਤ ਵਿੱਚ ਇਹ ਗਰੈਚੁਟੀ ਦਸ ਲੱਖ ਰੁਪਏ ਤੋਂ ਵੱਧ ਨਹੀਂ ਹੋਵੇਗੀ। ਵਿੱਤ ਵਿਭਾਗ, ਪੰਜਾਬ ਸਰਕਾਰ ਨੇ ਛੇਵੇ ਪੰਜਾਬ ਤਨਖਾਹ ਕਮਿਸ਼ਨ ਦੀਆਂ ਸੋਧੀਆਂ (ਅਕਤੂਬਰ 2021) ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਦੇ ਹੋਏ ਰਿਟਾਇਰਮੈਂਟ-ਕਮ-ਮੌਤ ਗਰੈਚੁਟੀ ਦੀ ਵੱਧ ਤੋਂ ਵੱਧ ਸੀਮਾ ਜਨਵਰੀ 2016 ਤੋਂ ₹ 10 ਲੱਖ ਤੋਂ ₹ 20 ਲੱਖ ਤੱਕ ਕਰ ਦਿੱਤੀ ਹੈ। ਪੰਜਾਬ ਸਰਕਾਰ ਦੇ ਨਿਰਦੇਸ਼ਾਂ (ਮਈ 2002) ਦੇ ਅਨੁਸਾਰ ਰਾਜ ਦੇ ਜਨਤਕ ਖੇਤਰ (ਐਸ ਪੀ ਐਸ ਈਜ਼) ਨੂੰ ਰਾਜ ਸਰਕਾਰ ਦੇ ਕਰਮਚਾਰੀਆਂ ਦੇ ਨਾਲ ਆਪਣੇ ਕਰਮਚਾਰੀਆਂ ਦੇ ਤਨਖਾਹ, ਭੱਤਿਆ ਅਤੇ ਸਹੂਲਤਾਂ ਦੀ ਸਮਾਨਤਾ ਬਣਾਏ ਰੱਖਣ ਦੀ ਲੋੜ ਹੈ।

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਨੇ ਗਰੈਚੁਟੀ ਐਕਟ, 1972 ਦੇ ਅਧੀਨ ਆਪਣੇ ਕਰਮਚਾਰੀਆਂ ਦੇ ਗਰੈਚੁਟੀ ਦੇ ਸਬੰਧ ਵਿੱਚ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਭਾਰਤੀ ਜੀਵਨ ਬੀਮਾ ਨਿਗਮ (ਐਲ ਆਈ ਸੀ) ਨਾਲ ਸਮੂਹ ਗਰੈਚੁਟੀ ਬੀਮਾ ਯੋਜਨਾ ਸ਼ੁਰੂ ਕੀਤੀ (ਜੁਲਾਈ 1979)। ਕੰਪਨੀ, ਗਰੁੱਪ ਗਰੈਚੁਟੀ ਬੀਮਾ ਯੋਜਨਾ ਲਈ ਐਲ ਆਈ ਸੀ ਨੂੰ ਪ੍ਰੀਮੀਅਮ ਦਾ ਭੁਗਤਾਨ ਕਰ ਰਹੀ ਹੈ ਜੋ ਕਿ ਭੁਗਤਾਨ ਦੇ ਸਾਲ ਵਿੱਚ ਕਾਰੋਬਾਰੀ ਖਰਚੇ ਵਜੋਂ ਚਾਰਜ ਕੀਤਾ ਜਾਂਦਾ ਹੈ। ਕੰਪਨੀ ਸੇਵਾਮੁਕਤੀ ਦੇ ਸਮੇਂ ਕਿਸੇ ਕਰਮਚਾਰੀ ਨੂੰ ਦੇਣਯੋਗ ਗਰੈਚੁਟੀ ਦੀ ਰਕਮ ਦੀ ਆਂਕਣਾ ਕਰਦੀ ਹੈ ਅਤੇ ਕੇਸ ਐਲ ਆਈ ਸੀ ਨੂੰ ਭੇਜਦੀ ਹੈ। ਐਲ ਆਈ ਸੀ ਗਰੈਚੁਟੀ ਦੇ ਦਾਅਵੇ ਲਈ ਰਕਮ ਨੂੰ ਕੰਪਨੀ ਦੇ ਬੈਂਕ ਖਾਤੇ ਵਿੱਚ ਕ੍ਰੈਡਿਟ ਕਰਦਾ ਹੈ ਜੋ ਕਿ ਬਾਅਦ ਵਿੱਚ ਸੇਵਾਮੁਕਤ ਕਰਮਚਾਰੀ ਨੂੰ ਅਦਾ ਕੀਤੀ ਜਾਂਦੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਅਪ੍ਰੈਲ 2022) ਕਿ ਕੰਪਨੀ ਨੇ ਜੁਲਾਈ 2019 ਤੋਂ ਦਸੰਬਰ 2021 ਦੀ ਮਿਆਦ ਦੌਰਾਨ ਸੇਵਾ ਤੋਂ ਸੇਵਾਮੁਕਤ ਹੋਏ 12 ਕਰਮਚਾਰੀਆਂ ਦੇ ਮਾਮਲੇ ਵਿੱਚ ਪੰਜਾਬ ਸਿਵਲ ਸਰਵਿਸਿਜ਼ ਨਿਯਮਾਂ ਦੀ ਪਾਲਣਾ ਨਹੀਂ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਵਾਧੂ ਰਕਮਾਂ ਦਾ ਭੁਗਤਾਨ ਕੀਤਾ ਗਿਆ। ਜਦੋਂਕਿ, ਇੱਕ ਰਾਜ ਪੀ ਐਸ ਈ ਹੋਣ ਦੇ ਨਾਤੇ ਕੰਪਨੀ ਨੂੰ ਰਾਜ ਸਰਕਾਰ ਦੁਆਰਾ

---

14 ਬੇਸਿਕ ਪੇਅ+ ਗ੍ਰੇਡ ਪੇਅ+ ਅੰਤ੍ਰਿਮ ਰਾਹਤ+ ਮਹਿੰਗਾਈ ਭੱਤਾ।

ਨਿਰਧਾਰਿਤ ਨਿਯਮਾਂ ਅਤੇ ਸੀਮਾਵਾਂ ਦੇ ਅਨੁਸਾਰ ਗਰੈਚੁਟੀ ਦਾ ਭੁਗਤਾਨ ਕਰਨਾ ਬਣਦਾ ਸੀ। ਇਸ ਦੇ ਨਤੀਜੇ ਵਜੋਂ ਕੰਪਨੀ ਦੁਆਰਾ ₹ 86.26 ਲੱਖ ਦੀ ਗਰੈਚੁਟੀ ਦਾ ਵਾਧੂ/ਅਨਿਯਮਿਤ ਭੁਗਤਾਨ ਹੋਇਆ।

ਮੈਨੇਜਮੈਂਟ ਨੇ ਕਿਹਾ (ਫਰਵਰੀ 2023) ਕਿ ਕੰਪਨੀ, ਐਲ ਆਈ ਸੀ ਦੇ ਨਾਲ ਲਾਗੂ ਕੀਤੇ ਗਏ ਐਲ ਆਈ ਸੀ ਗਰੁੱਪ ਟਰੱਸਟ ਨਿਯਮ ਦੀ ਪਾਲਣਾ ਕਰ ਰਹੀ ਹੈ ਅਤੇ ਹਰੇਕ ਕਰਮਚਾਰੀ ਨੂੰ 1979 ਤੋਂ ਉਕਤ ਨਿਯਮਾਂ ਅਨੁਸਾਰ ਗਰੈਚੁਟੀ ਦਾ ਭੁਗਤਾਨ ਕੀਤਾ ਜਾ ਰਿਹਾ ਹੈ। ਕਿਉਂਕਿ ਕੰਪਨੀ ਦੇ ਕਰਮਚਾਰੀ ਪੈਨਸ਼ਨ ਦੇ ਹੱਕਦਾਰ ਨਹੀਂ ਹਨ, ਇਸ ਲਈ ਦੱਸੀਆਂ ਧਾਰਾਵਾਂ ਕੰਪਨੀ 'ਤੇ ਲਾਗੂ ਨਹੀਂ ਹੋਣੀਆਂ ਚਾਹੀਦੀਆਂ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਪਨੀ ਨੇ ਆਪਣੇ ਸੇਵਾਮੁਕਤ ਕਰਮਚਾਰੀਆਂ ਨੂੰ ਗਰੈਚੁਟੀ ਦੀ ਗਣਨਾ ਅਤੇ ਭੁਗਤਾਨ ਸੰਬੰਧੀ ਰਾਜ ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਹੈ।

ਇਹ ਮਾਮਲਾ ਸਰਕਾਰ ਨੂੰ ਭੇਜਿਆ ਗਿਆ ਸੀ (ਨਵੰਬਰ 2022) ; ਉਹਨਾ ਦੇ ਜਵਾਬ ਦੀ ਉਡੀਕ ਸੀ (ਫਰਵਰੀ 2024)।

**ਸਿਫਾਰਸ਼: ਕੰਪਨੀ ਨੂੰ ਆਪਣੇ ਸੇਵਾਮੁਕਤ ਹੋ ਰਹੇ ਕਰਮਚਾਰੀਆਂ ਨੂੰ ਗਰੈਚੁਟੀ ਦੇ ਭੁਗਤਾਨ ਲਈ ਪੰਜਾਬ ਸਿਵਲ ਸਰਵਿਸਿਜ਼ ਰੂਲਜ਼, 2016 ਦੀ ਲਾਜ਼ਮੀ ਤੌਰ ਤੇ ਪਾਲਣਾ ਕਰਨੀ ਚਾਹੀਦੀ ਹੈ। ਇਹ ਵਾਧੂ ਭਗਤਾਨ ਦੀ ਵਸੂਲੀ ਕਰਨ ਅਤੇ ਇਸ ਕੁਤਾਹੀ ਲਈ ਜ਼ਿੰਮੇਵਾਰੀਆਂ ਤੈਅ ਕਰਨ ਲਈ ਵੀ ਕਦਮ ਚੁੱਕ ਸਕਦੀ ਹੈ।**

## ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ, ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਿਟਡ

### 7.9 ਅਗਾਊ ਭੁਗਤਾਨਾਂ ਦੇ ਮਿਲਾਨ ਲਈ ਤਰੁੱਟੀਪੂਰਣ ਪ੍ਰਣਾਲੀ ਦੇ ਕਾਰਨ ਬਚਣਯੋਗ ਵਿਆਜ ਦਾ ਬੋਝ

**ਅਗਾਊ ਭੁਗਤਾਨਾਂ ਦੇ ਸਮਾਯੋਜਨ/ਰਿਫੰਡ ਅਤੇ ਇਨ੍ਹਾਂ ਦੀ ਪ੍ਰਕਿਰਿਆ ਵਿੱਚ ਦੇਰੀ ਲਈ ਤਰੁੱਟੀਪੂਰਣ ਪ੍ਰਣਾਲੀ ਦੇ ਨਤੀਜੇ ਵਜੋਂ ਫੰਡਾਂ ਦੀ ਪ੍ਰਾਪਤੀ ਵਿੱਚ ਦੇਰੀ ਹੋਈ ਅਤੇ ਫੰਡਾਂ ਦੇ ਅਟਕਣ ਕਾਰਨ ₹ 7.39 ਕਰੋੜ ਦੇ ਬਚਣਯੋਗ ਵਿਆਜ ਦਾ ਬੋਝ ਪਿਆ।**

ਰਾਜ ਖਰੀਦ ਏਜੰਸੀਆਂ[15] (ਐਸ ਪੀ ਏਜ਼) ਭਾਰਤੀ ਖੁਰਾਕ ਨਿਗਮ (ਐਫ ਸੀ ਆਈ)/ਭਾਰਤ ਸਰਕਾਰ (ਜੀ ਓ ਆਈ) ਦੀ ਤਰਫੋਂ ਕੇਂਦਰੀ ਪੂਲ ਲਈ ਅਨਾਜ ਖਰੀਦਣ ਦਾ ਕਾਰਜ ਕਰਦੀਆਂ ਹਨ। ਖਰੀਦੇ

15 ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ (ਪਨਸਪ), ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ (ਪਨਗ੍ਰੇਨ) ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ (ਪੀ ਐਸ ਡਬਲਯੂ ਸੀ)।

ਗਏ ਅਨਾਜ ਨੂੰ ਇੱਕਠਾ ਕਰਕੇ ਐਫ ਸੀ ਆਈ ਨੂੰ ਡਿਲੀਵਰੀ ਕਰਨ ਲਈ ਬਾਰਦਾਨੇ ਵਿੱਚ ਸਟੋਰ ਕੀਤਾ ਜਾਂਦਾ ਹੈ। ਭਾਰਤ ਸਰਕਾਰ ਨੇ ਫੈਸਲਾ ਕੀਤਾ (ਅਗਸਤ 2016) ਕਿ ਖਰੀਦੇ ਅਨਾਜ ਦੇ ਭੰਡਾਰਨ ਲਈ, ਬਾਰਦਾਨੇ ਦੀ ਖਰੀਦ ਜੂਟ ਕਮਿਸ਼ਨਰ (ਜੇ ਸੀ ਓ) ਦੇ ਦਫਤਰ ਦੁਆਰਾ 01 ਨਵੰਬਰ 2016 ਤੋਂ ਕੀਤੀ ਜਾਵੇਗੀ। ਜੇ ਸੀ ਓ ਨੇ ਆਪਣੇ ਦਿਸ਼ਾ-ਨਿਰਦੇਸ਼ਾਂ ਨੂੰ ਸਰਕੂਲੇਟ ਕੀਤਾ (ਅਕਤੂਬਰ 2016), ਜਿਸ ਦੇ ਅਨੁਸਾਰ ਐਸ ਪੀ ਏਜ਼ ਆਨਲਾਈਨ ਇੰਡੈਂਟ ਤਿਆਰ ਕਰਨਗੇ ਅਤੇ ਸੰਬੰਧਿਤ ਐਸ ਪੀ ਏ ਦੀ ਤਰਫੋਂ ਕੋਲਕਾਤਾ ਵਿੱਚ ਜੇ ਸੀ ਓ ਦੁਆਰਾ ਖੋਲ੍ਹੇ ਗਏ ਐਸਕਰੋ ਖਾਤੇ ਵਿੱਚ ਪੇਸ਼ਗੀ ਭੁਗਤਾਨ ਕਰਨਗੇ। ਜਿਵੇਂ ਅਤੇ ਜਦੋਂ ਐਸ ਪੀ ਏ ਦੀ ਤਰਫੋਂ ਜੇ ਸੀ ਓ ਬਾਰਦਾਨੇ ਦੀ ਖਰੀਦ ਲਈ ਖਰੀਦ ਆਦੇਸ਼ ਦੇਵੇਗਾ, ਤਾਂ ਇੰਡੈਂਟ ਦੀ ਰਾਸ਼ੀ ਦਾ 90 *ਪ੍ਰਤੀਸ਼ਤ* ਐਸਕਰੋ ਖਾਤੇ ਤੋਂ ਪੇਸ਼ਗੀ ਭੁਗਤਾਨ ਵਜੋਂ ਜਾਰੀ ਕੀਤਾ ਜਾਵੇਗਾ। ਬਕਾਇਆ 10 *ਪ੍ਰਤੀਸ਼ਤ* ਭੁਗਤਾਨ ਪਹਿਲੇ ਭੁਗਤਾਨ ਦੀ ਮਿਤੀ ਤੋਂ 70 ਦਿਨਾਂ ਬਾਅਦ ਜਾਰੀ ਕੀਤਾ ਜਾਵੇਗਾ। ਸ਼ਿਕਾਇਤਾਂ ਪ੍ਰਾਪਤ ਹੋਣ ਦੀ ਸੂਰਤ ਵਿੱਚ 10 *ਪ੍ਰਤੀਸ਼ਤ* ਅਦਾਇਗੀ ਰੋਕ ਦਿੱਤੀ ਜਾਵੇਗੀ ਅਤੇ ਬਾਰਦਾਨੇ ਦੇ ਸਬੰਧਿਤ ਵਿਕਰੇਤਾ ਦੁਆਰਾ ਮਾਲ ਨੂੰ ਬਦਲਣਾ ਹੋਵੇਗਾ। ਇਸ ਤੋਂ ਇਲਾਵਾ, ਬੈਂਕ ਰੀਅਲ ਟਾਈਮ ਅਧਾਰ ਤੇ ਉਪਲਬਧ ਫੰਡ, ਵਰਤੇ ਗਏ ਫੰਡਾਂ ਅਤੇ ਹਰੇਕ ਇੰਡੈਂਟ ਦੇ ਵਿਰੁੱਧ ਆਪਣੇ ਕੋਲ ਪਏ ਫੰਡਾਂ ਦੀ ਸਥਿਤੀ ਦਾ ਮਿਲਾਨ ਕਰਨਗੇ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ/ਅਗਸਤ 2022) ਕਿ ਹਾੜ੍ਹੀ ਮਾਰਕੀਟਿੰਗ ਸੀਜ਼ਨ (ਆਰ ਐਮ ਐਸ) ਅਤੇ ਸਾਉਣੀ ਮਾਰਕੀਟਿੰਗ ਸੀਜ਼ਨ (ਕੇ ਐਮ ਐਸ) ਹਰ ਸਾਲ ਕ੍ਰਮਵਾਰ 15 ਮਈ ਅਤੇ 15 ਨਵੰਬਰ ਦੇ ਆਸਪਾਸ ਖਤਮ ਹੁੰਦਾ ਹੈ। ਹਰੇਕ ਇੰਡੈਂਟ ਦੇ ਵਿਰੁੱਧ ਰੀਅਲ ਟਾਈਮ ਦੇ ਅਧਾਰ ਤੇ ਐਸਕਰੋ ਖਾਤਿਆਂ ਵਿੱਚ ਪਈ ਮਿਲਾਨ ਕੀਤੀ ਗਈ ਸਥਿਤੀ ਦੀ ਉਪਲਬਧਤਾ ਦੇ ਬਾਵਜੂਦ, ਐਸ ਪੀ ਏਜ਼ ਨੇ ਬਾਅਦ ਦੇ ਇੰਡੈਂਟਸ ਭੇਜਣ ਸਮੇਂ ਜੇ ਸੀ ਓ ਤੋਂ ਵਾਧੂ ਰਕਮ ਦੀ ਤੁਰੰਤ ਵਿਵਸਥਾ/ਰਿਫੰਡ ਦੀ ਮੰਗ ਕਰਨ ਲਈ ਕਦਮ ਨਹੀਂ ਚੁੱਕੇ ਸਨ। ਇਸ ਕਾਰਨ, ਵਾਧੂ ਫੰਡ ਐਸਕਰੋ ਖਾਤੇ ਵਿੱਚ ਰਹਿ ਗਏ।

ਇਸ ਤੋਂ ਇਲਾਵਾ, ਇਕ ਸੀਜ਼ਨ ਦੀ ਸਮਾਪਤੀ ਤੋਂ ਬਾਅਦ ਅਤੇ ਅਗਲੇ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਐਸ ਪੀ ਏਜ਼ ਕੋਲ ਜੇ ਸੀ ਓ ਨੂੰ ਭੇਜੇ ਗਏ ਫੰਡਾਂ ਨੂੰ ਮਿਲਾਨ/ਵਿਵਸਥਿਤ ਕਰਨ ਲਈ ਕਾਫੀ ਸਮਾਂ ਸੀ। ਜਦੋਂਕਿ, ਐਸ ਪੀ ਏਜ਼ ਨੇ ਸੀਜ਼ਨ ਦੇ ਪੂਰਾ ਹੋਣ ਤੋਂ ਬਾਅਦ ਜੇ ਸੀ ਓ ਨੂੰ ਦਿੱਤੇ ਗਏ ਅਡਵਾਂਸ ਦੇ ਮਿਲਾਨ ਲਈ ਕੋਈ ਪ੍ਰਣਾਲੀ ਵਿਕਸਿਤ ਨਹੀਂ ਕੀਤੀ। ਨਤੀਜੇ ਵਜੋਂ, ਐਸ ਪੀ ਏਜ਼ ਕੋਲ ਜੇ ਸੀ ਓ ਤੋਂ ਫਸਲੀ ਸਾਲਾਂ ਆਰ ਐਮ ਐਸ 2019-20 ਤੋਂ ਕੇ ਐਮ ਐਸ 2021-22 ਤੱਕ ₹ 265.05 ਕਰੋੜ[16] ਦੀ ਵਸੂਲੀਯੋਗ ਰਕਮ ਸੀ। ਇਹ ਰਕਮ 55 ਦਿਨਾਂ ਤੋਂ 786 ਦਿਨਾਂ[17] ਦੀ ਦੇਰੀ ਤੋਂ ਬਾਅਦ ਐਡਜਸਟ ਕੀਤੀ ਗਈ ਸੀ, ਜਿਸ ਕਾਰਨ ਐਸ ਪੀ ਏ ਨੂੰ ₹ 7.39 ਕਰੋੜ[18] ਦੇ ਬਚਣਯੋਗ ਵਿਆਜ ਦਾ ਬੋਝ ਝੱਲਣਾ ਪਿਆ ਸੀ।

---

16 ਆਰ ਐਮ ਐਸ 2019-20 ਤੋਂ ਕੇ ਐਮ ਐਸ 2021-22 ਦੌਰਾਨ ਮਿਲਾਨ ਕਰਨ ਅਤੇ ਜੇ ਸੀ ਓ ਤੋਂ ਰਿਫੰਡ ਪ੍ਰਾਪਤੀ ਸਬੰਧੀ ਸੂਚਨਾ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਡ ਤੋਂ ਮੰਗੀ ਗਈ ਸੀ ਪ੍ਰੰਤੂ ਇਸ ਦਾ ਅਜੇ ਇੰਤਜ਼ਾਰ ਸੀ (ਜੂਨ 2023)। ਲੇਖਾ ਪ੍ਰੀਖਿਆ ਵੱਲੋਂ ਜੂਟ ਸਮਾਰਟ ਪੋਰਟਲ (ਜੂਟ ਬੇਲਜ਼ ਦੀ ਖਰੀਦ ਨਾਲ ਸਬੰਧਤ ਇੰਡੈਂਟ ਭੇਜਣ ਲਈ ਇੱਕ ਆਨਲਾਈਨ ਪੋਰਟਲ) ਤੋਂ ਡਾਟਾ ਲਿਆ ਗਿਆ ਸੀ।

17 ਲੇਖਾ ਪ੍ਰੀਖਿਆ ਨੇ ਮਿਲਾਨ ਲਈ ਦੇਰੀ, ਆਰ ਐਮ ਐਸ 2019-20 ਤੋਂ ਕੇ ਐਮ ਐਸ 2021-22 ਦੌਰਾਨ ਸੀਜ਼ਨ ਦੇ ਪੂਰਾ ਹੋਣ ਦੇ 45 ਦਿਨਾਂ ਦੇ ਬਾਅਦ ਤੋਂ ਰਿਫੰਡ ਦੀ ਅਸਲ ਪ੍ਰਾਪਤੀ ਦੀ ਮਿਤੀ ਤੱਕ ਨੂੰ ਮੰਨਿਆ।

18 ਸੀ ਸੀ ਐਲ ਸੀਮਾ (8.73 ਤੋਂ 10.13 *ਪ੍ਰਤੀਸ਼ਤ ਪ੍ਰਤੀ ਸਲਾਨਾ*) ਤੇ ਅਦਾ ਕੀਤੇ ਵਿਆਜ ਅਤੇ ਐਸਕਰੋ ਖਾਤੇ ਤੇ ਕਮਾਏ ਵਿਆਜ ਦਾ ਅੰਤਰ। ਸਾਲ ਲਈ ਐਸਕਰੋ ਖਾਤੇ ਤੇ ਪ੍ਰਾਪਤ ਕੀਤੀ ਵਿਆਜ ਦੀ ਸਭ ਤੋਂ ਉੱਚੀ ਦਰ ਨੂੰ ਮੰਨਿਆ ਗਿਆ ਹੈ। ਦਰਾਂ ਦੀ ਅਣਉਪਲਬਧਤਾ ਕਾਰਨ ਸਾਲ 2019-20 ਦੇ ਫਿਕਸਡ ਡਿਪਾਜ਼ਿਟ ਲਈ ਸਟੇਟ ਬੈਂਕ ਆਫ ਇੰਡੀਆ ਦੀਆਂ ਦਰਾਂ ਨੂੰ ਲਿਆ ਗਿਆ ਹੈ।

ਪਨਸਪ ਨੇ ਕਿਹਾ (ਅਪ੍ਰੈਲ 2023) ਕਿ ਉਹ ਜੇ ਸੀ ਓ, ਕੋਲਕਾਤਾ ਕੋਲ ਪਈ ਵਾਧੂ ਰਾਸ਼ੀ ਦੀ ਰਿਫੰਡ/ਅਡਜਸਟਮੈਂਟ ਲਈ ਪੱਤਰ-ਵਿਹਾਰ ਕਰ ਰਹੇ ਹਨ। ਪਨਗ੍ਰੇਨ ਅਤੇ ਪੀ ਐਸ ਡਬਲਯੂ ਸੀ ਨੇ ਕਿਹਾ (ਮਈ 2023/ਜਨਵਰੀ 2024) ਕਿ ਬਾਰਦਾਨੇ ਦੀ ਖਰੀਦ ਵਿੱਚ ਵਿਆਜ ਦਾ ਨੁਕਸਾਨ ਇੱਕ ਆਪ੍ਰੇਸ਼ਨਲ ਮਾਮਲਾ ਹੈ ਅਤੇ ਕੰਪਨੀ ਨੇ ਇਸ ਤੋਂ ਬਚਣ ਲਈ ਸਾਰੇ ਯਤਨ ਕੀਤੇ ਹਨ ਅਤੇ ਇਹ ਮਾਮਲਾ ਵੱਖ-ਵੱਖ ਪੱਧਰਾਂ ਤੇ ਉਠਾਇਆ ਗਿਆ ਹੈ। ਰਾਜ ਸਰਕਾਰ (ਖੁਰਾਕ ਅਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ) ਨੇ ਪਨਗ੍ਰੇਨ ਦੇ ਜਵਾਬ ਦੀ ਪੁਸ਼ਟੀ ਕੀਤੀ ਹੈ (ਮਈ 2023)। ਜਵਾਬ ਸਵੀਕਾਰਯੋਗ ਨਹੀਂ ਹਨ ਕਿਉਂਕਿ ਪੀ ਐਸ ਡਬਲਯੂ ਸੀ (₹ 102.27 ਕਰੋੜ), ਪਨਸਪ (₹ 38.33 ਕਰੋੜ) ਅਤੇ ਪਨਗ੍ਰੇਨ (₹ 124.45 ਕਰੋੜ) ਦੀ ਅਗਾਊ ਰਕਮ ਕ੍ਰਮਵਾਰ 61 ਤੋਂ 192 ਦਿਨ, 62 ਤੋਂ 458 ਦਿਨ ਅਤੇ 55 ਤੋਂ 786 ਦਿਨਾਂ ਦੀ ਦੇਰੀ ਤੋਂ ਬਾਅਦ ਐਡਜਸਟ ਕੀਤੀ ਗਈ ਸੀ।

ਮਾਮਲਾ ਪੀ ਐਸ ਡਬਲਯੂ ਸੀ ਅਤੇ ਪਨਸਪ ਦੇ ਸਬੰਧ ਵਿੱਚ ਸਰਕਾਰ (ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ) ਨੂੰ ਭੇਜਿਆ ਗਿਆ ਸੀ (ਜਨਵਰੀ 2023), ਉਹਨਾਂ ਦੇ ਜਵਾਬ ਦੀ ਉਡੀਕ ਸੀ (ਫਰਵਰੀ 2024)।

**ਸਿਫਾਰਸ਼: ਐਸ ਪੀ ਏਜ਼ ਐਸਕਰੋ ਖਾਤੇ ਵਿੱਚ ਪਏ ਬੇਕਾਰ ਫੰਡਾਂ ਦੀ ਸਥਿਤੀ ਦੀ ਨਿਗਰਾਨੀ/ਸਮੀਖਿਆ ਕਰ ਸਕਦੇ ਹਨ ਅਤੇ ਜੇ ਸੀ ਓ ਤੋਂ ਰਿਫੰਡ/ਅਡਜਸਟ ਕਰਨ ਲਈ ਸਮੇਂ ਸਿਰ ਕਾਰਵਾਈ ਕਰ ਸਕਦੇ ਹਨ।**

## ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ

## ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ

### 7.10 ਝੋਨੇ ਦਾ ਗਬਨ

**ਕਸਟਮ ਮਿਲਿੰਗ ਨੀਤੀ ਦੀ ਉਲੰਘਣਾ, ਕੰਪਨੀ ਅਤੇ ਮਿੱਲਰ ਵਿਚਕਾਰ ਸਮਝੌਤਾ ਅਤੇ ਨਿਗਰਾਨੀ ਵਿੱਚ ਖਾਮੀਆਂ ਕਾਰਨ ₹ 10.84 ਕਰੋੜ ਦੀ ਕੀਮਤ ਦੇ ਝੋਨੇ ਦਾ ਗਬਨ ਹੋਇਆ।**

ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਲਿਮਿਟਡ (ਕੰਪਨੀ), ਭਾਰਤ ਸਰਕਾਰ (ਜੀ ਓ ਆਈ) ਦੀ ਤਰਫੋਂ ਕੇਂਦਰੀ ਪੂਲ ਲਈ ਝੋਨੇ ਦੀ ਖਰੀਦ ਕਰਦੀ ਹੈ ਇਸ ਨੂੰ ਖੁਰਾਕ, ਸਿਵਲ ਅਤੇ ਖਪਤਕਾਰ ਮਾਮਲੇ (ਡੀ ਐਫ ਐਸ ਸੀ) ਪੰਜਾਬ ਸਰਕਾਰ ਦੇ ਵਿਭਾਗ ਦੁਆਰਾ ਅਲਾਟ ਕੀਤੇ ਚੌਲ ਮਿਲਰਾਂ ਕੋਲ ਸਟੋਰ ਕਰਦੀ ਹੈ; ਰਾਜ ਸਰਕਾਰ ਦੀ ਕਸਟਮ ਮਿਲਿੰਗ ਨੀਤੀ (ਸੀ ਐਮ ਪੀ) ਅਨੁਸਾਰ ਇਸ ਨੂੰ ਮਿੱਲਰਾਂ ਤੋਂ ਮਿਲਿੰਗ ਕਰਵਾਉਦੀ ਹੈ ਅਤੇ ਨਤੀਜੇ ਵਜੋਂ ਨਿਕਲੇ ਚੌਲਾਂ ਨੂੰ ਭਾਰਤੀ ਖੁਰਾਕ ਨਿਗਮ (ਐਫ ਸੀ ਆਈ) ਨੂੰ ਦਿੰਦੀ ਹੈ।

ਕੰਪਨੀ ਦੇ ਜ਼ਿਲ੍ਹਾ ਦਫਤਰ, ਗੁਰਦਾਸਪੁਰ ਨੇ ਸਾਉਣੀ ਮਾਰਕੀਟਿੰਗ ਸੀਜ਼ਨ (ਕੇ ਐਮ ਐਸ) 2021-22 ਦਾ 8,381.43 ਐਮ ਟੀ ਝੋਨਾ ਮਿਲਿੰਗ ਲਈ ਇੱਕ ਮਿੱਲਰ ਕੋਲ ਸਟੋਰ ਕੀਤਾ (ਅਕਤੂਬਰ 2021) ਅਤੇ ਨਤੀਜੇ ਵਜੋਂ 5,615.55 ਐਮ ਟੀ ਚੌਲ 31 ਮਾਰਚ 2022 ਤੱਕ ਐਫ ਸੀ ਆਈ ਨੂੰ ਭੇਜੇ। ਕੰਪਨੀ ਦੁਆਰਾ ਕੀਤੀ ਗਈ ਚੌਲ ਮਿੱਲ ਦੀ ਭੌਤਿਕ ਤਸਦੀਕਣ (12 ਨਵੰਬਰ 2021) ਵਿੱਚ, ਸ਼ੁਰੂ ਵਿੱਚ 3,637.31 ਐਮ ਟੀ ਵਜ਼ਨ ਵਾਲੀਆਂ 96,995 ਬੋਰੀਆਂ

ਦੀ ਘਾਟ ਦਾ ਪਤਾ ਲੱਗਿਆ ਸੀ, ਜਿਸ ਨੂੰ ਬਾਅਦ ਵਿੱਚ ₹ 10.84 ਕਰੋੜ ਦੇ ਮੁੱਲ ਦੇ 3,088.79 ਐਮ ਟੀ ਚੌਲਾਂ ਦੇ ਬਰਾਬਰ 4,610.13 ਐਮ ਟੀ ਝੋਨੇ ਵਜੋਂ ਅੱਪਡੇਟ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਹੇਠ ਲਿਖੇ ਅਨੁਸਾਰ ਵੇਖਿਆ (ਮਾਰਚ 2022):

- ਸੀ ਐਮ ਪੀ ਵਿੱਚ ਵਿਵਸਥਾ ਸੀ ਕਿ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਮਿੱਲ ਨੂੰ ਝੋਨੇ ਦੀ ਵੱਧ ਤੋਂ ਵੱਧ ਮਨਜ਼ੂਰਸ਼ੁਦਾ ਅਲਾਟ ਕਰਨ ਯੋਗ ਮਾਤਰਾ ਤੋਂ ਵੱਧ ਝੋਨਾ ਅਲਾਟ ਨਹੀਂ ਕੀਤਾ ਜਾਵੇਗਾ। ਜਦੋਂਕਿ, 5,037 ਐਮ ਟੀ ਝੋਨੇ ਦੀ ਮਨਜ਼ੂਰਸ਼ੁਦਾ ਅਲਾਟਮੈਂਟ ਸੀਮਾ ਦੇ ਵਿਰੁੱਧ ਮਿੱਲਰ ਕੋਲ ਸਟੋਰ ਕੀਤਾ ਕੁੱਲ ਝੋਨਾ 8,381.43 ਐਮ ਟੀ ਅਰਥਾਤ ਅਲਾਟਮੈਂਟ ਸੀਮਾ ਤੋਂ 66 *ਪ੍ਰਤੀਸ਼ਤ* ਵੱਧ ਸੀ।

- ਸੀ ਐਮ ਪੀ ਦੇ ਅਨੁਸਾਰ, ਝੋਨੇ ਦੇ ਸਟੋਰੇਜ ਏਰੀਏ ਦੀ ਵੀਡੀਓਗ੍ਰਾਫੀ ਕੀਤੀ ਜਾਣੀ ਸੀ ਅਤੇ ਚਾਰ ਦਿਵਾਰੀ, ਚੌਲਾਂ ਦੇ ਕਮਰੇ ਅਤੇ ਸਟੋਰ ਕੀਤੇ ਝੋਨੇ ਦੀਆਂ ਫੋਟੋਆਂ ਰਿਕਾਰਡ ਵਿੱਚ ਰੱਖੀਆਂ ਜਾਣੀਆਂ ਸਨ। ਸਟੋਰੇਜ ਦੀ ਪ੍ਰਕਿਰਿਆ ਦੀ ਵੀ ਪੂਰੀ ਤਰ੍ਹਾ ਵੀਡੀਓਗ੍ਰਾਫੀ ਕੀਤੀ ਜਾਣੀ ਸੀ। ਇਸ ਤੋਂ ਬਾਅਦ, ਇੱਕ ਦੋ-ਹਫਤਾਵਾਰੀ ਭੌਤਿਕ ਤਸਦੀਕਣ (ਪੀ ਵੀ) ਕਰਵਾਇਆ ਜਾਣਾ ਸੀ ਜਿਸਦੀ ਵੀਡੀਓਗ੍ਰਾਫੀ ਕੀਤੀ ਜਾਣੀ ਸੀ। ਪ੍ਰੰਤੂ, ਇਹਨਾਂ ਵਿੱਚੋਂ ਕਿਸੇ ਵੀ ਤੈਅ ਕੀਤੀ ਜਾਂਚ ਦੀ ਕੰਪਨੀ ਦੁਆਰਾ ਪਾਲਣਾ ਨਹੀਂ ਕੀਤੀ ਗਈ ਸੀ।

- ਸੀ ਐਮ ਪੀ ਵਿੱਚ ਵਿਵਸਥਾ ਸੀ ਕਿ ਮਿੱਲਰ, ਸਟੋਰੇਜ ਸ਼ੁਰੂ ਹੋਣ ਤੋਂ ਪਹਿਲਾਂ ਝੋਨੇ ਦੇ 50 *ਪ੍ਰਤੀਸ਼ਤ* ਦੇ ਮੁੱਲ ਦਾ ਇੱਕ ਚੈੱਕ ਜਮ੍ਹਾਂ ਕਰਵਾਏਗਾ। ਝੋਨੇ ਦੇ ਬਾਕੀ ਬਚੇ 50 *ਪ੍ਰਤੀਸ਼ਤ* ਮੁੱਲ ਲਈ ਮਿੱਲਰ ਨੂੰ ਮਿੱਲ ਪਰਿਸਰ ਵਿੱਚ ਸਾਰੀ ਨਿਰਧਾਰਤ ਮਾਤਰਾ ਦੀ ਸਟੋਰੇਜ ਪੂਰੀ ਹੋਣ ਦੇ ਸਮੇਂ ਇੱਕ ਚੈੱਕ ਜਮ੍ਹਾਂ ਕਰਾਉਣਾ ਹੋਵੇਗਾ। ਇਹ ਇਸ ਇਰਾਦੇ ਨਾਲ ਕੀਤਾ ਗਿਆ ਸੀ ਕਿ ਮਿੱਲਰ ਦੁਆਰਾ ਡਿਫਾਲਟ ਹੋਣ ਦੀ ਸੂਰਤ ਵਿੱਚ ਇਹ ਚੈੱਕ ਕੈਸ਼ ਕੀਤੇ ਜਾ ਸਕਦੇ ਹਨ। ਹਾਲਾਂਕਿ, ਮਿੱਲਰ ਦੁਆਰਾ ਜਮ੍ਹਾਂ ਕੀਤੇ ਗਏ ₹ 9.09 ਕਰੋੜ ਦੀ ਰਕਮ ਦਾ ਚੈੱਕ 25 ਜਨਵਰੀ 2022 ਨੂੰ ਭਾਵ ਕਿ ਘਾਟ ਦਾ ਪਤਾ ਲੱਗਣ ਤੋਂ 74 ਦਿਨਾਂ ਬਾਅਦ ਪੇਸ਼ ਕੀਤਾ ਗਿਆ ਸੀ, ਇਸ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ।

- ਮਿਲਿੰਗ ਸਮਝੌਤੇ ਦੀ ਧਾਰਾ 23 ਵਿਵਸਥਾ ਕਰਦੀ ਹੈ ਕਿ 30 ਸਤੰਬਰ 2021 ਤੱਕ ਕੁੱਲ ਝੋਨੇ ਦੇ ਹਰ ਇੱਕ ਐਮ ਟੀ ਜਾਂ ਇਸ ਦੇ ਹਿੱਸੇ (ਵਾਧੂ ਝੋਨੇ ਸਮੇਤ) ਲਈ ₹ 125 ਦੀ ਇੱਕ ਸਕਿਓਰਟੀ ਰਕਮ ਆਨਲਾਈਨ ਜਮ੍ਹਾਂ ਕੀਤੀ ਜਾਣੀ ਸੀ। ਇਸ ਅਨੁਸਾਰ, ਮਿੱਲਰ ਨੂੰ ₹ 6.29 ਲੱਖ ਦੀ ਸਕਿਓਰਟੀ ਜਮ੍ਹਾਂ ਕਰਾਉਣ ਦੀ ਲੋੜ ਸੀ, ਉਹ ਵੀ ਮਿੱਲਰ ਦੁਆਰਾ ਜਮ੍ਹਾਂ ਨਹੀਂ ਕੀਤੀ ਗਈ ਸੀ।

- ਸੀ ਐਮ ਪੀ ਵਿੱਚ ਇਹ ਵੀ ਵਿਵਸਥਾ ਸੀ ਕਿ ਮਿੱਲਰ ਨੇ ਸਟੋਰੇਜ ਏਰੀਆ/ਮਿੱਲ ਵਿੱਚ ਕਲੋਜ਼-ਸਰਕਟ ਟੈਲੀਵਿਜ਼ਨ (ਸੀ ਸੀ ਟੀ ਵੀ) ਕੈਮਰੇ ਲਗਾਉਣੇ ਸਨ ਅਤੇ ਜੇਕਰ ਇਹ ਪੀ ਵੀ ਦੌਰਾਨ ਮੌਜੂਦ ਨਹੀਂ ਪਾਏ ਗਏ ਤਾਂ ਅਜਿਹੀ ਚੌਲ ਮਿੱਲ ਦੀ ਵਰਤਮਾਨ ਸੀਜ਼ਨ ਵਿੱਚ 20 *ਪ੍ਰਤੀਸ਼ਤ* ਦੀ ਅਲਾਟਮੈਂਟ ਫੌਰੀ ਤੌਰ ਤੇ ਕੱਟ ਦਿੱਤੀ ਜਾਵੇਗੀ ਅਤੇ ਅਗਲੇ ਸੀਜ਼ਨ ਤੋਂ ਰਜਿਸਟ੍ਰੇਸ਼ਨ ਰੱਦ ਕਰਨ ਦਾ ਸਾਹਮਣਾ ਕਰਨਾ ਪਵੇਗਾ। ਮਿੱਲਰ ਨੂੰ ਸਟੋਰੇਜ ਖੇਤਰ ਦੀ ਲਾਈਵ ਫੀਡ ਸਬੰਧਤ ਏਜੰਸੀ ਦੇ ਮੈਨੇਜਿੰਗ ਡਾਇਰੈਕਟਰ/ਜ਼ਿਲ੍ਹਾ ਮੈਨੇਜਰ ਨੂੰ ਪ੍ਰਦਾਨ ਕਰਨ ਦੀ ਲੋੜ ਸੀ ਅਤੇ ਲਾਈਵ ਫੀਡ ਨੂੰ ਵਿਭਾਗ ਦੇ ਪੋਰਟਲ ਨਾਲ ਜੋੜਿਆ ਜਾਣਾ ਸੀ। ਜਦੋਂਕਿ, ਅਜਿਹਾ ਨਹੀਂ ਕੀਤਾ ਗਿਆ ਸੀ।

ਉਪਰੋਕਤ ਸਾਰੀਆਂ ਖਾਮੀਆਂ *ਜਿਵੇਂ ਕਿ* ਅਲਾਟ ਕੀਤੀ ਗਈ ਮਾਤਰਾ ਤੋਂ ਵੱਧ ਮਾਤਰਾ ਵਿੱਚ ਝੋਨੇ ਦਾ ਭੰਡਾਰਨ ਕਰਨਾ, ਸਟੋਰ ਕੀਤੀ ਝੋਨੇ ਦੀ ਵੀਡੀਓਗ੍ਰਾਫੀ ਨਾ ਕਰਨਾ, ਵੱਡੀ ਦੇਰੀ ਤੋਂ ਬਾਅਦ ਚੈੱਕਾਂ ਨੂੰ ਪੇਸ਼ ਕਰਨਾ, ਵੱਧ ਸਕਿਓਰਟੀ ਨਾ ਲੈਣਾ ਜੋ ਕਿ ਲਾਜ਼ਮੀ ਸੀ ਅਤੇ ਮਿੱਲਰ ਦੀ ਥਾਂ ਤੇ ਸੀ ਸੀ ਟੀ ਵੀ ਕੈਮਰਿਆਂ ਦੀ ਸਥਾਪਨਾ ਅਤੇ ਕੰਮਕਾਜ ਦੀ ਜਾਂਚ ਨਾ ਕਰਨਾ, ਕੰਪਨੀ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਮਿਲੀਭੁਗਤ ਨੂੰ ਦਰਸਾਉਂਦਾ ਹੈ। ਇਨ੍ਹਾਂ ਕਾਰਨ ₹ 10.84 ਕਰੋੜ ਦੇ ਝੋਨੇ ਦਾ ਗਬਨ ਹੋਇਆ। ਕੰਪਨੀ ਨੇ (ਜਨਵਰੀ 2022) ਆਪਣੇ ਤਿੰਨ ਇੰਸਪੈਕਟਰਾਂ ਅਤੇ ਸਬੰਧਤ ਜ਼ਿਲ੍ਹਾ ਮੈਨੇਜਰ ਨੂੰ ਚਾਰਜਸ਼ੀਟਾਂ ਜਾਰੀ ਕੀਤੀਆਂ। ਕੰਪਨੀ ਨੇ ਮਿੱਲਰ ਦੇ ਖਿਲਾਫ ਸਾਲਸੀ ਦੀ ਕਾਰਵਾਈ ਵੀ ਸ਼ੁਰੂ ਕੀਤੀ ਹੈ। ਜਦੋਂਕਿ, ਅੱਜ ਤੱਕ (ਜੂਨ 2023) ਕਰਮਚਾਰੀਆਂ/ਅਧਿਕਾਰੀਆਂ ਵਿਰੁੱਧ ਕੋਈ ਅੰਤਿਮ ਕਾਰਵਾਈ ਜਾਂ ਮਿੱਲਰ ਤੋਂ ਕੋਈ ਰਿਕਵਰੀ ਨਹੀਂ ਕੀਤੀ ਗਈ ਸੀ।

ਮੈਨੇਜਮੈਂਟ ਨੇ ਤੱਥਾਂ ਨੂੰ ਸਵੀਕਾਰ ਕੀਤਾ (ਅਪ੍ਰੈਲ 2023) ਅਤੇ ਕਿਹਾ ਕਿ ਨੁਕਸਾਨ ਦੀ ਵਸੂਲੀ ਲਈ ਸਾਰੇ ਯਤਨ ਕੀਤੇ ਜਾ ਰਹੇ ਸਨ।

ਇਹ ਮਾਮਲਾ ਸਰਕਾਰ ਨੂੰ ਭੇਜਿਆ ਗਿਆ ਸੀ (ਨਵੰਬਰ 2022); ਜਵਾਬ ਦੀ ਉਡੀਕ ਸੀ (ਫਰਵਰੀ 2024)।

**ਸਿਫਾਰਸ਼: ਕੰਪਨੀ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਕਸਟਮ ਮਿਲਿੰਗ ਨੀਤੀ ਦੇ ਨਿਯਮਾਂ ਅਤੇ ਸ਼ਰਤਾਂ ਦੇ ਨਾਲ-ਨਾਲ ਮਿੱਲਰ ਨਾਲ ਕੀਤੇ ਗਏ ਸਮਝੌਤੇ ਦੀ ਪਾਲਣਾ ਨੂੰ ਯਕੀਨੀ ਬਣਾ ਸਕਦੀ ਹੈ ਅਤੇ ਆਪਣੇ ਕਰਮਚਾਰੀਆਂ/ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰ ਸਕਦੀ ਹੈ।**

## 7.11 ਉਜਰਤਾਂ ਦਾ ਬਚਣਯੋਗ ਭੁਗਤਾਨ

**ਇਕਰਾਰਨਾਮੇ ਵਿੱਚ ਅਵਿਵੇਕਪੂਰਨ ਧਾਰਾ ਨੂੰ ਸ਼ਾਮਲ ਕਰਨ ਕਰਕੇ ਕੰਪਨੀ ਨੇ ਸੇਵਾ ਪ੍ਰਦਾਤਾ ਨੂੰ ਉਜਰਤਾਂ ਦੀ ₹ 1.92 ਕਰੋੜ ਦੀ ਰਾਸ਼ੀ ਦਾ ਬਚਣਯੋਗ ਭੁਗਤਾਨ ਕੀਤਾ।**

ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਅਨਾਜ, ਹੋਰ ਖੁਰਾਕੀ ਵਸਤਾਂ ਅਤੇ ਆਮ ਖਪਤ ਦੀਆਂ ਜ਼ਰੂਰੀ ਵਸਤਾਂ ਦੀ ਖਰੀਦ, ਸਟੋਰੇਜ, ਸਪਲਾਈ ਅਤੇ ਵੰਡ ਦੇ ਕਾਰੋਬਾਰ ਦਾ ਕੰਮ ਕਰਦੀ ਹੈ। ਆਪਣੀਆਂ ਗਤੀਵਿਧੀਆਂ ਨੂੰ ਕਰਨ ਲਈ, ਕੰਪਨੀ ਨੇ ਇੱਕ ਸੇਵਾ ਪ੍ਰਦਾਤਾ ਜਿਸ ਨੂੰ ਮੁਕਾਬਲਾਤਮਕ ਬੋਲੀ ਦੇ ਅਧਾਰ ਤੇ ਚੁਣਿਆ ਗਿਆ ਸੀ, ਰਾਹੀਂ ਆਊਟਸੋਰਸਡ ਸਟਾਫ ਦੀਆਂ ਸੇਵਾਵਾਂ ਲਈਆਂ। ਕੰਪਨੀ ਨੇ ਚੰਡੀਗੜ੍ਹ ਵਿੱਚ ਸਥਿਤ ਆਪਣੇ ਮੁੱਖ ਦਫਤਰ (ਐਚ ਓ) ਅਤੇ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਦਫਤਰਾਂ ਲਈ ਆਊਟਸੋਰਸਡ ਸਟਾਫ ਦੀਆਂ ਸੇਵਾਵਾਂ[19] ਲੈਣ ਲਈ ਸੇਵਾ ਪ੍ਰਦਾਤਾ ਨਾਲ ਇਕਰਾਰਨਾਮਾ[20] ਕੀਤਾ (ਮਈ 2020)।

ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2021) ਕਿ ਇਕਰਾਰਨਾਮੇ ਦੀ ਧਾਰਾ 14 ਵਿੱਚ ਵਿਵਸਥਾ ਹੈ ਕਿ ਸੇਵਾ ਪ੍ਰਦਾਤਾ ਦੇ ਸਾਰੇ ਕਰਮਚਾਰੀਆਂ ਦੀ ਤਨਖਾਹ ਅਤੇ ਉਜਰਤਾਂ ਸਮੇਂ ਸਮੇਂ ਤੇ ਕਰਮਚਾਰੀਆਂ

19 ਸਕੱਤਰੇਤ ਸੇਵਾਵਾਂ, ਪ੍ਰਬੰਧਕੀ ਸੇਵਾਵਾਂ, ਪ੍ਰਬੰਧਨ ਸਹਾਇਤਾ, ਲੇਖਾਕਾਰੀ ਅਤੇ ਵਿੱਤੀ ਸੇਵਾਵਾਂ, ਕਨੂੰਨੀ ਸਹਾਇਤਾ, ਤਕਨੀਕੀ ਸਹਾਇਤਾ, ਸਕੱਤਰੇਤ ਹਾਊਸਕੀਪਿੰਗ, ਵਰਗੇ ਵੱਖ-ਵੱਖ ਕਾਡਰਾਂ ਅਧੀਨ।

20 07 ਅਪ੍ਰੈਲ 2020 ਤੋਂ 06 ਅਪ੍ਰੈਲ 2021 ਤੱਕ, ਅੱਗੇ 08 ਸਤੰਬਰ 2024 ਤੱਕ ਵਧਾਇਆ ਗਿਆ।

ਦੀਆਂ ਸਬੰਧਤ ਸ਼੍ਰੇਣੀਆਂ ਲਈ ਡਿਪਟੀ ਕਮਿਸ਼ਨਰ ਚੰਡੀਗੜ੍ਹ (ਡੀ ਸੀ) ਦੁਆਰਾ ਨੋਟੀਫਾਈ ਕੀਤੀਆਂ ਦਰਾਂ ਅਨੁਸਾਰ ਕੀਤੀਆਂ ਜਾਣਗੀਆਂ। ਇਸ ਦੇ ਅਨੁਸਾਰ, ਕੰਪਨੀ ਨੇ ਸਾਰੇ ਆਊਟਸੋਰਸਡ ਸਟਾਫ ਲਈ ਸੇਵਾ ਪ੍ਰਦਾਤਾ ਨੂੰ ਭੁਗਤਾਨ ਕੀਤਾ ਚਾਹੇ ਉਨ੍ਹਾਂ ਦੀ ਡਿਊਟੀ ਦਾ ਸਥਾਨ ਐਚ ਓ ਜਾਂ ਜ਼ਿਲ੍ਹਾ ਦਫਤਰ ਕੋਈ ਵੀ ਹੋਵੇ। ਸੇਵਾ ਪ੍ਰਦਾਤਾ ਨੇ ਅਪ੍ਰੈਲ 2020 ਤੋਂ ਮਾਰਚ 2022 ਦੇ ਸਮੇਂ ਦੌਰਾਨ ਪ੍ਰਤੀ ਮਹੀਨਾ 55 ਤੋਂ 155 ਕਰਮਚਾਰੀ ਤੈਨਾਤ ਕੀਤੇ ਸਨ। ਇਨ੍ਹਾਂ ਵਿੱਚੋਂ, 30 ਤੋਂ 83 ਆਊਟਸੋਰਸਡ ਸਟਾਫ ਨੂੰ ਇਸ ਸਮੇਂ ਦੌਰਾਨ ਚੰਡੀਗੜ ਤੋਂ ਬਾਹਰ ਸਥਿਤ ਜ਼ਿਲ੍ਹਾ ਦਫਤਰਾਂ ਵਿੱਚ ਤੈਨਾਤ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਕੰਮ ਲਈ ਐਨ ਆਈ ਟੀ ਵਿੱਚ ਨਿਰਧਾਰਤ (ਨਵੰਬਰ 2018) ਆਮ ਸ਼ਰਤਾਂ (ਨੰਬਰ 14) ਨੇ ਸੇਵਾ ਪ੍ਰਦਾਤਾ ਦੁਆਰਾ ਲਗਾਏ ਗਏ ਅਤੇ ਚੰਡੀਗੜ੍ਹ ਵਿਖੇ ਇਸਦੇ ਮੁੱਖ ਦਫਤਰ ਵਿਖੇ ਤੈਨਾਤ ਅਤੇ ਪੂਰੇ ਪੰਜਾਬ ਰਾਜ ਵਿੱਚ ਤੈਨਾਤ ਕਰਮਚਾਰੀਆਂ ਲਈ ਵੱਖ-ਵੱਖ ਉਜਰਤਾਂ ਦੀਆਂ ਦਰਾਂ ਦੀ ਚਿਤਵਨਾ ਕੀਤੀ ਸੀ। ਸੇਵਾ ਪ੍ਰਦਾਤਾ ਦੇ ਕਰਮਚਾਰੀਆਂ ਦੀ ਤਨਖਾਹ ਅਤੇ ਉਜਰਤਾਂ, ਚੰਡੀਗੜ੍ਹ ਦਫਤਰ ਵਿੱਚ ਤਾਇਨਾਤ ਕਰਮਚਾਰੀਆਂ ਦੀਆਂ ਸ਼੍ਰੇਣੀਆਂ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ, ਚੰਡੀਗੜ੍ਹ ਦੁਆਰਾ ਅਤੇ ਪੂਰੇ ਪੰਜਾਬ ਰਾਜ ਵਿੱਚ ਤਾਇਨਾਤ ਕਰਮਚਾਰੀਆਂ ਦੇ ਸਬੰਧ ਵਿੱਚ ਲੇਬਰ ਕਮਿਸ਼ਨਰ ਪੰਜਾਬ ਵੱਲੋਂ ਨੋਟੀਫਾਈ ਕੀਤੀਆਂ ਦਰਾਂ ਅਨੁਸਾਰ ਅਦਾ ਕੀਤੀਆਂ ਜਾਣੀਆਂ ਸਨ ਅਤੇ ਇਸ ਅਨੁਸਾਰ ਸੰਭਾਵੀ ਬੋਲੀਕਾਰਾਂ ਤੋਂ ਦਰਾਂ ਦੀ ਮੰਗ ਕੀਤੀ ਗਈ ਸੀ। ਪ੍ਰੰਤੂ, ਇਕਰਾਰਨਾਮਾ ਕਰਦੇ ਸਮੇਂ, ਇਸ ਧਾਰਾ ਨੂੰ ਬਦਲ ਦਿੱਤਾ ਗਿਆ ਸੀ ਅਤੇ ਅੰਤਿਮ ਇਕਰਾਰਨਾਮਾ ਸਾਰੇ ਸਟਾਫ ਨੂੰ ਡੀ ਸੀ ਚੰਡੀਗੜ੍ਹ ਦੁਆਰਾ ਸੂਚਿਤ ਦਰਾਂ ਤੇ ਭੁਗਤਾਨ ਕਰਨ ਲਈ ਕੀਤਾ ਗਿਆ ਸੀ, ਚਾਹੇ ਉਨ੍ਹਾਂ ਦੀ ਡਿਊਟੀ ਦਾ ਸਥਾਨ ਕੋਈ ਵੀ ਹੋਵੇ। ਇਹ ਵੀ ਵੇਖਿਆ ਗਿਆ ਕਿ ਕੰਪਨੀ ਨੇ ਸੇਵਾ ਪ੍ਰਦਾਤਾ ਨਾਲ ਇਕਰਾਰਨਾਮਾ ਕਰਨ ਤੋਂ ਪਹਿਲਾਂ ਜ਼ਿਲ੍ਹਾ ਦਫਤਰਾਂ ਤੋਂ ਸਟਾਫ ਦੀ ਲੋੜ ਪ੍ਰਾਪਤ ਕੀਤੀ ਸੀ (ਅਪ੍ਰੈਲ 2020)। ਡੀ ਸੀ ਚੰਡੀਗੜ੍ਹ ਵੱਲੋਂ ਨੋਟੀਫਾਈ ਕੀਤੀਆਂ ਦਰਾਂ ਲੇਬਰ ਕਮਿਸ਼ਨਰ, ਪੰਜਾਬ ਵੱਲੋਂ ਨੋਟੀਫਾਈ ਕੀਤੀਆਂ ਦਰਾਂ ਨਾਲੋਂ ਵੱਧ ਸਨ, ਜਿਸ ਕਾਰਨ ਵੱਖ-ਵੱਖ ਜ਼ਿਲ੍ਹਾ ਦਫਤਰਾਂ ਵਿੱਚ ਤੈਨਾਤ ਆਊਟਸੋਰਸ ਸਟਾਫ ਨੂੰ ਲਾਗੂ ਦਰਾਂ ਤੋਂ ਵੱਧ ਰੇਟਾਂ 'ਤੇ ਭੁਗਤਾਨ ਕੀਤਾ ਜਾ ਰਿਹਾ ਸੀ।

ਇਸ ਤਰ੍ਹਾਂ ਇਕਰਾਰਨਾਮੇ ਵਿੱਚ ਅਵਿਵੇਕਪੂਰਨ ਧਾਰਾ ਨੂੰ ਸ਼ਾਮਲ ਕਰਨ ਕਰਕੇ ਕੰਪਨੀ ਨੇ ਸੇਵਾ ਪ੍ਰਦਾਤਾ ਨੂੰ ਉਜਰਤਾਂ ਦੀ ਰਕਮ ਦਾ ₹ 1.92 ਕਰੋੜ ਦਾ ਬਚਣਯੋਗ ਭੁਗਤਾਨ ਕੀਤਾ।

ਮਾਮਲਾ ਕੰਪਨੀ ਅਤੇ ਸਰਕਾਰ ਨੂੰ ਭੇਜਿਆ ਗਿਆ ਸੀ (ਮਾਰਚ 2023); ਉਹਨਾਂ ਦੇ ਜਵਾਬਾਂ ਦੀ ਉਡੀਕ ਸੀ (ਫਰਵਰੀ 2024)।

**ਸਿਫਾਰਸ਼: ਕੰਪਨੀ ਨੂੰ ਆਪਣੇ ਕੰਮਕਾਜ ਨਾਲ ਸਮਝੌਤਾ ਕੀਤੇ ਬਿਨਾਂ ਆਪਣੇ ਖਰਚਿਆਂ ਨੂੰ ਘੱਟ ਤੋਂ ਘੱਟ ਤੱਕ ਸੀਮਤ ਕਰਕੇ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ।**

## ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ

### 7.12 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਵੰਡਣ ਕਾਰਨ ਵਾਧੂ ਖਰਚਾ

**30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਵੰਡਣ ਕਰਕੇ ਹੋਏ ਵਾਧੂ ਖਰਚੇ ਦੀ ਭਰਪਾਈ ਲਈ ਰਾਜ ਸਰਕਾਰ ਕੋਲ ਮਾਮਲਾ ਉਠਾਉਣ ਵਿੱਚ ਕੰਪਨੀ ਦੀ ਅਸਫਲਤਾ ਦੇ ਨਤੀਜੇ ਵਜੋਂ ₹ 21.80 ਕਰੋੜ ਦਾ ਵਾਧੂ ਖਰਚਾ ਹੋਇਆ।**

ਭਾਰਤ ਸਰਕਾਰ (ਜੀ ਓ ਆਈ) ਨੇ ਲੋਕਾਂ ਨੂੰ ਕਿਫਾਇਤੀ ਕੀਮਤਾਂ 'ਤੇ ਗੁਣਵੱਤਾ ਵਾਲੇ ਭੋਜਨ ਦੀ ਲੋੜੀਂਦੀ ਮਾਤਰਾ ਤੱਕ ਪਹੁੰਚ ਨੂੰ ਯਕੀਨੀ ਬਣਾ ਕੇ ਭੋਜਨ ਅਤੇ ਪੌਸ਼ਟਿਕ ਸੁਰੱਖਿਆ ਪ੍ਰਦਾਨ ਕਰਨ ਲਈ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨ ਐਫ ਐਸ ਏ) ਲਾਗੂ ਕੀਤਾ (ਜੁਲਾਈ 2013)। ਪੰਜਾਬ ਸਰਕਾਰ (ਜੀ ਓ ਪੀ) ਨੇ ਇਸ ਐਕਟ ਅਧੀਨ ਲਾਭਪਾਤਰੀਆਂ ਨੂੰ ਵੰਡੀ ਜਾਣ ਵਾਲੀ ਕਣਕ ਦੀ ਖਰੀਦ ਕਰਨ ਲਈ ਭਾਰਤ ਸਰਕਾਰ ਨਾਲ ਇੱਕ ਸਮਝੌਤਾ ਪੱਤਰ (ਐਮ ਓ ਯੂ) ਤੇ ਹਸਤਾਖਰ ਕੀਤੇ (ਅਗਸਤ 2014) ਅਤੇ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਿਟਡ (ਕੰਪਨੀ) ਨੂੰ ਨੋਡਲ ਏਜੰਸੀ ਬਣਾਇਆ। ਐਮ ਓ ਯੂ ਦੇ ਅਨੁਸਾਰ, ਕੰਪਨੀ ਕਣਕ ਦੀ ਖਰੀਦ ਕਰ ਸਕਦੀ ਹੈ ਅਤੇ ਇਸਨੂੰ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਵੰਡ ਸਕਦੀ ਹੈ ਪਰ ਭਾਰਤ ਸਰਕਾਰ ਦੁਆਰਾ ਇਸ ਦੀ ਭਰਪਾਈ ਦੋ ਦਰਾਂ ਅਰਥਾਤ ਅਸਲ ਖਰਚੇ ਜਾਂ ਭਾਰਤ ਸਰਕਾਰ ਦੁਆਰਾ 50 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਵਰਤੋਂ ਲਈ ਪ੍ਰਵਾਨਿਤ ਲਾਗਤ ਸ਼ੀਟ ਅਨੁਸਾਰ ਮੰਨਣਯੋਗ ਰਕਮ, ਵਿੱਚੋਂ ਘੱਟ ਰਕਮ ਤੇ ਕੀਤੀ ਜਾਣੀ ਸੀ।

ਰਾਜ ਸਰਕਾਰ ਨੇ ਹਾੜੀ ਮਾਰਕੀਟਿੰਗ ਸੀਜ਼ਨ (ਆਰ ਐਮ ਐਸ) 2014-15 ਤੋਂ ਹਰ ਛੇ ਮਹੀਨਿਆਂ ਵਿੱਚ ਇੱਕ ਵਾਰ ਐਨ ਐਫ ਐਸ ਏ ਲਾਭਪਾਤਰੀਆਂ ਨੂੰ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਵੰਡਣ ਦਾ ਫੈਸਲਾ ਕੀਤਾ। ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ 50 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਤੁਲਨਾ ਵਿੱਚ ਕੰਪਨੀ ਦੁਆਰਾ ਵਰਤੇ ਗਏ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਖਰੀਦ ਵਿੱਚ ਹੋਈ ਵੱਧ ਲਾਗਤ ਨੂੰ ਪ੍ਰਵਾਨਗੀ ਦੇਣ ਅਤੇ ਉਸ ਦੀ ਭਰਪਾਈ ਕਰਨ ਲਈ ਬੇਨਤੀ ਕੀਤੀ (ਨਵੰਬਰ 2019)। ਭਾਰਤ ਸਰਕਾਰ ਨੇ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਵਰਤੋਂ ਦੀ ਪ੍ਰਵਾਨਗੀ ਦਿੱਤੀ (ਜਨਵਰੀ 2020) ਪਰ ਕਿਸੇ ਵੀ ਵੱਧ ਲਾਗਤ ਦੀ ਭਰਪਾਈ ਕਰਨ ਤੋਂ ਇਨਕਾਰ ਕਰ ਦਿੱਤਾ। ਪੰਜਾਬ ਸਰਕਾਰ ਨੇ ਆਰ ਐਮ ਐਸ 2018-19, 2019-20 ਅਤੇ 2020-21 ਲਈ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਖਰੀਦ ਤੇ ਹੋਏ ਅਸਲ ਖਰਚੇ ਦੀ ਭਰਪਾਈ ਦੀ ਆਪਣੀ ਬੇਨਤੀ ਨੂੰ ਦੁਹਰਾਇਆ (ਜੁਲਾਈ 2020), ਜਿਸ ਨੂੰ ਮੰਨਿਆ ਨਹੀਂ ਗਿਆ।


ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2022) ਕਿ ਕੰਪਨੀ ਨੇ ਆਰ ਐਮ ਐਸ 2019-20, 2020-21, 2021-22 ਦੌਰਾਨ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਯੋਗ ਲਾਭਪਾਤਰੀਆਂ ਨੂੰ 20.17 ਲੱਖ ਐਮ ਟੀ ਕਣਕ ਵੰਡੀ। ਕੰਪਨੀ ਨੇ ਭਾਰਤ ਸਰਕਾਰ ਤੋਂ ਆਰਜ਼ੀ ਲਾਗਤ ਸ਼ੀਟਾਂ ਦੇ ਅਨੁਸਾਰ 50 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਲਾਗਤ ਦਾ ਦਾਅਵਾ ਕੀਤਾ ਅਤੇ ₹ 92.88 ਕਰੋੜ ਦੀ ਭਰਪਾਈ ਪ੍ਰਾਪਤ ਕੀਤੀ ਜਦੋਂ ਕਿ ਇਸਦੀ ਅਸਲ ਲਾਗਤ ₹ 114.68 ਕਰੋੜ ਸੀ। ਐਨ ਐਫ ਐਸ ਏ ਸਕੀਮ ਵਿੱਚ ਕੰਪਨੀ ਸਿਰਫ ਇੱਕ ਲਾਗੂ ਕਰਨ ਵਾਲੀ ਏਜੰਸੀ ਸੀ ਅਤੇ ਇਹ ਪੰਜਾਬ ਸਰਕਾਰ/ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰ ਰਹੀ ਸੀ।

ਕੰਪਨੀ ਨੇ ਇੱਕ ਵਣਜੀ ਉੱਦਮ ਹੋਣ ਦੇ ਨਾਤੇ ਆਪਣੇ ਖੁਦ ਦੇ ਵਿੱਤੀ ਹਿੱਤਾਂ ਦੀ ਰਾਖੀ ਕਰਨੀ ਸੀ ਅਤੇ ਇਸ ਲਈ ਇਸਨੂੰ ਰਾਜ ਸਰਕਾਰ ਜਿਸਨੇ ਇਸਨੂੰ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਦੀ ਵਰਤੋਂ ਕਰਨ ਦਾ ਨਿਰਦੇਸ਼ ਦਿੱਤਾ ਸੀ, ਤੋਂ ਆਪਣੇ ਦੁਆਰਾ ਕੀਤੇ ਗਏ ਵਾਧੂ ਖਰਚੇ ਦਾ ਦਾਅਵਾ ਕਰਨਾ ਚਾਹੀਦਾ ਸੀ।

ਇਸ ਤਰ੍ਹਾਂ, 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਦੀ ਵੰਡ ਤੇ ਹੋਏ ਵਾਧੂ ਖਰਚੇ ਦੀ ਭਰਪਾਈ ਲਈ ਰਾਜ ਸਰਕਾਰ ਕੋਲ ਮਾਮਲਾ ਉਠਾਉਣ ਵਿੱਚ ਕੰਪਨੀ ਦੀ ਅਸਫਲਤਾ ਦੇ ਨਤੀਜੇ ਵਜੋਂ ₹ 21.80 ਕਰੋੜ ਦਾ ਵਾਧੂ ਖਰਚਾ ਹੋਇਆ।

ਸਰਕਾਰ ਨੇ ਕਿਹਾ (ਅਪ੍ਰੈਲ 2023) ਕਿ ਉਸਨੇ ਐਨ ਐਫ ਐਸ ਏ ਅਧੀਨ ਕਣਕ ਦੀ ਪੈਕਿੰਗ ਲਈ 30 ਕਿਲੋਗ੍ਰਾਮ ਸਮਰੱਥਾ ਵਾਲੇ ਪੀ ਪੀ/ਐਚ ਡੀ ਪੀ ਈ ਬੋਰੀਆਂ ਦੀ ਖਰੀਦ ਨੂੰ ਆਰ ਐਮ ਐਸ 2023-24 ਤੋਂ ਬੰਦ ਕਰ ਦਿੱਤਾ ਹੈ। ਜਦੋਂਕਿ, ਤੱਥ ਹੈ ਕਿ ਕੰਪਨੀ ਨੂੰ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ ਵਿੱਚ ਕਣਕ ਦੀ ਵੰਡ ਦੇ ਕਾਰਨ ₹ 21.80 ਕਰੋੜ ਦਾ ਵਾਧੂ ਖਰਚਾ ਝੱਲਣਾ ਪਿਆ।


**ਸਿਫਾਰਸ਼: ਕੰਪਨੀ ਨੂੰ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ 30 ਕਿਲੋਗ੍ਰਾਮ ਸਮਰੱਥਾ ਵਾਲੀਆਂ ਬੋਰੀਆਂ 'ਤੇ ਵਾਧੂ ਖਰਚੇ ਦੀ ਭਰਪਾਈ ਲਈ ਪੰਜਾਬ ਸਰਕਾਰ ਕੋਲ ਮਾਮਲਾ ਉਠਾਉਣਾ ਚਾਹੀਦਾ ਹੈ।**



**ਚੰਡੀਗੜ੍ਹ** **(ਫ਼ਾਜ਼ਲੀ ਜੇ. ਸ਼ਾਈਨ)**

**ਮਿਤੀ : 25 ਅਪ੍ਰੈਲ 2024** **ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਪ੍ਰਤੀ ਹਸਤਾਖਰ**



**ਨਵੀਂ ਦਿੱਲੀ** **(ਗਿਰੀਸ਼ ਚੰਦਰ ਮੁਰਮੂ)**

**ਮਿਤੀ : 6 ਮਈ 2024** **ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

## ਅੰਤਿਕਾ 2.1

*(ਪੈਰ੍ਹਾ 2.3.3 (i) ਦੇ ਹਵਾਲੇ ਵਿੱਚ)*

### ਨਿਰਮਾਣ ਕਾਮਿਆਂ ਦੀਆਂ ਅਨਿਯਮਿਤ ਰਜਿਸਟ੍ਰੇਸ਼ਨਾਂ ਦੀ ਸੰਖਿਆ ਨੂੰ ਦਰਸਾਉਂਦੀ ਵਿਵਰਣੀ

***(ਰਾਸ਼ੀ ₹ ਵਿੱਚ)***

| ਲੜੀ ਨੰ. | ਸਕੀਮ ਦਾ ਨਾਂਅ | ਲਾਭਪਾਤਰੀਆਂ ਦੀ ਕੁੱਲ ਸੰਖਿਆ | | ਜਾਂਚ ਕੀਤੇ ਦਸਤਾਵੇਜ਼ | | ਅਣਉਚਿਤ ਨੱਥੀ ਕੀਤੇ ਦਸਤਾਵੇਜ਼ | | ਰਾਸ਼ੀ ਦੀ ਅਨਿਯਮਿਤ ਵੰਡ | |
|---|---|---|---|---|---|---|---|---|---|
| | | ਮੁਹਾਲੀ | ਪਟਿਆਲਾ | ਮੁਹਾਲੀ | ਪਟਿਆਲਾ | ਮੁਹਾਲੀ | ਪਟਿਆਲਾ | ਮੁਹਾਲੀ | ਪਟਿਆਲਾ |
| 1. | ਬਾਲੜੀ | 13 | 26 | 10 | 10 | 5 | 4 | 2,55,000 | 2,04,000 |
| 2. | ਸ਼ਗਨ | 84 | 97 | 10 | 10 | 8 | 9 | 2,48,000 | 2,79,000 |
| 3. | ਐਕਸ-ਗ੍ਰੇਸ਼ੀਆ | 61 | 228 | 19 | 15 | 16 | 15 | 33,00,000 | 39,00,000 |
| 4. | ਮਾਨਸਿਕ ਤੌਰ 'ਤੇ ਕਮਜ਼ੋਰ | 32 | 68 | 10 | 10 | 7 | 4 | 1,40,000 | 80,000 |
| 5. | ਆਕੂਪੇਸ਼ਨਲ ਰੋਗ | 4 | 5 | 4 | 5 | 2 | 5 | 44,608 | 3,44,021 |
| 6. | ਵਜ਼ੀਫਾ | 4,164 | 13,632 | 15 | 17 | 12 | 17 | 1,37,000 | 1,27,000 |
| 7. | ਮੈਟਰਨਿਟੀ | 5 | 33 | 5 | 10 | 0 | 7 | 0 | 35,000 |
| **ਜੋੜ** | | **4,363** | **14,089** | **73** | **77** | **50** | **61** | **41,24,608** | **49,69,021** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 2.2

*(ਪੈਰ੍ਹਾ 2.4.1 ਦੇ ਹਵਾਲੇ ਵਿੱਚ)*

### ਸੈੱਸ ਮਾਮਲਿਆਂ ਦੇ ਨਿਰਧਾਰਣ ਵਿੱਚ ਦੇਰੀ ਨੂੰ ਦਰਸਾਉਂਦੀ ਵਿਵਰਣੀ

*(ਰਾਸ਼ੀ ₹ ਵਿੱਚ)*

| ਲੜੀ ਨੰ. | ਸੰਸਥਾ/ਕੰਮ ਦਾ ਨਾਂਅ | ਕੰਮ ਪੂਰਾ ਹੋਣ ਦੀ ਮਿਤੀ | ਸੈੱਸ ਦੇ ਨਿਰਧਾਰਣ ਦੀ ਨਿਯਤ ਮਿਤੀ (ਕੰਮ ਪੂਰਾ ਹੋਣ ਦੀ ਮਿਤੀ ਤੋ 7 ਮਹੀਨੇ) | ਨਿਰਧਾਰਣ ਦੀ ਅਸਲ ਮਿਤੀ | ਮੌਜੂਦਾ ਨਿਰਧਾਰਣ ਦੌਰਾਨ ਧਿਆਨ ਵਿੱਚ ਲਿਆਂਦਾ ਗਿਆ ਘੱਟ ਜਮ੍ਹਾਂ ਕੀਤਾ ਸੈੱਸ | ਨਿਰਧਾਰਣ ਆਦੇਸ਼ ਤੋਂ ਬਾਅਦ ਸੈਸ ਜਮ੍ਹਾਂ ਕਰਵਾਉਣ ਦੀ ਮਿਤੀ | ਦੇਰੀ (ਦਿਨ੍ਹਾਂ ਵਿੱਚ) | ਵਿਆਜ ਦੀ ਦਰ (*ਪ੍ਰਤੀਸ਼ਤ*) | ਵਿਆਜ ਦਾ ਨੁਕਸਾਨ |
|---|---|---|---|---|---|---|---|---|---|
| 1. | ਜੁਬਲੀ ਸਕੁਏਅਰ, ਐਰੋ ਸਿਟੀ, ਬਲਾਕ-ਈ, ਮੁਹਾਲੀ | 31-12-2020 | 31-07-2021 | 20-05-2021 | 1,55,906 | 02-06-2021 | - | -- | -- |
| 2. | ਓਮੈਕਸ ਗ੍ਰੀਨ ਝਰਮੜੀ, ਡੇਰਾਬੱਸੀ | 31-03-2019 | 31-10-2019 | 18-06-2021 | 3,34,754 | 29-06-2021 | 607 | 5.4 | 30,062 |
| 3. | ਐਸ ਡੀ ਬੀ ਇਨਫਰਾਸਟ੍ਰਕਚਰ ਪ੍ਰਾਈਵੇਟ ਲਿਮਿਟਡ, ਸੈਕਟਰ 115, ਖਰੜ | 31-12-2020 | 31-07-2021 | 26-07-2021 | 38,23,140 | 17-08-2021 | - | - | - |
| 4. | ਸਪੀਰਿਟ ਗਲੋਬਲ ਪਾਰਕ, ਜੀਰਕਪੁਰ | 27-03-2015 | 26-10-2015 | 28-07-2021 | 5,82,065 | 05-08-2021 | 2110 | 5.4 | 1,81,700 |
| 5. | ਸ਼ੌਰਿਆ ਸੂਟਸ ਐਂਡ ਇੱਨ. ਐਲ ਐਲ ਪੀ, ਰੋਪੜ | 30-09-2013 | 30-04-2014 | 27-08-2021 | 6,50,861 | 03-09-2021 | 2683 | 5.4 | 2,58,351 |
| 6. | ਮਾਲਵਾ ਪ੍ਰੋਜੈਕਟ ਪ੍ਰਾਈਵੇਟ ਲਿਮਿਟਡ, ਐਸਕੋਨ ਅਰੇਨਾ, ਜੀਰਕਪੁਰ | 31-03-2019 | 31-10-2019 | 27-09-2021 | 13,37,901 | 28-09-2021 | 698 | 5.4 | 1,38,159 |
| 7. | ਕੇ ਐਲ ਵੀ ਬਿਲਡਰਜ਼ ਐਂਡ ਪ੍ਰਮੋਟਰਜ਼, ਸਿਗਨੇਚਰ ਟਾਵਰ, ਸੈਕਟਰ 66, ਐਸ ਏ ਐਸ ਨਗਰ | 30-09-2017 | 30-04-2018 | 10-11-2021 | 33,00,057 | 06-12-2021 | 1316 | 5.4 | 6,42,508 |
| 8. | ਗਲੋਬੱਸ ਪ੍ਰੋਜੈਕਟ ਪ੍ਰਾਈਵੇਟ ਲਿਮਿਟਡ, ਬੈਸਟੈਕ ਸਕੁਏਅਰ, ਸੈਕਟਰ 66, ਐਸ ਏ ਐਸ ਨਗਰ | 31-03-2016 | 31-10-2016 | 30-09-2021 | 1,49,000 | 21-10-2021 | 1816 | 5.4 | 40,032 |
| 9. | ਸਿੰਗਲਾ ਬਿਲਡਰਜ਼ ਐਂਡ ਪ੍ਰਮੋਟਰਜ਼ ਲਿਮਿਟਡ, ਐਸ ਬੀ ਪੀ ਹੋਮਜ਼, ਪਿੰਡ ਛੱਜੂ ਮਾਜਰਾ, ਮੁਹਾਲੀ | 31-03-2021 | 31-10-2021 | 07-01-2022 | 23,26,384 | 29-03-2022 | 149 | 5.4 | 51,282 |
| 10. | ਜਨਤਾ ਲੈਂਡ ਪ੍ਰਮੋਟਰਜ਼ ਪ੍ਰਾਈਵੇਟ ਲਿਮਿਟਡ, ਸੈਕਟਰ 82, ਐਸ ਏ ਐਸ ਨਗਰ | 31-03-2011 | 31-10-2011 | 28-10-2021 | 25,00,000 | 22-11-2021 | 3675 | 5.4 | 13,59,247 |
| 11. | ਐਮ/ਐਸ ਐਵਨਿਊ ਸੁਪਰਮਾਰਟਜ਼ ਲਿਮਿਟਡ, ਪੀਰਮੁਛੱਲ੍ਹਾ, ਜੀਰਕਪੁਰ | 30-11-2018 | 30-06-2019 | 08-10-2021 | 18,96,775 | 13-10-2021 | 836 | 5.4 | 2,34,597 |
| 12. | ਪੀ ਵੀ ਆਰ ਲਿਮਿਟਡ, ਕੋਸਮੋ ਪਲਾਜਾ ਵਿੱਚ ਸਿਨੇਮਾ, ਜ਼ੀਰਕਪੁਰ | 15-03-2020 | 14-10-2020 | 08-06-2022 | 3,37,443 | 09-06-2022 | 603 | 5.4 | 30,104 |
| 13. | ਬਰਨਾਲਾ ਡੈਵਲਪਰਜ਼ ਗ੍ਰੀਨ ਲੋਟਸ ਐਵਨਿਊ, ਜੀਰਕਪੁਰ | 31-03-2021 | 31-10-2021 | 14-07-2022 | 20,25,766 | 18-07-2022 | 260 | 5.4 | 77,923 |
| 14. | ਐਮ/ਐਸ ਨੀਲਮ ਹਸਪਤਾਲ, ਪਿੰਡ ਫਤਿਹਪੁਰ ਗੜ੍ਹੀ/ ਝਾਂਸਲਾ, ਰਾਜਪੁਰਾ, ਪਟਿਆਲਾ | 31-03-2018 | 31-10-2018 | 31-07-2019 | 9,98,886 | 14-08-2019 | 287 | 5.4 | 42,413 |
| | **ਜੋੜ** | | | | **2,04,18,938** | | | | **30,86,378** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 2.3

*(ਪੈਰ੍ਹਾ 2.4.3 ਦੇ ਹਵਾਲੇ ਵਿੱਚ)*

### ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਕਿਰਤ ਸੈੱਸ ਜਮ੍ਹਾਂ ਨਾ ਕਰਵਾਏ ਜਾਣ ਨੂੰ ਦਰਸਾਉਂਦੀ ਵਿਵਰਣੀ

*(₹ ਲੱਖ ਵਿੱਚ)*

| ਲੜੀ ਨੰ. | ਸ਼ਹਿਰੀ ਸਥਾਨਕ ਸੰਸਥਾ ਦਾ ਨਾਂਅ | ਸਾਲ | ਇੱਕਠਾ ਕੀਤਾ ਸੈੱਸ | ਜਮ੍ਹਾਂ ਕੀਤਾ ਸੈੱਸ | ਬਕਾਇਆ |
|---|---|---|---|---|---|
| 1. | ਨਗਰ ਕੌਂਸਲ, ਲਾਲੜੂ | 2019-20 | 10.10 | 0 | 10.10 |
| 2. | ਨਗਰ ਕੌਂਸਲ, ਲਾਲੜੂ | 2020-21 | 9.66 | 0 | 9.66 |
| 3. | ਨਗਰ ਕੌਂਸਲ, ਲਾਲੜੂ | 2021-22 | 26.41 | 0 | 26.41 |
| 4. | ਨਗਰ ਕੌਂਸਲ, ਚਮਕੌਰ ਸਾਹਿਬ | 2020-21 | 0.80 | 0 | 0.80 |
| 5. | ਨਗਰ ਕੌਂਸਲ, ਚਮਕੌਰ ਸਾਹਿਬ | 2021-22 | 0.50 | 0 | 0.50 |
| 6. | ਨਗਰ ਕੌਂਸਲ, ਪਾਤੜਾਂ | 2019-20 | 12.76 | 0 | 12.76 |
| 7. | ਨਗਰ ਕੌਂਸਲ, ਪਾਤੜਾਂ | 2020-21 | 10.41 | 0 | 10.41 |
| 8. | ਨਗਰ ਕੌਂਸਲ, ਪਾਤੜਾਂ | 2021-22 | 12.20 | 0 | 12.20 |
| 9. | ਨਗਰ ਪੰਚਾਇਤ ਘੱਗਾ, ਪਟਿਆਲਾ | 2019-20 | 0.99 | 0 | 0.99 |
| 10. | ਨਗਰ ਪੰਚਾਇਤ ਘੱਗਾ, ਪਟਿਆਲਾ | 2020-21 | 1.63 | 0 | 1.63 |
| 11. | ਨਗਰ ਪੰਚਾਇਤ ਘੱਗਾ, ਪਟਿਆਲਾ | 2021-22 | 2.05 | 0 | 2.05 |
| 12. | ਨਗਰ ਕੌਂਸਲ, ਖਰੜ | 2019-20 | 414.87 | 154.87 | 260.00 |
| 13. | ਨਗਰ ਕੌਂਸਲ, ਖਰੜ | 2020-21 | 565.59 | 65.59 | 500.00 |
| 14. | ਨਗਰ ਕੌਂਸਲ, ਖਰੜ | 2021-22 | 745.61 | 65.61 | 680.00 |
| **ਜੋੜ** | | | **1,813.58** | **286.07** | **1,527.51** |

*ਸ੍ਰੋਤ: ਵਿਭਾਗੀ ਡਾਟਾ*

# ਅੰਤਿਕਾ 2.4

*(ਪੈਰ੍ਹਾ 2.5.1(ii) ਦੇ ਹਵਾਲੇ ਵਿੱਚ)*

## ਭਾਰਤ ਸਰਕਾਰ ਦੀ ਸਕੀਮ ਅਧੀਨ ਲਾਭ ਨਾ ਉਠਾਉਣ ਦੇ ਕਾਰਨ ਬਚਣਯੋਗ ਖਰਚੇ

***(ਰਾਸ਼ੀ ₹ ਵਿੱਚ)***

| ਸਾਲ | ਰਜਿਸਟਰਡ ਹੋਏ ਜੀਵਤ ਕਾਮਿਆਂ ਦੀ ਕੁੱਲ ਸੰਖਿਆ | ਮਾਡਲ ਸਕੀਮ ਅਨੁਸਾਰ ਪ੍ਰਤੀ ਵਿਅਕਤੀ ਸਲਾਨਾ ਬੀਮਾ ਕਿਸ਼ਤ | ਭਾਰਤ ਸਰਕਾਰ ਦੇ ਖਰਚੇ ਦੀ ਮਾਡਲ ਸਕੀਮ ਅਧੀਨ ਭੁਗਤਾਨ ਯੋਗ ਬੀਮਾ | ਵੰਡੀ ਗਈ ਐਕਸ-ਗ੍ਰੇਸ਼ੀਆ ਰਾਸ਼ੀ | ਉਪਲਬਧ ਲਾਭ ਦਾ ਨੁਕਸਾਨ |
|---|---|---|---|---|---|
| 2019-20 | 1,47,369 | 171 | 2,52,00,099 | 8,84,00,000 | 6,31,99,901 |
| 2020-21 | 1,90,868 | 171 | 3,26,38,428 | 9,17,30,000 | 5,90,91,572 |
| 2021-22 | 4,98,014 | 171 | 8,51,60,394 | 11,90,70,000 | 3,39,09,606 |
| **ਜੋੜ** | | | **14,29,98,921** | **29,92,00,000** | **15,62,01,079** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 2.5

*(ਪੈਰ੍ਹਾ 2.6.1(i) ਅਤੇ (ii) ਦੇ ਹਵਾਲੇ ਵਿੱਚ)*

### ਸੈੱਸ ਫੰਡ ਤੋਂ ਅੰਤਰਿਮ ਰਾਹਤ (ਆਈ ਆਰ) ਦੀ ਅਨਿਯਮਿਤ ਵੰਡ ਨੂੰ ਦਰਸਾਉਂਦੀ ਵਿਵਰਣੀ

**(ੳ)** ਭੁਗਤਾਨ ਦੀ ਮਿਤੀ ਤੋਂ ਪਹਿਲਾਂ 60 ਸਾਲ ਦੀ ਉਮਰ ਪੂਰੀ ਕਰ ਚੁੱਕੇ ਲਾਭਪਾਤਰੀਆਂ ਨੂੰ ਮਾਰਚ ਅਤੇ ਅਪ੍ਰੈਲ 2020 ਵਿੱਚ ਪਹਿਲੀ ਅਤੇ ਦੂਜੀ ਕਿਸ਼ਤ ਦੀ ਅੰਤਰਿਮ ਰਾਹਤ ਦਾ ਭੁਗਤਾਨ।

***(ਰਾਸ਼ੀ ₹ ਵਿੱਚ)***

| ਭੁਗਤਾਨ ਦਾ ਮਹੀਨਾ | ਭੁਗਤਾਨ ਕੀਤੇ ਗਏ ਲਾਭਪਾਤਰੀਆਂ ਦੀ ਸੰਖਿਆ | ਪ੍ਰਤੀ ਲਾਭਪਾਤਰੀ ₹ 3,000 ਦੀ ਦਰ ਨਾਲ ਅਦਾ ਕੀਤੀ ਰਾਸ਼ੀ | ਲਾਭਪਾਤਰੀਆਂ ਦੀ ਗਿਣਤੀ ਜਿਨ੍ਹਾਂ ਦੀ ਰਜਿਸਟ੍ਰੇਸ਼ਨ 60 ਸਾਲ ਦੀ ਉਮਰ ਪੂਰੀ ਹੋਣ ਕਾਰਨ ਖਤਮ ਹੋ ਗਈ | ₹ 3,000 ਦੀ ਦਰ ਨਾਲ ਅਦਾ ਕੀਤੀ ਰਾਸ਼ੀ |
|---|---|---|---|---|
| ਮਾਰਚ-20 | 2,86,353 | 85,90,59,000 | 819 | 24,57,000 |
| ਅਪ੍ਰੈਲ-20 | 2,86,353 | 85,90,59,000 | 819 | 24,57,000 |
| **ਜੋੜ** | **5,72,706** | **171,81,18,000** | | **49,14,000** |

**(ਅ)** ਮਾਰਚ ਅਤੇ ਅਪ੍ਰੈਲ 2020 ਦੇ ਮਹੀਨੇ ਵਿੱਚ ਪਹਿਲੀ ਅਤੇ ਦੂਜੀ ਕਿਸ਼ਤ ਦੀ ਅੰਤਰਿਮ ਰਾਹਤ ਦਾ ਭੁਗਤਾਨ ਲਾਭਪਾਤਰੀਆਂ ਨੂੰ ਜਿਨ੍ਹਾਂ ਨੇ ਪਿਛਲੇ ਬਾਰਾਂ ਮਹੀਨਿਆਂ ਦੌਰਾਨ ਨੱਬੇ ਦਿਨਾਂ ਤੋਂ ਘੱਟ ਸਮੇ ਲਈ ਕਿਸੇ ਇਮਾਰਤ ਜਾਂ ਹੋਰ ਉਸਾਰੀ ਦੇ ਕੰਮ ਵਿੱਚ ਆਪਣੀ ਸ਼ਮੂਲੀਅਤ ਦਰਸਾਉਣ ਵਾਲੇ ਸਰਟੀਫਿਕੇਟ ਜਮ੍ਹਾਂ ਨਹੀਂ ਕਰਵਾਏ ਸਨ।

***(ਰਾਸ਼ੀ ₹ ਵਿੱਚ)***

| ਭੁਗਤਾਨ ਦਾ ਮਹੀਨਾ | ਭੁਗਤਾਨ ਕੀਤੇ ਗਏ ਲਾਭਪਾਤਰੀਆਂ ਦੀ ਸੰਖਿਆ | ਪ੍ਰਤੀ ਲਾਭਪਾਤਰੀ ₹ 3,000 ਦੀ ਦਰ ਨਾਲ ਅਦਾ ਕੀਤੀ ਰਾਸ਼ੀ | ਆਈ ਆਰ ਲਈ ਅਯੋਗ ਲਾਭਪਾਤਰੀਆਂ ਦੀ ਸੰਖਿਆ | ₹ 3,000 ਦੀ ਦਰ ਨਾਲ ਅਦਾ ਕੀਤੀ ਰਾਸ਼ੀ |
|---|---|---|---|---|
| ਮਾਰਚ-20 | 2,86,353 | 85,90,59,000 | 286353-(47194+819)*=2,38,340 | 71,50,20,000 |
| ਅਪ੍ਰੈਲ-20 | 2,86,353 | 85,90,59,000 | 286353-(47194+819)*=2,38,340 | 71,50,20,000 |
| **ਜੋੜ** | **5,72,706** | **171,81,18,000** | **4,76,680** | **143,00,40,000** |

*ਸ੍ਰੋਤ: ਵਿਭਾਗੀ ਡਾਟਾ*

**47,194 ਯੋਗ ਲਾਭਪਾਤਰੀ ਅਤੇ 819 ਲਾਭਪਾਤਰੀ ਜਿਨ੍ਹਾਂ ਨੇ ਭੁਗਤਾਨ ਤੋਂ ਪਹਿਲਾਂ 60 ਸਾਲ ਦੀ ਉਮਰ ਪੂਰੀ ਕਰ ਲਈ ਸੀ।*

## ਅੰਤਿਕਾ 2.6

*(ਪੈਰ੍ਹਾ 2.7.3 ਦੇ ਹਵਾਲੇ ਵਿੱਚ)*

### ਤੈਨਾਤ ਅਮਲੇ ਦੇ ਮੁਕਾਬਲੇ ਵਿੱਚ ਸਟਾਫ ਦੀ ਕਮੀ ਨੂੰ ਦਰਸਾਉਂਦੀ ਵਿਵਰਣੀ

| ਲੜੀ ਨੰ. | ਪੋਸਟ ਦਾ ਨਾਂਅ | ਮਨਜ਼ੂਰ ਅਮਲਾ | ਅਸਲ ਵਿੱਚ ਤੈਨਾਤ ਅਮਲਾ | | | ਕਮੀ |
|---|---|---|---|---|---|---|
| | | | ਨਿਯਮਤ | ਡੈਪੂਟੇਸ਼ਨ ਦੇ ਅਧਾਰ 'ਤੇ | ਆਊਟਸੋਰਸਿੰਗ | |
| 1. | ਸਲਾਹਕਾਰ/ਓ ਐਸ ਡੀ | 1 | - | - | - | 1 |
| 2. | ਉਪ ਸਕੱਤਰ (ਭਲਾਈ) | 1 | - | - | - | 1 |
| 3. | ਪ੍ਰਸ਼ਾਸਨਿਕ ਅਧਿਕਾਰੀ | 1 | - | - | - | 1 |
| 4. | ਲੇਖਾ ਅਧਿਕਾਰੀ | 1 | - | - | - | 1 |
| 5. | ਕਾਨੂੰਨ ਅਧਿਕਾਰੀ | 1 | - | | 1 | - |
| 6. | ਸੁਪਰਡੰਟ | 1 | - | | 1 | - |
| 7. | ਕੰਪਿਊਟਰ ਪ੍ਰੋਗਰਾਮਰ | 1 | - | - | 1 | |
| 8. | ਜੂਨੀਅਰ ਆਡੀਟਰ | 1 | - | - | - | 1 |
| 9. | ਲੇਖਾ ਸਹਾਇਕ | 4 | - | - | 3 | 1 |
| 10. | ਡਾਟਾ ਐਂਟਰੀ ਆਪਰੇਟਰ | 2 | - | - | 1 | 1 |
| 11. | ਸਹਾਇਕ | 4 | - | - | 0 | 4 |
| 12. | ਸਹਾਇਕ ਕੰਪਿਊਟਰ ਆਪਰੇਟਰ | 91 | - | - | 84 | 7 |
| 13. | ਸਟੈਨੋਗ੍ਰਾਫਰ | 1 | - | - | 1 | - |
| 14. | ਸਟੈਨੋ ਟਾਈਪਿਸਟ | 1 | - | - | 1 | - |
| 15. | ਇਲੈਕਟ੍ਰੀਸ਼ੀਅਨ ਕਮ ਲਿਫਟ ਆਪਰੇਟਰ | 1 | - | - | - | 1 |
| 16. | ਸੁਰੱਖਿਆ ਕਰਮਚਾਰੀ | 6 | - | - | 5 | 1 |
| 17. | ਡਰਾਈਵਰ | 28 | - | - | 28 | - |
| 18. | ਸੇਵਾਦਾਰ | 33 | | | 33 | |
| 19. | ਸਵੀਪਰ | 3 | | | 3 | |
| 20. | ਮਾਲੀ | 4 | | | 1 | 3 |
| 21. | ਕੇਅਰਟੇਕਰ | 0 | | | 0 | |
| **ਜੋੜ** | | **186** | | | **163** | **23** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 3.1

*(ਪੈਰ੍ਹਾ 3.1 ਦੇ ਹਵਾਲੇ ਵਿੱਚ)*

### ਚੁਣੇ ਗਏ ਖੇਡ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਸੂਚੀ

| ਲੜੀ ਨੰ. | ਪ੍ਰੋਜੈਕਟ ਦਾ ਨਾਂਅ | ਜ਼ਿਲ੍ਹਾ |
|---|---|---|
| **ਰਾਜ ਸਰਕਾਰ ਦੇ ਪ੍ਰੋਜੈਕਟ** | | |
| 1. | ਕੋਟ ਭਾਈ ਵਿਖੇ ਖੇਡ ਸਟੇਡੀਅਮ ਦੀ ਉਸਾਰੀ | ਸ੍ਰੀ ਮੁਕਤਸਰ ਸਾਹਿਬ |
| 2. | ਰਾਜਪੁਰਾ ਵਿਖੇ ਖੇਡ ਕੰਪਲੈਕਸ ਫੇਜ-I ਦੀ ਉਸਾਰੀ | ਪਟਿਆਲਾ |
| 3. | ਪਿੰਡ ਚੰਦੋ ਗੋਬਿੰਦਗੜ੍ਹ ਵਿਖੇ ਖੇਡ ਸਟੇਡੀਅਮ ਦੀ ਉਸਾਰੀ | ਐਸ ਏ ਐਸ ਨਗਰ |
| 4. | ਪਿੰਡ ਭੱਠੇ ਕੇ ਭੈਣੀ, ਪੱਟੀ ਵਿਖੇ ਖੇਡ ਸਟੇਡੀਅਮ ਦੀ ਉਸਾਰੀ | ਤਰਨ ਤਾਰਨ |
| 5. | ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਖੇਡ ਸਟੇਡੀਅਮ ਦੀ ਉਸਾਰੀ | ਹੁਸ਼ਿਆਰਪੁਰ |
| 6. | ਮਾਹਿਲਪੁਰ ਵਿਖੇ ਫੁੱਟਬਾਲ ਸਟੇਡੀਅਮ ਦੀ ਉਸਾਰੀ | ਹੁਸ਼ਿਆਰਪੁਰ |
| 7. | ਪਿੰਡ ਹਰਪੁਰਾ ਧੰਦੋਈ ਵਿਖੇ ਖੇਡ ਸਟੇਡੀਅਮ ਦੀ ਉਸਾਰੀ | ਗੁਰਦਾਸਪੁਰ |
| 8. | ਨਵੀਂ 10 ਮੀਟਰ ਸ਼ੂਟਿੰਗ ਰੇਂਜ ਦੀ ਉਸਾਰੀ | ਐਸ ਏ ਐਸ ਨਗਰ |
| 9. | ਸ੍ਰੀ ਗੁਰੂ ਰਾਮਦਾਸ ਸਟੇਡੀਅਮ, ਗੁਰੂ ਹਰ ਸਹਾਇ ਵਿਖੇ 400 ਮੀਟਰ ਛੇ ਮਾਰਗੀ ਸਿੰਥੈਟਿਕ ਐਥਲੈਟਿਕ ਟ੍ਰੈਕ (ਸੈਂਡਵਿਚ ਕਿਸਮ) ਮੁਹੱਈਆ ਕਰਨਾ ਅਤੇ ਵਿਛਾਉਣਾ ਅਤੇ ਸਬੰਧਤ ਸਿਵਲ ਵਰਕ | ਫਿਰੋਜ਼ਪੁਰ |
| 10. | ਗੁਰੂ ਗੋਬਿੰਦ ਸਿੰਘ ਸਟੇਡੀਅਮ ਦੀ ਮੁਰੰਮਤ ਅਤੇ ਨਵੀਨੀਕਰਨ | ਸ੍ਰੀ ਮੁਕਤਸਰ ਸਾਹਿਬ |
| 11. | ਸਪੋਰਟਸ ਯੂਨੀਵਰਸਟੀ ਦੀ ਸਥਾਪਨਾ | ਪਟਿਆਲਾ |
| **ਕੇਂਦਰੀ ਪ੍ਰਯੋਜਿਤ ਪ੍ਰੋਜੈਕਟ-ਖੇਲੋ ਇੰਡੀਆ ਸਕੀਮ** | | |
| 12. | ਵਾਰ ਹੀਰੋਜ਼ ਸਟੇਡੀਅਮ ਵਿਖੇ ਮਲਟੀਪਰਪਜ਼ ਇਨਡੋਰ ਹਾਲ ਦੀ ਉਸਾਰੀ | ਸੰਗਰੂਰ |
| 13. | ਸ੍ਰੀਮਤੀ ਲਾਜਵੰਤੀ ਖੇਡ ਕੰਪਲੈਕਸ ਵਿਖੇ ਮਲਟੀਪਰਪਜ਼ ਇਨਡੋਰ ਹਾਲ ਦੀ ਉਸਾਰੀ | ਹੁਸ਼ਿਆਰਪੁਰ |
| 14. | ਪਿੰਡ ਭੰਗਲ ਕਲਾਂ ਵਿਖੇ ਮਲਟੀਪਰਪਜ਼ ਇਨਡੋਰ ਹਾਲ ਦੀ ਉਸਾਰੀ ਅਤੇ ਇਸ ਨਾਲ ਸਬੰਧਤ ਕੰਮ | ਨਵਾਂਸ਼ਹਿਰ |
| 15. | ਗੁਰੂ ਨਾਨਕ ਦੇਵ ਸਟੇਡੀਅਮ ਵਿਖੇ ਸਿੰਥੈਟਿਕ ਐਥਲੈਟਿਕ ਟਰੈਕ ਵਿਛਾਉਣ ਦਾ ਕੰਮ | ਅੰਮ੍ਰਿਤਸਰ |

*ਸ੍ਰੋਤ: ਵਿਭਾਗੀ ਜਾਣਕਾਰੀ*

## ਅੰਤਿਕਾ 3.2

*(ਪੈਰ੍ਹਾ 3.3.1(i) ਦੇ ਹਵਾਲੇ ਵਿੱਚ)*

### ਦੇਰੀ ਨਾਲ ਮੁਕੰਮਲ ਹੋਣ ਵਾਲੇ ਅਤੇ ਗੈਰ ਕਾਰਜਸ਼ੀਲ ਖੇਡ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੇ ਵੇਰਵੇ

| ਲੜੀ ਨੰ. | ਪ੍ਰੋਜੈਕਟ ਦਾ ਨਾਂਅ | ਕਾਰਜਕਾਰੀ ਏਜੰਸੀ | ਅਲਾਟਮੈਂਟ ਦੀ ਮਿਤੀ | ਅਲਾਟ ਕੀਤੀ ਲਾਗਤ (₹ ਕਰੋੜ ਵਿੱਚ) | ਮੁਕੰਮਲ ਕਰਨ ਲਈ ਨਿਰਧਾਰਤ ਮਹੀਨਾ | ਕਾਰਜਕਾਰੀ ਏਜੰਸੀ ਨੂੰ ਜਾਰੀ ਕੀਤਾ ਫੰਡ | ਮੁਕੰਮਲ ਹੋਣ ਦੀ ਅਸਲ ਮਿਤੀ | ਖਰਚਾ ਕੀਤਾ (₹ ਕਰੋੜ ਵਿੱਚ) | ਨਿਰਧਾਰਤ ਮਿਤੀ ਤੋਂ ਬਾਅਦ ਪੂਰਾ ਹੋਣ ਵਿੱਚ ਦੇਰੀ (ਮਹੀਨੇ) | ਸੌਂਪਣ ਦੀ ਮਿਤੀ | ਮੁਕੰਮਲ ਹੋਣ ਵਿੱਚ ਦੇਰੀ ਦੇ ਕਾਰਣ | ਕੀ ਕਾਰਜਸ਼ੀਲ ਹੈ | ਜੇਕਰ ਨਹੀਂ, ਤਾਂ ਇਸਦੇ ਕਾਰਨ |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| 1. | ਸਪੋਰਟਸ ਕੰਪਲੈਕਸ ਫੇਜ਼-1, ਰਾਜਪੁਰਾ ਪਟਿਆਲਾ | ਪੀ ਐਸ ਐਸ ਸੀ | ਸਤੰਬਰ 2021 | 1.74 | ਅਪ੍ਰੈਲ 2022 | ₹ 0.39 ਕਰੋੜ (ਅਕਤੂਬਰ 2021); ₹ 0.39 ਕਰੋੜ (ਫਰਵਰੀ 2022); ਅਤੇ ₹ 0.83 ਕਰੋੜ (ਅਕਤੂਬਰ 2022) | ਸਤੰਬਰ 2022 | 1.61 | 5 | ਨਵੰਬਰ 2022 | ਅਕਤੂਬਰ 2022 ਦੇ ਮਹੀਨੇ ਵਿੱਚ 50 *ਪ੍ਰਤੀਸ਼ਤ* ਫੰਡ ਜਾਰੀ ਕਰਨਾ | ਨਹੀਂ | ਸਪੋਰਟਸ ਕੰਪਲੈਕਸ ਦੀ ਚਾਰਦੀਵਾਰੀ ਦੇ ਅੰਦਰ ਲਗਾਏ ਗਏ ਬਿਜਲੀ ਦੇ ਖੰਭਿਆਂ ਅਤੇ ਟਰਾਂਸਫਾਰਮਰ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਸ਼ਿਫਟ ਨਾ ਕੀਤੇ ਜਾਣ ਕਾਰਨ |
| 2. | ਪਿੰਡ ਕੋਟ ਭਾਈ, ਸ੍ਰੀ ਮੁਕਤਸਰ ਸਾਹਿਬ ਵਿਖੇ ਸਪੋਰਟਸ ਸਟੇਡੀਅਮ | ਪੀ ਐਮ ਬੀ | ਮਈ 2019 | 1.44 | ਨਵੰਬਰ 2019 | ₹ 0.50 ਕਰੋੜ (ਨਵੰਬਰ 2020); ₹ 0.80 ਕਰੋੜ (ਮਾਰਚ 2021); ਅਤੇ ₹ 0.14 ਕਰੋੜ (ਨਵੰਬਰ 2022) | ਅਗਸਤ 2021 | 1.44 | 21 | ਸਤੰਬਰ 2022 | ਫੰਡ ਜਾਰੀ ਕਰਨ ਵਿੱਚ ਦੇਰੀ ਅਤੇ ਅਲਾਟਮੈਂਟ ਤੋਂ ਬਾਅਦ ਕੰਮ ਦੇ ਦਾਇਰੇ ਵਿੱਚ ਤਬਦੀਲੀ | ਨਹੀਂ | ਉਸਾਰੀ ਵਿੱਚ ਨੁਕਸ ਦੂਰ ਨਾ ਹੋਣ ਕਾਰਨ ਕੰਮ ਨਹੀਂ ਹੋ ਸਕਿਆ |
| 3. | ਸ਼ੂਟਿੰਗ ਰੇਂਜ, ਐਸ ਏ ਐਸ ਨਗਰ | ਪੀ ਡਬਲਯੂ ਡੀ (ਬੀ ਅਤੇ ਆਰ), ਮੁਹਾਲੀ | ਮਈ 2019 | 8.18 | ਮਈ 2020 | ₹ 1.78 ਕਰੋੜ (ਸਤੰਬਰ 2019); ₹ 0.84 ਕਰੋੜ (ਮਾਰਚ 2020); ₹ 0.79 ਕਰੋੜ (ਜੁਲਾਈ 2020); ₹ 1.20 ਕਰੋੜ (ਜਨਵਰੀ 2021); ₹ 2.37 ਕਰੋੜ (ਮਾਰਚ 2021); ਅਤੇ ₹ 0.75 ਕਰੋੜ | ਜੁਲਾਈ 2022 | 7.73 | 25 | ਜੁਲਾਈ 2022 | ਫੰਡਾਂ ਦਾ ਦੇਰੀ ਨਾਲ ਜਾਰੀ ਹੋਣਾ ਅਤੇ ਉਸਾਰੀ ਵਿੱਚ ਨੁਕਸ ਦੂਰ ਨਾ ਕੀਤੇ ਜਾਣ ਕਾਰਨ | ਨਹੀਂ | ਇਲੈਕਟ੍ਰਾਨਿਕ ਸ਼ੂਟਿੰਗ ਟਾਰਗੇਟਸ ਦੀ ਖਰੀਦ ਅਤੇ ਸਥਾਪਨਾ ਨਾ ਹੋਣ ਕਾਰਨ |

| ਲੜੀ ਨੰ. | ਪ੍ਰੋਜੈਕਟ ਦਾ ਨਾਂਅ | ਕਾਰਜਕਾਰੀ ਏਜੰਸੀ | ਅਲਾਟਮੈਂਟ ਦੀ ਮਿਤੀ | ਅਲਾਟ ਕੀਤੀ ਲਾਗਤ (₹ ਕਰੋੜ ਵਿੱਚ) | ਮੁਕੰਮਲ ਕਰਨ ਲਈ ਨਿਰਧਾਰਤ ਮਹੀਨਾ | ਕਾਰਜਕਾਰੀ ਏਜੰਸੀ ਨੂੰ ਜਾਰੀ ਕੀਤਾ ਫੰਡ | ਮੁਕੰਮਲ ਹੋਣ ਦੀ ਅਸਲ ਮਿਤੀ | ਖਰਚਾ ਕੀਤਾ (₹ ਕਰੋੜ ਵਿੱਚ) | ਨਿਰਧਾਰਤ ਮਿਤੀ ਤੋਂ ਬਾਅਦ ਪੂਰਾ ਹੋਣ ਵਿੱਚ ਦੇਰੀ (ਮਹੀਨੇ) | ਸੌਂਪਣ ਦੀ ਮਿਤੀ | ਮੁਕੰਮਲ ਹੋਣ ਵਿੱਚ ਦੇਰੀ ਦੇ ਕਾਰਣ | ਕੀ ਕਾਰਜਸ਼ੀਲ ਹੈ | ਜੇਕਰ ਨਹੀਂ, ਤਾਂ ਇਸਦੇ ਕਾਰਨ |
|---|---|---|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9** | **10** | **11** | **12** | **13** | **14** |
| | | | | | | (ਸਤੰਬਰ 2021) | | | | | | | |
| 4. | ਚੰਦੋ, ਗੋਬਿੰਦਗੜ੍ਹ, ਐਸ ਏ ਐਸ ਨਗਰ ਵਿਖੇ ਸਪੋਰਟਸ ਸਟੇਡੀਅਮ | ਪੀ ਐਸ ਐਸ ਸੀ | ਸਤੰਬਰ 2021 | 1.76 | ਅਪ੍ਰੈਲ 2022 | ਉਪਲਬਧ ਨਹੀਂ | ਅਗਸਤ 2022 | 1.70 | 4 | ਫਰਵਰੀ 2023 | ਉਕਤ ਜ਼ਮੀਨ ਤੇ ਸ਼ਮਸ਼ਾਨਘਾਟ ਮੌਜੂਦ ਸੀ | ਹਾਂ | --- |
| 5. | ਸਰਕਾਰੀ ਕਾਲਜ, ਟਾਂਡਾ ਉੜਮੁੜ, ਹੁਸ਼ਿਆਰਪੁਰ ਵਿਖੇ ਸਪੋਰਟਸ ਸਟੇਡੀਅਮ | ਪੀ ਡਬਲਯੂ ਡੀ (ਬੀ ਅਤੇ ਆਰ), ਹੁਸ਼ਿਆਰਪੁਰ | ਮਾਰਚ 2019 | 1.22 | ਸਤੰਬਰ 2019 | ₹ 0.29 ਕਰੋੜ (ਨਵੰਬਰ 2020)<br>₹ 0.93 ਕਰੋੜ (ਮਾਰਚ 2021) | ਫਰਵਰੀ 2023 | 1.22 | 41 | ਫਰਵਰੀ 2023 | ਫੰਡ ਜਾਰੀ ਕਰਨ ਵਿੱਚ ਦੇਰੀ | ਹਾਂ | -- |
| 6. | ਭੱਠੇ ਭੈਣੀ, ਪੱਟੀ, ਤਰਨਤਾਰਨ, ਵਿਖੇ ਸਪੋਰਟਸ ਸਟੇਡੀਅਮ | ਪੀ ਡਬਲਯੂ ਡੀ (ਬੀ ਅਤੇ ਆਰ), ਅੰਮ੍ਰਿਤਸਰ | ਜੂਨ 2019 | 1.36 | ਦਸੰਬਰ 2019 | ₹ 1.36 ਕਰੋੜ (ਮਾਰਚ 2021) | ਫਰਵਰੀ 2023 | 1.36 | 38 | ਫਰਵਰੀ 2023 | ਫੰਡ ਜਾਰੀ ਕਰਨ ਵਿੱਚ ਦੇਰੀ ਅਤੇ ਉਸਾਰੀ ਵਿੱਚ ਨੁਕਸ ਦੂਰ ਨਾ ਕੀਤੇ ਜਾਣ ਕਾਰਨ | ਹਾਂ | -- |
| 7. | ਮਾਹਿਲਪੁਰ, ਹੁਸ਼ਿਆਰਪੁਰ ਵਿਖੇ ਫੁੱਟਬਾਲ ਸਟੇਡੀਅਮ | ਪੀ ਐਮ ਬੀ/ ਪੀ ਐਸ ਐਸ ਸੀ | 2016 ਅਤੇ ਨਵੰਬਰ 2021 (ਮੁੜ-ਅਲਾਟ) | 1.97 | ਜਨਵਰੀ 2017 ਅਤੇ ਅਗਸਤ 2022 (ਮੁੜ-ਨਿਰਧਾਰਤ) | ₹ 0.74 ਕਰੋੜ (2016)<br>₹ 0.24 ਕਰੋੜ (ਫਰਵਰੀ 2022)<br>₹ 0.14 ਕਰੋੜ (ਮਾਰਚ 2022)<br>₹ 0.56 ਕਰੋੜ (ਅਗਸਤ 2022) | ਅਪ੍ਰੈਲ 2023 | 168*<br>( 2016 ਵਿੱਚ ਖਰਚੇ ₹ 0.74 ਕਰੋੜ ਸਮੇਤ) | 76 (ਜਨਵਰੀ 2017 ਤੋਂ) | ਅਪ੍ਰੈਲ 2023 | ਫੰਡ ਜਾਰੀ ਕਰਨ ਵਿੱਚ ਦੇਰੀ, ਢਾਂਚਾਗਤ ਡਿਜ਼ਾਇਨ ਪ੍ਰਦਾਨ ਕਰਨ ਵਿੱਚ ਦੇਰੀ ਅਤੇ ਚਾਰਦੀਵਾਰੀ ਲਈ ਜ਼ਮੀਨ ਦੀ ਹੱਦਬੰਦੀ | ਹਾਂ | -- |
| | | | | | | | | 16.74 | | | | | |

*ਸ੍ਰੋਤ: ਵਿਭਾਗੀ ਰਿਕਾਰਡ*

* ਬਾਅਦ ਦਾ ਭੁਗਤਾਨ ਕਰਨਾ ਅਜੇ ਬਾਕੀ ਸੀ ਕਿਉਂਜੋ ਅਗਸਤ 2022 ਤੋਂ ਬਾਅਦ ਕੋਈ ਫੰਡ ਜਾਰੀ ਨਹੀਂ ਕੀਤੇ ਗਏ ਸਨ।

# ਅੰਤਿਕਾ 6.1

*(ਪੈਰ੍ਹਾ 6.3 ਦੇ ਹਵਾਲੇ ਵਿੱਚ)*

## ਵਸਤਾਂ ਅਤੇ ਸੇਵਾਵਾਂ ਕਰ ਦਾ ਭੁਗਤਾਨ ਨਾ ਕਰਨਾ

### I- ਰਿਵਰਸ ਚਾਰਜ ਅਧੀਨ ਭੁਗਤਾਨਯੋਗ ਜੀ ਐਸ ਟੀ

*(ਰਾਸ਼ੀ ₹ ਵਿੱਚ)*

| ਲੜੀ ਨੰ. | ਯੂਨੀਵਰਸਿਟੀ | ਸਾਲ | ਸੇਵਾ ਪ੍ਰਦਾਤਾ ਦਾ ਜੀ ਐਸ ਟੀ ਆਈ ਐਨ | ਸੇਵਾ ਦਾ ਨਾਂਅ | ਸੇਵਾ ਦੀ ਕੀਮਤ | ਸੇਵਾ ਪ੍ਰਾਪਤਕਰਤਾ ਦੀ ਦੇਣਦਾਰੀ | | |
|---|---|---|---|---|---|---|---|---|
| | | | | | | ਭੁਗਤਾਨਯੋਗ* ਜੀ ਐਸ ਟੀ | ਭੁਗਤਾਨ ਕੀਤਾ ਜੀ ਐਸ ਟੀ | ਘੱਟ ਭੁਗਤਾਨ ਕੀਤਾ ਜੀ ਐਸ ਟੀ |
| 1. | ਪੰਜਾਬੀ ਯੂਨੀਵਰਸਿਟੀ ਪਟਿਆਲਾ | 2018-19# | 07xxxxxxxxxx1Z0 | ਸੁਰੱਖਿਆ ਸੇਵਾਵਾਂ | 67,49,502 | 12,14,910 | 0 | 12,14,910 |
| | | 2019-20 | 07xxxxxxxxxx1Z0 | ਸੁਰੱਖਿਆ ਸੇਵਾਵਾਂ | 25,93,272 | 4,66,789 | 0 | 4,66,789 |
| | | | 04xxxxxxxxxx1ZF | ਸੁਰੱਖਿਆ ਸੇਵਾਵਾਂ | 3,49,61,036 | 62,92,986 | 0 | 62,92,986 |
| | | 2020-21 | 04xxxxxxxxxx1ZF | ਸੁਰੱਖਿਆ ਸੇਵਾਵਾਂ | 2,27,09,365 | 40,87,686 | 0 | 40,87,686 |
| | | 2021-22 | 04xxxxxxxxxx1ZF | ਸੁਰੱਖਿਆ ਸੇਵਾਵਾਂ | 31,48,622 | 5,66,752 | 0 | 5,66,752 |
| | | | 07xxxxxxxxxx1Z0 | ਸੁਰੱਖਿਆ ਸੇਵਾਵਾਂ | 1,56,69,918 | 28,20,585 | 0 | 28,20,585 |
| **ਜੋੜ-I** | | | | | **8,58,31,715** | **1,54,49,708** | **0** | **1,54,49,708** |

# *1 ਜਨਵਰੀ 2019 ਤੋਂ ਪ੍ਰਭਾਵੀ ਹੈ*

* *18 ਪ੍ਰਤੀਸ਼ਤ ਦੀ ਦਰ ਨਾਲ ਜੀ ਐਸ ਟੀ*

### II- ਫਾਰਵਰਡ ਚਾਰਜ ਅਧੀਨ ਭੁਗਤਾਨਯੋਗ ਜੀ ਐਸ ਟੀ

*(ਰਾਸ਼ੀ ₹ ਵਿੱਚ )*

| ਲੜੀ ਨੰ. | ਯੂਨੀਵਰਸਿਟੀ | ਸਾਲ | ਸੇਵਾ ਪ੍ਰਦਾਤਾ ਦਾ ਜੀ ਐਸ ਟੀ ਆਈ ਐਨ | ਸੇਵਾ ਦਾ ਨਾਂਅ | ਸੇਵਾ ਦੀ ਕੀਮਤ | ਸੇਵਾ ਪ੍ਰਾਪਤਕਰਤਾ ਦੀ ਦੇਣਦਾਰੀ | | |
|---|---|---|---|---|---|---|---|---|
| | | | | | | ਭੁਗਤਾਨਯੋਗ* ਜੀ ਐਸ ਟੀ | ਭੁਗਤਾਨ ਕੀਤਾ ਜੀ ਐਸ ਟੀ | ਘੱਟ ਭੁਗਤਾਨ ਕੀਤਾ ਜੀ ਐਸ ਟੀ |
| 1. | ਪੰਜਾਬੀ ਯੂਨੀਵਰਸਿਟੀ ਪਟਿਆਲਾ | 2017-18 | 07xxxxxxxxxx1Z0 | ਸੁਰੱਖਿਆ ਸੇਵਾਵਾਂ | 3,23,08,702 | 58,15,566 | 0 | 58,15,566 |
| | | | 04xxxxxxxxxx4ZD | ਹਾਊਸਕੀਪਿੰਗ | 1,38,80,142 | 24,98,426 | 0 | 24,98,426 |
| | | 2018-19 | 07xxxxxxxxxx1Z0 | ਹਾਊਸਕੀਪਿੰਗ | 2,58,79,424 | 46,58,296 | 0 | 46,58,296 |
| | | | 04xxxxxxxxxx4ZD | ਹਾਊਸਕੀਪਿੰਗ | 3,24,63,979 | 58,43,516 | 0 | 58,43,516 |
| | | 2019-20 | 04xxxxxxxxxx4ZD | ਗੈਰ-ਸੁਰੱਖਿਆ | 64,81,687 | 11,66,704 | 0 | 11,66,704 |
| | | | 07xxxxxxxxxx1Z0 | ਹਾਊਸਕੀਪਿੰਗ | 4,17,81,450 | 75,20,661 | 0 | 75,20,661 |
| | | 2020-21 | 07 xxxxxxxxxx1Z0 | ਹਾਊਸਕੀਪਿੰਗ | 1,98,63,057 | 35,75,350 | 0 | 35,75,350 |
| | | 2021-22 | 07 xxxxxxxxxx1Z0 | ਹਾਊਸਕੀਪਿੰਗ | 1,46,98,387 | 26,45,710 | 0 | 26,45,710 |
| 2. | ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਗੁਰਦਾਸਪੁਰ | 2017-18 | 03xxxxxxxxxx1ZB | ਹਾਊਸਕੀਪਿੰਗ ਅਤੇ ਸੁਰੱਖਿਆ | 58,47,855 | 10,52,614 | 0 | 10,52,614 |
| | | 2018-19 | 03xxxxxxxxxx1ZB | ਹਾਊਸਕੀਪਿੰਗ ਅਤੇ ਸੁਰੱਖਿਆ | 28,26,937 | 5,08,849 | 0 | 5,08,849 |
| | | 2019-20 | 27xxxxxxxxxx1ZJ | ਹਾਊਸਕੀਪਿੰਗ ਅਤੇ ਸੁਰੱਖਿਆ | 40,46,458 | 7,28,362 | 18,81,242 | 0 |
| | | 2020-21 | 27xxxxxxxxxx1ZJ | ਹਾਊਸਕੀਪਿੰਗ ਅਤੇ ਸੁਰੱਖਿਆ | 64,04,891 | 11,52,880 | | |
| | | 2020-21 | 07xxxxxxxxxx1Z4 | ਹਾਊਸਕੀਪਿੰਗ ਅਤੇ ਸੁਰੱਖਿਆ | 32,90,407 | 5,92,273 | 0 | 5,92,273 |
| | | 2021-22 | 07xxxxxxxxxx1Z4 | ਹਾਊਸਕੀਪਿੰਗ ਅਤੇ ਸੁਰੱਖਿਆ | 99,10,028 | 17,83,805 | 0 | 17,83,805 |
| **ਜੋੜ-II** | | | | | **21,96,83,404** | **3,95,43,012** | **18,81,242** | **3,76,61,770** |
| **ਕੁੱਲ ਜੋੜ (I+II)** | | | | | **30,55,15,119** | **5,49,92,720** | **18,81,242** | **5,31,11,478** |

*ਸ੍ਰੋਤ: ਸਬੰਧਤ ਯੂਨੀਵਰਸਿਟੀਆਂ ਦੇ ਰਿਕਾਰਡ*

* *18 ਪ੍ਰਤੀਸ਼ਤ ਦੀ ਦਰ ਨਾਲ ਜੀ ਐਸ ਟੀ*

## ਅੰਤਿਕਾ 6.2

*(ਪੈਰ੍ਹਾ 6.8 ਦੇ ਹਵਾਲੇ ਵਿੱਚ)*

### 15 ਅਪ੍ਰੈਲ 2009 ਤੋਂ 7 ਅਪ੍ਰੈਲ 2022 ਤੱਕ ਦੇ ਸਮੇਂ ਲਈ ਰਿਆਇਤੀ ਫੀਸ ਅਤੇ ਉਸ ਉੱਤੇ ਵਿਆਜ ਦੀ ਵਸੂਲੀਯੋਗ ਰਾਸ਼ੀ ਦੇ ਵੇਰਵੇ

*(ਰਾਸ਼ੀ ₹ ਵਿੱਚ)*

| ਸਮਾਂ | ਮੁਢਲਾ ਬਕਾਇਆ | ਇਸ ਸਮੇਂ ਲਈ ਦੇਣਯੋਗ ਰਾਸ਼ੀ | ਪ੍ਰਾਪਤ ਹੋਈ ਰਾਸ਼ੀ | ਬਕਾਇਆ ਰਾਸ਼ੀ | ਵਿਆਜ* | ਕੁੱਲ ਬਕਾਇਆ ਰਾਸ਼ੀ |
|---|---|---|---|---|---|---|
| 1 | 2 | 3 | 4 | 5 (2+3-4) | 6 | 7 (5+6) |
| 15 ਅਪ੍ਰੈਲ 2009 ਤੋਂ 14 ਅਪ੍ਰੈਲ 2010 | -- | 25,00,000 | 0 | 25,00,000 | 3,96,318 | 28,96,318 |
| 15 ਅਪ੍ਰੈਲ 2010 ਤੋਂ 14 ਅਪ੍ਰੈਲ 2011 | 28,96,318 | 25,00,000 | 25,00,000 | 28,96,318 | 5,83,551 | 34,79,869 |
| 15 ਅਪ੍ਰੈਲ 2011 ਤੋਂ 14 ਅਪ੍ਰੈਲ 2012 | 34,79,869 | 25,00,000 | 0 | 59,79,869 | 11,07,177 | 70,87,046 |
| 15 ਅਪ੍ਰੈਲ 2012 ਤੋਂ 14 ਅਪ੍ਰੈਲ 2013 | 70,87,046 | 25,00,000 | 25,00,000 | 70,87,046 | 17,34,234 | 88,21,280 |
| 15 ਅਪ੍ਰੈਲ 2013 ਤੋਂ 14 ਅਪ੍ਰੈਲ 2014 | 88,21,280 | 25,00,000 | 10,00,000 | 1,03,21,280 | 20,56,290 | 1,23,77,570 |
| 15 ਅਪ੍ਰੈਲ 2014 ਤੋਂ 14 ਅਪ੍ਰੈਲ 2015 | 1,23,77,570 | 25,00,000 | 55,00,000 | 93,77,570 | 24,12,297 | 1,17,89,867 |
| 15 ਅਪ੍ਰੈਲ 2015 ਤੋਂ 14 ਅਪ੍ਰੈਲ 2016 | 1,17,89,867 | 25,00,000 | 0 | 1,42,89,867 | 26,16,651 | 1,69,06,518 |
| 15 ਅਪ੍ਰੈਲ 2016 ਤੋਂ 14 ਅਪ੍ਰੈਲ 2017 | 1,69,06,518 | 25,00,000 | 0 | 1,94,06,517 | 34,98,995 | 2,29,05,513 |
| 15 ਅਪ੍ਰੈਲ 2017 ਤੋਂ 14 ਅਪ੍ਰੈਲ 2018 | 2,29,05,513 | 25,00,000 | 0 | 2,54,05,513 | 44,86,788 | 2,98,92,301 |
| 15 ਅਪ੍ਰੈਲ 2018 ਤੋਂ 14 ਅਪ੍ਰੈਲ 2019 | 2,98,92,301 | 25,00,000 | 0 | 3,23,92,301 | 57,30,641 | 3,81,22,942 |
| 15 ਅਪ੍ਰੈਲ 2019 ਤੋਂ 14 ਅਪ੍ਰੈਲ 2020 | 3,81,22,942 | 25,00,000 | 0 | 4,06,22,942 | 72,00,372 | 4,78,23,314 |
| 15 ਅਪ੍ਰੈਲ 2020 ਤੋਂ 14 ਅਪ੍ਰੈਲ 2021 | 4,78,23,314 | 25,00,000 | 0 | 5,03,23,314 | 81,72,712 | 5,84,96,026 |
| 15 ਅਪ੍ਰੈਲ 2021 ਤੋਂ 7 ਅਪ੍ਰੈਲ 2022 | 5,84,96,026 | 25,00,000 | 0 | 6,09,96,026 | 97,13,492 | 7,07,09,518 |
| **ਜੋੜ** | -- | **3,25,00,000** | **1,15,00,000** | **2,10,00,000** | **4,97,09,518** | **7,07,09,518** |

*ਸ੍ਰੋਤ: ਵਿਭਾਗੀ ਡਾਟਾ*

** ਐਸ ਬੀ ਆਈ ਦੀ ਮੱਧਮ ਮਿਆਦ ਦੀ ਪ੍ਰਧਾਨ ਉਧਾਰ ਦਰ ਜਮ੍ਹਾਂ ਚਾਰ ਪ੍ਰਤੀਸ਼ਤ ਸਲਾਨਾ ਤੇ ਗਿਣਤੀ ਕੀਤੀ ਜਾਂਦੀ ਹੈ।*

©
ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
https://cag.gov.in